# MOVING To INDIANA?



ਇੰਡੀਆਨਾ ’ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ

*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ

Contact me today to BUY/SELL/INVEST in Indiana.

Ph: (317) 670-1055

Beenu.sikand@gmail.com www.LegacyHomesInternational.com

*Beenu Sikand*
*Legacy Homes Intl.*
*Broker Owner,*
*Realtor, CRS, MBA*

*Successfully Selling Real Estate for 17 Years!*



## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Ph: 317-809-1818 midlandrealtygroup@yahoo.com

Kamaljeet Kaur (Realtor/Broker) Ph: 317-909-9295 kahlonkamaljeet@gmail.com

Midland Realty Group-Company You Trust



*Kamaljeet Kaur*

*Mortgage rates available from 2.1% to 3%*



Twenty-Second Year of Publication ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 14, April 3, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਕਰੋਨਾ ਵਾਇਰਸ ਕਾਰਨ ਫਿਰ ਉਥਲ-ਪੁਥਲ

## ਪਾਬੰਦੀਆਂ ਲਾਈਆਂ, ਤਾਲਾਬੰਦੀ ਦੇ ਸੰਕੇਤ; ਐਤਕੀਂ ਲੋਕ ਬਗਾਵਤ ਦੇ ਰੌਂਅ ਵਿਚ

**ਚੰਡੀਗੜ੍ਹ:** ਪੰਜਾਬ ਸਣੇ ਕੁਝ ਸੂਬਿਆਂ ਵਿਚ ਇਕ ਵਾਰ ਫਿਰ ਕਰੋਨਾ ਵਾਇਰਸ ਦੇ ਦੂਜੇ ਹੱਲੇ ਦੀ ਹਾਲ-ਦੁਹਾਈ ਪਾਈ ਜਾ ਰਹੀ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਲੋਕਾਂ ਨੂੰ ਘਰਾਂ ਦੇ ਅੰਦਰ ਡੱਕਣ ਲਈ ਟਿੱਲ ਲਾਇਆ ਜਾ ਰਿਹਾ ਹੈ। ਰਾਤ ਦੇ ਕਰਫਿਊ ਮੁੜ ਲੱਗ ਗਏ ਹਨ ਤੇ ਇਸ ਦਾ ਸਮਾਂ ਲਗਾਤਾਰ ਵਧਾਇਆ ਜਾ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਪੂਰਨ ਤਾਲਾਬੰਦੀ ਦੇ ਸੰਕੇਤ ਵੀ ਦਿੱਤੇ ਜਾ ਰਹੇ ਹਨ। ਸਕੂਲ, ਕਾਲਜ ਬੰਦ ਕਰ ਦਿੱਤੇ ਹਨ। ਪੰਜਾਬ ਵਿਚ ਮਾਸਕ ਦੇ ਬਹਾਨੇ ਪੁਲਿਸ ਵੱਲੋਂ ਲੋਕਾਂ ਦੇ ਜਬਰੀ ਕੋਵਿਡ ਟੈਸਟ ਕਰਵਾਏ ਜਾ ਰਹੇ ਹਨ।

ਹਾਲਾਤ ਇਹ ਹਨ ਕਿ ਇਕ ਪਾਸੇ ਜਿਥੇ ਸਰਕਾਰ ਨਿੱਤ ਨਵੀਆਂ ਪਾਬੰਦੀਆਂ ਦੇ ਹੁਕਮ ਲਾਗੂ ਕਰ ਰਹੀ ਹੈ, ਉਥੇ ਲੋਕ ਇਸ ਵਾਰ ਵਾਇਰਸ ਤੋਂ ਡਰਨ ਦੀ ਥਾਂ ਸਰਕਾਰ ਦੀ ਨੀਅਤ ਉਤੇ ਵੱਡੇ ਸਵਾਲ ਖੜ੍ਹੇ ਕਰ ਰਹੇ ਹਨ। ਸਕੂਲ ਕਾਲਜ ਬੰਦ ਕਰਨ ਖਿਲਾਫ ਬੱਚੇ ਤੇ ਉਨ੍ਹਾਂ ਦੇ ਮਾਪਿਆਂ ਦਾ ਰੋਹ ਭਖ ਗਿਆ ਹੈ ਤੇ ਦੋਸ਼ ਲੱਗ ਰਹੇ ਹਨ ਕਿ ਕਰੋਨਾ ਬਹਾਨੇ ਸਰਕਾਰ ਸਿੱਖਿਆ ਦੇ ਆਨਲਾਈਨ ਨਿੱਜੀਕਰਨ ਦੇ ਰਾਹ ਤੁਰ ਪਈ ਹੈ। ਪੰਜਾਬ, ਮਹਾਰਾਸ਼ਟਰ, ਕੇਰਲ, ਕਰਨਾਟਕ, ਗੁਜਰਾਤ ਅਤੇ ਤਾਮਿਲਨਾਡੂ ਨੂੰ ਕਰੋਨਾ ਦੀ ਮਾਰ ਹੇਠ ਦੱਸਿਆ ਜਾ ਰਿਹਾ ਹੈ ਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਸੂਬਿਆਂ ਵਿਚੋਂ 85.91 ਫੀਸਦ ਨਵੇਂ ਕੇਸ ਸਾਹਮਣੇ ਆ ਰਹੇ ਹਨ।

ਇਸ ਸਮੇਂ ਸਭ ਤੋਂ ਵੱਡੇ ਸਵਾਲ ਕਰੋਨਾ ਦੀ ਮੂਲਕ ਚੋਣਾਂ ਵਾਲੇ ਪੰਜ ਸੂਬਿਆਂ ਤੋਂ ਦੂਰੀ ਉਤੇ ਉਠ ਰਹੇ ਹਨ। ਇਥੇ ਸਿਆਸੀ ਧਿਰਾਂ ਵੱਲੋਂ ਚੋਣ ਰੈਲੀਆਂ ਵਿਚ ਵੱਡੀਆਂ ਭੀੜਾਂ ਇਕੱਠੀਆਂ ਕੀਤੀਆਂ ਜਾ ਰਹੀਆਂ ਹਨ। ਕੇਰਲ ਵੀ ਕਰੋਨਾ ਪ੍ਰਭਾਵਿਤ ਸੂਬਿਆਂ ਵਿਚੋਂ ਇਕ ਹੈ ਪਰ ਉਥੇ ਚੋਣਾਂ



ਦੇ ਮੱਦੇਨਜ਼ਰ ਵੱਡੀਆਂ ਰੈਲੀਆਂ ਸਰਕਾਰ ਦੀ ਨੀਅਤ ਉਤੇ ਸਵਾਲ ਖੜ੍ਹੇ ਕਰ ਰਹੀਆਂ ਹਨ। ਇਸ ਸਮੇਂ ਖੇਤੀ ਕਾਨੂੰਨਾਂ ਨੂੰ ਲੈ ਕੇ ਪੂਰੇ ਮੁਲਕ ਵਿਚ ਕਿਸਾਨ ਅੰਦੋਲਨ ਚੱਲ ਰਿਹਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਪਿਛਲੇ ਚਾਰ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ ਉਤੇ ਡੇਰੇ ਲਾਈ ਬੈਠੇ ਹਨ।

ਸਵਾਲ ਇਹ ਕੀਤਾ ਜਾ ਰਿਹਾ ਹੈ ਕਿ ਐਡੀ ਵੱਡੀ ਗਿਣਤੀ ਵਿਚ ਬੈਠੇ ਕਿਸਾਨਾਂ ਨੂੰ ਕਰੋਨਾ ਨੇ ਕੁਝ ਕਿਹਾ? ਉਲਟਾ ਨਿੱਤ ਦਿਨ ਸੈਂਕੜਿਆਂ ਦੀ ਗਿਣਤੀ ਵਿਚ ਕਿਸਾਨ ਟਰਾਲੀਆਂ ਭਰ-ਭਰ ਕੇ ਧਰਨੇ ਵਿਚ ਸ਼ਾਮਲ ਹੋਣ ਜਾ ਰਹੇ ਹਨ। ਸਵਾਲ ਇਹ ਹੈ ਕਿ ਜੇਕਰ ਸਰਕਾਰ ਕਰੋਨਾ ਤੋਂ ਇੰਨਾ ਹੀ ਖਤਰਾ ਮੰਨ ਰਹੀ ਹੈ ਤਾਂ ਕਿਸਾਨਾਂ ਦੇ ਮਸਲੇ ਦਾ ਹੱਲ ਕਰਕੇ ਉਨ੍ਹਾਂ ਨੂੰ ਘਰੋਂ ਘਰੀਂ ਤੋਰਨ ਤੋਂ ਕਿਉਂ ਭੱਜ ਰਹੀ ਹੈ। ਇਹੀ ਨਹੀਂ, ਪੰਜਾਬ ਵਿਚ ਕਿਸਾਨ ਅੰਦੋਲਨ ਆਸਰੇ ਸਿਆਸੀ ਧਿਰਾਂ ਵੱਲੋਂ ਵੱਡੀਆਂ ਰੈਲੀਆਂ ਕੀਤੀ ਜਾ ਰਹੀਆਂ ਹਨ। ਅਕਾਲੀ ਦਲ ਬਾਦਲ ਵੱਲੋਂ ਕੈਪਟਨ ਸਰਕਾਰ ਦੀ ਵਾਅਦਾਖਿਲਾਫੀ ਸੰਘਰਸ਼ ਛੇੜਿਆ ਹੋਇਆ। ਜਿਥੇ ਵੱਡੇ ਇਕੱਠ ਹੋ ਰਹੇ ਹਨ। ਹਾਲਾਤ ਇਹ ਹਨ ਕਿ ਇਹ ਪਾਬੰਦੀਆਂ ਸਿਰਫ ਆਮ ਲੋਕਾਂ ਉਤੇ ਹੀ ਥੋਪੀਆਂ ਜਾ ਰਹੀਆਂ।

ਪੰਜਾਬ ਵਿਚ ਕਰਫਿਊ ਦਾ ਸਮਾਂ 11 ਵਜੇ ਦੀ ਬਜਾਏ 9 ਤੋਂ 5 ਵਜੇ ਤੱਕ ਕੀਤੇ ਜਾਣ ਕਾਰਨ ਜਿਥੇ ਦੁਕਾਨਦਾਰਾਂ ਤੇ ਹੋਰਨਾਂ ਛੋਟੇ ਕਾਰੋਬਾਰੀਆਂ ਦਾ ਕੰਮ ਕਾਫੀ ਘੱਟ ਗਿਆ ਹੈ, ਉਥੇ ਹੋਟਲਾਂ, ਮੈਰਿਜ ਪੈਲੇਸਾਂ ਅਤੇ ਰੈਸਟੋਰੈਂਟ, ਜਿਨ੍ਹਾਂ ਦਾ ਜ਼ਿਆਦਾਤਰ ਕੰਮ ਹੀ ਦੇਰ ਰਾਤ ਤੱਕ ਚੱਲਦਾ ਹੈ, ਇਕ ਤਰ੍ਹਾਂ ਨਾਲ ਠੱਪ ਹੋਣ ਕਿਨਾਰੇ ਪਹੁੰਚ ਗਿਆ ਹੈ। ਸਰਕਾਰ ਵੱਲੋਂ ਵਿਆਹਾਂ ‘ਚ ਮਹਿਮਾਨਾਂ ਦੀ ਗਿਣਤੀ 20 ਤੱਕ ਸੀਮਤ ਕਰ ਦੇਣ ਕਾਰਨ ਲੋਕਾਂ ਵਲੋਂ ਰਾਤ ਦੇ ਵਿਆਹਾਂ ਦੀਆਂ ਬੁਕਿੰਗਾਂ ਰੱਦ ਕਰ ਦਿੱਤੀਆਂ ਗਈਆਂ ਹਨ। ਹਾਲਾਤ ਇਹ ਹਨ ਕਿ ਲੋਕਾਂ ਨੂੰ ਕਰੋਨਾ ਤੋਂ ਵੱਧ ਡਰ ਆਉਣ ਵਾਲੇ ਦਿਨਾਂ ਵਿਚ ਭੁੱਖਮਰੀ ਤੋਂ ਲੱਗ ਰਿਹਾ ਹੈ।

ਕੇਂਦਰ ਸਰਕਾਰ ਕਰੋਨਾ ਦੇ ਸਫਲ ਟਾਕਰੇ ਲਈ ਆਪਣੀ ਪਿੱਠ ਥਾਪੜ ਰਹੀ ਹੈ। ਭਾਰਤ ਵਿਚ ਬਣਾਈ ਕਰੋਨਾ ਵੈਕਸੀਨ ਦੇ ਸੋਹਲੇ ਗਾਏ ਜਾ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਗੁਆਂਢੀ ਮੁਲਕਾਂ ਨੂੰ ਫਰੀ ਵੈਕਸੀਨ ਵੰਡ ਕੇ ਆਪਣੀ ਵੱਡੀ ਪ੍ਰਾਪਤੀ

*(ਬਾਕੀ ਸਫਾ 6 ਉਤੇ)*

## ਪੰਜਾਬ ‘ਚ ਕੋਵਿਡ-19 ਪਾਬੰਦੀਆਂ 10 ਅਪਰੈਲ ਤੱਕ ਵਧਾਈਆਂ

**ਚੰਡੀਗੜ੍ਹ:** ਪੰਜਾਬ ਵਿਚ ਕੋਵਿਡ ਕੇਸ ਤੇ ਇਸ ਨਾਲ ਸਬੰਧਤ ਮੌਤਾਂ ਦੀ ਗਿਣਤੀ ਵਧਣ ਬਹਾਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਵਿਚ ਪਾਬੰਦੀਆਂ ਦੀ ਮਿਆਦ 10 ਅਪਰੈਲ ਤੱਕ ਵਧਾ ਦਿੱਤੀ ਹੈ। ਪਹਿਲਾਂ ਇਹ ਪਾਬੰਦੀਆਂ 31 ਮਾਰਚ ਤੱਕ ਸਨ। ਇਸ ਦੇ ਨਾਲ ਸਰਕਾਰ ਨੇ ਸਿਹਤ ਵਿਭਾਗ ਨੂੰ ਟੀਕਾਕਰਨ ਦੀ ਰਫਤਾਰ ਤੇਜ ਤੇ ਵਿਆਪਕ ਕਰਨ ਦਾ ਹੁਕਮ ਦਿੱਤਾ ਹੈ। ਮੁੱਖ ਸਕੱਤਰ ਅਤੇ ਹੋਰ ਉਚ ਅਧਿਕਾਰੀਆਂ ਨਾਲ ਹਾਲਾਤ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਾਬੰਦੀਆਂ ਦੀ ਮਿਆਦ ਹੁਣ 10 ਅਪਰੈਲ ਤੱਕ ਵਧਾ ਦਿੱਤੀ ਗਈ ਹੈ। ਉਨ੍ਹਾਂ ਮੁੱਖ ਸਕੱਤਰ ਵਿਨੀ ਮਹਾਜਨ ਨੂੰ ਕਿਹਾ ਕਿ ਭੀੜ ਭੜੱਕੇ ਵਾਲੀਆਂ ਥਾਵਾਂ ‘ਤੇ ਕਰੋਨਾ ਟੈਸਟ ਤੇ ਟੀਕਾਕਰਨ ਤੇਜ ਤੇ ਵਿਆਪਕ ਕੀਤਾ ਜਾਵੇ।

## ਪਾਬੰਦੀਆਂ ਖਿਲਾਫ ਸਿੱਖਾਂ ਵਿਚ ਰੋਸ

**ਨਾਂਦੇੜ:** ਕਰੋਨਾ ਕਾਰਨ ਲਾਈਆਂ ਪਾਬੰਦੀਆਂ ਖਿਲਾਫ ਸਿੱਖ ਸ਼ਰਧਾਲੂਆਂ ਦਾ ਗੁੱਸਾ ਸਤਵੇਂ ਆਸਮਾਨ ਉਤੇ ਹਨ। ਇਸ ਦਾ ਰੋਹ ਮਹਾਰਾਸ਼ਟਰ ਦੇ ਨਾਂਦੇੜ ਵਿਚ ਵੇਖਣ ਨੂੰ ਮਿਲਿਆ। ਇਥੇ ਹੋਲਾ ਮਹੱਲਾ ਨਾ ਕੱਢਣ ਦੇਣ ਤੋਂ ਨਾਰਾਜ਼ ਸਿੱਖਾਂ ਨੇ ਬੈਰੀਕੇਡ ਤੋੜ ਕੇ ਤਲਵਾਰਾਂ ਨਾਲ ਪੁਲਿਸ ‘ਤੇ ਹਮਲਾ ਕਰ ਦਿੱਤਾ। ਇਸ ਕਾਰਨ ਚਾਰ ਪੁਲਿਸ ਮੁਲਾਜ਼ਮ ਜਖਮੀ ਹੋਏ। ਇਨ੍ਹਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਵੀ.ਡੀ.ਓ. ਵਿਚ ਨਜ਼ਰ ਆ ਰਿਹਾ ਹੈ ਕਿ ਗੁਰਦੁਆਰੇ ਦੇ ਗੇਟ ਅੱਗੇ ਲਗਾਏ ਬੈਰੀਕੇਡ ਸਿੱਖਾਂ ਨੇ ਤੋੜ ਦਿੱਤੇ ਤੇ ਪੁਲਿਸ ਵਾਲਿਆਂ ਨੂੰ ਭਜਾ ਭਜਾ ਕੇ ਕੁੱਟਿਆ ਤੇ ਉਨ੍ਹਾਂ ਦੇ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ। ਇਸ ਸਬੰਧੀ ਪੁਲਿਸ ਨੇ 14 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਮੁਤਾਬਕ ਤਖਤ ਹਜ਼ੂਰ ਸਾਹਿਬ ਵਿਚ ਹੋਈ ਘਟਨਾ ਦੇ ਮਾਮਲੇ ਵਿਚ ਨਾਂਦੇੜ ਜ਼ਿਲ੍ਹੇ ਵਿਚ ਵਜ਼ੀਰਾਵਾਦ ਥਾਣੇ ਵਿੱਚ 64 ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਦੱਸ ਦਈਏ ਕਿ ਸਿੱਖਾਂ ਵਿਚ ਕਰੋਨਾ ਬਹਾਨੇ ਲਾਈਆਂ ਜਾ ਰਹੀਆਂ ਪਾਬੰਦੀਆਂ ਖਿਲਾਫ ਰੋਹ ਵਧ ਰਿਹਾ ਹੈ।

ਸਰਕਾਰ ਨੇ ਵਾਇਰਸ ਦਾ ਡਰ ਪਾ ਕੇ ਪਿਛਲੇ ਇਕ ਸਾਲ ਤੋਂ ਕਰਤਾਰਪੁਰ ਲਾਂਘਾ ਬੰਦ ਕੀਤਾ ਹੋਇਆ। ਗੁਰ ਪੁਰਬਾਂ ਮੌਕੇ ਸਿੱਖਾਂ ਦੇ ਜਥਿਆਂ ਨੂੰ ਪਾਕਿਸਤਾਨ ਜਾਣ ਤੋਂ ਰੋਕਿਆ ਜਾ ਰਿਹਾ ਹੈ। ਪੰਜਾਬ ਵਿਚ ਸਿੱਖ ਅਜਾਇਬ ਘਰਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਸਿੱਖਾਂ ਅੰਦਰ ਰੋਸ ਹੈ ਕਿ ਸਰਕਾਰ ਕਰੋਨਾ ਬਹਾਨੇ ਜਾਣਬੁਝ ਕੇ ਉਨ੍ਹਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇ ਰਹੀ ਹੈ। ਇਸ ਸਬੰਧੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਨਾਰਾਜ਼ਗੀ ਜ਼ਾਹਿਰ ਕਰਦੇ ਹੋਏ ਆਖਿਆ ਸੀ ਕਿ ਕਰੋਨਾ ਸਰਕਾਰ ਦਾ ਆਗਿਆਕਾਰੀ ਪੁੱਤ ਬਣ ਗਿਆ ਜਿਥੇ ਲੋੜ ਹੁੰਦੀ ਹੈ, ਉਥੇ ਇਸ ਦੀ ਡਿਊਟੀ ਲਾ ਰਹੀ ਹੈ।

*(ਬਾਕੀ ਸਫਾ 6 ਉਤੇ)*


## ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ

# ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ

ਸੰਪਰਕ ਕਰੋ, ਫੋਨ: 317-406-9924



Blue Diamond BANQUET HALL & CATERING

ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ

Ph: 317-406-9924

Mela INDIAN RESTAURANT • PUB

ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ

Baljinder S. Ben

Ph: 317-869-2400

BIG BAZAAR

Grocery, Sweets & Catering

*Fresh Vegetables Every Thursday

*Book your catering now.

5425 E. Thompson Rd., Indianapolis IN 46237





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਭਾਰਤ ਬੰਦ ਦੇ ਸੱਦੇ ਨੂੰ ਮਿਲੇ ਹੁੰਗਾਰੇ ਪਿੱਛੋਂ ਕਿਸਾਨਾਂ ਦੇ ਹੌਸਲੇ ਬੁਲੰਦ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਦੇ ਦੇਸ਼ਵਿਆਪੀ ਬੰਦ ਦੇ ਸੱਦੇ ਨੂੰ ਮੁਲਕ ਭਰ 'ਚ ਮਿਲੇ ਸਮਰਥਨ ਤੋਂ ਬਾਅਦ ਕਿਸਾਨ ਜਥੇਬੰਦੀਆਂ ਨੇ ਤੇਵਰ ਤਿੱਖੇ ਕਰਦਿਆਂ ਆਖਿਆ ਹੈ ਕਿ ਹਾਕਮ ਭਾਰਤੀ ਜਨਤਾ ਪਾਰਟੀ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਤੇ ਪੂੰਜੀਪਤੀਆਂ ਦੀ ਤਰਫਦਾਰੀ ਛੱਡ ਕੇ ਤੁਰਤ ਖੇਤੀ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ। ਸੂਬੇ ਦੀਆਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਜਪਾ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ ਉਪਰ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਦੇ ਬਾਹਰ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਕਿਸਾਨ ਬੁਲਾਰਿਆਂ ਨੇ ਇਕੋ ਸੁਰ ਵਿਚ ਕਿਹਾ ਕਿ ਹੁਕਮਰਾਨ ਧਿਰ ਵੱਲੋਂ ਕਿਸਾਨੀ ਅੰਦੋਲਨ ਨੂੰ ਮਹਿਜ਼ ਪੰਜਾਬ ਦਾ ਅੰਦੋਲਨ ਕਰਾਰ ਦੇ ਕੇ ਲੋਕ ਰੋਹ ਤੋਂ ਅੱਖਾਂ ਮੀਟੀਆਂ ਜਾ ਰਹੀਆਂ ਹਨ।



ਉਨ੍ਹਾਂ ਕਿਹਾ ਕਿ 26 ਮਾਰਚ ਨੂੰ ਦਿੱਲੀ ਮੋਰਚੇ ਦੇ ਚਾਰ ਮਹੀਨੇ ਮੁਕੰਮਲ ਹੋਣ 'ਤੇ ਜਿਸ ਤਰ੍ਹਾਂ ਲੋਕਾਂ ਨੇ ਬੰਦ ਦੀ ਹਮਾਇਤ ਕੀਤੀ ਹੈ, ਉਸ ਤੋਂ ਸਾਬਤ ਹੋ ਗਿਆ ਹੈ ਕਿ ਇਹ ਅੰਦੋਲਨ ਦੇਸ਼ਵਿਆਪੀ ਹੈ ਤੇ ਭਾਜਪਾ ਦੀਆਂ ਚੂਲਾਂ ਹਿਲਾ ਕੇ ਰੱਖ ਦੇਵੇਗਾ। ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਗਏ ਭਾਰਤ ਬੰਦ ਦੇ ਸੱਦੇ ਨੂੰ ਪੰਜਾਬ ਤੋਂ ਇਲਾਵਾ ਹਰਿਆਣਾ ਵਿਚ ਜਬਰਦਸਤ ਅਤੇ ਹੋਰ ਰਾਜਾਂ ਵਿਚ ਵੀ ਮਿਲੇ ਹੁੰਗਾਰੇ ਨੇ ਅੰਦੋਲਨ ਲਈ ਲੋਕਾਂ ਦੀ ਵਧ ਰਹੀ ਹਮਾਇਤ ਦੀ ਤਸਦੀਕ ਕੀਤੀ ਹੈ। ਚੋਣਾਂ ਵਾਲੇ ਪੰਜੇ ਰਾਜਾਂ ਪੱਛਮੀ ਬੰਗਾਲ, ਕੇਰਲਾ, ਤਾਮਿਲਨਾਡੂ, ਆਸਾਮ ਅਤੇ ਪੁਡੂਚਿਰੀ 'ਚ ਬੰਦ ਨਾ ਕਰਨ ਦਾ ਐਲਾਨ ਕੀਤਾ ਗਿਆ ਸੀ। ਐਂਬੂਲੈਂਸ ਅਤੇ ਹੋਰ ਜਰੂਰੀ ਸੇਵਾਵਾਂ ਨੂੰ ਢਿੱਲ ਦਿੱਤੀ ਗਈ। ਪੰਜਾਬ ਅਤੇ ਹਰਿਆਣਾ ਵਿਚ ਵਪਾਰੀਆਂ ਅਤੇ ਹੋਰ ਲੋਕਾਂ ਵੱਲੋਂ ਵੱਡਾ ਹੁੰਗਾਰਾ ਮਿਲਿਆ। ਕਈ ਰਾਜਾਂ ਵਿਚ ਪੁਲਿਸ ਨੇ ਤਾਕਤ ਦੀ ਵਰਤੋਂ ਵੀ ਕੀਤੀ।

ਦਿੱਲੀ ਦੀਆਂ ਬਰੂੰਹਾਂ ਉਤੇ ਕਿਸਾਨ ਅੰਦੋਲਨ ਨੂੰ ਚਾਰ ਮਹੀਨੇ ਪੂਰੇ ਹੋ ਚੁੱਕੇ ਹਨ। ਇਸ ਤਰ੍ਹਾਂ ਨਾਲ ਇਹ ਅੰਦੋਲਨ ਦੁਨੀਆਂ ਭਰ ਵਿਚ ਇੰਨੇ ਵੱਡੇ ਇਕੱਠ ਅਤੇ ਸ਼ਾਂਤਮਈ ਤਾਸੀਰ ਵਾਲਾ ਸਭ ਤੋਂ ਲੰਮਾ ਅੰਦੋਲਨ ਹੋ ਨਿੱਬੜਿਆ ਹੈ। ਸੁਪਰੀਮ ਕੋਰਟ ਨੇ ਅੰਦੋਲਨ ਨੂੰ ਜਾਇਜ਼ ਠਹਿਰਾਉਂਦਿਆਂ ਲੋਕਾਂ ਦੁਆਰਾ ਸਰਕਾਰ ਦਾ ਵਿਰੋਧ ਕਰਨ ਦੇ ਹੱਕ ਨੂੰ ਸਵੀਕਾਰ ਕੀਤਾ ਹੈ। ਸਰਕਾਰ ਦੁਆਰਾ ਸਿੰਘੂ, ਟਿਕਰੀ, ਗਾਜ਼ੀਪੁਰ ਆਦਿ ਦਿੱਲੀ ਦੀਆਂ ਹੱਦਾਂ ਉਤੇ ਕੁਝ ਸਮੇਂ ਲਈ ਬਿਜਲੀ ਪਾਣੀ ਕੱਟ ਦੇਣ, ਬੈਰੀਕੇਡ ਲਗਾਉਣ, ਕਿੱਲਾਂ ਠੋਕ ਦੇਣ ਆਦਿ ਕਾਰਨ ਦੁਨੀਆਂ ਪੱਧਰ ਉਤੇ ਕੇਂਦਰ ਸਰਕਾਰ ਦੇ ਅਕਸ ਨੂੰ ਖੋਰਾ ਲੱਗਿਆ ਹੈ। ਸ਼ਾਂਤਮਈ ਅੰਦੋਲਨ ਦੌਰਾਨ ਆਗੂਆਂ ਦੀ ਗ੍ਰਿਫਤਾਰੀ ਨੂੰ ਸੰਯੁਕਤ ਮੋਰਚਾ ਦੇ ਆਗੂਆਂ ਨੇ ਵਿਚਾਰ ਪ੍ਰਗਟਾਵੇ ਦੇ ਸੰਵਿਧਾਨਕ ਹੱਕ ਦਾ ਉਲੰਘਣ ਦੱਸਿਆ ਹੈ। ਇਸ ਅੰਦੋਲਨ ਵਿਚ ਔਰਤਾਂ ਅਤੇ ਹੋਰ ਵਰਗਾਂ ਦੀ ਭੂਮਿਕਾ ਵੀ ਵਧ ਰਹੀ ਹੈ।

ਕੇਂਦਰ ਸਰਕਾਰ ਨਾਲ 11 ਵਾਰ ਹੋਈ ਗੱਲਬਾਤ ਕਿਸੇ ਠੋਸ ਨਤੀਜੇ ਉੱਤੇ ਨਹੀਂ ਪਹੁੰਚੀ। ਕੇਂਦਰ ਸਰਕਾਰ ਨੇ ਕਾਨੂੰਨਾਂ ਵਿਚ ਸੋਧ ਕਰਨ ਅਤੇ ਇਨ੍ਹਾਂ ਉਤੇ ਡੇਢ ਸਾਲ ਤੱਕ ਰੋਕ ਲਗਾ ਕੇ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਬਾਰੇ ਇਕ ਕਮੇਟੀ ਬਣਾਉਣ ਦੀ ਤਜਵੀਜ਼ ਰੱਖੀ ਸੀ। 22 ਜਨਵਰੀ ਤੋਂ ਪਿੱਛੋਂ ਦੋ ਮਹੀਨੇ ਤੋਂ ਜ਼ਿਆਦਾ ਸਮਾਂ ਹੋ ਗਿਆ ਅਤੇ ਕਿਸਾਨ ਆਗੂਆਂ ਤੇ ਸਰਕਾਰ ਦਰਮਿਆਨ ਡੈੱਡਲਾਕ ਦੀ ਹਾਲਤ ਹੈ। ਇਸੇ ਦੌਰਾਨ ਵੱਖ-ਵੱਖ ਰਾਜਾਂ ਵਿਚ ਹੋਈਆਂ ਮਹਾਪੰਚਾਇਤਾਂ ਕਾਰਨ ਅੰਦੋਲਨ ਸਾਰੇ ਦੇਸ਼ ਵਿਚ ਫੈਲ ਰਿਹਾ ਹੈ। ਅੰਤਰਰਾਸ਼ਟਰੀ ਹਮਾਇਤ ਵੀ ਵਧ ਰਹੀ ਹੈ। ਇਸ ਵੇਲੇ ਇਸ ਅੰਦੋਲਨ ਵਿਚ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਬਰਾਬਰ ਦੇ ਮੋਹਰੀ ਹਨ। ਅੰਦੋਲਨ ਹੋਰ ਰਾਜਾਂ ਵਿਚ ਵੀ ਜੋਰ ਫੜ ਰਿਹਾ ਹੈ।

ਕਿਸਾਨਾਂ ਨੇ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ, ਉੜੀਸਾ, ਝਾਰਖੰਡ ਸਮੇਤ ਹੋਰ ਰਾਜਾਂ ਵਿਚ ਮੋਰਚੇ ਦੇ ਸੱਦੇ 'ਤੇ ਅਮਲ ਕਰਦੇ ਹੋਏ ਭਾਰਤ ਬੰਦ ਦੌਰਾਨ ਸੜਕੀ ਤੇ ਰੇਲ ਆਵਾਜਾਈ ਰੋਕੀ। ਮੋਰਚੇ ਨੇ ਪ੍ਰਾਪਤ ਰਿਪੋਰਟਾਂ ਅਨੁਸਾਰ ਦੱਸਿਆ ਗਿਆ ਕਿ 44 ਥਾਵਾਂ ਉਪਰ ਕਿਸਾਨਾਂ ਨੇ ਰੇਲ ਗੱਡੀਆਂ ਦੀ ਆਵਾਜਾਈ ਰੋਕੀ ਜਿਸ ਕਰਕੇ ਰੇਲ ਗੱਡੀਆਂ ਦੀ ਆਵਾਜਾਈ ਪ੍ਰਭਾਵਿਤ ਹੋਈ। 4 ਸ਼ਤਾਬਦੀ ਰੇਲ ਗੱਡੀਆਂ ਰੱਦ ਕਰਨੀਆਂ ਪਈਆਂ ਤੇ 35 ਮੁਸਾਫਰ ਗੱਡੀਆਂ ਪ੍ਰਭਾਵਿਤ ਹੋਈਆਂ। 40 ਮਾਲ ਗੱਡੀਆਂ ਰੋਕੀਆਂ ਗਈਆਂ। ਰੇਲਵੇ ਮੁਤਾਬਕ ਅੰਬਾਲਾ ਤੇ ਫਿਰੋਜ਼ਪੁਰ ਡਿਵੀਜ਼ਨ ਸਭ ਤੋਂ ਵੱਧ ਪ੍ਰਭਾਵਿਤ ਹੋਈਆਂ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਦੱਸਿਆ ਕਿ ਗੁਜਰਾਤ ਦੇ ਭਾਵਨਗਰ 'ਚ ਕਿਸਾਨ ਆਗੂ ਯੁੱਧਵੀਰ ਸਿੰਘ ਤੇ ਸਾਥੀਆਂ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਹੀ ਉਥੋਂ ਦੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਇਹ ਆਗੂ 4-5 ਅਪਰੈਲ ਦੀ ਗੁਜਰਾਤ ਕਿਸਾਨ ਕਾਨਫਰੰਸ ਦੀ ਤਿਆਰੀ ਲਈ ਗਏ ਹੋਏ ਹਨ। ਉਨ੍ਹਾਂ ਦੱਸਿਆ ਕਿ ਬੰਗਲੂਰੂ ਤੋਂ ਕਵਿਤਾ ਕੁਰੂਗੰਟੀ, ਕੋਡੀਹਿੱਲੀ ਚੰਦਰਸ਼ੇਖਰ, ਬਾਈਆਰ ਰੈੱਡੀ ਤੇ ਹੋਰ ਟਰੇਡ ਯੂਨੀਅਨ ਆਗੂਆਂ ਨੂੰ ਪੁਲੀਸ ਨੇ ਹਿਰਾਸਤ ਵਿਚ ਲਿਆ ਹੈ। ਇਸੇ ਤਰ੍ਹਾਂ ਕਰਨਾਟਕ ਦੇ ਗੁਲਬਰਗਾ ਤੋਂ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਨ ਦੀ ਮੋਰਚੇ ਨੇ ਨਿੰਦਾ ਕੀਤੀ ਹੈ। ਕਈ ਰਾਜਾਂ ਵਿਚ ਰੋਡਵੇਜ਼ ਆਵਾਜਾਈ ਵੀ ਬੰਦ ਰਹੀ। ਭਾਰਤ ਬੰਦ ਦੌਰਾਨ ਕਈ ਥਾਵਾਂ 'ਤੇ ਬਾਜ਼ਾਰ ਬੰਦ ਰੱਖੇ ਗਏ।

## ਅੰਦੋਲਨ ਨੂੰ ਹੋਰ ਤਿੱਖਾ ਕਰਨਾ ਪਵੇਗਾ

ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਨੇ ਕਿਹਾ ਕਿ ਜੇਕਰ ਹੁਣ ਸਰਕਾਰ ਤੱਕ ਜਲਦੀ ਗੱਲ ਪਹੁੰਚਾਉਣੀ ਹੈ ਤਾਂ ਅੰਦੋਲਨ ਨੂੰ ਹੋਰ ਤਿੱਖਾ ਕਰਨਾ ਪਵੇਗਾ, ਜਿਸ ਲਈ ਉਹ ਸੰਯੁਕਤ ਕਿਸਾਨ ਮੋਰਚੇ ਨਾਲ ਮਿਲ ਕੇ ਸਖਤ ਫੈਸਲੇ ਲੈਣ ਦੀ ਗੱਲ ਕਰਨਗੇ। ਸ੍ਰੀ ਕਾਦੀਆਂ ਨੇ ਕਿਹਾ ਕਿ ਇਹ ਸਰਕਾਰ ਸ਼ਾਂਤਮਈ ਅੰਦੋਲਨ ਦੀ ਗੱਲ ਸਮਝਣ ਵਾਲੀ ਨਹੀਂ ਹੈ। ਇਸ ਸਰਕਾਰ ਤੱਕ ਜੇਕਰ ਗੱਲ ਪਹੁੰਚਾਉਣੀ ਹੈ ਤਾਂ ਸਾਨੂੰ ਸਖਤ ਫੈਸਲੇ ਲੈ ਕੇ ਅੰਦੋਲਨ ਨੂੰ ਤਿੱਖਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਕੇਂਦਰ ਸਰਕਾਰ ਨੂੰ ਦੂਜੀ ਵੱਡੀ ਸੱਟ ਚੋਣਾਂ ਵਾਲੇ ਰਾਜਾਂ ਵਿਚ ਜਾ ਕੇ ਉਨ੍ਹਾਂ ਦਾ ਵਿਰੋਧ ਕਰ ਕੇ ਮਾਰੀ ਜਾ ਸਕਦੀ ਹੈ। ਬੰਗਾਲ ਵਿਚ ਉਨ੍ਹਾਂ ਦੇ ਆਗੂ ਇਹ ਕੰਮ ਕਰ ਰਹੇ ਹਨ। ਪੰਜਾਬ ਵਿਚ ਕਿਸਾਨ ਸਮਰਥਕ ਭਾਜਪਾ ਦਾ ਲਗਾਤਾਰ ਵਿਰੋਧ ਕਰ ਰਹੇ ਹਨ।

# ਕਿਸਾਨਾਂ ਨੇ ਥਾਂ-ਥਾਂ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ ਵੱਲੋਂ 'ਹੋਲਿਕਾ ਦਹਿਨ' ਮੌਕੇ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ। ਸਿੰਘੂ ਧਰਨੇ ਵਿਚ ਸ਼ਾਮਲ ਕਿਸਾਨ ਕੁੰਡਲੀ ਕੋਲ ਸੰਯੁਕਤ ਕਿਸਾਨ ਮੋਰਚੇ ਦੇ ਦਫਤਰ ਕੋਲ ਇਕੱਠੇ ਹੋਏ ਤੇ ਉਨ੍ਹਾਂ ਮੋਰਚੇ ਦੇ ਆਗੂਆਂ ਨਾਲ ਮਿਲ ਕੇ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ।

ਇਸ ਮੌਕੇ ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਇਸ ਤਿਉਹਾਰ ਨੂੰ ਬੁਰਾਈ 'ਤੇ ਨੇਕੀ ਦੀ ਜਿੱਤ ਵਜੋਂ ਦੇਖਦਿਆਂ ਸਰਕਾਰ ਨੂੰ ਉਕਤ ਕਾਨੂੰਨ ਰੱਦ ਕਰਨੇ ਪੈਣਗੇ ਤੇ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨ ਬਣਾਉਣਾ ਪਵੇਗਾ। ਉਨ੍ਹਾਂ ਹਰਿਆਣਾ ਸਰਕਾਰ ਵੱਲੋਂ ਵਿਧਾਨ ਸਭਾ ਵਿਚ 18 ਮਾਰਚ ਨੂੰ ਬਿੱਲ ਪਾਸ ਕਰਨ ਦੀ ਵੀ ਨਿਖੇਧੀ ਕੀਤੀ, ਜਿਸ ਤਹਿਤ ਜਨਤਕ ਜਾਇਦਾਦ ਦੇ ਨੁਕਸਾਨ ਦੀ ਭਰਪਾਈ ਲਈ ਸਖਤ ਧਾਰਾਵਾਂ ਜੋੜੀਆਂ ਗਈਆਂ ਹਨ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਇਹ ਕਾਨੂੰਨ ਕਿਸਾਨੀ ਅੰਦੋਲਨ ਅਤੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਤੋਂ ਬਚਣ ਲਈ ਬਣਾਇਆ ਗਿਆ ਹੈ ਜੋ ਲੋਕਤੰਤਰ ਲਈ ਵੀ ਘਾਤਕ ਹੋਵੇਗਾ। ਡਾ. ਦਰਸ਼ਨ ਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਘੱਟੋ-ਘੱਟ ਕੀਮਤ ਤੇ ਜਨਤਕ ਵੰਡ ਪ੍ਰਣਾਲੀ ਪ੍ਰਬੰਧ ਨੂੰ ਖਤਮ ਕਰਨ ਦੀਆਂ ਅਸਿੱਧੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਇਸੇ ਕਰਕੇ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ.ਸੀ.ਆਈ.) ਦੇ ਬਜਟ ਵਿਚ ਕਟੌਤੀ ਕੀਤੀ ਜਾਂਦੀ ਰਹੀ ਤੇ ਇਸ ਬਜਟ ਵਿਚ ਫਿਰ 'ਐਫ.ਸੀ.ਆਈ.' ਦੇ ਬਜਟ 'ਤੇ ਕੁਹਾੜਾ ਚੱਲਿਆ। ਉਨ੍ਹਾਂ ਦੱਸਿਆ ਕਿ ਮੋਰਚੇ ਵੱਲੋਂ 5 ਅਪਰੈਲ ਨੂੰ ਐਫ.ਸੀ.ਆਈ. ਬਚਾਓ



ਦਿਵਸ' ਮਨਾਇਆ ਜਾਵੇਗਾ ਤੇ ਦੇਸ਼ ਦੇ ਐਫ.ਸੀ.ਆਈ. ਦਫਤਰਾਂ ਨੂੰ ਸਵੇਰੇ 11 ਤੋਂ 5 ਵਜੇ ਸ਼ਾਮ ਤੱਕ ਘੇਰਿਆ ਜਾਵੇਗਾ।

ਇਸੇ ਤਰ੍ਹਾਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬੀ.ਕੇ.ਯੂ. ਆਗੂ ਰਾਕੇਸ਼ ਟਿਕੈਤ ਵੱਲੋਂ ਕਿਸਾਨਾਂ ਨਾਲ ਮਿਲ ਕੇ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਕਿਸਾਨ ਚੌਕ ਦੇ ਵਿਚਕਾਰ ਰੱਖ ਕੇ ਸਾੜੀਆਂ ਗਈਆਂ। ਟਿਕਰੀ ਬਾਰਡਰ 'ਤੇ ਬੀਬੀ ਗੁਲਾਬ ਕੌਰ ਸਟੇਜ ਨੇੜੇ ਪਕੌੜਾ ਚੌਕ ਵਿਚ ਕੇਂਦਰ ਸਰਕਾਰ ਨੂੰ ਜਗਾਉਣ ਲਈ ਲੋਕ ਵਿਰੋਧੀ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਅਮਰੀਕ ਸਿੰਘ ਗੰਢੂਆਂ ਨੇ ਕਿਹਾ ਕਿ ਸਰਕਾਰ ਖੇਤੀ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਨ ਦੀ ਥਾਂ ਤਰ੍ਹਾਂ- ਤਰ੍ਹਾਂ ਦੀਆਂ ਚਾਲਾਂ ਚੱਲ ਰਹੀ ਹੈ ਤੇ ਕਿਰਤੀ ਲੋਕਾਂ ਦੀ ਗੱਲ ਨਹੀਂ ਸੁਣ ਰਹੀ।

## *ਟਰਾਲੀਆਂ ਤੇ ਤੰਬੂਆਂ 'ਚ ਏਸੀ ਨਾ ਲਾਉਣ ਦੀ ਸਲਾਹ*

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਮੋਰਚਿਆਂ ਵਿਚ ਹਿੱਸਾ ਲੈ ਰਹੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀਆਂ ਟਰਾਲੀਆਂ ਜਾਂ ਆਰਜ਼ੀ ਤੰਬੂਆਂ ਵਿਚ ਏਅਰਕੰਡੀਸ਼ਨ ਨਾ ਲਾਉਣ ਤੇ ਨਾ ਹੀ ਪੱਕੀਆਂ ਉਸਾਰੀਆਂ ਕਰਨ। ਮੋਰਚੇ ਵੱਲੋਂ ਉਸਾਰੀਆਂ ਨਾ ਕਰਨ ਦੀ ਅਪੀਲ ਪਹਿਲਾਂ ਵੀ ਕੀਤੀ ਗਈ ਸੀ ਜਦੋਂ ਸੋਨੀਪਤ ਜ਼ਿਲ੍ਹਾ ਪ੍ਰਸ਼ਾਸਨ ਨੇ ਅਣਪਛਾਤੇ ਕਿਸਾਨਾਂ ਖਿਲਾਫ ਗੈਰ-ਕਾਨੂੰਨੀ ਉਸਾਰੀਆਂ ਕਾਰਨ ਕੇਸ ਦਰਜ ਕਰ ਲਏ ਗਏ ਸਨ। ਕਿਸਾਨ ਆਗੂਆਂ ਨੇ ਸਿੰਘੂ ਬਾਰਡਰ ਦੇ ਮੋਰਚੇ ਦੇ ਮੁੱਖ ਮੰਚ ਤੋਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਟਰਾਲੀਆਂ ਵਿਚ ਏਸੀ ਨਾ ਲਾਉਣ।

# ਪੰਜਾਬ ਵਿਚ ਭਾਜਪਾ ਆਗੂਆਂ ਉਤੇ ਗੁੱਸਾ ਕੱਢਣ ਲੱਗੇ ਕਿਸਾਨ

**ਮਲੋਟ:** ਕਿਸਾਨ ਜਥੇਬੰਦੀਆਂ ਨੇ ਮਲੋਟ ਦੇ ਭਾਜਪਾ ਦਫਤਰ 'ਚ ਮੀਟਿੰਗ ਕਰਨ ਆਏ ਅਬੋਹਰ ਤੋਂ ਭਾਜਪਾ ਵਿਧਾਇਕ ਅਰੁਣ ਨਾਰੰਗ ਦਾ ਸਖਤ ਵਿਰੋਧ ਕੀਤਾ ਅਤੇ ਉਨ੍ਹਾਂ ਦੇ ਚਿਹਰੇ ਤੇ ਕਾਰ 'ਤੇ ਕਾਲਖ ਮਲ ਦਿੱਤੀ। ਸੁਰੱਖਿਆ ਕਰਮੀ ਉਨ੍ਹਾਂ ਨੂੰ ਕਿਸੇ ਤਰ੍ਹਾਂ ਭੀੜ ਵਿਚੋਂ ਸੁਰੱਖਿਅਤ ਕੱਢ ਲਿਆਏ ਪਰ ਜਦ ਉਨ੍ਹਾਂ ਨੂੰ ਕਿਸੇ ਅਗਲੀ ਥਾਂ ਤਬਦੀਲ ਕੀਤਾ ਜਾਣਾ ਸੀ ਤਾਂ ਕਿਸਾਨ ਤੇ ਹੋਰ ਭਰਾਤਰੀ ਜਥੇਬੰਦੀਆਂ ਉਨ੍ਹਾਂ ਦੇ ਮਗਰ ਪੈ ਗਈਆਂ ਅਤੇ ਵਿਰੋਧ ਲਗਾਤਾਰ ਜਾਰੀ ਰਿਹਾ।



ਇਸ ਖਿੱਚ-ਧੂਹ 'ਚ ਵਿਧਾਇਕ ਨਾਰੰਗ ਦੇ ਸਾਰੇ ਕੱਪੜੇ ਵੀ ਪਾੜ ਗਏ। ਇਸ ਦੌਰਾਨ ਸੁਰੱਖਿਆ ਕਰਮੀਆਂ ਨੇ ਭਾਰੀ ਮੁਸ਼ੱਕਤ ਨਾਲ ਉਨ੍ਹਾਂ ਨੂੰ ਉਥੋਂ ਕੱਢ ਕੇ ਇਕ ਹੋਰ ਨੇੜਲੇ ਵਰਕਰ ਦੀ ਦੁਕਾਨ ਵਿਚ ਸੁਰੱਖਿਅਤ ਕੀਤਾ। ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਬਲਾਕ ਪ੍ਰਧਾਨ ਲਖਨਪਾਲ ਸ਼ਰਮਾ ਅਤੇ ਹੋਰ ਆਗੂਆਂ ਨੇ ਕਿਹਾ ਕਿ ਉਨ੍ਹਾਂ ਪਹਿਲਾਂ ਹੀ ਚਿਤਾਵਨੀ ਦਿੱਤੀ ਹੋਈ ਸੀ ਕਿ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਖਿਝਾਉਣ ਲਈ ਵਿਧਾਇਕ ਨਾਰੰਗ ਮਲੋਟ ਆਏ। ਉਨ੍ਹਾਂ ਕਿਹਾ ਕਿ ਦਿੱਲੀ ਸੰਘਰਸ਼ ਵਿਚ ਇਕ ਤੋਂ ਬਾਅਦ ਇਕ ਕਿਸਾਨ ਦੀ ਮੌਤ ਹੋ ਰਹੀ ਹੈ ਅਤੇ ਕਰਜ਼ੇ ਦੇ ਬੋਝ ਕਾਰਨ ਕਿਸਾਨ ਫਾਹੇ ਲੈ ਰਹੇ ਹਨ ਤੇ ਭਾਜਪਾ ਆਗੂਆਂ ਨੂੰ ਸਭਾਵਾਂ ਕਰਨ ਦੀ ਪਈ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ, ਉਹ ਭਾਜਪਾ ਦਾ ਵਿਰੋਧ ਜਾਰੀ ਰੱਖਣਗੇ। ਇਸੇ ਤਰ੍ਹਾਂ ਗੁਰਦਾਸਪੁਰ ਵਿਚ ਪ੍ਰੈੱਸ ਕਾਨਫਰੰਸ ਕਰਨ ਪੁੱਜੇ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਨਰਿੰਦਰ ਪਰਮਾਰ ਨੂੰ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਨਰਿੰਦਰ ਪਰਮਾਰ ਜਦੋਂ ਸਥਾਨਕ ਬਟਾਲਾ ਰੋਡ 'ਚ ਜਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਗਿੱਲ ਦੇ ਘਰ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ ਤਾਂ ਇਸ ਦੀ ਭਿਣਕ ਰੇਲਵੇ ਸਟੇਸ਼ਨ 'ਤੇ ਪਿਛਲੇ ਚਾਰ ਮਹੀਨਿਆਂ ਤੋਂ ਧਰਨੇ 'ਤੇ ਬੈਠੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਪੈ ਗਈ। ਕੁਝ ਸਮੇਂ ਬਾਅਦ ਕਿਸਾਨਾਂ ਨੇ ਗਿੱਲ ਦੀ ਕੋਠੀ ਘੇਰ ਕੇ ਕੇਂਦਰ ਸਰਕਾਰ ਤੇ ਭਾਜਪਾ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਕਿਸਾਨ ਆਗੂਆਂ ਨੇ ਭਾਜਪਾ ਆਗੂਆਂ ਨੂੰ ਬਾਹਰ ਆ ਕੇ ਉਨ੍ਹਾਂ ਨੂੰ ਖੇਤੀ ਕਾਨੂੰਨਾਂ ਦੇ ਫਾਇਦੇ ਸਮਝਾਉਣ ਦੀ ਗੱਲ ਆਖੀ ਪਰ ਭਾਜਪਾ ਆਗੂ ਕੋਠੀ ਅੰਦਰ ਹੀ ਰਹੇ। ਇਸੇ ਦੌਰਾਨ ਹਾਲਾਤ ਉਦੋਂ ਤਣਾਅਪੂਰਨ ਹੋ ਗਏ ਜਦੋਂ ਭਾਜਪਾ ਆਗੂਆਂ ਨੇ ਕੋਠੀ ਤੋਂ ਬਾਹਰ ਆ ਕੇ ਕਾਂਗਰਸ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਾਰਾ ਕੁਝ ਕਾਂਗਰਸ ਕਰਵਾ ਰਹੀ ਹੈ।

ਬਰਨਾਲਾ ਦੇ ਰੈਸਟ ਹਾਊਸ ਵਿਚ ਭਾਜਪਾ ਦੇ ਸੂਬਾਈ ਨੇਤਾ ਪ੍ਰਵੀਨ ਬਾਂਸਲ ਜਦੋਂ ਪੰਜਾਬ ਸਰਕਾਰ ਦੀ ਚਾਰ ਸਾਲ ਦੀ ਕਾਰਗੁਜ਼ਾਰੀ ਉਤੇ ਪ੍ਰੈਸ ਕਾਨਫਰੰਸ ਕਰਨ ਪੁੱਜੇ ਤਾਂ ਇਸ ਦਾ ਪਤਾ ਲੱਗੇ ਸਾਰ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਨੇ ਉਨ੍ਹਾਂ ਦਾ ਘਿਰਾਓ ਕਰ ਲਿਆ। ਵੱਡੀ ਗਿਣਤੀ ਵਿਚ ਕਿਸਾਨ, ਨੌਜਵਾਨ ਅਤੇ ਔਰਤਾਂ ਨੇ ਰੈਸਟ ਹਾਊਸ ਨੂੰ ਘੇਰਾ ਪਾ ਲਿਆ। ਕਿਸਾਨਾਂ ਨੇ ਡੀਸੀ ਕੰਪਲੈਕਸ ਬਾਹਰ ਰੈਸਟ ਹਾਊਸ ਸਾਹਮਣੇ ਬਠਿੰਡਾ ਨੂੰ ਜਾਣ ਵਾਲੀ ਸੜਕ ਜਾਮ ਕਰਕੇ ਟੈਂਟ ਲਗਾ ਦਿੱਤੇ। ਕਿਸਾਨਾਂ ਨੇ ਕਿਹਾ ਕਿ ਕਿਸਾਨ ਸੰਗਠਨਾਂ ਦੁਆਰਾ ਭਾਜਪਾ ਨੇਤਾਵਾਂ ਦੇ ਘਿਰਾਉ ਦਾ ਐਲਾਨ ਕੀਤਾ ਹੋਇਆ ਹੈ, ਜਿਸ ਅਨੁਸਾਰ ਪ੍ਰਵੀਨ ਬਾਂਸਲ ਦਾ ਬਰਨਾਲਾ ਵਿੱਚ ਪੁੱਜਣ ਉਤੇ ਘਿਰਾਉ ਕੀਤਾ ਗਿਆ।

## *ਸੰਯੁਕਤ ਕਿਸਾਨ ਮੋਰਚੇ ਵੱਲੋਂ ਸਬਰ ਰੱਖਣ ਦੀ ਅਪੀਲ*

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਕਿਸਾਨਾਂ ਵੱਲੋਂ ਭਾਜਪਾ ਵਿਧਾਇਕ ਖਿਲਾਫ ਰੋਸ ਮੁਜ਼ਾਹਰਾ ਕੀਤਾ ਗਿਆ ਹੈ ਪਰ ਕੁਝ ਹਾਲਤਾਂ ਕਾਰਨ ਇਹ ਰੋਸ ਮੁਜ਼ਾਹਰਾ ਹਿੰਸਕ ਰੂਪ ਧਾਰ ਗਿਆ ਤੇ ਵਿਧਾਇਕ ਨਾਲ ਬਦਸਲੂਕੀ ਕੀਤੀ ਗਈ ਹੈ। ਉਨ੍ਹਾਂ ਕਿਹਾ, 'ਲੋਕ ਨੁਮਾਇੰਦਿਆਂ ਨਾਲ ਅਜਿਹਾ ਵਿਹਾਰ ਕੀਤਾ ਜਾਣਾ ਚਿੰਤਾ ਦਾ ਵਿਸ਼ਾ ਹੈ ਤੇ ਅਜਿਹੇ ਵਿਹਾਰ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਣਾ ਚਾਹੀਦਾ। ਅਸੀਂ ਇਸ ਘਟਨਾ ਦੀ ਸਖਤੀ ਨਾਲ ਨਿੰਦਾ ਕਰਦੇ ਹਾਂ।' ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਮੁਜ਼ਾਹਰਾਕਾਰੀਆਂ ਨੂੰ ਅਪੀਲ ਕਰਦਾ ਹੈ ਕਿ ਰੋਸ ਮੁਜ਼ਾਹਰੇ ਸ਼ਾਂਤਮਈ ਤੇ ਜ਼ਾਬਤੇ 'ਚ ਰਹਿ ਕੇ ਕੀਤੇ ਜਾਣ।

# ਸੰਤ ਬਾਬਾ ਨਿਧਾਨ ਸਿੰਘ ਦੀ ਬਰਸੀ ਮਨਾਈ

**ਨਿਊ ਯਾਰਕ (ਅਮਰਜੀਤ ਸਿੰਘ ਮੁਲਤਾਨੀ):** ਬੀਤੇ ਐਤਵਾਰ ਵਾਲੇ ਦਿਨ ਸਥਾਨਕ ਸੰਤ ਬਾਬਾ ਨਿਧਾਨ ਸਿੰਘ ਕਲਚਰਲ ਸੁਸਾਇਟੀ ਦੀ ਸਰਪ੍ਰਸਤੀ ਹੇਠ 222 ਸਟ੍ਰੀਟ ਸਥਿਤ ਗੁਰਦੁਆਰਾ ਸਿੱਖ ਸੈਂਟਰ ਕੁਈਨਜ਼ ਵਿਲੇਜ ਵਿਖੇ ਸੰਤ ਬਾਬਾ ਨਿਧਾਨ ਸਿੰਘ ਜੀ ਦੀ ਬਰਸੀ ਸੰਬੰਧੀ ਸਮਾਗਮ ਹੋਏ। ਸਬ ਤੋਂ ਪਹਿਲਾਂ ਇਸ ਸੰਬੰਧੀ ਰੱਖੇ ਗਏ ਅਖੰਡ ਪਾਠ ਦੇ ਭੋਗ ਪਾਏ ਗਏ। ਸਮਾਗਮ ਦੀ ਸ਼ੁਰੂਆਤ ਵਿਚ ਭਾਈ ਜਗੀਰ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਦੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਉਪਰੰਤ ਭਾਈ ਬਲਵਿੰਦਰ ਸਿੰਘ ਨਾਭੇ ਵਾਲਿਆਂ ਨੇ ਸੰਤ ਬਾਬਾ ਨਿਧਾਨ ਸਿੰਘ ਜੀ ਦੇ ਜੀਵਨ ਤੇ ਕਥਾ ਕਰਕੇ ਸੰਗਤਾਂ ਨਾਲ ਸਾਂਝ ਪਾਈ। ਭਾਈ ਕੁਲਵੰਤ ਸਿੰਘ ਪੰਡੋਰੀ ਵਾਲਿਆਂ ਦੇ ਢਾਡੀ ਜਥੇ ਨੇ ਸੰਤ ਬਾਬਾ ਨਿਧਾਨ ਸਿੰਘ ਜੀ ਦੇ ਪਰੋਪਕਾਰੀ ਕੰਮਾਂ ਦੇ ਪ੍ਰਸੰਗ ਵਿਚ ਵਾਰਾਂ ਦੇ ਗਾਇਨ ਰਾਹੀਂ ਸੰਗਤਾਂ ਨੂੰ ਜਾਣ ਕਰਵਾਇਆ। ਭਾਈ ਲਖਵੀਰ ਸਿੰਘ ਮਿਨਹਾਸ ਨੂੰ ਸਿਰੋਪਾਓ ਦੇ ਕੇ ਸਨਮਾਨ ਬਖਸ਼ਿਆ ਗਿਆ। ਸਮਾਗਮ ਦੀ ਸਮਾਪਤੀ 'ਤੇ ਸੰਤ ਬਾਬਾ ਨਿਧਾਨ ਸਿੰਘ ਕਲਚਰਲ ਸੁਸਾਇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਜਸਵਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ ਪਲੈਨ ਵਿਊ ਵਿਖੇ ਵੀ ਸੰਤ ਬਾਬਾ ਨਿਧਾਨ ਸਿੰਘ ਜੀ ਦੀ ਬਰਸੀ ਸੰਬੰਧੀ ਸਮਾਗਮ ਹੋਇਆ। ਗੁਰੂ ਘਰ ਦੇ ਹੈੱਡ ਗ੍ਰੰਥੀ ਅਮਰਜੀਤ ਸਿੰਘ ਨੇ ਸੰਤ ਬਾਬਾ ਨਿਧਾਨ ਸਿੰਘ ਜੀ ਦੇ ਜੀਵਨ 'ਤੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਅਮਰੀਕ ਸਿੰਘ ਗੁਰੂਦਾਸ ਪੁਰ ਵਾਲਿਆਂ ਦੇ ਰਾਗੀ ਜਥੇ ਨੇ ਗੁਰੂਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ। ਗੁਰੂ ਘਰ ਦੇ ਸਕੱਤਰ ਗੁਰਿੰਦਰ ਪਾਲ ਸਿੰਘ ਸਿੱਕਾ ਨੇ ਵੀ ਸੰਤ ਬਾਬਾ ਨਿਧਾਨ ਸਿੰਘ ਜੀ ਦੇ ਜੀਵਨ ਦੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਸਮਾਗਮ ਕਰਵਾਉਣ ਲਈ ਸੁਰਿੰਦਰ ਸਿੰਘ ਮਿਨਹਾਸ ਦਾ ਧੰਨਵਾਦ ਕੀਤਾ।

## ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਪੁਲਿਸ ਦੀ ਸਾਂਝੀ ਰਣਨੀਤੀ

**ਚੰਡੀਗੜ੍ਹ:** ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀਜ) ਦੀ ਤਾਲਮੇਲ ਮੀਟਿੰਗ ਪੰਚਕੂਲਾ ਵਿਚ ਹੋਈ, ਜਿਸ 'ਚ ਇਨ੍ਹਾਂ ਰਾਜਾਂ 'ਚ ਸਰਗਰਮ ਗੈਂਗਸਟਰਾਂ ਤੇ ਅਪਰਾਧੀਆਂ ਵਿਰੁੱਧ ਰਣਨੀਤੀ ਘੜਨ ਅਤੇ ਕਾਰਜ ਯੋਜਨਾ ਤਿਆਰ ਕਰਨ ਬਾਰੇ ਵਿਚਾਰ-ਚਰਚਾ ਕੀਤੀ ਗਈ।

ਪੰਜਾਬ ਦੇ ਡੀ.ਜੀ.ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ ਮਗਰਲੇ ਦਿਨਾਂ ਦੌਰਾਨ ਸੂਬੇ 'ਚ ਵਾਪਰੀਆਂ ਕੁਝ ਘਟਨਾਵਾਂ 'ਚ ਹਰਿਆਣਾ ਦੇ ਗੈਂਗਸਟਰਾਂ ਦੀ ਵੀ ਭੂਮਿਕਾ ਸੀ ਤੇ ਰਾਜ ਦੇ ਕਈ ਗੈਂਗਸਟਰ ਹਰਿਆਣਾ 'ਚ ਪਨਾਹ ਵੀ ਲੈਂਦੇ ਹਨ, ਜਿਸ ਕਾਰਨ ਉਨ੍ਹਾਂ ਕੁਝ ਦਿਨ ਪਹਿਲਾਂ ਅਜਿਹੀ ਸਾਂਝੀ ਮੀਟਿੰਗ ਤੇ ਰਣਨੀਤੀ ਵਿਚਾਰਨ ਦੀ ਤਜਵੀਜ਼ ਰੱਖੀ ਸੀ।

# ਪੱਤਰਕਾਰ ਹਰਵਿੰਦਰ ਰਿਆੜ ਦਾ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ

**ਕਾਰਟਰੇਟ, ਨਿਊ ਜਰਸੀ (ਰਾਜ ਗੋਗਨਾ):** ਕਾਰਟਰੇਟ 'ਚ ਰਹਿੰਦੇ 'ਪੰਜਾਬੀ ਰਾਈਟਰ ਵੀਕਲੀ' ਅਤੇ ਵੈੱਬ ਚੈੱਨਲ 'ਬਾਜ਼' ਦੇ ਸੰਪਾਦਕ ਹਰਵਿੰਦਰ ਰਿਆੜ ਲੰਘੀ 26 ਮਾਰਚ ਨੂੰ ਸਵੇਰੇ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ। ਉਹ ਪੰਜਾਬੀ ਬੋਲੀ, ਪੰਜਾਬ ਦੇ ਮਸਲਿਆਂ ਲਈ ਨਿੱਡਰਤਾ ਨਾਲ ਬੋਲਦੇ ਤੇ ਲਿਖਦੇ ਸਨ। ਉਹ ਸਾਰੀ ਉਮਰ ਪੱਤਰਕਾਰਤਾ ਨਾਲ ਜੁੜੇ ਰਹੇ ਅਤੇ ਉਨ੍ਹਾਂ ਆਪਣੀ ਮਿਹਨਤ ਨਾਲ ਪੰਜਾਬੀ ਰਾਈਟਰ ਵੀਕਲੀ ਅਖਬਾਰ ਅਤੇ ਬਾਜ਼ ਟੀ. ਵੀ. ਚੈਨਲ ਰੂਪੀ ਬੂਟਿਆਂ ਨੂੰ ਸਿੰਜਿਆ।

ਸੰਨ 2002 'ਚ ਉਹ ਅਮਰੀਕਾ ਆਏ ਸਨ। ਦੁਆਬੇ ਤੋਂ ਜਿਲਾ ਜਲੰਧਰ ਦੇ ਨਾਮੀ ਪਿੰਡ ਜੰਡਿਆਲਾ ਮੰਜਕੀ ਨਾਲ ਪਿਛੋਕੜ ਰੱਖਣ ਵਾਲੇ ਹਰਵਿੰਦਰ ਰਿਆੜ ਬੜੇ ਮਿਲਣਸਾਰ, ਮਿੱਠਬੋਲੜੇ ਅਤੇ ਹਰੇਕ ਵਰਗ ਦੇ ਗੂੜ੍ਹੇ ਹਮਦਰਦ ਸਨ। ਉਹ ਆਪਣੇ ਪਿੱਛੇ ਆਪਣੀ ਪਤਨੀ ਅਮਰਜੀਤ ਕੌਰ ਰਿਆੜ, ਬੇਟੀ ਨਿਮਰਤਾ ਕੌਰ ਅਤੇ ਬੇਟਾ ਅਰਜਨ ਰਿਆੜ ਛੱਡ ਗਏ।

ਸਵਰਗੀ ਹਰਵਿੰਦਰ ਰਿਆੜ ਦਾ ਅੰਤਿਮ ਸਸਕਾਰ 3 ਅਪਰੈਲ ਨੂੰ ਸਵੇਰੇ 10 ਤੋਂ ਇਕ ਵਜੇ ਦਰਮਿਆਨ ਚੁਬੇਨਕੋ ਫਿਊਨਰਲ ਹੋਮ (625 ਪੋਰਟ ਰੀਡਿੰਗ ਐਵਨਿਊ, ਨਿਊ ਜਰਸੀ 07064) ਵਿਖੇ ਕੀਤਾ ਜਾਵੇਗਾ। ਉਪਰੰਤ ਬਾਅਦ ਦੁਪਹਿਰ 2 ਵਜੇ ਗੁਰਦੁਆਰਾ ਸਿੰਘ ਸਭਾ ਕਾਰਟਰੇਟ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ



ਪਾਏ ਜਾਣਗੇ। ਵੈਰਾਗਮਈ ਕੀਰਤਨ ਉਪਰੰਤ ਤੇ ਅੰਤਿਮ ਅਰਦਾਸ ਹੋਵੇਗੀ।

ਸਸਕਾਰ ਸਬੰਧੀ ਹੋਰ ਜਾਣਕਾਰੀ ਲਈ ਜੱਬਰ ਸਿੰਘ ਗਰੇਵਾਲ ਨਾਲ ਫੋਨ: 917-453-6486 ਜਾਂ ਬਰਜਿੰਦਰ ਸਿੰਘ ਬਰਾੜ ਨਾਲ ਫੋਨ: 732-620-8112 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


# Matrimonials

### ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

ਜੱਟ ਸਿੱਖ ਕੱਦ 5'-3" ਉਮਰ 23 ਸਾਲ, ਇੰਡੀਆ (ਜਿਲਾ ਲੁਧਿਆਣਾ) ਰਹਿੰਦੀ ਪੜ੍ਹੀ-ਲਿਖੀ ਲੜਕੀ ਲਈ ਅਮਰੀਕਾ ਵਿਚ ਸੈਟਲ ਲੜਕੇ ਦੀ ਲੋੜ ਹੈ। ਲੜਕੀ ਨੇ ਬੁਟੀਕ ਦਾ ਕੋਰਸ ਵੀ ਕੀਤਾ ਹੋਇਆ ਹੈ। ਲੜਕੀ ਦੇ ਮਾਤਾ-ਪਿਤਾ ਦੋ ਸਾਲ ਦੇ ਅੰਦਰ ਪੱਕੇ ਤੌਰ 'ਤੇ ਅਮਰੀਕਾ ਆ ਜਾਣਗੇ। ਲੜਕੀ ਦੇ ਚਾਚਾ ਜੀ ਮਿਸ਼ੀਗਨ ਅਤੇ ਭਰਾ ਕੈਨੇਡਾ ਰਹਿੰਦੇ ਹਨ। ਸੰਪਰਕ ਕਰੋ, ਫੋਨ: 586-864-3453 *13-16*

### ਲੜਕੇ ਦੀ ਲੋੜ ਹੈ

Jatt Sikh smart girl 27 yrs old, 5'-6", MS Computer Science from US, Software Engineer at top company on H1B visa, Brother US citizen, Educated green card family, Vegetarian, Looking for suitable good looking educated cultured match residing in USA, Contact with bio-data and photos: jsp558792@gmail.com; Ph. 608-770-9437 *14-17*

### ਲੜਕੀ ਦੀ ਲੋੜ ਹੈ

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com *14-18*

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*








# ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।**

**ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ**

*ਸੰਪਰਕ ਕਰੋ, ਮਿਸਟਰ ਸਿੰਘ*

**ਫੋਨ: 608-886-2500**

*12+*

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**



*Gurdip Singh Sandhu*

Email: Homeomedicine@yahoo.com

# ਸਿੱਧੀ ਅਦਾਇਗੀ: ਪੰਜਾਬ ਵੱਲੋਂ ਕੇਂਦਰ ਨਾਲ ਦੋ-ਦੋ ਹੱਥ ਕਰਨ ਦੀ ਤਿਆਰੀ

**ਚੰਡੀਗੜ੍ਹ:** ਕੇਂਦਰ ਸਰਕਾਰ ਦੇ ਜਿਣਸ ਦੀ ਸਿੱਧੀ ਅਦਾਇਗੀ ਦੇ ਫਰਮਾਨ ਖਿਲਾਫ ਪੰਜਾਬ ਸਰਕਾਰ ਨੇ ਬਿਗਲ ਵਜਾ ਦਿੱਤਾ ਹੈ। ਕੇਂਦਰ ਨੂੰ ਸਾਫ ਸੁਨੇਹਾ ਦਿੱਤਾ ਗਿਆ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਆੜ੍ਹਤੀਆਂ ਜਰੀਏ ਹੀ ਅਦਾਇਗੀ ਕਰੇਗੀ। ਦੂਜੇ ਪਾਸੇ ਭਾਰਤ ਸਰਕਾਰ ਕਿਸਾਨਾਂ ਨੂੰ ਜਿਣਸ ਦੀ ਸਿੱਧੀ ਅਦਾਇਗੀ ਕਰਨ ਦੇ ਫੈਸਲੇ ਤੋਂ ਪਿਛਾਂਹ ਹਟਣ ਨੂੰ ਤਿਆਰ ਨਹੀਂ ਹੈ। ਐਤਕੀਂ ਪੰਜਾਬ ਵਿਚ 10 ਅਪਰੈਲ ਤੋਂ ਕਣਕ ਦੀ ਫਸਲ ਦੀ ਖਰੀਦ ਸ਼ੁਰੂ ਹੋਣੀ ਹੈ ਪਰ ਐਨ ਮੌਕੇ 'ਤੇ ਕੇਂਦਰ ਅਤੇ ਰਾਜ ਸਰਕਾਰ ਵਿਚਾਲੇ ਤਣਾਅ ਵਾਲਾ ਮਾਹੌਲ ਬਣ ਗਿਆ ਹੈ। ਕੇਂਦਰ ਸਰਕਾਰ ਨੇ ਫਰਵਰੀ ਮਹੀਨੇ ਵਿੱਚ ਹੀ 'ਸਿੱਧੀ ਅਦਾਇਗੀ' ਕਰਨ ਬਾਰੇ ਹੁਕਮ ਜਾਰੀ ਕਰ ਦਿੱਤੇ ਸਨ ਅਤੇ ਇਸ ਬਾਬਤ ਕਿਸਾਨਾਂ ਤੋਂ ਜਮੀਨ ਮਾਲਕੀ ਦੀਆਂ ਫਰਦਾਂ ਅਪਲੋਡ ਕਰਨ ਲਈ ਆਖ ਦਿੱਤਾ ਗਿਆ ਸੀ। ਜਦਕਿ ਇਸ ਮਾਮਲੇ 'ਚ ਕੀੜੀ ਚਾਲੇ ਚੱਲ ਰਹੀ ਪੰਜਾਬ ਸਰਕਾਰ ਦੀ ਜਾਗ ਵਾਢੀ ਸਿਰ 'ਤੇ ਆਉਣ ਮੌਕੇ ਖੁੱਲ੍ਹੀ ਹੈ।



ਖੇਤੀ ਵਿਭਾਗ ਅਤੇ ਖੁਰਾਕ ਤੇ ਸਪਲਾਈ ਵਿਭਾਗ ਪੰਜਾਬ ਦੇ ਉਚ ਅਧਿਕਾਰੀਆਂ ਨੇ ਵੀ ਕੇਂਦਰੀ ਖੁਰਾਕ ਮੰਤਰਾਲੇ ਦੀ ਟੀਮ ਅੱਗੇ ਤੱਥ ਰੱਖ ਦਿੱਤੇ ਹਨ। ਲੱਖਾਂ ਕਿਸਾਨਾਂ ਦੀਆਂ ਫਰਦਾਂ ਰਾਤੋ-ਰਾਤ ਅਪਲੋਡ ਕਰਨ ਵਿਚ ਵੱਡੀ ਮੁਸ਼ਕਲ ਹੈ ਅਤੇ ਹਕੀਕਤ 'ਚ ਕਈ ਔਕੜਾਂ ਵੀ ਦਰਪੇਸ਼ ਹਨ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਸਮਾਂ ਵੀ ਮੰਗਿਆ ਹੈ ਪਰ ਪ੍ਰਧਾਨ ਮੰਤਰੀ ਦਫਤਰ ਵੱਲੋਂ ਹਾਲੇ ਤੱਕ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਕਿਸਾਨ ਧਿਰਾਂ ਅਤੇ ਆੜ੍ਹਤੀਏ ਵੀ ਇਸ ਮਾਮਲੇ 'ਤੇ ਲਾਮਬੰਦ ਹੋ ਗਏ ਹਨ। ਆੜ੍ਹਤੀਆ ਐਸੋਸੀਏਸ਼ਨ ਪੰਜਾਬ ਵੱਲੋਂ 10 ਮਾਰਚ ਤੋਂ ਕੰਮ ਬੰਦ ਕੀਤਾ ਹੋਇਆ ਹੈ। ਦੂਜੇ ਪਾਸੇ ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਕਣਕ ਦੀ ਫਸਲ 'ਤੇ ਸਿੱਧੀ ਅਦਾਇਗੀ ਕਰਨ ਦਾ ਫੈਸਲਾ ਕੀਤਾ ਹੋਇਆ ਹੈ।

ਪੰਜਾਬ ਸਰਕਾਰ ਵੱਲੋਂ ਭਾਰਤ ਸਰਕਾਰ ਕੋਲ ਤਰਕ ਰੱਖਿਆ ਗਿਆ ਹੈ ਕਿ ਸੂਬੇ ਕੋਲ ਪਹਿਲਾਂ ਹੀ ਅਦਾਇਗੀ ਦੇ ਪਾਰਦਰਸ਼ੀ ਪ੍ਰਬੰਧ ਹਨ ਅਤੇ ਆੜ੍ਹਤੀਆਂ ਵੱਲੋਂ ਕਿਸਾਨਾਂ ਦੇ ਖਾਤਿਆਂ ਵਿਚ ਰਾਸ਼ੀ ਪਾਈ ਜਾਂਦੀ ਹੈ। ਪੰਜਾਬ ਸਰਕਾਰ ਤਰਫੋਂ ਆੜ੍ਹਤੀਆਂ ਨੂੰ ਰਾਜ ਸਰਕਾਰ ਦੇ ਪੋਰਟਲ ਜ਼ਰੀਏ ਅਦਾਇਗੀ ਕੀਤੀ ਜਾਂਦੀ ਹੈ। ਕਿਸਾਨ ਧਿਰਾਂ ਦਾ ਕਹਿਣਾ ਹੈ ਕਿ ਕਰੀਬ 40 ਫੀਸਦੀ ਕਿਸਾਨ ਤਾਂ ਠੇਕੇ ਤੇ ਜ਼ਮੀਨਾਂ ਲੈ ਕੇ ਵਾਹੀ ਕਰਦੇ ਹਨ ਅਤੇ ਵੱਡੀ ਗਿਣਤੀ ਵਿਚ ਕਿਸਾਨਾਂ ਦੀਆਂ ਜ਼ਮੀਨਾਂ ਦੀ ਮਾਲਕੀ ਹਾਲੇ ਵੀ ਪਿਉ-ਦਾਦਿਆਂ ਦੇ ਨਾਂ ਬੋਲਦੀ ਹੈ। ਸਿੱਧੀ ਅਦਾਇਗੀ ਨਾਲ ਕਈ ਗੁੰਝਲਦਾਰ ਮਸਲੇ ਉੱਠਣਗੇ। ਪਤਾ ਲੱਗਾ ਹੈ ਕਿ ਭਾਰਤੀ ਖੁਰਾਕ ਨਿਗਮ ਵੱਲੋਂ ਪੰਜਾਬ ਵਿਚੋਂ ਜੋ ਕਣਕ ਦੀ ਖਰੀਦ ਕੀਤੀ ਜਾਵੇਗੀ, ਉਸ ਲਈ ਫਰਦ ਲਾਜ਼ਮੀ ਹੋਵੇਗੀ। ਰਾਜ ਦੀਆਂ ਖਰੀਦ ਏਜੰਸੀਆਂ ਆੜ੍ਹਤੀਆਂ ਜਰੀਏ ਅਦਾਇਗੀ ਕਰ ਸਕਦੀਆਂ ਹਨ ਪਰ ਖੁਰਾਕ ਨਿਗਮ ਕਿਸੇ ਵੀ ਸੂਰਤ ਵਿਚ ਟੱਸ ਤੋਂ ਮੱਸ ਹੋਣ ਨੂੰ ਤਿਆਰ ਨਹੀਂ ਹੈ।

## 'ਕੇਂਦਰ ਅੱਗੇ ਹਥਿਆਰ ਨਹੀਂ ਸੁੱਟੇਗੀ ਪੰਜਾਬ ਸਰਕਾਰ'

**ਚੰਡੀਗੜ੍ਹ:** ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕਿਹਾ ਕਿ ਸਿੱਧੀ ਅਦਾਇਗੀ ਦੇ ਮਾਮਲੇ 'ਚ ਪੰਜਾਬ ਸਰਕਾਰ ਕੋਈ ਸਮਝੌਤਾ ਨਹੀਂ ਕਰੇਗੀ ਅਤੇ ਕਿਸੇ ਵੀ ਸੂਰਤ ਵਿਚ ਰਾਜ ਸਰਕਾਰ ਆਪਣੇ ਹੱਕਾਂ ਬਾਰੇ ਕੇਂਦਰ ਅੱਗੇ ਹਥਿਆਰ ਨਹੀਂ ਸੁੱਟੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤਾਂ ਪਹਿਲਾਂ ਹੀ ਏ.ਪੀ.ਐਮ. ਮੁਤਾਬਕ ਸਿੱਧੀ ਅਦਾਇਗੀ ਆੜ੍ਹਤੀਆਂ ਜਰੀਏ ਕਿਸਾਨਾਂ ਨੂੰ ਕਰ ਰਹੀ ਹੈ, ਜਿਸ ਦਾ ਕੇਂਦਰ ਸਰਕਾਰ ਨੂੰ ਸਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਜੋ ਮਰਜ਼ੀ ਹੋ ਜਾਵੇ, ਰਾਜ ਸਰਕਾਰ ਆੜ੍ਹਤੀਆਂ ਰਾਹੀਂ ਹੀ ਜਿਣਸ ਦੀ ਅਦਾਇਗੀ ਕਰੇਗੀ। ਕੇਂਦਰ ਵੱਲੋਂ ਸੰਘੀ ਢਾਂਚੇ ਨੂੰ ਢਾਹ ਲਾਉਂਦਿਆਂ ਸੂਬੇ ਦੇ ਅਧਿਕਾਰਾਂ ਵਿਚ ਦਾਖਲ ਦਿੱਤਾ ਜਾ ਰਿਹਾ ਹੈ ਜਦਕਿ ਉਹ ਕੇਂਦਰ ਨੂੰ ਅਦਾਇਗੀ ਦੇ ਪਾਰਦਰਸ਼ੀ ਪ੍ਰਬੰਧਾਂ ਤੋਂ ਜਾਣੂ ਕਰਵਾ ਚੁੱਕੇ ਹਨ।'

## ਕਿਸਾਨ ਵਾਢੀ ਵੀ ਕਰਨਗੇ ਅਤੇ ਸੰਘਰਸ਼ ਵੀ: ਟਿਕੈਤ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਹਰਿਆਣਾ ਦੇ ਅਸੰਧ ਵਿਚ ਕਿਸਾਨ ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦਾ ਅੰਨਦਾਤਾ ਤਿੰਨੇ ਖੇਤੀ ਕਾਨੂੰਨਾਂ ਖਿਲਾਫ ਪਿਛਲੇ ਚਾਰ ਮਹੀਨਿਆਂ ਤੋਂ ਸੰਘਰਸ਼ ਕਰ ਰਿਹਾ ਹੈ ਪਰ ਕੇਂਦਰ ਸਰਕਾਰ ਉਨ੍ਹਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ। ਉਨ੍ਹਾਂ ਕਿਹਾ ਕਿ ਕਿਸਾਨ ਪਿੱਛੇ ਨਹੀਂ ਹਟਣਗੇ ਤੇ ਉਨ੍ਹਾਂ ਨੇ ਨਵੰਬਰ-ਦਸੰਬਰ ਤਕ ਅੰਦੋਲਨ ਚਲਾਉਣ ਦੀ ਤਿਆਰੀ ਖਿੱਚ ਲਈ ਹੈ। ਇਹ ਸੰਘਰਸ਼ ਉਦੋਂ ਖਤਮ ਕੀਤਾ ਜਾਵੇਗਾ, ਜਦੋਂ ਤਿੰਨੇ ਖੇਤੀ ਕਾਨੂੰਨ ਰੱਦ ਕਰ ਕੇ ਐਮ.ਐਸ.ਪੀ. 'ਤੇ ਫਸਲਾਂ ਦੀ ਖਰੀਦ ਦੀ ਗਾਰੰਟੀ ਵਾਲਾ ਕਾਨੂੰਨ ਲਿਆਂਦਾ ਜਾਵੇਗਾ।

ਸ੍ਰੀ ਟਿਕੈਤ ਨੇ ਕਿਹਾ ਕਿ ਕੇਂਦਰ ਸਰਕਾਰ ਸੋਚ ਰਹੀ ਹੈ ਕਿ ਕਣਕ ਦੀ ਵਾਢੀ ਸਮੇਂ ਕਿਸਾਨ ਘਰਾਂ ਨੂੰ ਮੁੜ ਜਾਣਗੇ ਪਰ ਕਿਸਾਨ ਕਣਕ ਦੀ ਵਾਢੀ ਵੀ ਕਰਨਗੇ ਅਤੇ ਸੰਘਰਸ਼ ਵੀ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਕੇਂਦਰੀ ਖੇਤੀ ਕਾਨੂੰਨ ਸਿਰਫ ਕਿਸਾਨਾਂ ਨੂੰ ਹੀ ਨਹੀਂ, ਸਗੋਂ ਹਰ ਵਰਗ ਦੇ ਲੋਕਾਂ ਨੂੰ ਪ੍ਰਭਾਵਿਤ ਕਰਨਗੇ। ਇਨ੍ਹਾਂ ਕਾਨੂੰਨਾਂ ਨਾਲ ਵੱਡੀ ਗਿਣਤੀ ਲੋਕਾਂ ਦਾ ਰੁਜ਼ਗਾਰ ਖਤਮ ਹੋ ਜਾਵੇਗਾ ਅਤੇ ਮਹਿੰਗਾਈ ਵੀ ਵਧ ਜਾਵੇਗੀ। ਇਸ ਲਈ ਹਰ ਵਰਗ ਦੇ ਲੋਕਾਂ ਨੂੰ ਇਸ ਸੰਘਰਸ਼ ਵਿਚ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇਸ਼ ਵਿਚ ਕਰੋਨਾ ਦੇ ਨਾਂ 'ਤੇ ਪਾਬੰਦੀਆਂ ਲਗਾ ਰਹੀ ਹੈ ਪਰ ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ ਕਿਸਾਨ ਸੰਘਰਸ਼ ਵਿਚ ਕੋਈ ਪਾਬੰਦੀ ਨਹੀਂ ਲਗਾਈ ਜਾ ਸਕਦੀ। ਕਿਸਾਨ ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਦਿਆਂ ਇਸ ਸੰਘਰਸ਼ ਨੂੰ ਜਾਰੀ ਰੱਖਣਗੇ।

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਕੇਂਦਰ ਸਰਕਾਰ ਪੂੰਜੀਪਤੀਆਂ ਦੇ ਹੱਕ ਵਿਚ ਫੈਸਲੇ ਲੈ ਰਹੀ ਹੈ। ਜਦੋਂ ਦੇਸ਼ ਦੇ ਕਿਸਾਨਾਂ ਲਈ ਬਣਾਏ ਕਾਨੂੰਨਾਂ ਦਾ ਕਿਸਾਨ ਹੀ ਵਿਰੋਧ ਕਰ ਰਹੇ ਹਨ ਤਾਂ ਕੇਂਦਰ ਸਰਕਾਰ ਨੂੰ ਕਾਨੂੰਨ ਰੱਦ ਕਰ ਦੇਣੇ ਚਾਹੀਦੇ ਹਨ। ਇਹ ਸੰਘਰਸ਼ ਹੁਣ ਜਨ ਅੰਦੋਲਨ ਬਣ ਚੁੱਕਿਆ ਹੈ।

## ਸਭ ਤੋਂ ਝੂਠੇ ਨੇ ਨਰਿੰਦਰ ਮੋਦੀ: ਕਨ੍ਹੱਈਆ

**ਮੋੜੀਗਾਓਂ:** ਸੀ.ਪੀ.ਆਈ. ਆਗੂ ਕਨ੍ਹੱਈਆ ਕੁਮਾਰ ਨੇ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਅਸਾਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਸਭ ਤੋਂ ਵੱਡਾ ਝੂਠਾ' ਕਰਾਰ ਦਿੱਤਾ। ਉਨ੍ਹਾਂ ਭਾਜਪਾ ਦੇ ਸੂਬੇ ਵਿਚ ਚੋਟੀ ਦੇ ਆਗੂ ਹੇਮੰਤ ਬਿਸਵਾ ਸ਼ਰਮਾ ਦੀ ਤੁਲਨਾ ਮਹਾਭਾਰਤ ਦੇ ਰਾਜਾ ਕੰਸ ਦੇ ਨਾਲ ਕੀਤੀ। ਜੇ.ਐਨ.ਯੂ. ਦੇ ਸਾਬਕਾ ਵਿਦਿਆਰਥੀ ਆਗੂ ਨੇ ਮੋਦੀ ਵੱਲੋਂ ਬੰਗਲਾਦੇਸ਼ ਵਿਚ ਦਿੱਤੇ ਬਿਆਨਾਂ ਨੂੰ ਵੱਡਾ ਝੂਠ ਕਰਾਰ ਦਿੱਤਾ। ਜ਼ਿਕਰਯੋਗ ਹੈ ਕਿ ਮੋਦੀ ਨੇ ਕਿਹਾ ਸੀ ਕਿ ਉਨ੍ਹਾਂ ਬੰਗਲਾਦੇਸ਼ ਦੀ ਆਜ਼ਾਦੀ ਲਈ ਚੱਲੇ ਸੰਘਰਸ਼ ਵਿਚ ਹਿੱਸਾ ਲਿਆ ਸੀ। ਅਸਾਮ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਨ੍ਹੱਈਆ ਕੁਮਾਰ ਨੇ ਕਿਹਾ ਕਿ ਉਹ ਉਨ੍ਹਾਂ ਦਾ ਸਾਥ ਨਾ ਦੇਣ ਜੋ ਰਾਸ਼ਟਰਵਾਦ ਦੇ ਨਾਂ ਉਤੇ ਦੇਸ਼ ਦੇ ਸਰੋਤਾਂ ਨੂੰ ਵੇਚ ਰਹੇ ਹਨ।

## ਇਹ ਹਿਟਲਰ ਦਾ ਜਰਮਨੀ ਨਹੀਂ ਤੇ ਨਾ ਹੀ ਮਾਓ ਦਾ ਚੀਨ ਹੈ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਘੱਟੋ ਘੱਟ ਕੌਮੀ ਸੁਰੱਖਿਆ ਦੇ ਹਿੱਤ ਵਿਚ ਹੀ ਖੇਤੀ ਕਾਨੂੰਨ ਰੱਦ ਕਰ ਦੇਵੇ। ਉਨ੍ਹਾਂ ਕਿਹਾ ਕਿ ਕਿਸਾਨੀ ਸੰਕਟ ਨੂੰ ਸੁਲਝਾਉਣ ਵਿਚ ਦੇਰੀ ਕਰਕੇ ਕੇਂਦਰ ਸਰਕਾਰ ਪਾਕਿਸਤਾਨ ਨੂੰ ਪੰਜਾਬ ਵਿਚ ਵਧੀ ਬੇਚੈਨੀ ਦਾ ਫਾਇਦਾ ਚੁੱਕਣ ਦਾ ਮੌਕਾ ਦੇ ਰਹੀ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਪਾਕਿਸਤਾਨ ਪੰਜਾਬ ਦੀ ਜਵਾਨੀ ਵਿਚ ਪਾਈ ਜਾਂਦੀ ਨਿਰਾਸ਼ਾ ਦਾ ਲਾਹਾ ਚੁੱਕਦਾ ਆਇਆ ਹੈ ਪਰ ਇਸ ਵੇਲੇ ਦਿੱਲੀ ਇਸ ਬਾਰੇ ਸੁੱਤੀ ਪਈ ਹੈ। ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਜ਼ਿਦ ਅਤੇ ਹਉਮੈ ਛੱਡਣ ਅਤੇ ਤੁਰਤ ਖੇਤੀ ਕਾਨੂੰਨ ਵਾਪਸ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਹਿਟਲਰ ਦਾ ਜਰਮਨੀ ਨਹੀਂ ਅਤੇ ਨਾ ਹੀ ਮਾਓ ਜੇ ਤੁੰਗ ਦਾ ਚੀਨ ਹੈ। ਲੋਕਾਂ ਦੀ ਆਵਾਜ਼ ਸੁਣਨੀ ਪਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਅੰਦੋਲਨ ਸਿਆਸੀ ਮਸਲਾ ਨਹੀਂ ਸਗੋਂ ਉਨ੍ਹਾਂ ਦੀ ਹੋਂਦ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਅੰਦੋਲਨ ਸਿਰਫ ਪੰਜਾਬ ਤੱਕ ਹੀ ਸੀਮਤ ਨਹੀਂ ਹੈ। ਕੈਪਟਨ ਅਮਰਿੰਦਰ ਨੇ ਕਿਹਾ ਕਿ ਹੁਣ ਤੱਕ ਕਿਸੇ ਵੀ ਰਾਜਨੀਤਕ ਦਖਲ ਦਾ ਵਿਰੋਧ ਕਰਨ ਵਾਲੇ ਕਿਸਾਨ ਜੇਕਰ ਉਨ੍ਹਾਂ ਕੋਲ ਇਸ ਮਾਮਲੇ ਵਿੱਚ ਦਖਲ ਲਈ ਆਉਣਗੇ ਤਾਂ ਉਹ ਖੁਸ਼ੀ ਨਾਲ ਇਸ ਮੌਜੂਦਾ ਸੰਕਟ ਦੇ ਹੱਲ ਸਬੰਧੀ ਸੁਝਾਅ ਦੇਣਗੇ। ਕੈਪਟਨ ਨੇ ਕਿਹਾ ਕਿ ਉਨ੍ਹਾਂ ਨੇ ਅਤਿਵਾਦ ਦੇ ਸਿਰ ਚੁੱਕਣ ਦਾ ਦੌਰ ਵੀ ਦੇਖਿਆ ਹੈ ਅਤੇ ਪੰਜਾਬ ਦੇ ਮੁੱਖ ਮੰਤਰੀ ਦੀ ਹੱਤਿਆ ਦਾ ਵੀ। ਪਾਕਿਸਤਾਨ ਤੇ ਚੀਨ ਦਰਮਿਆਨ ਆਰਥਿਕ ਤੇ ਫੌਜੀ ਗੱਠਜੋੜ ਦੇ ਕਾਰਨ ਅੱਜ ਸਥਿਤੀ ਬਹੁਤ ਖਰਾਬ ਹੈ ਜੋ ਕਿ ਭਾਰਤ ਲਈ ਚੰਗਾ ਸੂਚਕ ਨਹੀਂ ਹੈ। ਉਨ੍ਹਾਂ ਪਾਕਿਸਤਾਨ ਅਤੇ ਚੀਨ ਦਰਮਿਆਨ ਵਧ ਰਹੀ ਆਰਥਿਕ ਅਤੇ ਸੈਨਿਕ ਸਾਂਝ ਨੂੰ ਭਾਰਤ ਦੀ 'ਕੂਟਨੀਤਿਕ ਨਾਕਾਮੀ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਜੰਗ ਹੁੰਦੀ ਹੈ ਅਤੇ ਪਾਕਿਸਤਾਨ ਤੇ ਚੀਨ ਇੱਕ ਹੋ ਜਾਣਗੇ ਅਤੇ ਪੰਜਾਬ ਜੰਗ ਦੀ ਮਾਰ ਹੇਠ ਹੋਵੇਗਾ ਕਿਉਂ ਜੋ ਇਸ ਦੀ ਪਾਕਿਸਤਾਨ ਨਾਲ 600 ਕਿਲੋਮੀਟਰ ਲੰਮੀ ਸਰਹੱਦ ਲਗਦੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ 1947 ਤੋਂ ਹੀ ਸਾਡੇ ਨਾਲ ਚਾਲਾਂ ਖੇਡ ਰਿਹਾ ਹੈ ਉਹ ਕਿਵੇਂ ਅਤੀਤ ਨੂੰ ਦਫਨਾ ਸਕਦੇ ਹਨ? ਉਨ੍ਹਾਂ ਕਿਹਾ ਕਿ ਪਾਕਿ ਫੌਜ ਅਤੇ ਆਈ.ਐਸ.ਆਈ. ਭਾਰਤ ਨਾਲ ਹਮੇਸ਼ਾ ਤਣਾਅ ਵਧਾਉਣ ਲਈ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ ਅਤੇ ਕਦੇ ਵੀ ਸ਼ਾਂਤੀ ਕਾਇਮ ਨਹੀਂ ਰਹਿਣ ਦੇਣਗੇ।

# ਨੀਤੀ ਆਯੋਗ ਨੇ ਮੁੜ ਖੇਤੀ ਕਾਨੂੰਨਾਂ ਦਾ ਪੱਖ ਪੂਰਿਆ

**ਨਵੀਂ ਦਿੱਲੀ:** ਨੀਤੀ ਆਯੋਗ ਨੇ ਮੁੜ ਖੇਤੀ ਕਾਨੂੰਨਾਂ ਦਾ ਪੱਖ ਪੂਰਿਆ ਹੈ। ਨੀਤੀ ਆਯੋਗ ਦੇ ਮੈਂਬਰ ਰਮੇਸ਼ ਚੰਦ ਨੇ ਕਿਹਾ ਕਿ ਜੇਕਰ ਤਿੰਨੋਂ ਖੇਤੀ ਕਾਨੂੰਨ ਜਲਦੀ ਹੀ ਅਮਲ 'ਚ ਨਾ ਲਿਆਂਦੇ ਗਏ ਤਾਂ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਹਾਸਲ ਨਹੀਂ ਕੀਤਾ ਜਾ ਸਕੇਗਾ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਸਰਕਾਰ ਦੀ ਇਨ੍ਹਾਂ ਕਾਨੂੰਨਾਂ 'ਤੇ ਧਾਰਾ-ਦਰ-ਧਾਰਾ ਦੇ ਆਧਾਰ 'ਤੇ ਵਿਚਾਰ ਚਰਚਾ ਦੀ ਪੇਸ਼ਕਸ਼ ਸਵੀਕਾਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੈਨੇਟੀਕਲ ਤੌਰ 'ਤੇ ਸੋਧੇ ਹੋਏ ਬੀਜਾਂ 'ਤੇ ਮੁਕੰਮਲ ਪਾਬੰਦੀ ਸਹੀ ਰਵੱਈਆ ਨਹੀਂ ਹੋਵੇਗਾ।



ਉਨ੍ਹਾਂ ਕਿਹਾ, 'ਇਸ ਦਾ ਰਾਹ ਕੁਝ ਦੇਣ ਅਤੇ ਕੁਝ ਲੈਣ ਨਾਲ ਹੀ ਨਿਕਲ ਸਕਦਾ ਹੈ। ਜੇਕਰ ਤੁਸੀਂ ਆਪਣੀ ਮੰਗ 'ਤੇ ਅੜੇ ਰਹਿੰਦੇ ਹੋ ਤਾਂ ਅੱਗੇ ਕੋਈ ਰਾਹ ਨਿਕਲਣਾ ਮੁਸ਼ਕਲ ਹੋਵੇਗਾ।' ਉਨ੍ਹਾਂ ਕਿਹਾ ਕਿ ਸਰਕਾਰ ਨੇ ਕਿਸਾਨਾਂ ਨੂੰ ਇਕ ਚੰਗਾ ਬਦਲ ਦਿੱਤਾ ਹੈ। ਇਹ ਇਨ੍ਹਾਂ ਕਾਨੂੰਨਾਂ ਨੂੰ ਡੇਢ ਸਾਲ ਤੱਕ ਰੋਕਣ ਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਨਾਲ ਇਨ੍ਹਾਂ ਕਾਨੂੰਨਾਂ 'ਤੇ ਧਾਰਾ-ਦਰ-ਧਾਰਾ ਵਿਚਾਰ ਚਰਚਾ ਕਰਨ ਲਈ ਤਿਆਰ ਹੈ। ਕਿਸਾਨ ਆਗੂਆਂ ਨੂੰ ਇਸ ਪੇਸ਼ਕਸ਼ 'ਤੇ ਵਿਚਾਰ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ, 'ਠੰਢੇ ਦਿਮਾਗ ਤੇ ਤਾਲਮੇਲ ਨਾਲ ਵਿਚਾਰ ਲਈ ਕਾਫੀ ਸਮਾਂ ਹੈ। ਸ਼ੁਰੂਆਤੀ ਪ੍ਰਕਿਰਿਆ ਜਜ਼ਬਾਤੀ ਜਾਂ ਕਿਸੇ ਦਬਾਅ ਹੇਠ ਹੋ ਸਕਦੀ ਹੈ। ਪਰ ਮੈਨੂੰ ਲੱਗਦਾ ਹੈ ਕਿ ਹੁਣ ਸਾਰੇ ਠੰਢੇ ਦਿਮਾਗ ਨਾਲ ਇਸ 'ਤੇ ਵਿਚਾਰ ਕਰਨਗੇ।' ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੀ ਪ੍ਰਤੀਕਿਰਿਆ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਉਥੇ ਬਦਲਾਅ ਦੀ ਮੰਗ ਕਰਨੀ ਚਾਹੀਦੀ ਹੈ ਜਿਥੇ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਉਨ੍ਹਾਂ ਦੇ ਹਿੱਤ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਆਪਣੀ ਗੱਲ ਖੁੱਲ੍ਹੇ ਦਿਲ ਨਾਲ ਸਾਹਮਣੇ ਰੱਖਣੀ ਚਾਹੀਦੀ ਹੈ, ਨਹੀਂ ਤਾਂ ਉਨ੍ਹਾਂ ਦੀ ਚੁੱਪ ਉਨ੍ਹਾਂ ਦੇ ਖਿਲਾਫ ਜਾਵੇਗੀ। ਉਨ੍ਹਾਂ ਕਿਹਾ ਕਿ ਸਮਾਜ 'ਚ ਅਜਿਹਾ ਪ੍ਰਭਾਵ ਬਣ ਚੁੱਕਾ ਹੈ ਕਿ ਇਹ ਅੰਦੋਲਨ ਸਿਆਸੀ ਹੋ ਗਿਆ ਹੈ। ਅਜਿਹੇ 'ਚ ਕਿਸਾਨਾਂ ਨੂੰ ਇਸ ਦਾ ਅਧਿਐਨ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਕਿਹੜੀਆਂ ਤਜਵੀਜ਼ਾਂ ਉਨ੍ਹਾਂ ਦੇ ਖਿਲਾਫ ਹਨ।

ਇਕ ਸਵਾਲ ਦੇ ਜਵਾਬ 'ਚ ਰਮੇਸ਼ ਚੰਦ ਨੇ ਕਿਹਾ ਕਿ ਲੋਕਤੰਤਰ 'ਚ ਕੋਈ ਵੀ ਸੁਧਾਰ ਮੁਸ਼ਕਲ ਹੈ। ਭਾਰਤ 'ਚ ਤਾਂ ਇਹ ਹੋਰ ਵੀ ਮੁਸ਼ਕਲ ਹੈ। ਇਥੇ ਸਿਆਸਤ ਅਜਿਹੇ ਬਿੰਦੂ ਪਹੁੰਚ ਚੁੱਕੀ ਹੈ ਜਿਸ 'ਚ ਸੱਤਾਧਾਰੀ ਪਾਰਟੀ ਦੇ ਕਿਸੇ ਵੀ ਫੈਸਲੇ ਦਾ ਵਿਰੋਧੀ ਧਿਰ ਫਿਰ ਭਾਵੇਂ ਉਹ ਕੋਈ ਵੀ ਹੋਵੇ, ਵਿਰੋਧ ਕਰਦੀ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਸਰਕਾਰ ਨੂੰ ਹੁਣ ਵੀ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਭਰੋਸਾ ਹੈ, ਬਾਰੇ ਉਨ੍ਹਾਂ ਕਿਹਾ ਕਿ ਇਹ ਟੀਚੇ ਹਾਸਲ ਕਰਨ ਲਈ ਇਹ ਤਿੰਨੋਂ ਖੇਤੀ ਕਾਨੂੰਨ ਕਾਫੀ ਮਹੱਤਵਪੂਰਨ ਹਨ। ਉਨ੍ਹਾਂ ਕਿਹਾ, 'ਮੈਂ ਕਹਾਂਗਾ ਕਿ ਜੇਕਰ ਇਹ ਤਿੰਨੋਂ ਖੇਤੀ ਕਾਨੂੰਨ ਤੁਰਤ ਅਮਲ 'ਚ ਨਾ ਲਿਆਂਦੇ ਗਏ ਤਾਂ ਇਹ ਟੀਚਾ ਹਾਸਲ ਨਹੀਂ ਕੀਤਾ ਜਾ ਸਕੇਗਾ। ਸੁਪਰੀਮ ਕੋਰਟ ਨੇ ਵੀ ਇਹ ਕਾਨੂੰਨ ਲਾਗੂ ਕਰਨ 'ਤੇ ਫਿਲਹਾਲ ਰੋਕ ਲਗਾ ਦਿੱਤੀ ਹੈ। ਪਹਿਲਾਂ ਤੋਂ ਚੱਲ ਰਹੇ ਸੁਧਾਰ ਵੀ ਰੁਕ ਗਏ ਹਨ।'

## ਖੇਤੀ ਦਾ ਆਧੁਨਿਕੀਕਰਨ ਸਮੇਂ ਦੀ ਲੋੜ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਖੇਤੀ ਖੇਤਰ 'ਚ ਆਧੁਨਿਕੀਕਰਨ ਸਮੇਂ ਦੀ ਲੋੜ ਹੈ ਅਤੇ ਪਹਿਲਾਂ ਹੀ ਬਹੁਤ ਸਮਾਂ ਬਰਬਾਦ ਹੋ ਚੁੱਕਾ ਹੈ। 'ਮਨ ਕੀ ਬਾਤ' ਪ੍ਰੋਗਰਾਮ 'ਚ ਮੋਦੀ ਨੇ ਕੋਵਿਡ-19 ਖਿਲਾਫ ਭਾਰਤ 'ਚ ਚਲਾਏ ਜਾ ਰਹੇ ਦੁਨੀਆਂ ਦੇ ਸਭ ਤੋਂ ਵੱਡੇ ਟੀਕਾਕਰਨ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਅਤੇ 'ਦਵਾਈ ਵੀ, ਕੜਾਈ ਵੀ' 'ਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਨੇ ਮਨ ਦੀ ਬਾਤ ਦੀ 75ਵੀਂ ਕੜੀ 'ਚ ਕਿਹਾ, 'ਭਾਰਤ ਦੇ ਖੇਤੀ ਖੇਤਰ 'ਚ ਆਧੁਨਿਕੀਕਰਨ ਸਮੇਂ ਦੀ ਲੋੜ ਹੈ। ਇਸ 'ਚ ਦੇਰੀ ਕੀਤੀ ਗਈ ਹੈ ਅਤੇ ਅਸੀਂ ਪਹਿਲਾਂ ਹੀ ਬਹੁਤ ਸਮਾਂ ਗੁਆ ਦਿੱਤਾ ਹੈ।' ਉਨ੍ਹਾਂ ਕਿਹਾ, 'ਖੇਤੀ ਖੇਤਰ 'ਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ, ਕਿਸਾਨਾਂ ਦੀ ਆਮਦਨ ਵਧਾਉਣ ਲਈ ਇਹ ਮਹੱਤਵਪੂਰਨ ਹੈ ਕਿ ਖੇਤੀ ਦੇ ਰਵਾਇਤੀ ਢੰਗਾਂ ਦੇ ਨਾਲ ਨਵੇਂ ਬਦਲਾਂ ਤੇ ਕਾਢਾਂ ਨੂੰ ਅਪਣਾਇਆ ਜਾਵੇ।'

## ਜੇ ਕਿਸਾਨ ਯੂਨੀਅਨਾਂ ਚਾਹੁਣ ਤਾਂ ਜਮੂਦ ਟੁੱਟ ਸਕਦੈ: ਤੋਮਰ

**ਗਵਾਲੀਅਰ:** ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਸਬੰਧੀ ਬਣਿਆ ਜਮੂਦ ਉਸ ਦਿਨ ਟੁੱਟੇਗਾ, ਜਿਸ ਦਿਨ ਕਿਸਾਨ ਯੂਨੀਅਨਾਂ ਇਸ ਮਸਲੇ ਦਾ ਹੱਲ ਕੱਢਣ ਦਾ ਫੈਸਲਾ ਕਰਨਗੀਆਂ। ਉਨ੍ਹਾਂ ਕਿਹਾ,'ਸਰਕਾਰ ਵੀ ਕੋਈ ਰਾਹ ਕੱਢੇਗੀ। ਕੇਂਦਰ ਸਰਕਾਰ ਗੱਲਬਾਤ ਲਈ ਤਿਆਰ ਹੈ ਅਤੇ ਮਸਲੇ ਦਾ ਹੱਲ ਕਰਨਾ ਚਾਹੁੰਦੀ ਹੈ।' ਖੇਤੀ ਮੰਤਰੀ ਅਸਾਮ ਚੋਣਾਂ ਲਈ ਭਾਜਪਾ ਦੇ ਪੱਖ 'ਚ ਪ੍ਰਚਾਰ ਕਰਨ ਮਗਰੋਂ ਇੱਥੇ ਪੁੱਜੇ ਸਨ। ਦੱਸਣਯੋਗ ਹੈ ਕਿ ਦਿੱਲੀ ਦੇ ਬਾਰਡਰਾਂ 'ਤੇ ਪਿਛਲੇ ਚਾਰ ਮਹੀਨਿਆਂ ਤੋਂ ਪੰਜਾਬ, ਹਰਿਆਣਾ ਤੇ ਯੂਪੀ ਤੋਂ ਆਏ ਕਿਸਾਨ ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਲਈ ਮੁਜ਼ਾਹਰੇ ਕਰ ਰਹੇ ਹਨ।

# ਨਵਜੋਤ ਸਿੱਧੂ ਨੂੰ ਵਜ਼ੀਰੀ ਬਾਰੇ ਭੰਬਲਭੂਸਾ



**ਚੰਡੀਗੜ੍ਹ:** ਵਿਧਾਇਕ ਨਵਜੋਤ ਸਿੱਧੂ ਦੀ ਮੁੱਖ ਧਾਰਾ 'ਚ ਵਾਪਸੀ ਦਾ ਪੇਚ ਮੁੜ ਫਸ ਗਿਆ ਹੈ। ਮੁੱਖ ਮੰਤਰੀ ਨੇ ਇਕ ਗੱਲ ਸਾਫ ਕੀਤੀ ਹੈ ਕਿ ਉਹ ਨਵਜੋਤ ਸਿੱਧੂ ਨੂੰ ਵਜ਼ੀਰੀ ਤੋਂ ਵੱਧ ਕੁਝ ਨਹੀਂ ਦੇਣਾ ਚਾਹੁੰਦੇ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਹੁਣ ਪੱਤੇ ਖੋਲ੍ਹ ਦਿੱਤੇ ਹਨ ਕਿ ਉਨ੍ਹਾਂ ਨਵਜੋਤ ਸਿੱਧੂ ਨੂੰ ਵਜ਼ੀਰੀ ਦੀ ਪੇਸ਼ਕਸ਼ ਕੀਤੀ ਹੈ ਜਿਸ ਮਗਰੋਂ ਨਵਜੋਤ ਸਿੱਧੂ ਦੇ ਉੱਪ ਮੁੱਖ ਮੰਤਰੀ ਜਾਂ ਕਾਂਗਰਸ ਪ੍ਰਧਾਨ ਬਣਨ 'ਤੇ ਫਿਲਹਾਲ ਵਿਰਾਮ ਲੱਗ ਗਿਆ ਹੈ।

ਨਵਜੋਤ ਸਿੱਧੂ ਆਖਰੀ ਵਾਰ 17 ਮਾਰਚ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਿਸਵਾਂ ਫਾਰਮ ਹਾਊਸ 'ਤੇ ਮਿਲੇ ਸਨ। ਉਸ ਤੋਂ ਪਹਿਲਾਂ ਵੀ ਉਹ ਇਕ ਦਫਾ ਮੁੱਖ ਮੰਤਰੀ ਨੂੰ ਲੰਚ 'ਤੇ ਮਿਲ ਚੁੱਕੇ ਹਨ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਹੁਣ ਇਕ ਇੰਟਰਵਿਊ ਦੌਰਾਨ ਸਪੱਸ਼ਟ ਕਿਹਾ ਹੈ ਕਿ ਨਵਜੋਤ ਸਿੱਧੂ ਨੂੰ ਸਰਕਾਰ 'ਚ ਆਉਣ ਦੀ ਪੇਸ਼ਕਸ਼ ਕੀਤੀ ਗਈ ਹੈ ਅਤੇ ਪਹਿਲੇ ਦਿਨ ਤੋਂ ਮਹਿਕਮਾ ਖਾਲੀ ਰੱਖਿਆ ਹੋਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਫੈਸਲਾ ਨਵਜੋਤ ਸਿੱਧੂ ਨੇ ਕਰਨਾ ਹੈ ਕਿ ਉਸ ਨੇ ਕਦੋਂ ਵਾਪਸ ਆਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨਵਜੋਤ ਸਿੱਧੂ ਨੇ ਇਸ ਬਾਰੇ ਹਾਈ ਕਮਾਨ ਨਾਲ ਗੱਲ ਕਰਨੀ ਹੈ ਤਾਂ ਉਹ ਕਰ ਸਕਦੇ ਹਨ। ਅਮਰਿੰਦਰ ਨੇ ਇਹ ਵੀ ਕਿਹਾ ਕਿ ਹੁਣ ਸਮਾਂ ਘੱਟ ਹੈ ਅਤੇ ਨਵਜੋਤ ਸਿੱਧੂ ਨੂੰ ਜਲਦੀ ਮਨ ਬਣਾਉਣਾ ਚਾਹੀਦਾ ਹੈ। ਅਮਰਿੰਦਰ ਦੀ ਪੇਸ਼ਕਸ਼ ਤੋਂ ਇਹ ਇਸ਼ਾਰਾ ਮਿਲਦਾ ਹੈ ਕਿ ਮੁੱਖ ਮੰਤਰੀ ਹੁਣ ਨਵਜੋਤ ਸਿੱਧੂ ਨੂੰ ਬਿਜਲੀ ਮਹਿਕਮਾ ਦੇਣ ਦੇ ਹੀ ਇੱਛੁਕ ਹਨ। ਸੂਤਰ ਦੱਸਦੇ ਹਨ ਕਿ ਨਵਜੋਤ ਸਿੱਧੂ ਕਾਂਗਰਸ ਦੇ ਪੰਜਾਬ ਮਾਮਲਿਆਂ ਬਾਰੇ ਇੰਚਾਰਜ ਹਰੀਸ਼ ਰਾਵਤ ਨਾਲ ਮੁੜ ਸੰਪਰਕ ਵਿਚ ਆ ਗਏ ਹਨ। ਕਾਂਗਰਸ ਹਾਈ ਕਮਾਨ ਇਸ ਵੇਲੇ ਪੰਜ ਸੂਬਿਆਂ ਦੀਆਂ ਚੋਣਾਂ ਵਿਚ ਉਲਝੀ ਹੋਈ ਹੈ। ਰਾਹੁਲ ਗਾਂਧੀ ਅਤੇ ਪ੍ਰਿਯੰਕਾ ਇਸ ਵੇਲੇ ਚੋਣ ਵਿਚਾਰ 'ਤੇ ਹਨ ਜਿਸ ਕਰਕੇ ਉਨ੍ਹਾਂ ਨੂੰ ਮਿਲਣ 'ਚ ਫਿਲਹਾਲ ਨਵਜੋਤ ਸਿੱਧੂ ਨੂੰ ਦਿੱਕਤ ਆਵੇਗੀ।

# ਨਸ਼ਾ ਤਸਕਰੀ: ਵੱਡੇ ਪੁਲਿਸ ਅਫਸਰਾਂ ਦੀ ਸ਼ਾਮਤ; ਉਮਰਾਨੰਗਲ ਸਣੇ ਪੰਜ ਮੁਅੱਤਲ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵੱਡੀ ਕਾਰਵਾਈ ਕਰਦਿਆਂ ਚਰਚਿਤ ਤੇ ਵਿਵਾਦਿਤ ਪੁਲਿਸ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ, ਐਸ.ਪੀ. ਵਰਿੰਦਰਜੀਤ ਸਿੰਘ ਥਿੰਦ, ਫਰੀਦਕੋਟ ਦੇ ਐਸ.ਪੀ.(ਡੀ) ਸੇਵਾ ਸਿੰਘ ਮੱਲ੍ਹੀ, ਪਰਮਿੰਦਰ ਸਿੰਘ ਬਾਠ ਡੀ.ਐਸ.ਪੀ. ਤੇ ਕਰਨਸ਼ੇਰ ਸਿੰਘ ਡੀ.ਐਸ.ਪੀ. ਫਤਿਹਗੜ੍ਹ ਸਾਹਿਬ ਨੂੰ ਮੁਅੱਤਲ ਕਰ ਦਿੱਤਾ ਹੈ। ਸੂਬੇ ਦੇ ਡੀ.ਜੀ.ਪੀ. ਦਫਤਰ ਵੱਲੋਂ ਕੀਤੀ ਸਿਫਾਰਸ਼ ਦੇ ਆਧਾਰ ਉਤੇ ਗ੍ਰਹਿ ਵਿਭਾਗ ਨੇ ਉਕਤ ਪੁਲਿਸ ਅਫਸਰਾਂ ਦੀ ਮੁਅੱਤਲੀ ਦੇ ਹੁਕਮ ਦਿੱਤੇ ਹਨ। ਗ੍ਰਹਿ ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਜਾਂ ਪੁਲਿਸ ਅਫਸਰਾਂ ਨੂੰ ਦੋਸ਼ ਪੱਤਰ ਜਾਰੀ ਕੀਤੇ ਜਾ ਰਹੇ ਹਨ।

ਪੁਲਿਸ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਮੁਅੱਤਲ ਕੀਤੇ ਪੁਲਿਸ ਅਧਿਕਾਰੀਆਂ ਦੀ ਕਥਿਤ ਸ਼ਮੂਲੀਅਤ ਦੇ ਤੱਥ ਐਸ.ਟੀ.ਐਫ. ਵੱਲੋਂ ਨਸ਼ਿਆਂ ਦੀ ਤਸਕਰੀ ਦੇ ਦੋਸ਼ਾਂ 'ਚ ਗ੍ਰਿਫਤਾਰ ਕੀਤੇ ਖੰਨਾ ਜ਼ਿਲ੍ਹੇ ਦੇ ਸਰਪੰਚ ਗੁਰਦੀਪ ਸਿੰਘ ਰਾਣੋ ਦੇ ਮਾਮਲੇ 'ਚ ਸਾਹਮਣੇ ਆਏ ਹਨ। ਜ਼ਿਕਰਯੋਗ ਹੈ ਕਿ ਐਸ.ਟੀ.ਐਫ. ਨੇ ਗੁਰਦੀਪ ਸਿੰਘ ਦੀ ਤਫਤੀਸ਼ ਦੇ ਅਧਾਰ 'ਤੇ ਸਰਕਾਰ ਅਤੇ ਡੀ.ਜੀ.ਪੀ. ਦਫਤਰ ਨੂੰ ਜੋ ਰਿਪੋਰਟ ਭੇਜੀ ਸੀ, ਉਸ ਰਿਪੋਰਟ 'ਚ ਉਕਤ ਪੁਲਿਸ ਅਫਸਰਾਂ ਦੇ ਗੁਰਦੀਪ ਸਿੰਘ ਨਾਲ ਨੇੜਲੇ ਸਬੰਧਾਂ ਦਾ ਜ਼ਿਕਰ ਕੀਤਾ ਗਿਆ ਸੀ। ਨਸ਼ਿਆਂ ਦੀ ਤਸਕਰੀ ਕਰਨ ਵਾਲੇ ਕਿਸੇ ਵਿਅਕਤੀ ਨਾਲ ਸਬੰਧ ਰੱਖਣ ਦੇ ਦੋਸ਼ਾਂ ਤਹਿਤ ਪੰਜਾਬ ਸਰਕਾਰ ਵੱਲੋਂ ਪਹਿਲੀ ਵਾਰ ਆਈ.ਜੀ, ਐਸ.ਪੀ. ਤੇ ਡੀ.ਐਸ.ਪੀ. ਰੈਂਕ ਦੇ ਪੁਲਿਸ ਅਫਸਰਾਂ ਖਿਲਾਫ ਕਾਰਵਾਈ ਕੀਤੀ ਗਈ ਹੈ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਗਠਿਤ ਵਿਸ਼ੇਸ਼ ਟਾਸਕ ਫੋਰਸ ਵੱਲੋਂ ਕੁਝ ਮਹੀਨੇ ਪਹਿਲਾਂ ਖੰਨਾ ਨੇੜਲੇ ਪਿੰਡ ਰਾਣੋ ਦੇ ਸਰਪੰਚ ਗੁਰਦੀਪ ਸਿੰਘ ਨੂੰ ਤਸਕਰੀ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ।

ਪੁਲਿਸ ਦੇ ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਡੀ.ਜੀ.ਪੀ. ਦਫਤਰ ਦੀਆਂ ਸਿਫਾਰਸ਼ਾਂ 'ਤੇ ਗ੍ਰਹਿ ਵਿਭਾਗ ਦੀ ਤਾਜ਼ਾ ਕਾਰਵਾਈ 6 ਨਵੰਬਰ 2011 ਨੂੰ ਦਰਜ ਐਫ.ਆਈ.ਆਰ. ਨੰ. 147, ਜੋ ਕਿ ਐਨ.ਡੀ.ਪੀ.ਐਸ. ਐਕਟ ਤੇ ਅਸਲਾ ਐਕਟ ਅਧੀਨ ਦਰਜ ਕੀਤੀ ਗਈ ਸੀ, ਤਹਿਤ ਹੋਈ ਹੈ। ਇਸ ਲਈ ਮੁਕੰਮਲ ਤਫਤੀਸ਼ ਤੋਂ ਬਾਅਦ ਜੇ ਕਿਸੇ ਪੁਲਿਸ ਅਧਿਕਾਰੀ ਖਿਲਾਫ ਠੋਸ ਤੱਥ ਸਾਹਮਣੇ ਆਉਂਦੇ ਹਨ ਤਾਂ ਮਾਮਲੇ ਵਿਚ ਨਾਮਜ਼ਦ ਵੀ ਕੀਤਾ ਜਾ ਸਕਦਾ ਹੈ। ਐਸ.ਟੀ.ਐਫ. ਵੱਲੋਂ ਇਸ ਕਥਿਤ ਤਸਕਰ ਦੀ ਤਫਤੀਸ਼ ਮਗਰੋਂ ਰਿਪੋਰਟ ਤਿਆਰ ਕੀਤੀ ਗਈ ਸੀ, ਜਿਸ ਮੁਤਾਬਕ ਮੁਲਜ਼ਮ ਦੇ ਡੀ.ਐਸ.ਪੀ., ਐਸ.ਪੀ. ਅਤੇ ਆਈ.ਜੀ. ਰੈਂਕ ਦੇ ਪੁਲਿਸ ਅਧਿਕਾਰੀਆਂ ਨਾਲ ਗੂੜ੍ਹੇ ਸਬੰਧ ਸਨ। ਇਕ ਪੁਲਿਸ ਅਧਿਕਾਰੀ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਕੁਝ ਪੁਲਿਸ ਅਫਸਰਾਂ ਨੂੰ ਗੁਰਦੀਪ ਸਿੰਘ ਦੇ ਧੰਦਿਆਂ ਬਾਰੇ ਨਾ ਸਿਰਫ ਜਾਣਕਾਰੀ ਸੀ, ਬਲਕਿ ਉਨ੍ਹਾਂ ਦੀ ਸ਼ਮੂਲੀਅਤ ਦੇ ਤੱਥ ਵੀ ਸਾਹਮਣੇ ਆਏ ਹਨ।

ਪੁਲਿਸ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਖਿਲਾਫ ਇਸ ਤੋਂ ਪਹਿਲਾਂ ਕੋਟਕਪੂਰਾ ਗੋਲੀ ਕਾਂਡ ਸਬੰਧੀ ਵੀ ਕੇਸ ਦਰਜ ਕੀਤਾ ਗਿਆ ਸੀ। ਪੁਲਿਸ ਅਧਿਕਾਰੀ ਦੋ ਸਾਲਾਂ ਤੋਂ ਮੁਅੱਤਲੀ ਅਧੀਨ ਹੀ ਚੱਲ ਰਿਹਾ ਹੈ। ਇਸ ਤਰ੍ਹਾਂ ਨਾਲ ਕੈਪਟਨ ਸਰਕਾਰ ਦੀ ਤਾਜ਼ਾ ਕਾਰਵਾਈ ਤੋਂ ਬਾਅਦ ਉਮਰਾਨੰਗਲ ਦੋਹਰੀ ਮੁਅੱਤਲੀ ਦੀ ਮਾਰ ਹੇਠ ਆ ਗਿਆ ਹੈ।

# ਪਟਿਆਲੇ ਦਾ ਐਸ.ਐਸ.ਪੀ. ਪ੍ਰਭਾਵਸ਼ਾਲੀ ਅਫਸਰਾਂ 'ਚ ਸ਼ੁਮਾਰ

**ਪਟਿਆਲਾ:** 'ਫੇਮ ਇੰਡੀਆ ਮੈਗਜ਼ੀਨ' ਵੱਲੋਂ 'ਏਸ਼ੀਆ ਪੋਸਟ' ਦੇ ਬੈਨਰ ਹੇਠ ਕਰਵਾਏ ਗਏ ਦੇਸ਼ਵਿਆਪੀ ਸਰਵੇਖਣ ਦੌਰਾਨ ਪਟਿਆਲਾ ਦੇ ਐਸ.ਐਸ.ਪੀ. ਵਿਕਰਮਜੀਤ ਦੁੱਗਲ (ਆਈ.ਪੀ.ਐਸ.) ਦੇਸ਼ ਦੇ 50 ਪ੍ਰਭਾਵਸ਼ਾਲੀ ਤੇ ਹਰਮਨਪਿਆਰੇ ਜਿਲ੍ਹਾ ਪੁਲਿਸ ਮੁਖੀਆਂ ਦੀ ਸੂਚੀ 'ਚ ਸ਼ੁਮਾਰ ਹਨ। ਇਹ ਸਰਵੇ ਕਰਾਈਮ ਕੰਟਰੋਲ, ਲਾਅ ਐਂਡ ਆਰਡਰ 'ਚ ਸੁਧਾਰ, ਪੀਪਲਜ਼ ਫਰੈਂਡਲੀ, ਦੂਰਦ੍ਰਿਸ਼ਟੀ, ਚੰਗੀ ਸੋਚ, ਜਵਾਬਦੇਹ ਕਾਰਜ ਸ਼ੈਲੀ, ਠੀਕ ਫੈਸਲਾ ਲੈਣ ਦੀ ਯੋਗਤਾ, ਨਿਮਰਤਾ ਤੇ ਵਿਵਹਾਰਿਕ ਕੁਸ਼ਲਤਾ ਆਦਿ 'ਤੇ 12 ਮਾਪਦੰਡਾਂ 'ਤੇ ਆਧਾਰਿਤ ਸੀ।

ਇਹ ਸਰਵੇ ਭਾਰਤ ਵਿਚ ਕੀਤਾ ਗਿਆ। ਅਬੋਹਰ ਨਾਲ ਸਬੰਧਤ ਸ੍ਰੀ ਦੁੱਗਲ ਨੇ ਬੀ.ਟੈਕ. (ਈ.ਸੀ.ਈ.) ਕੀਤੀ ਹੈ। ਉਹ 2007 ਬੈਚ ਦੇ ਤਿਲੰਗਾਨਾ ਕਾਡਰ ਦੇ ਆਈ.ਪੀ.ਐਸ. ਅਫਸਰ ਹਨ ਤੇ ਸਤੰਬਰ 2018 ਤੋਂ ਪੰਜਾਬ 'ਚ ਡੈਪੂਟੇਸ਼ਨ 'ਤੇ ਹਨ। ਉਹ ਅੰਮ੍ਰਿਤਸਰ (ਦਿਹਾਤੀ) ਦੇ ਐਸ.ਐਸ.ਪੀ. ਵਜੋਂ ਸੇਵਾ ਨਿਭਾਉਣ ਮਗਰੋਂ ਹੁਣ ਸੱਤ ਮਹੀਨਿਆਂ ਤੋਂ ਪਟਿਆਲਾ 'ਚ ਕਾਰਜਸ਼ੀਲ ਹਨ। ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮੰਗ 'ਤੇ ਪਟਿਆਲਾ 'ਚ ਤਾਇਨਾਤ ਕੀਤੇ ਗਏ ਹਨ ਅਤੇ ਡੀ.ਜੀ.ਪੀ. ਦਿਨਕਰ ਗੁਪਤਾ ਦੇ ਭਰੋਸੇਮੰਦ ਤੇ ਨਜਦੀਕੀ ਅਫਸਰਾਂ ਵਿਚੋਂ ਹਨ। ਕੰਮ ਦੇ ਸੁਚੱਜੇ ਢੰਗ ਤਰੀਕੇ ਨਾਲ ਉਨ੍ਹਾਂ ਪਟਿਆਲਾ 'ਚ ਨਿਵੇਕਲੀ ਪੈਂਠ ਬਣਾਈ ਹੈ। ਉਂਜ ਤਿਲੰਗਾਨਾ ਕਾਡਰ ਨੇ ਹਾਲ ਹੀ ਵਿਚ 10 ਮਾਰਚ ਨੂੰ ਉਨ੍ਹਾਂ ਨੂੰ ਤਰੱਕੀ ਦੇ ਕੇ ਡੀ.ਆਈ.ਜੀ. ਬਣਾ ਦਿੱਤਾ ਹੈ। ਤਿਲੰਗਾਨਾ ਪੁਲਿਸ 'ਚ ਵੀ ਉਨ੍ਹਾਂ ਨੇ ਚੰਗਾ ਨਾਮਣਾ ਖੱਟਿਆ ਅਤੇ ਪੰਜਾਬ ਦਾ ਨਾਮ ਰੋਸ਼ਨ ਕੀਤਾ। ਆਂਧਰਾ ਪ੍ਰਦੇਸ਼ ਅਤੇ ਤਿਲੰਗਾਨਾ ਰਾਜਾਂ ਦੇ ਪੰਜ ਜਿਲ੍ਹਿਆਂ 'ਚ ਉਹ ਬਤੌਰ ਪੁਲਿਸ ਕਮਿਸ਼ਨਰ ਅਤੇ ਐਸ.ਐਸੀ.ਪੀ. ਰਹਿ ਚੁੱਕੇ ਹਨ। ਦੋਵਾਂ ਪ੍ਰਾਂਤਾਂ ਦੀਆਂ ਸਰਕਾਰਾਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

# ਪੰਜਾਬ ਸਰਕਾਰ ਵੱਲੋਂ ਸ਼ਹੀਦਾਂ ਦੇ ਜੱਦੀ ਪਿੰਡਾਂ ਦੇ ਵਿਕਾਸ ਲਈ ਹੰਭਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਮਾਨਸਾ ਅਤੇ ਸ਼ਹੀਦ ਭਗਤ ਸਿੰਘ ਨਗਰ ਵਿਚ ਦੋ ਸੈਨਿਕ ਰੈਸਟ ਹਾਊਸ ਉਸਾਰੇਗੀ ਤਾਂ ਕਿ ਸਾਬਕਾ ਸੈਨਿਕਾਂ, ਜੰਗੀ ਵਿਧਵਾਵਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਰਹਿਣ ਦੀ ਸਹੂਲਤ ਮਿਲ ਸਕੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਦੋਵੇਂ ਸੈਨਿਕ ਰੈਸਟ ਹਾਊਸਾਂ ਦੀ ਉਸਾਰੀ ਲਈ 4 ਕਰੋੜ ਰੁਪਏ ਮਨਜ਼ੂਰ ਕਰ ਦਿੱਤੇ ਹਨ। ਮੁੱਖ ਮੰਤਰੀ ਨੇ ਪੰਜਾਬ ਸਟੇਟ ਵਾਰ ਹੀਰੋਜ਼ ਮੈਮੋਰੀਅਲ ਐਂਡ ਮਿਊਜ਼ੀਅਮ, ਅੰਮ੍ਰਿਤਸਰ ਲਈ ਵੀ 18 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਹੈ। ਉਨ੍ਹਾਂ ਗਲਵਾਨ ਘਾਟੀ ਵਿਚ ਮਿਸਾਲੀ ਬਹਾਦਰੀ ਦਿਖਾਉਣ ਵਾਲੇ ਪੰਜਾਬ ਦੇ ਪੰਜ ਸ਼ਹੀਦਾਂ ਦੇ ਸਤਿਕਾਰ ਵਜੋਂ ਸ਼ਹੀਦਾਂ ਦੇ ਜੱਦੀ ਪਿੰਡਾਂ ਦੇ ਵਿਕਾਸ ਲਈ 25-25 ਲੱਖ ਰੁਪਏ ਜਾਰੀ ਕਰਨ ਲਈ ਮਨਜ਼ੂਰੀ ਦਿੱਤੀ। ਸਰਕਾਰੀ ਬੁਲਾਰੇ ਨੇ ਦੱਸਿਆ ਕਿ 3 ਮੀਡੀਅਮ ਰੈਜੀਮੈਂਟ ਦੇ ਨਾਇਬ ਸੂਬੇਦਾਰ ਮਨਦੀਪ ਸਿੰਘ ਦੇ ਪਿੰਡ ਸੀਲ (ਪਟਿਆਲਾ), 3 ਮੀਡੀਅਮ ਰੈਜੀਮੈਂਟ ਦੇ ਨਾਇਬ ਸੂਬੇਦਾਰ ਸਤਨਾਮ ਸਿੰਘ ਦੇ ਪਿੰਡ ਭੋਜਰਾਜ (ਗੁਰਦਾਸਪੁਰ), 3 ਪੰਜਾਬ ਦੇ ਵੀਰ ਚੱਕਰ ਐਵਾਰਡੀ ਸਿਪਾਹੀ ਗੁਰਤੇਜ ਸਿੰਘ ਦੇ ਪਿੰਡ ਬੀਰੇਵਾਲ ਡੋਗਰਾ (ਮਾਨਸਾ), 3 ਪੰਜਾਬ ਦੇ ਸਿਪਾਹੀ ਗੁਰਬਿੰਦਰ ਸਿੰਘ ਦੇ ਪਿੰਡ ਤੋਲੇਵਾਲ (ਸੰਗਰੂਰ) ਅਤੇ 58 ਇੰਜੀਨੀਅਰ ਰੈਜੀਮੈਂਟ ਦੇ ਲਾਂਸ ਨਾਇਕ ਸਲੀਮ ਖਾਨ ਦੇ ਪਿੰਡ ਮਰਦਾਂਹੇੜੀ (ਪਟਿਆਲਾ) ਦੇ ਵਿਕਾਸ ਲਈ 25-25 ਲੱਖ ਰੁਪਏ ਪ੍ਰਵਾਨ ਕੀਤੇ। ਮੁੱਖ ਮੰਤਰੀ ਨੇ ਫਾਜ਼ਿਲਕਾ ਜਿਲ੍ਹੇ ਦੇ ਆਸਫਵਾਲਾ ਵਿਚ ਵਾਰ ਮੈਮੋਰੀਅਲ ਦੇ ਨਵੀਨੀਕਰਨ ਅਤੇ ਵਿਕਟਰੀ ਟਾਵਰ ਦੀ ਉਸਾਰੀ ਲਈ 39.50 ਲੱਖ ਰੁਪਏ ਜਾਰੀ ਕਰਨ ਦੀ ਵੀ ਪ੍ਰਵਾਨਗੀ ਦਿੱਤੀ।

# ਪੰਜਾਬ ਸਰਕਾਰ ਨੂੰ ਦਿੱਲੀ ਨੂੰ ਪਾਣੀ ਸਪਲਾਈ ਲਈ ਹੁਕਮ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ, ਹਰਿਆਣਾ ਤੇ ਹੋਰਨਾਂ ਸਬੰਧਤ ਧਿਰਾਂ ਨੂੰ ਯਮੁਨਾ 'ਚੋਂ ਦਿੱਲੀ ਨੂੰ ਮਿਲਦੀ ਪਾਣੀ ਦੀ ਸਪਲਾਈ ਨੂੰ ਪਹਿਲਾਂ ਵਾਂਗ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਹੈ। ਸਰਵਉਚ ਅਦਾਲਤ ਨੇ ਇਹ ਹੁਕਮ ਦਿੱਲੀ ਜਲ ਬੋਰਡ ਵੱਲੋਂ ਦਾਇਰ ਅਰਜ਼ੀ 'ਤੇ ਸੁਣਵਾਈ ਕਰਦਿਆਂ ਕੀਤੇ ਹਨ।

ਜਲ ਬੋਰਡ ਨੇ ਹਰਿਆਣਾ ਸਰਕਾਰ ਨੂੰ ਯਮੁਨਾ ਵਿਚ ਬਿਨਾਂ ਸੋਧਿਆਂ ਪਾਣੀ ਛੱਡਣ ਤੋਂ ਰੋਕਣ ਤੇ ਕੌਮੀ ਰਾਜਧਾਨੀ ਲਈ ਲੋੜੀਂਦਾ ਪਾਣੀ ਛੱਡਣ ਸਬੰਧੀ ਹਦਾਇਤਾਂ ਜਾਰੀ ਕੀਤੇ ਜਾਣ ਦੀ ਮੰਗ ਕੀਤੀ ਸੀ।

ਚੀਫ ਜਸਟਿਸ ਐੱਸ.ਏ.ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਹਰਿਆਣਾ, ਪੰਜਾਬ ਤੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ.) ਨੂੰ ਨੋਟਿਸ ਜਾਰੀ ਕਰਦਿਆਂ ਜਵਾਬ ਦਾਖਲ ਕਰਨ ਲਈ ਆਖਿਆ ਹੈ। ਦਿੱਲੀ ਜਲ ਬੋਰਡ ਵੱਲੋਂ ਪੇਸ਼ ਸੀਨੀਅਰ ਵਕੀਲ ਏ.ਐੱਮ.ਸਿੰਘਵੀ ਨੇ ਕਿਹਾ ਕਿ ਕੌਮੀ ਰਾਜਧਾਨੀ ਵਿਚ ਪਾਣੀ ਦਾ ਪੱਧਰ ਲਗਾਤਾਰ ਡਿੱਗ ਰਿਹਾ ਹੈ। ਉਧਰ, ਹਰਿਆਣਾ ਸਰਕਾਰ ਦੀ ਨੁਮਾਇੰਦਗੀ ਕਰਦਿਆਂ ਸੀਨੀਅਰ ਵਕੀਲ ਸ਼ਿਆਮ ਧਵਨ ਨੇ ਦਿੱਲੀ ਨੂੰ ਪਾਣੀ ਦੀ ਪੂਰੀ ਸਪਲਾਈ ਦੇਣ ਦਾ ਦਾਅਵਾ ਕੀਤਾ। ਬੈਂਚ ਵਿੱਚ ਸ਼ਾਮਲ ਜਸਟਿਸ ਏ.ਐੱਸ.ਬੋਪੰਨਾ ਤੇ ਵੀ.ਰਾਮਾਸੁਬਰਾਮਨੀਅਨ ਨੇ ਕਿਹਾ, 'ਇਹ ਪਾਣੀ ਦੇ ਮੌਲਿਕ ਅਧਿਕਾਰ ਦਾ ਮਾਮਲਾ ਹੈ। ਅਸੀਂ ਕੋਰਟ ਕਮਿਸ਼ਨਰ ਦੀ ਨਿਯੁਕਤੀ ਬਾਰੇ ਤਕਨੀਕੀ ਪਹਿਲੂ 'ਚ ਨਹੀਂ ਜਾਵਾਂਗੇ, ਜੇ ਲੋੜ ਪਈ ਤਾਂ ਅਸੀਂ ਇਸ ਦੀ ਨਿਯੁਕਤੀ ਕਰਾਂਗੇ।'

# ਹਾਈ ਕੋਰਟ ਦੇ ਫੈਸਲੇ ਪਿੱਛੋਂ ਅਕਾਲੀ ਦਲ ਦੀਆਂ ਮੁਸ਼ਕਿਲਾਂ ਵਧੀਆਂ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਚੋਣਾਂ ਸਬੰਧੀ ਚੱਲ ਰਹੇ ਮਾਮਲੇ 'ਚ ਦਿੱਲੀ ਹਾਈਕੋਰਟ ਨੇ ਸਪਸ਼ਟ ਕਰ ਦਿੱਤਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਿਰਫ ਧਾਰਮਿਕ ਪਾਰਟੀਆਂ ਹੀ ਲੜ ਸਕਦੀਆਂ ਹਨ। ਅਦਾਲਤ ਦੇ ਇਸ ਹੁਕਮ ਨਾਲ ਸਿਆਸੀ ਚੋਣਾਂ ਲੜਨ ਵਾਲੇ ਸ਼੍ਰੋਮਣੀ ਅਕਾਲੀ ਦਲ (ਬ) ਸਾਹਮਣੇ ਵੱਡੀ ਮੁਸ਼ਕਲ ਪੈਦਾ ਹੋ ਸਕਦੀ ਹੈ।

ਅਦਾਲਤ ਨੇ ਗੁਰਦੁਆਰਾ ਚੋਣ ਡਾਇਰੈਕਟਰ ਨੂੰ ਵੀ ਨਿਰਦੇਸ਼ ਦਿੱਤੇ ਹਨ ਕਿ ਦਿੱਲੀ ਗੁਰਦੁਆਰਾ ਚੋਣਾਂ ਦੌਰਾਨ ਦਿੱਲੀ ਗੁਰਦੁਆਰਾ ਐਕਟ ਦੇ ਤੈਅ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰੇ। ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਨੇ ਦੱਸਿਆ ਕਿ ਇਸ ਫੈਸਲੇ ਨਾਲ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਭਾਰੀ ਝਟਕਾ ਲੱਗਾ ਹੈ। ਉਨ੍ਹਾਂ ਦੱਸਿਆ ਕਿ ਅਦਾਲਤ ਨੇ ਸਰਨਾ ਗਰੁੱਪ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਗੁਰਦੁਆਰਾ ਚੋਣ ਡਾਇਰੈਕਟਰ ਨੂੰ ਲਿਖਤੀ ਰੂਪ 'ਚ ਦੱਸਣ ਕਿ ਉਨ੍ਹਾਂ ਦੀ ਪਾਰਟੀ ਇਕ ਧਾਰਮਿਕ ਪਾਰਟੀ ਹੈ ਜੋ ਸਿਆਸੀ ਚੋਣਾਂ ਨਹੀਂ ਲੜਦੀ। ਅਦਾਲਤ ਨੇ ਅਕਾਲੀ ਦਲ ਬਾਦਲ ਦੀ ਉਸ ਦਲੀਲ ਨੂੰ ਵੀ ਖਾਰਜ ਕਰ ਦਿੱਤਾ, ਜਿਸ ਤਹਿਤ ਉਸ ਨਿਯਮ ਨੂੰ ਚੁਣੌਤੀ ਦਿੱਤੀ ਗਈ ਸੀ ਕਿ ਗੁਰਦੁਆਰਾ ਚੋਣਾਂ ਸਿਰਫ ਧਾਰਮਿਕ ਪਾਰਟੀ ਹੀ ਲੜ ਸਕਦੀ ਹੈ।

ਦੱਸਣਯੋਗ ਹੈ ਕਿ ਅਦਾਲਤ ਨੇ ਅਕਾਲੀ ਦਲ ਦੀ ਹੀ ਪਟੀਸ਼ਨ ਉਤੇ ਗੁਰਦੁਆਰਾ ਚੋਣ ਮੰਤਰੀ ਰਜਿੰਦਰ ਗੌਤਮ ਦੇ ਆਫਿਸ ਆਰਡਰ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਜੋ ਵੀ ਸਲਾਹ ਜਾਰੀ ਕਰਨੀ ਹੈ, ਉਹ ਚੋਣਾਂ ਕਰਵਾਉਣ ਲਈ ਗੁਰਦੁਆਰਾ ਡਾਇਰੈਕਟਰ ਹੀ ਜਾਰੀ ਕਰਨਗੇ।

# ਕਿਸਾਨਾਂ ਦੀ ਹਮਾਇਤ ਕਰਨ 'ਤੇ ਈ.ਡੀ. ਨੇ ਛਾਪੇ ਮਾਰੇ: ਖਹਿਰਾ

**ਚੰਡੀਗੜ੍ਹ:** ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਕੇਂਦਰ ਸਰਕਾਰ ਉਨ੍ਹਾਂ ਨੂੰ ਈ.ਡੀ. ਦੇ ਝੂਠੇ ਕੇਸ ਵਿਚ ਫਸਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿਉਂਕਿ ਉਹ ਕਿਸਾਨਾਂ ਦੀ ਹਮਾਇਤ ਕਰ ਰਹੇ ਹਨ ਅਤੇ ਨਵਰੀਤ ਦਾ ਕੇਸ ਚੁੱਕ ਰਹੇ ਹਨ। ਯਾਦ ਰਹੇ ਕਿ ਈ.ਡੀ. ਦੇ ਅਧਿਕਾਰੀ ਫਰਜ਼ੀ ਪਾਸਪੋਰਟ ਅਤੇ ਮਨੀ ਲਾਂਡਰਿੰਗ ਦੇ ਦੋਸ਼ ਲਗਾ ਰਹੇ ਸਨ ਪਰ ਈ.ਡੀ. ਇਸ ਬਾਰੇ ਹਾਈ ਕੋਰਟ ਵਿਚ ਦਾਇਰ ਕੀਤੇ 80 ਪੰਨਿਆਂ ਦੇ ਹਲਫਨਾਮੇ ਵਿਚ ਕੋਈ ਜਾਣਕਾਰੀ ਨਹੀਂ ਦੇ ਸਕੀ ਹੈ।

ਸ੍ਰੀ ਖਹਿਰਾ ਨੇ ਕਿਹਾ ਕਿ ਈ.ਡੀ. ਦੇ ਅਧਿਕਾਰੀ ਪਿਛਲੇ 12 ਸਾਲਾਂ ਦੀ ਬੈਂਕ ਡਿਟੇਲ ਦੌਰਾਨ 3.84 ਕਰੋੜ ਰੁਪਏ ਦੇ ਲੈਣ-ਦੇਣ ਦਾ ਜ਼ਿਕਰ ਕਰ ਰਹੇ ਹਨ ਪਰ ਇਸ ਵਿਚੋਂ ਤਿੰਨ ਕਰੋੜ ਰੁਪਏ ਬੈਂਕਾਂ ਦੀ ਲਿਮਟ ਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਜਵਾਈ 'ਤੇ ਵੀ ਕਈ ਤਰ੍ਹਾਂ ਦੇ ਦੋਸ਼ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਛਾਪਿਆਂ ਤੋਂ ਡਰਨ ਵਾਲੇ ਨਹੀਂ ਹਨ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖਾਲਸਈ ਜਾਹੋ-ਜਲਾਲ ਨਾਲ ਹੋਲਾ ਮਹੱਲਾ ਸਮਾਪਤ

**ਸ੍ਰੀ ਆਨੰਦਪੁਰ ਸਾਹਿਬ:** ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਵੀਰ ਸਿੰਘ ਦੀ ਅਗਵਾਈ ਹੇਠ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਕੱਢੇ ਗਏ ਮਹੱਲੇ ਮਗਰੋਂ ਸਿੱਖਾਂ ਦਾ ਕੌਮੀ ਤਿਉਹਾਰ ਹੋਲਾ-ਮਹੱਲਾ ਇਤਿਹਾਸਕ ਚਰਨਗੰਗਾ ਸਟੇਡੀਅਮ ਵਿਚ ਵਿਖਾਏ ਗਏ ਜੰਗਜੂ ਕਰਤਬਾਂ ਤੇ 'ਬੋਲੇ ਸੋ ਨਿਹਾਲ ਦੇ ਜੈਕਾਰਿਆਂ' ਦੀ ਗੂੰਜ ਹੇਠ ਸਮਾਪਤ ਹੋ ਗਿਆ।

ਮਹੱਲੇ ਮੌਕੇ ਸਭ ਤੋਂ ਪਹਿਲਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ, ਜਿਥੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਨਿਹੰਗ ਸਿੰਘ ਜਥੇਬੰਦੀਆਂ ਬੁੱਢਾ ਦਲ, ਤਰਨਾ ਦਲ, ਹਰੀਆਂ ਵੇਲਾਂ, ਸੁਰ ਸਿੰਘ ਬਿਧੀ ਚੰਦੀਏ, ਤਰਨਾ ਦਲ ਆਦਿ ਦੀਆਂ ਨਿਹੰਗ ਸਿੰਘ ਫੌਜਾਂ ਨੇ ਘੋੜਿਆਂ 'ਤੇ ਸਵਾਰ ਹੋ ਕੇ ਮਹੱਲਾ ਕੱਢਿਆ। ਸਟੇਡੀਅਮ ਵਿਚ ਨਿਹੰਗ ਸਿੰਘਾਂ ਨੇ ਜੌਹਰ ਦਿਖਾਏ, ਜਿਨ੍ਹਾਂ ਨੂੰ ਦੇਖ ਕੇ ਸੰਗਤ ਨੇ ਜੋਸ਼ ਵਿੱਚ ਜੈਕਾਰੇ ਲਗਾ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।

ਖਾਲਸਾ ਪੰਥ ਦੇ ਕੌਮੀ ਤਿਉਹਾਰ ਹੋਲੇ ਮਹੱਲੇ ਮੌਕੇ ਗੁਰੂ ਕੀ ਨਗਰੀ ਸ੍ਰੀ ਆਨੰਦਪੁਰ ਸਾਹਿਬ ਪੂਰੇ ਖਾਲਸਈ ਰੰਗ ਵਿਚ ਰੰਗੀ ਰਹੀ ਅਤੇ ਕਰੋਨਾ 'ਤੇ ਸੰਗਤ ਦੀ ਸ਼ਰਧਾ ਦਾ ਸੈਲਾਬ ਭਾਰੀ ਪੈਂਦਾ ਦਿਖਾਈ ਦਿੱਤਾ। ਤਖਤ ਸ੍ਰੀ ਕੇਸਗੜ੍ਹ ਸਾਹਿਬ ਸਣੇ ਵੱਖ-ਵੱਖ ਗੁਰਦੁਆਰਿਆਂ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤ ਨੇ ਮੱਥਾ ਟੇਕਿਆ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ, ਮੈਨੇਜਰ ਮਲਕੀਤ ਸਿੰਘ ਅਤੇ ਵਧੀਕ ਮੈਨੇਜਰ ਹਰਦੇਵ ਸਿੰਘ ਹੈਪੀ ਅਨੁਸਾਰ ਪਹਿਲੇ ਦਿਨ ਸੰਗਤ ਦੀ ਆਮਦ 'ਚ ਪਿਛਲੇ ਸਾਲ ਦੇ ਮੁਕਾਬਲੇ ਜ਼ਿਕਰਯੋਗ ਕਮੀ ਸੀ ਪਰ ਦੂਸਰੇ ਦਿਨ ਤੜਕਸਾਰ ਤੋਂ ਹੀ ਸੰਗਤ ਦੀ ਆਮਦ ਲਗਾਤਾਰ ਬਰਕਰਾਰ ਰਹੀ।

ਦੱਸਣਯੋਗ ਹੈ ਕਿ ਬੇਸ਼ੱਕ ਪਿਛਲੇ ਸਾਲਾਂ ਦੀ ਤੁਲਨਾ ਵਿਚ ਸੰਗਤ ਦੀ ਗਿਣਤੀ ਕਾਫੀ ਘੱਟ ਸੀ ਪਰ ਚਾਰੇ ਪਾਸੇ ਨੀਲੀਆਂ ਤੇ ਕੇਸਰੀ ਦਸਤਾਰਾਂ ਹੀ ਨਜ਼ਰ ਆ ਰਹੀਆਂ ਸਨ। ਹੋਲੇ ਮਹੱਲੇ ਦੇ ਦੂਜੇ ਦਿਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਪੁੱਜੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਹੋਲੇ ਮਹੱਲੇ ਮੌਕੇ ਕਰੋਨਾ ਮਹਾਮਾਰੀ ਦਾ ਹਊਆ ਖੜ੍ਹਾ ਕਰਕੇ ਸਮੁੱਚੀ ਸੰਗਤ ਨੂੰ ਭੰਬਲਭੂਸੇ ਵਿਚ ਪਾ ਦਿੱਤਾ ਹੈ, ਜਿਸ ਕਰਕੇ ਸੰਗਤ ਦੀ ਆਮਦ ਵਿਚ ਭਾਰੀ ਕਮੀ ਦਰਜ ਕੀਤੀ ਗਈ ਹੈ।

ਪ੍ਰਧਾਨ ਬੀਬੀ ਜਗੀਰ ਕੌਰ ਨੂੰ ਜਦੋਂ ਸ਼੍ਰੋਮਣੀ ਕਮੇਟੀ ਵੱਲੋਂ ਹੋਲੇ ਮਹੱਲੇ ਤੋਂ ਪਹਿਲਾਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਨਾ ਆਉਣ ਬਾਰੇ, ਮੁੱਖ ਪੰਡਾਲ ਨਾ ਲਗਾਉਣ ਤੇ ਹੋਰ ਸਮਾਗਮਾਂ ਵਿਚੋਂ ਪੈਰ ਪਿੱਛੇ ਖਿੱਚਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਅਜਿਹੀ ਗੱਲ ਨਹੀਂ ਹੈ ਕਿਉਂਕਿ 400 ਸਾਲਾਂ ਪ੍ਰਕਾਸ਼ ਪੁਰਬ ਸਮਾਗਮ ਚੱਲ ਰਹੇ ਹਨ ਤੇ ਸਭ ਦੀਆਂ ਵੱਖੋ-ਵੱਖਰੀਆਂ ਡਿਊਟੀਆਂ ਲੱਗੀਆਂ ਹੋਈਆਂ ਹਨ ਤੇ ਸੰਗਤ ਲਈ ਪ੍ਰਬੰਧਾਂ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ, ਜਦਕਿ ਚੀਫ ਸਕੱਤਰ, ਮੈਨੇਜਰ ਸਣੇ ਸਮੁੱਚਾ ਅਮਲਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੀ ਡਟਿਆ ਹੋਇਆ ਹੈ।

ਮਲੋਟ ਅੰਦਰ ਵਿਧਾਇਕ ਦੀ ਕੁੱਟਮਾਰ ਨੂੰ ਮੰਦਭਾਗਾ ਦੱਸਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਕੇਂਦਰ ਦੀ ਭਾਜਪਾਈ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਕਿਸਾਨਾਂ ਦੀ ਗੱਲ ਸੁਣੇ ਤੇ ਤਿੰਨੋਂ ਖੇਤੀ ਕਾਨੂੰਨ ਰੱਦ ਕਰੇ।

# ਚੀਫ ਖਾਲਸਾ ਦੀਵਾਨ ਦੇ ਅਹੁਦੇਦਾਰ ਅਕਾਲ ਤਖਤ 'ਤੇ ਤਲਬ

**ਅੰਮ੍ਰਿਤਸਰ:** ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਦੇ ਮੈਂਬਰਾਂ ਦੇ ਗੈਰ-ਅੰਮ੍ਰਿਤਧਾਰੀ ਹੋਣ ਬਾਰੇ ਚੱਲ ਰਹੇ ਸ਼ੰਕਿਆਂ ਬਾਰੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਸਮੇਤ ਹੋਰ ਅਹੁਦੇਦਾਰਾਂ ਨੂੰ ਸ੍ਰੀ ਅਕਾਲ ਤਖਤ 'ਤੇ ਪੰਜ ਸਿੰਘ ਸਾਹਿਬਾਨ ਦੇ ਸਨਮੁਖ ਪੇਸ਼ ਹੋਣ ਲਈ ਆਖਿਆ ਹੈ।

ਇਸ ਸਬੰਧੀ ਦੀਵਾਨ ਨੂੰ ਭੇਜੇ ਗਏ ਇਕ ਪੱਤਰ ਵਿਚ ਪ੍ਰਧਾਨ ਨਿਰਮਲ ਸਿੰਘ, ਮੀਤ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ, ਦੋ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਤੇ ਅਜੀਤ ਸਿੰਘ ਬਸਰਾ, ਸਥਾਨਕ ਪ੍ਰਧਾਨ ਹਰਮਿੰਦਰ ਸਿੰਘ ਫ੍ਰੀਡਮ ਅਤੇ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਭਾਗ ਸਿੰਘ ਅਣਖੀ ਦੇ ਨਾਂ ਸ਼ਾਮਲ ਹਨ। ਇਸ ਪੱਤਰ ਵਿਚ ਉਨ੍ਹਾਂ ਨੂੰ ਕਿਹਾ ਕਿ ਉਹ ਸੰਸਥਾ ਦੇ ਜ਼ਿੰਮੇਵਾਰ ਅਹੁਦੇਦਾਰ ਹਨ ਅਤੇ ਇਸ ਵੇਲੇ ਸੰਸਥਾ ਦੇ ਮੈਂਬਰਾਂ ਦੇ ਗੈਰ-ਅੰਮ੍ਰਿਤਧਾਰੀ ਹੋਣ ਬਾਰੇ ਮਸਲਾ ਚੱਲ ਰਿਹਾ ਹੈ। ਇਸ ਸਬੰਧੀ ਕੁਝ ਸ਼ੰਕੇ ਪੈਦਾ ਹੋਏ ਹਨ, ਜਿਨ੍ਹਾਂ ਬਾਰੇ ਗੱਲਬਾਤ ਕਰਨ ਲਈ ਉਨ੍ਹਾਂ ਨੂੰ ਸ੍ਰੀ ਅਕਾਲ ਤਖਤ 'ਤੇ ਪੇਸ਼ ਹੋਣ ਲਈ ਆਖਿਆ ਜਾਂਦਾ ਹੈ। ਇਥੇ ਦੱਸਣਯੋਗ ਹੈ ਕਿ ਇਸ ਸਬੰਧ ਵਿਚ ਦੀਵਾਨ ਕੋਲੋਂ ਲੋੜੀਂਦੇ ਦਸਤਾਵੇਜ਼ ਵੀ ਮੰਗੇ ਗਏ ਸਨ ਪਰ ਹੁਣ ਤੱਕ ਦੀਵਾਨ ਵੱਲੋਂ ਇਹ ਦਸਤਾਵੇਜ਼ ਪੇਸ਼ ਨਹੀਂ ਕੀਤੇ ਗਏ ਹਨ। ਇਸ ਤੋਂ ਇਲਾਵਾ ਹੋਰ ਮਾਮਲੇ ਵੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਵਿਚਾਰੇ ਜਾਣ ਦੀ ਸੰਭਾਵਨਾ ਹੈ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਨੂੰ ਸੁਚੇਤ ਕਰਦਿਆਂ ਆਖਿਆ ਕਿ ਕੁਝ ਪੰਥ ਵਿਰੋਧੀ ਤਾਕਤਾਂ ਵੱਲੋਂ ਸਿੱਖ ਸੰਸਥਾਵਾਂ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਸ੍ਰੀ ਅਕਾਲ ਤਖਤ ਆਦਿ ਦੇ ਸਿਧਾਂਤਾਂ ਨੂੰ ਢਾਹ ਲਾਉਣ ਅਤੇ ਇਨ੍ਹਾਂ ਸੰਸਥਾਵਾਂ ਨੂੰ ਖਤਮ ਕਰਨ ਦੀਆਂ ਕੋਝੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਾਜ਼ਿਸ਼ਾਂ ਸ਼੍ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਬਾਅਦ ਹੀ ਸ਼ੁਰੂ ਹੋ ਗਈਆਂ ਸਨ ਅਤੇ ਹੁਣ ਤੱਕ ਜਾਰੀ ਹਨ।

# ਗਾਇਕ ਦਿਲਜਾਨ ਦੀ ਸੜਕ ਹਾਦਸੇ 'ਚ ਮੌਤ

**ਜੰਡਿਆਲਾ ਗੁਰੂ:** ਇਥੋਂ ਦੀ ਜੀਟੀ ਰੋਡ ਉਤੇ ਪੰਜਾਬੀ ਗਾਇਕ ਦਿਲਜਾਨ (31) ਵਾਸੀ ਕਰਤਾਰਪੁਰ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਇਹ ਹਾਦਸਾ ਦਾਣਾ ਮੰਡੀ ਦੇ ਸਾਹਮਣੇ ਪੁਲ 'ਤੇ ਉਸ ਵੇਲੇ ਵਾਪਰਿਆ ਜਦੋਂ ਉਸ ਦੀ ਮਹਿੰਦਰਾ ਕੇ.ਵੀ.ਯੂ. 100 ਗੱਡੀ ਸੜਕ ਕਿਨਾਰੇ ਖੜ੍ਹੇ ਟਰੱਕ ਵਿਚ ਜਾ ਵੱਜੀ। ਹਾਦਸੇ ਮੌਕੇ ਦਿਲਜਾਨ ਗੱਡੀ ਵਿਚ ਇਕੱਲਾ ਸੀ। ਉਹ ਜਲੰਧਰ ਤੋਂ ਅੰਮ੍ਰਿਤਸਰ ਆਪਣੇ ਨਵੇਂ ਗਾਣੇ ਦੇ ਰਿਲੀਜ਼ ਹੋਣ ਦੇ ਸਬੰਧ 'ਚ ਆ ਰਿਹਾ ਸੀ। ਹਾਦਸੇ ਦੌਰਾਨ ਦਿਲਜਾਨ ਦੀ ਕਾਰ ਦੇ ਏਅਰ ਬੈਗ ਵੀ ਖੁੱਲ੍ਹ ਗਏ ਪਰ ਦਿਲਜਾਨ ਦੀ ਜਾਨ ਨਹੀਂ ਬਚ ਸਕੀ। ਹਾਦਸੇ ਮਗਰੋਂ ਉਥੋਂ ਲੰਘ ਰਹੇ ਆਨੰਦਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਨੇ ਦਿਲਜਾਨ ਨੂੰ ਗੱਡੀ ਵਿਚੋਂ ਕੱਢ ਕੇ ਨੇੜਲੇ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਦੱਸਿਆ ਕਿ ਦਿਲਜਾਨ ਦੀ ਕਾਰ ਤੇਜ਼ ਰਫਤਾਰ ਸੀ। ਹਾਦਸੇ ਮਗਰੋਂ ਕਾਰ ਦਾ ਅਗਲਾ ਹਿੱਸਾ ਤਬਾਹ ਹੋ ਗਿਆ। ਦਿਲਜਾਨ ਦੀ ਪਤਨੀ ਅਤੇ ਬੇਟੀ 5 ਅਪਰੈਲ ਨੂੰ ਕੈਨੇਡਾ ਤੋਂ ਵਾਪਸ ਆ ਰਹੀਆਂ ਹਨ, ਉਨ੍ਹਾਂ ਦੇ ਆਉਣ ਉਪਰੰਤ ਸਸਕਾਰ ਕੀਤਾ ਜਾਵੇਗਾ। ਦਿਲਜਾਨ ਸਾਲ 2012 ਵਿਚ ਰਿਐਲਟੀ ਸ਼ੋਅ 'ਸੁਰ ਸ਼ੇਤਰ' ਦਾ ਰਨਰਜ ਅੱਪ ਰਿਹਾ ਹੈ ਤੇ ਉਸ ਨੇ 'ਆਵਾਜ਼ ਪੰਜਾਬ ਦੀ' ਵਿਚ ਵੀ ਹਿੱਸਾ ਲਿਆ ਸੀ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸੈਰ ਸਪਾਟਾ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਨੌਜਵਾਨ ਪੰਜਾਬੀ ਗਾਇਕ ਦਿਲਜਾਨ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਸੋਕ ਸੰਦੇਸ 'ਚ ਕਿਹਾ ਕਿ ਇਸ ਸੁਰੀਲੇ ਕਲਾਕਾਰ ਦੇ ਵਿਛੋੜੇ ਨਾਲ ਸੰਗੀਤ ਪ੍ਰੇਮੀਆਂ ਅਤੇ ਸਮੁੱਚੇ ਪੰਜਾਬੀ ਜਗਤ ਨੂੰ ਵੱਡਾ ਸਦਮਾ ਪੁੱਜਾ ਹੈ।

# ਸ਼੍ਰੋਮਣੀ ਕਮੇਟੀ ਵੱਲੋਂ 912 ਕਰੋੜ 59 ਲੱਖ ਰੁਪਏ ਦਾ ਬਜਟ ਪਾਸ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਦੇ ਸਾਲਾਨਾ ਬਜਟ ਇਜਲਾਸ ਵਿਚ 912 ਕਰੋੜ 59 ਲੱਖ 26 ਹਜ਼ਾਰ ਰੁਪਏ ਦਾ ਬਜਟ ਪਾਸ ਕੀਤਾ ਗਿਆ। ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਹੇਠ ਇਹ ਬਜਟ ਇਜਲਾਸ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਇਆ। ਬਜਟ 40 ਕਰੋੜ 66 ਲੱਖ ਰੁਪਏ ਘਾਟੇ ਵਾਲਾ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਬਜਟ ਪੇਸ਼ ਕੀਤਾ। ਉਨ੍ਹਾਂ ਇਸ ਵਰ੍ਹੇ ਦੀ ਅਨੁਮਾਨਤ ਆਮਦਨ 871 ਕਰੋੜ 93 ਲੱਖ ਰੁਪਏ ਹੋਵੇਗੀ।

ਗੁਰਦੁਆਰਿਆਂ ਦੀ ਆਮਦਨ 'ਤੇ ਇਹ ਪ੍ਰਭਾਵ ਕਰੋਨਾ ਕਾਰਨ ਪਿਆ ਹੈ, ਜਿਸ ਕਾਰਨ ਬਜਟ ਵੀ ਪ੍ਰਭਾਵਿਤ ਹੋਇਆ। ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਮਤਾ ਪਾਸ ਕਰਕੇ ਯੂ.ਐਨ.ਓ. ਕੋਲੋਂ ਮੰਗ ਕੀਤੀ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ ਚਾਰ ਸੌ ਸਾਲਾ ਪ੍ਰਕਾਸ਼ ਪੁਰਬ ਮਨੁੱਖੀ ਅਧਿਕਾਰ ਦਿਵਸ ਵਜੋਂ ਮਾਨਤਾ ਦਿੱਤੀ ਜਾਵੇ। ਇਜਲਾਸ ਵੱਲੋਂ ਮਤਾ ਪਾਸ ਕਰਕੇ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਗਿਆ ਤੇ ਸੰਘਰਸ਼ ਦੌਰਾਨ ਮਾਰੇ ਗਏ ਕਿਸਾਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਜਲਾਸ ਵਲੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਬਜਟ ਇਜਲਾਸ ਵਿੱਚ ਬਰਗਾੜੀ ਕਾਂਡ ਦੀ ਨਿੰਦਾ ਕਰਦਿਆਂ ਪਰਮਾਤਮਾ ਅੱਗੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਅਰਜੋਈ ਕੀਤੀ ਗਈ।

# ਕਰੋਨਾ ਵਾਇਰਸ ਕਾਰਨ ਫਿਰ ਉਥਲ-ਪੁਥਲ

*(ਸਫਾ ਇਕ ਦੀ ਬਾਕੀ)*

ਦੱਸ ਰਹੇ ਹਨ, ਪਰ ਆਪਣੇ ਮੁਲਕ ਦੇ ਲੋਕਾਂ ਨੂੰ ਵੈਕਸੀਨ ਦੇਣ ਦੀ ਕੋਈ ਠੋਸ ਵਿਉਂਤਬੰਦੀ ਹੀ ਨਹੀਂ ਹੈ। ਭਾਰਤ ਵਿਚ ਹੁਣ ਤੱਕ ਸਾਢੇ ਤਿੰਨ ਕਰੋੜ ਦੇ ਲਗਭਗ ਵਿਅਕਤੀਆਂ ਨੂੰ ਟੀਕੇ ਲਗਾਏ ਜਾ ਚੁੱਕੇ ਹਨ ਪਰ 130 ਕਰੋੜ ਦੀ ਆਬਾਦੀ ਵਾਲੇ ਵੱਡੇ ਮੁਲਕ ਵਿਚ ਇਹ ਅੰਕੜੇ ਕਾਫੀ ਘੱਟ ਦਿਖਾਈ ਦਿੰਦੇ ਹਨ। ਉਂਜ, ਸਵਾਲ ਵੈਕਸੀਨ ਉਤੇ ਵੀ ਖੜ੍ਹੇ ਹੋ ਰਹੇ ਹਨ। ਹੁਣ ਤੱਕ ਜੋ ਰਿਪੋਰਟਾਂ ਆਈਆ ਹਨ, ਮੁਤਾਬਕ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਲੈਣ ਦੇ ਬਾਵਜੂਦ ਲੋਕ ਇਸ ਵਾਇਰਸ ਦੇ ਲਪੇਟੇ ਵਿਚ ਆ ਗਏ ਹਨ। ਸਰਕਾਰ ਤਰਕ ਦੇ ਰਹੀ ਹੈ ਕਿ ਵੈਕਸੀਨ ਲੈਣ ਦੇ ਬਾਵਜੂਦ ਮਾਸਕ, ਸਮਾਜਿਕ ਦੂਰੀਆਂ ਵਰਗੀਆਂ ਸਾਵਧਾਨੀਆਂ ਦੀ ਪਾਲਣਾ ਕਰਨੀ ਹੀ ਪਵੇਗੀ।

ਯਾਦ ਰਹੇ ਕਿ ਸਾਲ ਪਹਿਲਾਂ (11 ਮਾਰਚ 2020) ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਨੇ ਕੋਵਿਡ-19 ਨੂੰ ਮਹਾਮਾਰੀ ਕਰਾਰ ਦਿੱਤਾ ਸੀ। ਇਸ ਪਿੱਛੋਂ ਪੂਰੀ ਦੁਨੀਆਂ ਦੇ ਮੁਲਕਾਂ ਨੇ ਲੋਕਾਂ ਉਤੇ ਸਖਤ ਪਾਬੰਦੀਆਂ ਲਾਗੂ ਕਰ ਦਿੱਤੀਆਂ। ਭਾਰਤ ਨੇ ਇਸ ਪਾਸੇ ਸਭ ਤੋਂ ਵੱਧ ਸਖਤੀ ਵਿਖਾਈ। ਸਿੱਟੇ ਇਹ ਨਿਕਲੇ ਕਿ ਲੋਕਾਂ ਨੂੰ ਕਰੋਨਾ ਮਹਾਮਾਰੀ ਦੀ ਥਾਂ ਸਰਕਾਰ ਦੀ ਸਖਤੀ ਨੇ ਵੱਧ ਝੰਬਿਆ। ਤਾਲਾਬੰਦੀ ਕਾਰਨ ਕਰੋੜਾਂ ਲੋਕਾਂ ਦੀ ਨੌਕਰੀਆਂ ਜਾਂਦੀਆਂ ਰਹੀਆਂ, ਲੋਕ ਭੁੱਖਮਰੀ ਦਾ ਸ਼ਿਕਾਰ ਹੋਏ ਅਤੇ ਕੰਮ-ਕਾਜ ਕਰਨ ਦੇ ਤਰੀਕੇ ਬਦਲੇ। ਚਿਹਰਿਆਂ 'ਤੇ ਲੱਗੇ ਮਾਸਕ, ਹੱਥ ਨਾ ਮਿਲਾਉਣਾ, ਵਾਰ ਵਾਰ ਹੱਥ ਧੋਣਾ, ਸੈਨੇਟਾਈਜ਼ਰ ਵਰਤਣਾ, ਇਕ-ਦੂਸਰੇ ਤੋਂ ਸਰੀਰਕ ਦੂਰੀ ਬਣਾ ਕੇ ਰੱਖਣਾ, ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਘੱਟ ਜਾਣਾ, ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦਾ ਬੰਦ ਹੋਣਾ, ਸਫਰ ਤੇ ਸੈਰ-ਸਪਾਟਾ ਘਟਾਉਣਾ, ਸਮਾਜਿਕ ਸਮਾਗਮਾਂ ਅਤੇ ਮਜਲਿਸਾਂ ਦਾ ਘਟਣਾ, ਕਾਰੋਬਾਰੀ ਅਦਾਰਿਆਂ ਵਿਚ ਘਰ ਤੋਂ ਕੰਮ ਕਰਨਾ ਆਦਿ ਨੇ ਭਾਈਚਾਰਕ ਸਾਂਝ ਨੂੰ ਵੀ ਭਾਰੀ ਸੱਟ ਮਾਰੀ। ਤਾਲਾਬੰਦੀ ਕਾਰਨ ਪਰਵਾਸੀ ਮਜ਼ਦੂਰਾਂ ਦੀ ਹੋਣੀ ਨੇ ਪੂਰੀ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ। ਸੈਂਕੜੇ ਲੋਕ ਮੌਤ ਦਾ ਸ਼ਿਕਾਰ ਹੋਏ। ਸਰਕਾਰ ਲੋਕਾਂ ਦੀ ਬਾਂਹ ਫੜਨ ਦੀ ਥਾਂ ਆਪਣਾ ਉੱਲੂ ਸਿੱਧਾ ਕਰਨ ਵਿਚ ਜੁਟੀ ਰਹੀ।

ਕਰੋਨਾ ਬਹਾਨੇ ਲੋਕਾਂ ਨੂੰ ਘਰੀਂ ਡੱਕ ਕੇ ਸਰਕਾਰ ਨੇ ਚੰਮ ਦੀਆਂ ਚਲਾਈਆਂ। ਕੇਂਦਰ ਸਰਕਾਰ ਨੇ ਦਹਾਕਿਆਂ ਦੇ ਸੰਘਰਸ਼ ਨਾਲ ਹਾਸਲ ਕੀਤੇ ਸਨਅਤੀ ਕਾਮਿਆਂ ਦੇ ਹੱਕ ਸੀਮਤ ਕਰ ਦਿੱਤੇ। ਖੇਤੀ ਖੇਤਰ ਵਿਚ ਕਾਰਪੋਰੇਟ ਅਦਾਰਿਆਂ ਦਾ ਦਖਲ ਵਧਾਉਣ ਲਈ ਖੇਤੀ ਕਾਨੂੰਨ ਬਣਾਏ ਗਏ। ਸਰਕਾਰ ਅਜਿਹੇ ਕਾਨੂੰਨ ਉਸ ਸਮੇਂ ਘੜ ਰਹੀ ਸੀ ਜਦੋਂ ਲੋਕ ਮਹਾਮਾਰੀ ਤੇ ਇਸ ਨੂੰ ਡੱਕਣ ਲਈ ਲੱਗੀਆਂ ਪਾਬੰਦੀਆਂ ਕਾਰਨ ਸਹਿਮੇ ਹੋਏ ਘਰਾਂ ਵਿਚ ਬੰਦ ਸਨ। ਅਸਲ ਵਿਚ, ਮੌਜੂਦਾ ਹਾਲਾਤ ਦੱਸ ਰਹੇ ਹਨ ਕਿ ਸਰਕਾਰ ਇਸ ਵਾਇਰਸ ਨੂੰ ਸਿਆਸੀ ਢਾਲ ਵਜੋਂ ਵਰਤਣ ਵਿਚ ਜੁਟ ਗਈ ਹੈ। ਇਸ ਸਮੇਂ ਕਿਸਾਨ ਅੰਦੋਲਨ, ਮਹਿੰਗਾਈ, ਬੇਰੁਜ਼ਗਾਰੀ ਕਾਰਨ ਹਾਲਾਤ ਸਰਕਾਰ ਵਿਰੋਧੀ ਬਣ ਰਹੇ ਹਨ। ਲੋਕ ਖੁੱਲ੍ਹ ਕੇ ਸਰਕਾਰੀ ਨੀਤੀਆਂ ਉਤੇ ਸਵਾਲ ਚੁੱਕ ਰਹੇ ਹਨ। ਵੱਡੇ ਸੰਘਰਸ਼ ਲਈ ਲਾਮਬੰਦੀ ਹੋ ਰਹੀ ਹੈ।

ਅਜਿਹਾ ਹੀ ਮਾਹੌਲ ਇਕ ਸਾਲ ਪਹਿਲਾਂ ਸੀ ਜਦੋਂ ਮੋਦੀ ਸਰਕਾਰ ਦੇ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਪੂਰੇ ਮੁਲਕ ਵਿਚ ਰੋਹ ਭਖਿਆ ਹੋਇਆ ਸੀ। ਜੰਮੂ ਕਸ਼ਮੀਰ ਵਿਚੋਂ ਧਾਰਾ 370 ਖਤਮ ਕਰਨ ਵਿਰੁੱਧ ਲਾਮਬੰਦੀ ਹੋ ਰਹੀ ਸੀ। ਉਸ ਸਮੇਂ ਕਰੋਨਾ ਸਰਕਾਰ ਲਈ ਢਾਲ ਬਣ ਕੇ ਆਇਆ। ਸਰਕਾਰ ਦੀਆਂ ਨੀਤੀਆਂ ਖਿਲਾਫ ਉਠ ਰਹੀ ਆਵਾਜ਼ ਇਕਦਮ ਬੰਦ ਕਰ ਦਿੱਤੀ ਗਈ। ਸਖਤ ਪਾਬੰਦੀਆਂ ਨੇ ਲੋਕਾਂ ਨੂੰ ਘਰਾਂ ਵਿਚ ਡੱਕ ਦਿੱਤਾ। ਹੁਣ ਇਕ ਸਾਲ ਪਿੱਛੋਂ ਜਦੋਂ ਪਾਬੰਦੀਆਂ ਹਟੀਆਂ, ਹਾਲਾਤ ਆਮ ਵਰਗੇ ਹੋਣ ਲੱਗੇ ਤੇ ਲੋਕਾਂ ਨੇ ਸਰਕਾਰ ਖਿਲਾਫ ਆਵਾਜ਼ ਚੁੱਕਣੀ ਸ਼ੁਰੂ ਕਰ ਦਿੱਤੀ ਤਾਂ ਇਕਦਮ ਮੁੜ ਕਰੋਨਾ ਸਰਗਰਮ ਹੋ ਗਿਆ, ਪਰ ਇਸ ਵਾਰ ਹਾਲਾਤ ਕੁਝ ਵੱਖਰੇ ਹਨ। ਇਸ ਵਾਰ ਲੋਕਾਂ ਦੇ ਮਨ ਵਿਚ ਵਾਇਰਸ ਦਾ ਭੋਰਾ ਭੈਅ ਨਹੀਂ। ਉਨ੍ਹਾਂ ਨੂੰ ਆਪਣੇ ਰੁਜ਼ਗਾਰ/ਰੋਟੀ ਦਾ ਫਿਕਰ ਹੈ।

# ਪਾਬੰਦੀਆਂ ਖਿਲਾਫ ਸਿੱਖਾਂ 'ਚ ਰੋਸ

*(ਸਫਾ ਇਕ ਦੀ ਬਾਕੀ)*

ਜਦੋਂ ਪੂਰੇ ਮੁਲਕ ਵਿਚ ਢਿੱਲ ਦਿੱਤੀ ਜਾ ਰਹੀ ਹੈ, ਉਥੇ ਸਿੱਖਾਂ ਦੇ ਧਾਰਮਿਕ ਸਥਾਨਾਂ ਉਤੇ ਪਾਬੰਦੀਆਂ ਹਟਾਉਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਮਹਿੰਗੀ ਬਿਜਲੀ ਵਾਲਾ ਉਲਾਂਭਾ ਲਾਹੁਣ ਵਿਚ ਜੁਟੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਵਿਧਾਨ ਸਭਾ ਚੋਣ ਪਿੜ-2022 ਲਈ ਹੁਣ ਤੋਂ ਹੀ ਸਰਕਾਰੀ ਪੱਧਰ 'ਤੇ ਬਿਜਲੀ ਦੀਆਂ ਦਰਾਂ ਵੱਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਪੰਜਾਬ ਵਿਚ ਨਵੀਆਂ ਬਿਜਲੀ ਦਰਾਂ ਦਾ ਫੈਸਲਾ ਫਿਲਹਾਲ ਲਟਕ ਗਿਆ ਹੈ। ਭਾਵੇਂ ਪਾਵਰਕੌਮ ਦੀ ਪਹਿਲੀ ਸਾਲਾਨਾ ਦਾਇਰ ਪਟੀਸ਼ਨ 'ਤੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨਵੀਆਂ ਦਰਾਂ ਤੈਅ ਕਰਨ ਦਾ ਪ੍ਰੋਗਰਾਮ ਐਲਾਨਣ ਵਾਲਾ ਸੀ ਪਰ ਪਾਵਰਕੌਮ ਵੱਲੋਂ ਰੈਗੂਲੇਟਰੀ ਕਮਿਸ਼ਨ ਕੋਲ ਮੁੜ ਨਵੇਂ ਸਿਰਿਓਂ ਦਰਾਂ ਤੈਅ ਕਰਨ ਸਬੰਧੀ ਇਕ ਹੋਰ ਸੋਧ ਪਟੀਸ਼ਨ ਦਾਇਰ ਕਰਨ ਨਾਲ ਮਾਮਲੇ ਨੇ ਨਵਾਂ ਮੋੜ ਲਿਆ ਹੈ। ਲਿਹਾਜ਼ਾ, ਰੈਗੂਲੇਟਰੀ ਕਮਿਸ਼ਨ ਵੱਲੋਂ ਤਕਨੀਕੀ ਆਧਾਰ ਉਤੇ ਹੁਣ ਦੁਬਾਰਾ 28 ਅਪਰੈਲ, 2021 ਨੂੰ ਮਾਮਲੇ ਦੀ ਸੁਣਵਾਈ ਕਰਦਿਆਂ ਘੋਖ ਪੜਤਾਲ ਕਰਕੇ ਹੀ ਨਵੀਆਂ ਦਰਾਂ ਦੀ ਸਿਫਾਰਸ਼ ਕੀਤੀ ਜਾਏਗੀ।

ਪਾਵਰਕੌਮ ਮੈਨੇਜਮੈਂਟ ਤਰਫੋਂ ਦਾਇਰ ਸੋਧ ਪਟੀਸ਼ਨ ਵਿਚ ਤਕਨੀਕੀ ਆਧਾਰ 'ਤੇ ਕੋਸ਼ਿਸ਼ ਕੀਤੀ ਗਈ ਹੈ ਕਿ ਰੈਗੂਲੇਟਰੀ ਕਮਿਸ਼ਨ ਘਰੇਲੂ ਖਪਤਕਾਰਾਂ ਲਈ ਘੱਟੋ-ਘੱਟ 25 ਪੈਸੇ ਤੱਕ ਜਾਂ ਇਸ ਤੋਂ ਵੱਧ ਪ੍ਰਤੀ ਯੂਨਿਟ ਬਿਜਲੀ ਸਸਤੀ ਕਰ ਸਕਣ ਲਈ ਸਹਿਮਤੀ ਪ੍ਰਗਟ ਕਰ ਦੇਵੇ। ਹਾਲਾਂਕਿ ਪਾਵਰਕੌਮ ਨੇ ਨਵੀਆਂ ਦਰਾਂ ਲਈ ਦਾਇਰ ਪਹਿਲੀ ਪਟੀਸ਼ਨ ਵਿਚ ਵਧੇਰੇ ਕਰਕੇ ਆਪਣੇ ਘਾਟੇ ਦਾ ਰੋਣਾ ਹੀ ਰੋਇਆ ਸੀ।

ਪਾਵਰਕੌਮ ਨੇ ਆਪਣੀ ਸੋਧ ਪਟੀਸ਼ਨ 'ਤੇ ਖਪਤਕਾਰਾਂ ਨੂੰ ਇਤਰਾਜ਼ ਦੇਣ ਲਈ ਦੋ ਹਫਤਿਆਂ ਦਾ ਸਮਾਂ ਦਿੱਤਾ ਹੈ, ਜਦੋਂ ਕਿ ਰੈਗੂਲੇਟਰੀ ਕਮਿਸ਼ਨ ਵੱਲੋਂ ਇਸ ਮਾਮਲੇ 'ਤੇ 28 ਅਪਰੈਲ 2021 ਤੱਕ ਇਤਰਾਜ਼ਾਂ ਉਤੇ ਸੁਣਵਾਈ ਕਰਨ ਦੀ ਤਰੀਕ ਤੈਅ ਕੀਤੀ ਗਈ ਹੈ। ਤਕਨੀਕੀ ਸੂਤਰਾਂ ਦਾ ਕਹਿਣਾ ਹੈ ਕਿ ਰੈਗੂਲੇਟਰੀ ਕਮਿਸ਼ਨ ਨੂੰ ਨਵੀਆਂ ਦਰਾਂ ਦੇ ਐਲਾਨ ਨੂੰ ਹੁਣ ਘੱਟੋ-ਘੱਟ 28 ਅਪਰੈਲ ਤੱਕ ਰੋਕਣਾ ਪੈ ਸਕਦਾ ਹੈ। ਅਜਿਹੇ ਵਿਚ ਖਪਤਕਾਰਾਂ 'ਤੇ ਹੁਣ ਪਹਿਲੀ ਅਪਰੈਲ ਤੋਂ ਪੁਰਾਣੀਆਂ ਦਰਾਂ ਅਗਲੇ ਫੈਸਲੇ ਤੱਕ ਲਾਗੂ ਰਹਿਣਗੀਆਂ।

ਉਧਰ, ਪੰਜਾਬ ਸਰਕਾਰ ਵੱਲੋਂ ਗੱਠਜੋੜ ਸਰਕਾਰ ਸਮੇਂ ਹੋਏ ਬਿਜਲੀ ਸਮਝੌਤਿਆਂ 'ਤੇ 'ਵਾਈਟ ਪੇਪਰ' ਦਾ ਡਰਾਫਟ ਤਿਆਰ ਕਰ ਲਿਆ ਗਿਆ ਹੈ, ਜਿਸ ਨੂੰ ਅੰਤਿਮ ਛੋਹ ਦਿੱਤੀ ਜਾਣ ਲੱਗੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੱਠਜੋੜ ਸਰਕਾਰ ਸਮੇਂ ਹੋਏ ਬਿਜਲੀ ਸਮਝੌਤਿਆਂ 'ਤੇ ਵਾਈਟ ਪੇਪਰ ਦੇ ਤਿਆਰ ਡਰਾਫਟ 'ਤੇ ਚਰਚਾ ਲਈ ਮੀਟਿੰਗ ਕੀਤੀ, ਜਿਸ ਵਿਚ ਦੋ ਕੈਬਨਿਟ ਵਜ਼ੀਰਾਂ ਨੇ ਵੀ ਸ਼ਮੂਲੀਅਤ ਕੀਤੀ।



ਬਿਜਲੀ ਸੈਕਟਰ 'ਤੇ 'ਵਾਈਟ ਪੇਪਰ' ਦੇ ਤਿਆਰ ਡਰਾਫਟ ਸਾਰੇ ਵਜ਼ੀਰਾਂ ਨੇ ਆਪਣੀ ਰਾਇ ਵੀ ਰੱਖੀ। ਦੱਸਣਯੋਗ ਹੈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ 17 ਜਨਵਰੀ 2020 ਨੂੰ ਬਿਜਲੀ ਸੈਕਟਰ 'ਤੇ 'ਵਾਈਟ ਪੇਪਰ' ਜਾਰੀ ਕਰਨ ਦਾ ਐਲਾਨ ਕੀਤਾ ਸੀ ਪ੍ਰੰਤੂ ਦੋ ਬਜਟ ਲੰਘਣ ਮਗਰੋਂ ਵੀ ਵਾਈਟ ਪੇਪਰ ਹਾਲੇ ਕਿਸੇ ਤਣ ਪੱਤਣ ਨਹੀਂ ਲੱਗਾ ਹੈ। ਚਰਚੇ ਹਨ ਕਿ ਸਰਕਾਰ ਪੰਜਾਬ ਵਿਧਾਨ ਸਭਾ ਦੇ ਅਗਲੇ ਸੈਸ਼ਨ ਵਿਚ ਵਾਈਟ ਪੇਪਰ ਲਿਆ ਸਕਦੀ ਹੈ। ਸੂਤਰ ਦੱਸਦੇ ਹਨ ਕਿ 'ਵਾਈਟ ਪੇਪਰ' 'ਚ ਇਹ ਗੱਲ ਸਾਫ ਹੋਣੀ ਹੈ ਕਿ ਗੱਠਜੋੜ ਸਰਕਾਰ ਸਮੇਂ ਹੋਏ ਬਿਜਲੀ ਸਮਝੌਤੇ ਕੀ ਠੀਕ ਹੋਏ ਹਨ। ਜੇਕਰ ਠੀਕ ਨਹੀਂ ਹੋਏ ਤਾਂ ਕੌਣ ਜ਼ਿੰਮੇਵਾਰ ਹਨ? ਬਿਜਲੀ ਦੀਆਂ ਵਧ ਰਹੀਆਂ ਦਰਾਂ ਦੇ ਕਾਰਨ ਅਤੇ ਉਨ੍ਹਾਂ 'ਚ ਕਟੌਤੀ ਲਈ ਲਏ ਜਾਣ ਵਾਲੇ ਕਦਮਾਂ ਬਾਰੇ ਵੀ ਗੱਲ ਹੋਣੀ ਹੈ।

ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਮੀਟਿੰਗ ਵਿਚ ਉਨ੍ਹਾਂ ਨੇ ਵਾਈਟ ਪੇਪਰ ਦਾ ਡਰਾਫਟ ਪੜ੍ਹਨ ਬਾਰੇ ਸਮਾਂ ਮੰਗਿਆ ਹੈ। ਉਨ੍ਹਾਂ ਦੱਸਿਆ ਕਿ ਹੁਣ ਡਰਾਫਟ ਮਿਲ ਗਿਆ ਹੈ ਅਤੇ ਹਾਲੇ ਉਨ੍ਹਾਂ ਨੇ ਡਰਾਫਟ ਪੜ੍ਹਨਾ ਹੈ। ਰੰਧਾਵਾ ਨੇ ਦੱਸਿਆ ਕਿ ਅਗਲੀ ਮੀਟਿੰਗ ਵਿਚ ਇਸ ਬਾਰੇ ਆਖਰੀ ਫੈਸਲਾ ਹੋਵੇਗਾ। ਮੀਟਿੰਗ 'ਚ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੀ ਹਾਜ਼ਰ ਸਨ। ਇਸੇ ਦੌਰਾਨ ਪੰਜਾਬ ਸਰਕਾਰ ਨੇ ਪਹਿਲੀ ਅਪਰੈਲ ਤੋਂ ਬਿਜਲੀ ਦਰਾਂ ਵਿਚ ਕਟੌਤੀ ਕਰਨ ਬਾਰੇ ਵੀ ਪੈਂਤੜਾ ਲਿਆ ਹੈ। ਅਗਲੀਆਂ ਚੋਣਾਂ ਦੇ ਮੱਦੇਨਜ਼ਰ ਕੈਪਟਨ ਸਰਕਾਰ ਨੇ ਇਹ ਕਦਮ ਚੁੱਕਿਆ ਹੈ ਤਾਂ ਜੋ ਮਹਿੰਗੀ ਬਿਜਲੀ ਦੇ ਰੌਲਾ ਰੱਪੇ ਨੂੰ ਸ਼ਾਂਤ ਕੀਤਾ ਜਾ ਸਕੇ। ਪਿਛਲੇ ਵਰ੍ਹੇ ਬਿਜਲੀ ਦਰਾਂ ਵਿਚ ਕਟੌਤੀ ਕਰਕੇ ਖਪਤਕਾਰਾਂ ਨੂੰ ਕਰੀਬ 350 ਕਰੋੜ ਦੀ ਰਾਹਤ ਦਿੱਤੀ ਗਈ ਸੀ।

ਨਵੇਂ ਮਾਲੀ ਵਰ੍ਹੇ ਤੋਂ ਘਰੇਲੂ ਖਪਤਕਾਰਾਂ ਨੂੰ ਪ੍ਰਤੀ ਯੂਨਿਟ 25 ਤੋਂ 30 ਪੈਸੇ ਦੀ ਰਾਹਤ ਦਿੱਤੇ ਜਾਣ ਦੀ ਸੰਭਾਵਨਾ ਹੈ। ਨਜ਼ਰ ਮਾਰੀਏ ਤਾਂ ਮੌਜੂਦਾ ਸਰਕਾਰ ਨੇ ਰਾਜ ਭਾਗ ਸੰਭਾਲਣ ਮਗਰੋਂ ਪਹਿਲੇ ਵਰ੍ਹੇ ਹੀ ਬਿਜਲੀ ਦਰਾਂ ਵਿਚ 9.33 ਫੀਸਦੀ ਦਾ ਵਾਧਾ ਕੀਤਾ ਸੀ ਅਤੇ ਦੂਸਰੇ ਵਰ੍ਹੇ 2.17 ਫੀਸਦੀ ਬਿਜਲੀ ਦੀਆਂ ਕੀਮਤਾਂ ਵਧਾਈਆਂ ਸਨ। ਤੀਸਰੇ ਵਰ੍ਹੇ 1.78 ਫੀਸਦੀ ਬਿਜਲੀ ਦਰਾਂ ਵਿਚ ਵਾਧਾ ਕੀਤਾ ਗਿਆ ਸੀ। ਹੁਣ ਪਾਵਰਕੌਮ ਦੇ ਬੋਰਡ ਆਫ ਡਾਇਰੈਕਟਰ ਨੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੂੰ ਬਿਜਲੀ ਦਰਾਂ ਵਿਚ ਵਾਧਾ ਨਾ ਕਰਨ ਅਤੇ ਕਟੌਤੀ ਕਰਨ ਦਾ ਕੇਸ ਪੇਸ਼ ਕੀਤਾ ਹੈ।

## ਕੰਪਨੀਆਂ ਨੇ ਸਰਕਾਰ ਦਾ ਮੂੰਹ ਬੰਦ ਕਰਾਇਆ: ਚੀਮਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਨੇਤਾ ਅਤੇ 'ਆਪ' ਵਿਧਾਇਕ ਐਡਵੋਕੇਟ ਹਰਪਾਲ ਸਿੰਘ ਚੀਮਾ ਦਾ ਕਹਿਣਾ ਸੀ ਕਿ ਬਹੁਕੌਮੀ ਕੰਪਨੀਆਂ ਨੇ ਪੰਜਾਬ ਸਰਕਾਰ ਦਾ ਮੂੰਹ ਬੰਦ ਕਰ ਦਿੱਤਾ ਹੈ, ਜਿਸ ਕਰਕੇ ਵਾਈਟ ਪੇਪਰ ਅੱਜ ਤੱਕ ਸਦਨ ਵਿਚ ਪੇਸ਼ ਨਹੀਂ ਹੋਇਆ ਹੈ। ਪੁਰਾਣੀ ਸਰਕਾਰ ਨੇ ਵੀ ਮਹਿੰਗੇ ਬਿਜਲੀ ਸਮਝੌਤੇ ਕਰਕੇ ਪੰਜਾਬੀਆਂ ਨੂੰ ਮਹਿੰਗੀ ਬਿਜਲੀ ਦੇ ਲੜ ਲਾ ਦਿੱਤਾ ਸੀ ਅਤੇ ਕੈਪਟਨ ਸਰਕਾਰ ਵੀ ਪਵਿੱਤਰ ਸਦਨ ਵਿਚ ਵਾਅਦਾ ਕਰਕੇ ਹੁਣ ਵਾਈਟ ਪੇਪਰ ਪੇਸ਼ ਕਰਨ ਤੋਂ ਪਾਸਾ ਵੱਟ ਗਈ ਹੈ। ਉਨ੍ਹਾਂ ਕਿਹਾ ਕਿ ਮਹਿੰਗੀ ਬਿਜਲੀ ਸਮਝੌਤੇ ਅੱਜ ਪੰਜਾਬ ਦੇ ਲੋਕ ਭੁਗਤ ਰਹੇ ਹਨ।

# ਲਾਟਰੀ ਨੇ ਕਬਾੜ ਦਾ ਕੰਮ ਕਰਨ ਵਾਲੇ ਪਰਿਵਾਰ ਨੂੰ ਬਣਾਇਆ ਕਰੋੜਪਤੀ

**ਚੰਡੀਗੜ੍ਹ:** ਪੰਜਾਬ ਸਟੇਟ ਡੀਅਰ 100 ਮਾਸਿਕ ਲਾਟਰੀ ਨੇ ਕਬਾੜ ਦਾ ਕੰਮ ਕਰਨ ਵਾਲੇ ਪਰਿਵਾਰ ਦੀ ਰਾਤੋਂ ਰਾਤ ਤਕਦੀਰ ਬਦਲ ਦਿੱਤੀ ਹੈ। ਬਾਘਾਪੁਰਾਣਾ ਦੀ ਰਹਿਣ ਵਾਲੀ ਘਰੇਲੂ ਸੁਆਣੀ ਆਸ਼ਾ ਰਾਣੀ ਨੇ ਇਕ ਕਰੋੜ ਰੁਪਏ ਦਾ ਪਹਿਲਾ ਇਨਾਮ ਜਿੱਤਿਆ ਹੈ। ਇਸ ਮਹੀਨਾਵਾਰ ਲਾਟਰੀ ਦੀ ਖੁਸ਼ਨਸੀਬ ਜੇਤੂ ਆਸ਼ਾ ਨੇ ਇਥੇ ਪੰਜਾਬ ਰਾਜ ਲਾਟਰੀਜ਼ ਵਿਭਾਗ ਦੇ ਅਧਿਕਾਰੀਆਂ ਕੋਲ ਟਿਕਟ ਅਤੇ ਹੋਰ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾ ਦਿੱਤੇ ਹਨ।

ਪਹਿਲਾ ਇਨਾਮ ਜਿੱਤਣ ਬਾਅਦ ਬਾਗ਼ੋਬਾਗ ਨਜ਼ਰ ਆ ਰਹੀ ਆਸ਼ਾ ਨੇ ਕਿਹਾ ਕਿ ਉਸ ਨੇ ਕਦੇ ਸੁਪਨੇ ਵਿਚ ਵੀ ਇਹ ਨਹੀਂ ਸੋਚਿਆ ਸੀ ਕਿ ਉਹ ਇਕ ਦਿਨ ਕਰੋੜਪਤੀ ਬਣ ਜਾਵੇਗੀ। ਉਸ ਨੇ ਅੱਗੇ ਕਿਹਾ ਕਿ ਉਸ ਲਈ ਅਤੇ ਉਸ ਦੇ ਪਰਿਵਾਰ ਲਈ ਇਹ ਸੁਪਨਾ ਸਾਕਾਰ ਹੋਣ ਵਾਂਗ ਹੈ। ਉਸ ਨੇ ਦੱਸਿਆ ਕਿ ਉਸ ਦੇ ਪਤੀ ਦੀ ਬਾਘਾਪੁਰਾਣਾ ਵਿਖੇ ਕਬਾੜ ਦੀ ਦੁਕਾਨ ਹੈ ਅਤੇ ਉਸ ਦੇ ਦੋਵੇਂ ਬੇਟੇ ਦੁਕਾਨ ਵਿਚ ਕੰਮ ਕਰਦੇ ਹਨ। ਭਵਿੱਖੀ ਯੋਜਨਾ ਬਾਰੇ ਗੱਲ ਕਰਦਿਆਂ ਆਸ਼ਾ ਰਾਣੀ (61) ਨੇ ਕਿਹਾ ਕਿ ਸਭ ਤੋਂ ਪਹਿਲਾਂ ਉਹ ਇਨਾਮੀ ਰਾਸ਼ੀ ਨਾਲ ਆਪਣਾ ਨਵਾਂ ਘਰ ਬਣਾਉਣਗੇ ਕਿਉਂਕਿ ਉਨ੍ਹਾਂ ਦਾ ਮੌਜੂਦਾ ਮਕਾਨ ਉਨ੍ਹਾਂ ਦੇ ਵੱਡੇ ਪਰਿਵਾਰ ਲਈ ਬਹੁਤ ਛੋਟਾ ਹੈ ਅਤੇ ਬਾਕੀ ਰਕਮ ਦੀ ਵਰਤੋਂ ਉਨ੍ਹਾਂ ਦੇ ਪਰਿਵਾਰਕ ਕਾਰੋਬਾਰ ਦੇ ਵਿਸਥਾਰ ਲਈ ਕੀਤੀ ਜਾਵੇਗੀ।

# ਕੇਂਦਰ ਸਰਕਾਰ ਨੇ ਕਿਸਾਨਾਂ 'ਤੇ ਕਰੋੜਾਂ ਦਾ ਭਾਰ ਪਾਇਆ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਚੁੱਪ-ਚੁਪੀਤੇ ਡੀ.ਏ.ਪੀ. ਅਤੇ ਸੁਪਰ ਫਾਸਫੇਟ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਕਰ ਦਿੱਤਾ ਹੈ। ਸਰਕਾਰ ਵੱਲੋਂ ਮਾਰਚ ਮਹੀਨੇ ਖਾਦ ਕੀਮਤਾਂ 'ਚ ਕੀਤੇ ਗਏ ਵਾਧੇ ਦਾ ਸਭ ਤੋਂ ਵੱਧ ਭਾਰ ਮਾਲਵਾ ਪੱਟੀ ਦੇ ਕਿਸਾਨਾਂ ਸਿਰ ਪਵੇਗਾ ਕਿਉਂਕਿ ਹਾੜ੍ਹੀ-ਸਾਉਣੀ ਦੌਰਾਨ ਇਨ੍ਹਾਂ ਖਾਦਾਂ ਦੀ ਸਭ ਤੋਂ ਵੱਧ ਵਰਤੋਂ ਦੱਖਣੀ ਪੰਜਾਬ ਦੇ ਇਸ ਖੇਤਰ ਵਿਚ ਹੁੰਦੀ ਹੈ। ਮਾਨਸਾ ਸਥਿਤ ਮਾਰਕਫੈੱਡ ਦਫਤਰ ਤੋਂ ਪਤਾ ਲੱਗਿਆ ਹੈ ਕਿ ਜਿਹੜੀਆਂ ਖਾਦਾਂ ਦੇ ਭਾਅ ਵਧੇ ਹਨ, ਉਨ੍ਹਾਂ ਵਿਚ ਡੀ.ਏ.ਪੀ. ਤੇ ਸੁਪਰ ਫਾਸਫੇਟ ਸ਼ਾਮਲ ਹਨ। ਸਰਕਾਰ ਨੇ ਅਜੇ ਤੱਕ ਯੂਰੀਆ, ਸਲਫਰ, ਜ਼ਿੰਕ ਦੇ ਭਾਅ ਨਾਲ ਛੇੜਛਾੜ ਨਹੀਂ ਕੀਤੀ ਹੈ।



ਦਿਲਚਸਪ ਗੱਲ ਇਹ ਹੈ ਕਿ ਖਾਦਾਂ ਦੇ ਇਹ ਭਾਅ ਸਰਕਾਰ ਨੇ ਅੰਦਰਖਾਤੇ ਇਸ ਤਰੀਕੇ ਵਧਾਏ ਹਨ ਕਿ ਇਨ੍ਹਾਂ ਦੀ ਭਾਫ ਬਾਹਰ ਨਹੀਂ ਨਿਕਲਣ ਦਿੱਤੀ, ਇਥੋਂ ਤੱਕ ਕਿ ਖੇਤੀ ਲਈ ਜੁੜੇ ਸਭ ਤੋਂ ਅਹਿਮ ਮਹਿਕਮੇ ਖੇਤੀਬਾੜੀ ਵਿਭਾਗ ਨੂੰ ਵੀ ਇਨ੍ਹਾਂ ਨਵੀਆਂ ਕੀਮਤਾਂ ਸਬੰਧੀ ਕੋਈ ਜਾਣਕਾਰੀ ਨਹੀਂ ਸੀ।

ਜਾਣਕਾਰੀ ਅਨੁਸਾਰ ਹੁਣ ਵਿਦੇਸ਼ੀ ਡੀ.ਏ.ਪੀ. ਖਾਦ ਦੀ ਇਕ ਬੋਰੀ ਦੀ ਕੀਮਤ 1850 ਰੁਪਏ ਹੋ ਗਈ ਹੈ, ਜਦੋਂ ਕਿ ਸਵਦੇਸ਼ੀ ਡੀ.ਏ.ਪੀ. ਖਾਦ ਦਾ ਇਕ ਥੈਲਾ 1700 ਰੁਪਏ ਦਾ ਵਿਕੇਗਾ। ਪਤਾ ਲੱਗਿਆ ਹੈ ਕਿ ਸਹਿਕਾਰੀ ਸੁਸਾਇਟੀਆਂ ਵਿਚ ਜਾਣ ਵਾਲਾ ਪਹਿਲਾ ਮਾਲ 1200 ਰੁਪਏ ਦਾ ਲੱਗਿਆ ਤੇ ਹੁਣ ਨਵਾਂ ਮਾਲ 1750 ਰੁਪਏ ਹੈ। ਉਧਰ, ਸੁਪਰ ਫਾਸਫੇਟ ਖਾਦ ਦੀ ਇਕ ਬੋਰੀ ਹੁਣ 425 ਰੁਪਏ ਤੋਂ ਵਧ ਕੇ 465 ਰੁਪਏ ਹੋਣ ਦੀ ਜਾਣਕਾਰੀ ਮਿਲੀ ਹੈ। ਭਾਵੇਂ ਖਾਦ ਦੀਆਂ ਨਵੀਆਂ ਕੀਮਤਾਂ ਬਾਰੇ ਇਕ ਜ਼ਰੂਰੀ ਈ-ਮੇਲ ਮਾਰਕਫੈੱਡ ਅਤੇ ਇਫਕੋ ਦੇ ਕੇਂਦਰਾਂ ਵਿਚ ਹੀ ਆਈ ਹੈ ਪਰ ਮਾਨਸਾ ਦੇ ਕਈ ਪ੍ਰਾਈਵੇਟ ਡੀਲਰਾਂ ਕੋਲ ਪੁਰਾਣੇ ਭਾਅ 'ਤੇ ਪਈਆਂ ਖਾਦਾਂ ਦੀ ਸਪਲਾਈ ਕਿਸਾਨਾਂ ਲਈ ਅਚਾਨਕ ਹੀ ਬੰਦ ਕਰ ਦਿੱਤੀ ਗਈ।

## ਪੰਜਾਬ 'ਚ ਕਣਕ ਦੀ ਖਰੀਦ ਹੁਣ 10 ਅਪਰੈਲ ਤੋਂ

**ਨਵੀਂ ਦਿੱਲੀ:** ਪੰਜਾਬ ਵਿਚ ਕੋਵਿਡ-19 ਦੇ ਵਧਦੇ ਕੇਸਾਂ ਦੇ ਮੱਦੇਨਜ਼ਰ ਕਣਕ ਦੀ ਖਰੀਦ ਵਿਚ ਤਬਦੀਲੀ ਕੀਤੀ ਗਈ ਹੈ। ਕੇਂਦਰੀ ਖਾਧ ਮੰਤਰਾਲੇ ਨੇ ਦੱਸਿਆ ਕਿ ਸੂਬਾ ਸਰਕਾਰ ਦੀ ਅਪੀਲ 'ਤੇ ਕਣਕ ਦੀ ਖਰੀਦ 10 ਅਪਰੈਲ ਤੋਂ ਸ਼ੁਰੂ ਕੀਤੀ ਜਾਵੇਗੀ। ਇਹ ਵੀ ਪਤਾ ਲੱਗਾ ਹੈ ਕਿ ਕਣਕ ਦੀ ਫਸਲ ਪੱਕਣ ਵਿਚ ਦੇਰੀ ਕਾਰਨ ਹੁਣ ਕਣਕ ਦੀ ਖਰੀਦ 10 ਅਪਰੈਲ ਤੋਂ 31 ਮਈ ਤੱਕ ਕੀਤੀ ਜਾਵੇਗੀ ਜਦਕਿ ਪਹਿਲਾਂ ਇਹ ਖਰੀਦ ਪਹਿਲੀ ਅਪਰੈਲ ਤੋਂ 25 ਮਈ ਤਕ ਕੀਤੀ ਜਾਣੀ ਸੀ।

# ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ 2280 ਅਸਾਮੀਆਂ ਭਰਨ ਦੀ ਪ੍ਰਕਿਰਿਆ ਸ਼ੁਰੂ

**ਚੰਡੀਗੜ੍ਹ:** ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੀਆਂ 2280 ਅਸਾਮੀਆਂ ਭਰਨ ਸਬੰਧੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਬੋਰਡ ਦੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਬੋਰਡ ਵੱਲੋਂ ਛੇਤੀ ਲਗਭਗ 2280 ਅਸਾਮੀਆਂ ਲਈ ਇਸ਼ਤਿਹਾਰ ਜਾਰੀ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਜੇਲ੍ਹ ਵਾਰਡਰ ਅਤੇ ਮੈਟਰਨ ਦੀਆਂ 847 ਅਸਾਮੀਆਂ, ਵੱਖ-ਵੱਖ ਵਿਭਾਗਾਂ ਵਿਚ ਲੀਗਲ ਕਲਰਕ ਦੀਆਂ 199, ਸਿੱਖਿਆ ਵਿਭਾਗ ਵਿਚ 807 ਲਾਇਬ੍ਰੇਰੀਅਨ, ਉਦਯੋਗ ਤੇ ਕਾਮਰਸ ਵਿਭਾਗ ਵਿਚ ਉਚ ਉਦਯੋਗਿਕ ਵਿਕਾਸ ਅਫਸਰ ਦੀਆਂ 56 ਅਤੇ ਬਲਾਕ ਪੱਧਰ ਪ੍ਰਸਾਰ ਅਫਸਰ ਦੀਆਂ 61 ਅਸਾਮੀਆਂ, ਆਬਕਾਰੀ ਤੇ ਕਰ ਨਿਰੀਖਕ ਦੀਆਂ 51, ਪੰਜਾਬ ਵੇਅਰਹਾਊਸਿੰਗ ਵਿਚ ਤਕਨੀਕੀ ਸਹਾਇਕ ਦੀਆਂ 120 ਅਸਾਮੀਆਂ ਤੋਂ ਇਲਾਵਾ ਸਮਾਜਿਕ ਸੁਰੱਖਿਆ ਵਿਭਾਗ ਵਿਚ ਸੁਪਰਵਾਈਜ਼ਰ ਦੀਆਂ 112 ਅਤੇ ਮੱਛੀ ਪਾਲਣ ਅਫਸਰ ਦੀਆਂ 27 ਅਸਾਮੀਆਂ ਦੀ ਭਰਤੀ ਸਬੰਧੀ ਅਰਜ਼ੀਆਂ ਦੀ ਮੰਗ ਕੀਤੀ ਜਾਵੇਗੀ।

# ਮੁਖਤਾਰ ਅੰਸਾਰੀ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਝਟਕਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਗੈਂਗਸਟਰ ਤੇ ਸਿਆਸੀ ਆਗੂ ਮੁਖਤਾਰ ਅੰਸਾਰੀ ਜੋ ਕਿ ਰੂਪਨਗਰ ਜੇਲ੍ਹ ਵਿਚ ਬੰਦ ਹੈ, ਨੂੰ ਉੱਤਰ ਪ੍ਰਦੇਸ਼ ਪੁਲਿਸ ਨੂੰ ਸੌਂਪ ਦਿੱਤਾ ਜਾਵੇ। ਜਸਟਿਸ ਅਸ਼ੋਕ ਭੂਸ਼ਣ ਤੇ ਆਰ.ਐਸ. ਰੈੱਡੀ ਦੇ ਬੈਂਚ ਨੇ ਕਿਹਾ ਕਿ ਮਊ ਹਲਕੇ ਤੋਂ ਵਿਧਾਇਕ ਅੰਸਾਰੀ ਦੀ ਹਿਰਾਸਤ ਦੋ ਹਫਤਿਆਂ ਦੇ ਅੰਦਰ-ਅੰਦਰ ਯੂਪੀ ਪੁਲਿਸ ਨੂੰ ਦਿੱਤੀ ਜਾਵੇ। ਸਿਖਰਲੀ ਅਦਾਲਤ ਨੇ ਅੰਸਾਰੀ ਦੀ ਉਹ ਅਰਜ਼ੀ ਵੀ ਖਾਰਜ ਕਰ ਦਿੱਤੀ ਜਿਸ 'ਚ ਉਸ ਨੇ ਆਪਣੇ ਖਿਲਾਫ ਦਰਜ ਕੇਸਾਂ ਨੂੰ ਸੂਬੇ ਤੋਂ ਬਾਹਰ ਕਿਤੇ ਹੋਰ ਤਬਦੀਲ ਕਰਨ ਦੀ ਮੰਗ ਕੀਤੀ ਸੀ। ਜ਼ਿਕਰਯੋਗ ਹੈ ਕਿ ਯੂਪੀ ਸਰਕਾਰ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਪੰਜਾਬ ਸਰਕਾਰ ਤੇ ਰੂਪਨਗਰ ਜੇਲ੍ਹ ਪ੍ਰਸ਼ਾਸਨ ਨੂੰ ਹੁਕਮ ਜਾਰੀ ਕਰਨ ਦੀ ਮੰਗ ਕੀਤੀ ਸੀ। ਯੂਪੀ ਪੁਲਿਸ ਨੇ ਅੰਸਾਰੀ ਦੀ ਬਾਂਦਾ ਜੇਲ੍ਹ ਲਈ ਹਿਰਾਸਤ ਮੰਗੀ ਹੈ। ਇਸ ਤੋਂ ਪਹਿਲਾਂ 4 ਮਾਰਚ ਨੂੰ ਪੰਜਾਬ ਸਰਕਾਰ ਨੇ ਸਿਖਰਲੀ ਅਦਾਲਤ ਨੂੰ ਜਾਣੂ ਕਰਵਾਇਆ ਸੀ ਕਿ ਯੋਗੀ ਆਦਿੱਤਿਆਨਾਥ ਸਰਕਾਰ ਕੋਲ ਅੰਸਾਰੀ ਦੀ ਹਿਰਾਸਤ ਮੰਗਣ ਦਾ ਕੋਈ ਸਿਧਾਂਤਕ ਹੱਕ ਨਹੀਂ ਹੈ। ਦੱਸਣਯੋਗ ਹੈ ਕਿ ਅੰਸਾਰੀ ਪੰਜਾਬ ਦੇ ਰੂਪਨਗਰ ਜੇਲ੍ਹ ਵਿਚ ਫਿਰੌਤੀ ਦੇ ਇਕ ਕੇਸ 'ਚ 2019 ਤੋਂ ਬੰਦ ਹੈ। ਯੂਪੀ ਵਿਚ ਅੰਸਾਰੀ ਖਿਲਾਫ ਕਈ ਗੰਭੀਰ ਅਪਰਾਧਾਂ ਦੇ ਕੇਸ ਦਰਜ ਹਨ।



ਯੂਪੀ ਸਰਕਾਰ ਨੇ ਇਸ ਤੋਂ ਪਹਿਲਾਂ ਅਦਾਲਤ ਵਿਚ ਕਿਹਾ ਸੀ ਕਿ ਅੰਸਾਰੀ ਨਿਆਂ ਪ੍ਰਣਾਲੀ ਨੂੰ 'ਧੋਖਾ' ਦੇ ਰਿਹਾ ਹੈ ਤੇ ਪੰਜਾਬ ਦੀ ਜੇਲ੍ਹ 'ਚੋਂ ਉਸ ਦੀਆਂ ਗੈਰਕਾਨੂੰਨੀ ਕਾਰਵਾਈਆਂ ਜਾਰੀ ਹਨ। ਯੂਪੀ ਸਰਕਾਰ ਨੇ ਦੋਸ਼ ਲਾਇਆ ਸੀ ਅੰਸਾਰੀ ਤੇ ਪੰਜਾਬ ਪੁਲਿਸ 'ਰਲੇ' ਹੋਏ ਹਨ। ਹਾਲਾਂਕਿ ਅਮਰਿੰਦਰ ਸਿੰਘ ਸਰਕਾਰ ਨੇ ਦੋਸ਼ਾਂ ਨੂੰ ਖਾਰਜ ਕਰਦਿਆਂ ਯੋਗੀ ਸਰਕਾਰ ਵੱਲੋਂ ਦਾਇਰ ਪਟੀਸ਼ਨ ਉਤੇ ਸਵਾਲ ਉਠਾਏ ਸਨ। ਯੂਪੀ ਸਰਕਾਰ ਨੇ ਅਦਾਲਤ ਵਿਚ ਦਲੀਲ ਦਿੱਤੀ ਸੀ ਕਿ ਅੰਸਾਰੀ ਨੇ ਪੀੜਤਾਂ ਦੇ ਹੱਕਾਂ ਅਤੇ ਜੇਲ੍ਹਾਂ ਦੇ ਨਿਯਮਾਂ ਦਾ ਉਲੰਘਣ ਕੀਤਾ ਹੈ। ਸਰਕਾਰ ਨੇ ਕਿਹਾ ਸੀ ਕਿ ਧਾਰਾ 142 ਤਹਿਤ ਸੁਪਰੀਮ ਕੋਰਟ ਅੰਸਾਰੀ ਨੂੰ ਯੂਪੀ ਤਬਦੀਲ ਕਰਨ ਦਾ ਹੁਕਮ ਦੇ ਸਕਦਾ ਹੈ ਕਿਉਂਕਿ 14-15 ਕੇਸ ਆਖਰੀ ਪੜਾਅ 'ਚ ਹਨ। ਅੰਸਾਰੀ ਨੇ ਦਲੀਲ ਦਿੱਤੀ ਸੀ ਕਿ ਉਹ ਰਾਜ ਵਿਚ ਵਿਰੋਧੀ ਧਿਰ ਨਾਲ ਜੁੜੇ ਹੋਏ ਹਨ, ਇਸ ਲਈ ਉਸ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸੇ ਦੌਰਾਨ ਪੰਜਾਬ ਸਰਕਾਰ ਨੇ ਵੀ ਕਿਹਾ ਸੀ ਕਿ ਅੰਸਾਰੀ ਦੀ ਸਿਹਤ ਠੀਕ ਨਹੀਂ ਹੈ ਤੇ ਪੀਜੀਆਈ ਚੰਡੀਗੜ੍ਹ ਨੇ ਉਸ ਨੂੰ ਸਮੇਂ-ਸਮੇਂ ਸਿਹਤ ਸਰਟੀਫਿਕੇਟ ਦਿੱਤਾ ਹੈ।

## ਅੰਸਾਰੀ ਨੂੰ ਪੰਜਾਬ 'ਚ ਵਰਤਣਾ ਚਾਹੁੰਦੀ ਸੀ ਕਾਂਗਰਸ: ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਮੁਖਤਾਰ ਅੰਸਾਰੀ ਨੂੰ ਯੂਪੀ ਭੇਜਣ ਦਾ ਫੈਸਲਾ ਸ਼ਲਾਘਾਯੋਗ ਹੈ। ਉਨ੍ਹਾਂ ਸ਼ੰਕਾ ਜ਼ਾਹਿਰ ਕੀਤੀ ਕਿ ਕਾਂਗਰਸ ਵਿਰੋਧੀਆਂ ਨਾਲ ਨਿਪਟਣ ਲਈ ਅਜਿਹੇ ਗੈਂਗਸਟਰ ਨੂੰ ਪੰਜਾਬ ਵਿਚ ਰੱਖਣ 'ਤੇ ਜ਼ੋਰ ਦੇ ਰਹੀ ਸੀ। ਇਸ ਮਾਮਲੇ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਸ਼ੱਕ ਦੇ ਘੇਰੇ ਵਿੱਚ ਹਨ ਜਿਸ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ।

## ਸੁਖਬੀਰ ਬਾਦਲ ਖਿਲਾਫ ਮਾਣਹਾਨੀ ਕੇਸ 'ਚ ਕਾਰਵਾਈ 'ਤੇ ਰੋਕ ਜਾਰੀ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖਿਲਾਫ ਚੰਡੀਗੜ੍ਹ ਜ਼ਿਲ੍ਹਾ ਅਦਾਲਤ 'ਚ ਚੱਲ ਰਹੇ ਮਾਣਹਾਨੀ ਦੇ ਮਾਮਲੇ ਵਿਚ ਹਾਈਕੋਰਟ ਨੇ ਤਾਜ਼ਾ ਆਦੇਸ਼ ਵਿਚ ਟਰਾਇਲ ਕੋਰਟ ਦੀ ਕਾਰਵਾਈ 'ਤੇ ਆਪਣੀ ਅੰਤ੍ਰਿਮ ਰੋਕ ਦੇ ਆਦੇਸ਼ ਜਾਰੀ ਰੱਖੇ ਹਨ। ਕੇਸ ਦੀ ਸੁਣਵਾਈ ਦੌਰਾਨ ਜਵਾਬਦੇਹ ਪੱਖ ਰਾਜਿੰਦਰ ਪਾਲ ਸਿੰਘ ਦੇ ਵਕੀਲ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸੁਖਬੀਰ ਦੀ ਹਾਈਕੋਰਟ ਵਿਚ ਦਾਇਰ ਪਟੀਸ਼ਨ ਵਿਚ ਜਵਾਬ ਪੇਸ਼ ਕਰ ਦਿੱਤਾ ਗਿਆ ਹੈ।

ਹਾਈਕੋਰਟ ਨੇ ਜਾਰੀ ਆਦੇਸ਼ ਵਿਚ ਕਿਹਾ ਕਿ ਜਵਾਬ ਦੀ ਕਾਪੀ ਪਟੀਸ਼ਨਰ ਦੇ ਵਕੀਲ ਨੂੰ ਦਿੱਤੀ ਜਾਵੇ। ਹਾਈਕੋਰਟ ਨੇ 11 ਅਗਸਤ ਲਈ ਕੇਸ ਦੀ ਸੁਣਵਾਈ ਮੁਲਤਵੀ ਕਰਦਿਆਂ ਕਿਹਾ ਹੈ ਕਿ ਇਸ ਦੌਰਾਨ ਜੇਕਰ ਪੇਸ਼ ਜਵਾਬ ਦੇ ਵਿਰੋਧ ਵਿਚ ਕੋਈ ਜਵਾਬ ਪੇਸ਼ ਕਰਨਾ ਹੋਵੇ ਤਾਂ ਕੀਤਾ ਜਾ ਸਕਦਾ ਹੈ। ਉਦੋਂ ਤੱਕ ਅੰਤ੍ਰਿਮ ਆਦੇਸ਼ ਜਾਰੀ ਰਹਿਣਗੇ।

# ਕਰਤਾਰਪੁਰ ਲਾਂਘੇ ਲਈ ਕੇਂਦਰ ਤੱਕ ਪਹੁੰਚ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ



ਦੁਬਾਰਾ ਪੱਤਰ ਲਿਖ ਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਇਕ ਵਰ੍ਹੇ ਤੋਂ ਬੰਦ ਕੀਤਾ ਗਿਆ ਲਾਂਘਾ ਮੁੜ ਖੋਲ੍ਹਣ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਹੁਣ ਜਦੋਂ ਦੇਸ਼ 'ਚ ਕਰੋਨਾ ਕਾਰਨ ਬੰਦ ਹੋਏ ਅਦਾਰੇ ਅਤੇ ਧਾਰਮਿਕ ਅਸਥਾਨ ਆਮ ਵਾਂਗ ਖੁੱਲ੍ਹ ਰਹੇ ਹਨ, ਤਾਂ ਅਜਿਹੇ 'ਚ ਭਾਰਤ ਸਰਕਾਰ ਨੂੰ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਵੀ ਮੁੜ ਖੋਲ੍ਹ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਮ ਭੂਮੀ ਰਹੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ, ਪਰ ਇਸ ਅਸਥਾਨ ਦਾ ਲਾਂਘਾ ਲੰਮੇ ਸਮੇਂ ਤੋਂ ਬੰਦ ਰਹਿਣ ਕਾਰਨ ਦੇਸ਼ ਵਿਦੇਸ਼ ਦੀ ਸੰਗਤ ਨਿਰਾਸ਼ਾ ਦੇ ਆਲਮ 'ਚ ਹੈ। ਉਨ੍ਹਾਂ ਕਿਹਾ ਕਿ ਸੰਗਤ ਦੀਆਂ ਭਾਵਨਾਵਾਂ ਭਾਰਤ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਤੱਕ ਪਹੁੰਚਾਉਣ ਲਈ ਹੀ ਉਨ੍ਹਾਂ ਨੂੰ ਮੁੜ ਪੱਤਰ ਲਿਖੇ ਗਏ ਹਨ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਨੈਸ਼ਨਲ ਹਾਈਵੇ ਅਥਾਰਿਟੀ ਵੱਲੋਂ ਬੁਢਲਾਡਾ ਸਥਿਤ ਸ਼੍ਰੋਮਣੀ ਕਮੇਟੀ ਦੇ ਕਾਲਜ ਦੀ ਦੀਵਾਰ ਅਤੇ ਇਮਾਰਤ ਦਾ ਕੁਝ ਹਿੱਸਾ ਢਾਹੁਣ ਦੇ ਯਤਨਾਂ ਦੀ ਨਿੰਦਾ ਕਰਦਿਆਂ ਆਖਿਆ ਕਿ 7 ਹਜ਼ਾਰ ਤੋਂ ਵੱਧ ਵਿਦਿਆਰਥੀ ਇਥੇ ਸਿੱਖਿਆ ਪ੍ਰਾਪਤ ਕਰਦੇ ਹਨ ਅਤੇ ਇਹ ਸੰਸਥਾ ਇਲਾਕੇ ਦਾ ਹੀ ਨਹੀਂ, ਸਗੋਂ ਪੂਰੇ ਪੰਜਾਬ ਦਾ ਮਾਣ ਹੈ, ਪਰ ਇਸ ਕਾਲਜ ਦੀ ਕੁਝ ਜ਼ਮੀਨ ਨੂੰ ਸੜਕ ਦਾ ਹਿੱਸਾ ਬਣਾਉਣ ਲਈ ਜਬਰੀ ਕਾਰਵਾਈ ਮੰਦਭਾਗੀ ਹੈ।

## ਪਾਕਿਸਤਾਨ ਦਿਵਸ ਦੀ ਝਾਕੀ ਮੌਕੇ ਗੁਰਦੁਆਰਾ ਕਰਤਾਰਪੁਰ ਦਿਖਾਇਆ

**ਅੰਮ੍ਰਿਤਸਰ:** ਗੁਆਂਢੀ ਮੁਲਕ ਪਾਕਿਸਤਾਨ ਵੱਲੋਂ ਮਨਾਏ ਗਏ ਪਾਕਿਸਤਾਨ ਦਿਵਸ 'ਤੇ ਲਹਿੰਦੇ ਪੰਜਾਬ ਦੀ ਇਕ ਝਾਕੀ ਵਿਚ ਗੁਰਦੁਆਰਾ ਕਰਤਾਰਪੁਰ ਨੂੰ ਵੀ ਦਿਖਾਇਆ ਗਿਆ ਹੈ। ਇਸ ਸਬੰਧੀ ਪਾਕਿਸਤਾਨ ਵੱਲੋਂ ਪਰੇਡ ਕੀਤੀ ਗਈ ਜਿਸ ਵਿਚ ਪਾਕਿਸਤਾਨੀ ਹਵਾਈ ਫੌਜ ਤੇ ਹੋਰਨਾਂ ਨੇ ਆਪਣੀ ਮੁਹਾਰਤ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਕੁਝ ਸੂਬਿਆਂ ਦੇ ਸੱਭਿਆਚਾਰ ਦੀਆਂ ਝਾਕੀਆਂ ਵੀ ਦਿਖਾਈਆਂ ਗਈਆਂ ਜਿਨ੍ਹਾਂ ਵਿਚ ਲਹਿੰਦੇ ਪੰਜਾਬ ਦੀ ਇਕ ਝਾਕੀ ਵੀ ਸ਼ਾਮਲ ਸੀ। ਇਸ ਝਾਕੀ ਵਿਚ ਲਾਹੌਰ ਦਾ ਪੁਰਾਤਨ ਦਰਵਾਜ਼ਾ ਅਤੇ ਗੁਰਦੁਆਰਾ ਕਰਤਾਰਪੁਰ ਵੀ ਸ਼ਾਮਲ ਸੀ। ਝਾਕੀਆਂ ਦੇ ਵੇਰਵੇ ਦੇ ਰਹੇ ਬੁਲਾਰੇ ਨੇ ਆਖਿਆ ਕਿ ਪਾਕਿਸਤਾਨ ਵਿਚ ਸਿੱਖਾਂ ਨੂੰ ਪੂਰਾ ਮਾਨ ਸਨਮਾਨ ਦਿੱਤਾ ਜਾਂਦਾ ਹੈ। ਦੱਸਣਯੋਗ ਹੈ ਕਿ ਗੁਰਦੁਆਰਾ ਕਰਤਾਰਪੁਰ ਲਾਂਘਾ ਪਿਛਲੇ ਵਰ੍ਹੇ ਹੀ ਖੋਲ੍ਹਿਆ ਗਿਆ ਸੀ ਜੋ ਇਸ ਵੇਲੇ ਕਰੋਨਾ ਕਾਰਨ ਬੰਦ ਹੈ। ਇਸ ਲਾਂਘੇ ਨੂੰ ਖੋਲ੍ਹਣ ਦੀ ਮੰਗ ਕੀਤੀ ਜਾ ਰਹੀ ਹੈ।

# ਇਕੂਆਡੋਰ ਦੇ ਰਾਜਦੂਤ ਨੇ ਦਰਬਾਰ ਸਾਹਿਬ ਮੱਥਾ ਟੇਕਿਆ



**ਅੰਮ੍ਰਿਤਸਰ:** ਇਕੂਆਡੋਰ ਦੇ ਭਾਰਤ ਵਿਚ ਰਾਜਦੂਤ ਹੈਕਟਰ ਕੁਏਵਾ ਨੇ ਇਥੇ ਦਰਬਾਰ ਸਾਹਿਬ 'ਚ ਮੱਥਾ ਟੇਕਿਆ। ਇਸ ਮੌਕੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਤੋਇਆ, ਇੰਡੀਅਨ ਚੈਂਬਰ ਆਫ ਇੰਟਰਨੈਸ਼ਨਲ ਬਿਜ਼ਨਸ (ਆਈ.ਸੀ.ਆਈ.ਬੀ.) ਦੇ ਮਨਪ੍ਰੀਤ ਸਿੰਘ ਨਾਗੀ ਤੇ ਪੰਜਾਬ ਕਨਵੀਨਰ ਇਕਬਾਲਜੀਤ ਸਿੰਘ ਢਿੱਲੋਂ ਵੀ ਉਨ੍ਹਾਂ ਦੇ ਨਾਲ ਸਨ।

ਇਸ ਦੌਰਾਨ ਉਨ੍ਹਾਂ ਕੀਰਤਨ ਸੁਣਿਆ ਅਤੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕੀਤੀ। ਦਰਬਾਰ ਸਾਹਿਬ ਨਤਮਸਤਕ ਹੋਣ ਮਗਰੋਂ ਰਾਜਦੂਤ ਨੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਚ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨਾਲ ਮੁਲਾਕਾਤ ਕੀਤੀ ਅਤੇ ਇਕੂਆਡੋਰ ਵਿਚ ਪੰਜਾਬੀ ਅਤੇ ਖਾਸਕਰ ਸਿੱਖ ਭਾਈਚਾਰੇ ਨੂੰ ਉਭਾਰਨ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਦੂਤ ਨੇ ਕਿਹਾ ਕਿ ਦਰਬਾਰ ਸਾਹਿਬ ਨਤਮਸਤਕ ਹੋ ਕੇ ਉਨ੍ਹਾਂ ਨੂੰ ਸ਼ਾਂਤੀ ਮਿਲੀ ਹੈ।

ਅੰਤ ਵਿਚ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ 'ਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਓ.ਐਸ.ਡੀ. ਡਾ. ਅਮਰੀਕ ਸਿੰਘ ਲਤੀਫਪੁਰ ਅਤੇ ਸੂਚਨਾ ਅਧਿਕਾਰੀ ਜਸਵਿੰਦਰ ਸਿੰਘ ਜੱਸੀ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

## ਬਰਗਾੜੀ: ਮਾਮਲੇ ਲਈ ਫਾਸਟ ਟਰੈਕ ਅਦਾਲਤਾਂ ਬਣਾਉਣ ਦੀ ਮੰਗ ਉਠੀ

**ਜਲੰਧਰ:** ਬਰਗਾੜੀ 'ਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਮੁਕੰਮਲ ਹੋ ਗਈ ਹੈ ਤੇ ਚਲਾਨ ਅਦਾਲਤਾਂ ਵਿਚ ਦੇ ਦਿੱਤੇ ਗਏ ਹਨ। ਹੁਣ ਮੁਕੱਦਮਿਆਂ ਦੇ ਤੁਰਤ ਫੈਸਲੇ ਲਈ ਫਾਸਟ ਟਰੈਕ ਅਦਾਲਤਾਂ ਦੀ ਮੰਗ ਉਠੀ ਹੈ। ਇਹ ਮੰਗ ਕਰਦਿਆਂ ਸਿੱਖ ਤਾਲਮੇਲ ਕਮੇਟੀ ਦੇ ਆਗੂਆਂ ਤੇਜਿੰਦਰ ਸਿੰਘ ਪਰਦੇਸੀ, ਹਰਪਾਲ ਸਿੰਘ ਚੱਢਾ ਤੇ ਪਰਮਿੰਦਰ ਸਿੰਘ ਦਸਮੇਸ਼ ਨਗਰ ਨੇ ਇਕ ਸਾਂਝੇ ਬਿਆਨ ਰਾਹੀਂ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰਨ ਵਾਲੇ ਪੁਲਿਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਜ਼ੋਰਦਾਰ ਸ਼ਲਾਘਾ ਕਰਦਿਆਂ ਕਿਹਾ ਹੈ ਕਿ ਜਿਸ ਢੰਗ ਨਾਲ ਉਨ੍ਹਾਂ ਨੇ ਸਾਰੇ ਕਾਂਡ ਦੀ ਜਾਂਚ ਕੀਤੀ ਹੈ, ਉਸ ਦੀ ਸਭ ਨੂੰ ਪ੍ਰਸੰਸਾ ਕਰਨੀ ਚਾਹੀਦੀ ਹੈ। ਉਕਤ ਆਗੂਆਂ ਨੇ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਜਿਸ ਤਰ੍ਹਾਂ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਧਮਕੀਆਂ ਦਿੱਤੀਆਂ ਗਈਆਂ, ਉਸ ਦੀ ਉਚ ਪੱਧਰ 'ਤੇ ਜਾਂਚ ਹੋਣੀ ਚਾਹੀਦੀ ਹੈ ਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਕੋਈ ਵੀ ਇਮਾਨਦਾਰ ਅਫਸਰ ਨੂੰ ਕੰਮ ਕਰਨ 'ਚ ਵਿਘਨ ਨਾ ਪਾ ਸਕੇ।

## ਕੋਟਕਪੂਰਾ ਗੋਲੀ ਕਾਂਡ: ਸੈਣੀ ਨੇ ਸੰਮਨ ਲੈ ਕੇ ਆਏ ਮੁਲਾਜ਼ਮ ਬੇਰੰਗ ਮੋੜੇ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਵਿਚ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਦਾਲਤ ਵਿਚ ਪੇਸ਼ ਨਹੀਂ ਹੋਏ। ਅਦਾਲਤ ਦੇ ਹੁਕਮਾਂ 'ਤੇ ਸਾਬਕਾ ਡੀ.ਜੀ.ਪੀ. ਦੇ ਸੰਮਨ ਲੈ ਕੇ ਗਏ ਸਰਕਾਰੀ ਕਰਮਚਾਰੀ ਨੇ ਲਿਖਤੀ ਤੌਰ 'ਤੇ ਅਦਾਲਤ ਨੂੰ ਦੱਸਿਆ ਕਿ ਸੁਮੇਧ ਸੈਣੀ ਦੇ ਸੁਰੱਖਿਆ ਅਫਸਰਾਂ ਨੇ ਉਸ ਨੂੰ ਸੰਮਨ ਲੈ ਕੇ ਰਿਹਾਇਸ਼ ਦੇ ਅੰਦਰ ਨਹੀਂ ਜਾਣ ਦਿੱਤਾ ਅਤੇ ਨਾ ਹੀ ਸੁਮੇਧ ਸੈਣੀ ਨਾਲ ਮਿਲਣ ਦਿੱਤਾ। ਵਿਸ਼ੇਸ਼ ਜਾਂਚ ਟੀਮ ਵੱਲੋਂ ਅਦਾਲਤ ਵਿਚ ਪੇਸ਼ ਹੋ ਕੇ ਜ਼ਿਲ੍ਹਾ ਅਟਾਰਨੀ ਰਜਨੀਸ਼ ਗੋਇਲ ਨੇ ਮੰਗ ਕੀਤੀ ਕਿ ਸੁਮੇਧ ਸੈਣੀ ਨੂੰ ਅਦਾਲਤ ਦੇ ਸੰਮਨ ਤਾਮੀਲ ਕਰਵਾਉਣ ਲਈ ਕਿਸੇ ਉਚ ਅਧਿਕਾਰੀ ਨੂੰ ਨਿਯੁਕਤ ਕੀਤਾ ਜਾਵੇ। ਅਦਾਲਤ ਨੇ ਜਾਂਚ ਟੀਮ ਦੀ ਇਸ ਗੱਲ ਨੂੰ ਸਵੀਕਾਰ ਕਰ ਲਿਆ ਅਤੇ 16 ਅਪਰੈਲ ਲਈ ਸੁਮੇਧ ਸੈਣੀ ਦੇ ਦੁਬਾਰਾ ਸੰਮਨ ਜਾਰੀ ਕੀਤੇ ਹਨ।

ਇਸੇ ਤਰ੍ਹਾਂ ਕੋਟਕਪੂਰਾ ਗੋਲੀ ਕਾਂਡ ਤੋਂ ਬਾਅਦ ਸ਼ਾਂਤਮਈ ਰੋਸ ਮੁਜ਼ਾਹਰਾ ਕਰ ਰਹੇ ਲੋਕਾਂ ਉਪਰ ਕਥਿਤ ਝੂਠਾ ਪਰਚਾ ਦਰਜ ਕਰਨ ਦੇ ਦੋਸ਼ਾਂ ਵਿਚ ਘਿਰੇ ਥਾਣਾ ਸਿਟੀ ਕੋਟਕਪੂਰਾ ਦੇ ਤਤਕਾਲੀ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਅਤੇ ਤਤਕਾਲੀ ਡੀ.ਐਸ.ਪੀ. ਬਲਜੀਤ ਸਿੰਘ ਸਿੱਧੂ ਖਿਲਾਫ ਇਥੇ ਵਧੀਕ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਵਿਚ ਚੱਲ ਰਹੇ ਕੇਸ ਦੀ ਸੁਣਵਾਈ 30 ਅਪਰੈਲ ਤੱਕ ਟਲ ਗਈ ਹੈ। ਦੋਹਾਂ ਪੁਲਿਸ ਅਧਿਕਾਰੀਆਂ ਨੇ ਅਦਾਲਤ ਵਿਚ ਅਰਜ਼ੀ ਦੇ ਕੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਖਿਲਾਫ ਮੁਕੱਦਮਾ ਚਲਾਉਣ ਲਈ ਪੰਜਾਬ ਸਰਕਾਰ ਨੇ ਲੋੜੀਂਦੀ ਮਨਜ਼ੂਰੀ ਨਹੀਂ ਦਿੱਤੀ। ਜ਼ਿਲ੍ਹਾ ਅਟਾਰਨੀ ਨੇ ਅਦਾਲਤ ਨੂੰ ਦੱਸਿਆ ਕਿ ਇਨ੍ਹਾਂ ਦੋਵਾਂ ਪੁਲਿਸ ਅਧਿਕਾਰੀਆਂ ਖਿਲਾਫ ਗ੍ਰਹਿ ਵਿਭਾਗ ਪੰਜਾਬ ਨੇ ਲਿਖਤੀ ਮਨਜ਼ੂਰੀ ਦੇ ਦਿੱਤੀ ਹੈ ਅਤੇ ਇਹ ਮਨਜ਼ੂਰੀ ਪਹਿਲਾਂ ਹੀ ਅਦਾਲਤ ਦੇ ਰਿਕਾਰਡ ਵਿਚ ਸ਼ਾਮਲ ਹੈ। ਇਸ ਮਾਮਲੇ ਵਿਚ ਅਦਾਲਤ ਹੁਣ 30 ਅਪਰੈਲ ਨੂੰ ਅਗਲੀ ਸੁਣਵਾਈ ਕਰੇਗੀ।

# ਕੈਪਟਨ ਦੀ ਤੁਲਨਾ ਗੁਰੂ ਨਾਨਕ ਨਾਲ ਕਰ ਕੇ ਘਿਰਿਆ ਵਿਧਾਇਕ



**ਚੰਡੀਗੜ੍ਹ:** ਕਾਂਗਰਸੀ ਵਿਧਾਇਕ ਜੋਗਿੰਦਰ ਪਾਲ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਤੁਲਨਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਕਰਕੇ ਨਵੇਂ ਵਿਵਾਦ ਵਿਚ ਘਿਰ ਗਏ ਹਨ। ਕਾਂਗਰਸ ਪਾਰਟੀ ਨੇ ਵੀ ਜੋਗਿੰਦਰ ਪਾਲ ਦੇ ਇਸ ਤਰ੍ਹਾਂ ਦੇ ਬਿਆਨ ਦਾ ਬੁਰਾ ਮਨਾਇਆ ਹੈ ਅਤੇ ਦੂਸਰੀ ਤਰਫ ਵਿਰੋਧੀ ਧਿਰਾਂ ਦੇ ਨਿਸ਼ਾਨੇ 'ਤੇ ਵੀ ਇਹ ਕਾਂਗਰਸੀ ਵਿਧਾਇਕ ਆ ਗਏ ਹਨ।

ਜੋਗਿੰਦਰ ਪਾਲ ਭੋਆ ਨੇ ਮੀਡੀਆ ਕੋਲ ਕੈਪਟਨ ਅਮਰਿੰਦਰ ਸਿੰਘ ਦੀ ਤੁਲਨਾ ਬਾਬੇ ਨਾਨਕ ਨਾਲ ਕਰ ਦਿੱਤੀ। ਵਿਧਾਇਕ ਜੋਗਿੰਦਰ ਪਾਲ ਨੇ ਕੈਪਟਨ ਸਰਕਾਰ ਦੀਆਂ ਚਾਰ ਵਰ੍ਹਿਆਂ ਦੀਆਂ ਪ੍ਰਾਪਤੀਆਂ 'ਤੇ ਚਰਚਾ ਕਰਦੇ ਹੋਏ ਕਿਹਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਰਾਮ ਤੇ ਸ੍ਰੀ ਰਵਿਦਾਸ ਤੋਂ ਵੀ ਲੋਕ ਖੁਸ਼ ਨਹੀਂ ਸਨ। ਅਮਰਿੰਦਰ ਸਿੰਘ ਨੇ ਬਹੁਤ ਕੰਮ ਕੀਤੇ ਹਨ ਅਤੇ ਲੋਕ ਖੁਸ਼ ਹਨ।

ਵਿਧਾਇਕ ਜੋਗਿੰਦਰ ਪਾਲ ਇਸ ਬਿਆਨ ਮਗਰੋਂ ਹੀ ਵਿਰੋਧੀ ਧਿਰਾਂ ਦੇ ਨਿਸ਼ਾਨੇ 'ਤੇ ਆ ਗਏ। ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਧਾਇਕ ਜੋਗਿੰਦਰ ਪਾਲ ਨੇ ਅਜਿਹਾ ਕਰਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਅਤੇ ਉਨ੍ਹਾਂ ਨੂੰ ਆਮ ਆਦਮੀ ਦੀ ਤੁਲਨਾ ਗੁਰੂ ਨਾਲ ਨਹੀਂ ਕਰਨੀ ਚਾਹੀਦੀ ਸੀ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ, ਕਾਂਗਰਸ ਪਾਰਟੀ ਅਤੇ ਇਹ ਵਿਧਾਇਕ ਫੌਰੀ ਮੁਆਫੀ ਮੰਗੇ ਅਤੇ ਇਸ ਵਿਧਾਇਕ 'ਤੇ ਪੁਲਿਸ ਕੇਸ ਦਰਜ ਹੋਣਾ ਚਾਹੀਦਾ ਹੈ। 0 ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਚਰਨਜੀਤ ਸਿੰਘ ਬਰਾੜ ਦਾ ਕਹਿਣਾ ਸੀ ਕਿ ਕਾਂਗਰਸੀ ਵਿਧਾਇਕ ਦਾ ਬਿਆਨ ਸ਼ਰਮਨਾਕ ਹੈ ਅਤੇ ਇਸ ਵਿਧਾਇਕ ਨੂੰ ਬਾਬੇ ਨਾਨਕ ਦੀ ਤੁਲਨਾ ਪ੍ਰਸ਼ਾਂਤ ਕਿਸ਼ੋਰ ਦੇ ਝੂਠ ਦੇ ਨਾਲ ਨਹੀਂ ਕਰਨੀ ਚਾਹੀਦੀ ਸੀ। ਉਨ੍ਹਾਂ ਮੰਗ ਕੀਤੀ ਕਿ ਕਾਂਗਰਸ ਪਾਰਟੀ ਨੂੰ ਇਸ ਬਾਰੇ ਮੁਆਫੀ ਮੰਗਣੀ ਚਾਹੀਦੀ ਹੈ। ਦੱਸਣਯੋਗ ਹੈ ਕਿ ਇਨ੍ਹਾਂ ਦਿਨਾਂ ਵਿਚ ਕਾਂਗਰਸੀ ਵਿਧਾਇਕਾਂ ਅਤੇ ਮੰਤਰੀਆਂ ਨੇ ਚਾਰ ਵਰ੍ਹਿਆਂ ਦੀ ਪ੍ਰਾਪਤੀਆਂ 'ਤੇ ਚਰਚਾ ਛੇੜੀ ਹੋਈ ਹੈ।

## 'ਆਪਣੇ' ਵੀ ਹੋਏ ਦੁਆਲੇ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਸੀ ਕਿ ਇਹ ਬਹੁਤ ਮੰਦਭਾਗਾ ਹੈ ਕਿ ਵਿਧਾਇਕ ਜੋਗਿੰਦਰ ਪਾਲ ਵੱਲੋਂ ਇਸ ਤਰ੍ਹਾਂ ਗੁਰੂ ਸਾਹਿਬਾਨ ਨਾਲ ਤੁਲਨਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀ ਤੌਹੀਨ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਵਿਧਾਇਕ ਜੋਗਿੰਦਰ ਪਾਲ ਨੂੰ ਫੌਰੀ ਇਸ ਬਾਰੇ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇਸ ਤਰ੍ਹਾਂ ਦਾ ਕੁਝ ਵੀ ਸਹਿਣ ਨਹੀਂ ਕਰੇਗੀ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਵਿਧਾਇਕ ਨੂੰ ਇਸ ਤਰ੍ਹਾਂ ਗੁਰੂਆਂ ਨਾਲ ਤੁਲਨਾ ਨਹੀਂ ਕਰਨੀ ਚਾਹੀਦੀ ਸੀ ਅਤੇ ਅਜਿਹਾ ਕੁਝ ਨਹੀਂ ਕਹਿਣਾ ਚਾਹੀਦਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਬਲਵਿੰਦਰ ਸਿੰਘ ਭੂੰਦੜ, ਜਥੇਦਾਰ ਤੋਤਾ ਸਿੰਘ ਤੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਆਖਿਆ ਕਿ ਉਹ ਕੈਪਟਨ ਵੱਲੋਂ ਫੌਰੀ ਕਾਰਵਾਈ ਨਾ ਹੋਣ ਦੀ ਸੂਰਤ ਵਿਚ ਇਸ ਮਾਮਲੇ ਨੂੰ ਧਾਰਮਿਕ ਪੱਧਰ 'ਤੇ ਉਠਾਉਣਗੇ। ਅਕਾਲੀ ਆਗੂਆਂ ਨੇ ਆਖਿਆ ਕਿ ਅਜਿਹੀ ਤੁਲਨਾ ਕਰਨਾ ਜਾਂ ਕਰਵਾਉਣਾ ਜਾਂ ਆਪਣੀ ਤੁਲਨਾ ਗੁਰੂ ਸਾਹਿਬਾਨ ਨਾਲ ਹੁੰਦੀ ਸੁਣ ਕੇ ਚੁੱਪ ਰਹਿਣਾ ਤੇ ਇਤਰਾਜ਼ ਨਾ ਕਰਨਾ ਇਹ ਸਭ ਕੁਝ ਸਿੱਖੀ ਮਰਿਆਦਾ ਅਨੁਸਾਰ ਪਾਪ ਹੈ।

## ਵਿਰਾਸਤ-ਏ-ਖਾਲਸਾ ਸਮੇਤ ਪੰਜਾਬ ਦੇ ਅਜਾਇਬ ਘਰ 10 ਤੱਕ ਬੰਦ

**ਰੂਪਨਗਰ:** ਪੰਜਾਬ ਸਰਕਾਰ ਨੇ ਤੇਜ਼ੀ ਨਾਲ ਵਧ ਰਹੇ ਕਰੋਨਾ ਕੇਸਾਂ ਦੇ ਮੱਦੇਨਜ਼ਰ ਸੂਬੇ 'ਚ ਅਜਾਇਬ ਘਰ 10 ਅਪਰੈਲ ਤੱਕ ਬੰਦ ਰੱਖਣ ਦਾ ਫੈਸਲਾ ਕੀਤਾ ਹੈ। ਸਰਕਾਰੀ ਬੁਲਾਰੇ ਨੇ ਆਖਿਆ ਕਿ ਸਰਕਾਰ ਦੀਆਂ ਹਦਾਇਤਾਂ 'ਤੇ ਹਿੱਤ ਆਨੰਦਪੁਰ ਸਾਹਿਬ ਵਿਖੇ ਸਥਿਤ ਵਿਰਾਸਤ-ਏ-ਖਾਲਸਾ ਨੂੰ ਫੌਰੀ ਬੰਦ ਕਰਨ ਦੇ ਹੁਕਮ ਹਨ ਅਤੇ ਇਥੇ ਆਮ ਲੋਕਾਂ ਦੇ ਦਾਖਲੇ 'ਤੇ ਪਾਬੰਦੀ ਹੋਵੇਗੀ। ਇਸੇ ਦੌਰਾਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਮੱਥਾ ਟੇਕਣ ਆਉਣ ਵਾਲੇ ਸ਼ਰਧਾਲੂਆਂ ਦੇ ਇਕ ਥਾਂ 'ਤੇ ਵੱਡੀ ਗਿਣਤੀ ਵਿਚ ਇਕੱਠੇ ਹੋਣ ਦੀ ਮਨਾਹੀ ਹੋਵੇਗੀ। ਪੰਜਾਬ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਵਧੀਕ ਮੁੱਖ ਸਕੱਤਰ ਸੰਜੇ ਕੁਮਾਰ ਨੇ ਕਿਹਾ ਕਿ ਰਾਜ ਅੰਦਰ ਕਰੋਨਾ ਦੇ ਕੇਸ ਤੇਜ਼ੀ ਨਾਲ ਵੱਧ ਰਹੇ ਹਨ ਅਤੇ ਇਨ੍ਹਾਂ ਨੂੰ ਰੋਕਣ ਲਈ ਸਖਤ ਕਦਮ ਚੁੱਕਣ ਦੀ ਲੋੜ ਹੈ। ਇਸ ਲਈ ਸਮੂਹ ਯਾਦਗਾਰਾਂ ਅਤੇ ਅਜਾਇਬ ਘਰ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ।

# ਸ਼੍ਰੋਮਣੀ ਕਮੇਟੀ ਨੇ ਯਾਦਗਾਰੀ ਸਿੱਕੇ ਤੇ ਡਾਕ ਟਿਕਟ ਦੇ ਡਿਜ਼ਾਈਨ ਭੇਜੇ

**ਅੰਮ੍ਰਿਤਸਰ:** ਸਿੱਖ ਜਗਤ ਵੱਲੋਂ ਪਹਿਲੀ ਮਈ ਨੂੰ ਦੇਸ਼ ਵਿਦੇਸ਼ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਮਨਾਈ ਜਾ ਰਹੀ 400 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਸਰਕਾਰ ਨੂੰ ਸ਼ਤਾਬਦੀ ਨੂੰ ਸਮਰਪਿਤ ਤਿਆਰ ਕੀਤੇ ਜਾਣ ਵਾਲੇ ਯਾਦਗਾਰੀ ਸਿੱਕੇ, ਡਾਕ ਟਿਕਟ ਅਤੇ ਡਾਕ ਲਿਫਾਫੇ ਦੇ ਪ੍ਰਸਤਾਵਿਤ ਡਿਜ਼ਾਈਨ ਤਿਆਰ ਕਰਵਾ ਕੇ ਭੇਜੇ ਗਏ ਹਨ। ਤਿਆਰ ਕਰਵਾਏ ਗਏ ਡਿਜ਼ਾਇਨ ਵਿਚ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਅੰਮ੍ਰਿਤਸਰ ਦੀ ਤਸਵੀਰ ਸ਼ਾਮਲ ਕੀਤੀ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਮਹੀਨਾ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਨੂੰ 400 ਸਾਲਾ ਇਤਿਹਾਸਕ ਸ਼ਤਾਬਦੀ ਮੌਕੇ ਵਿਸ਼ੇਸ਼ ਯਾਦਗਾਰੀ ਸਿੱਕਾ, ਯਾਦਗਾਰੀ ਡਾਕ ਟਿਕਟ ਤੇ ਡਾਕ ਲਿਫਾਫਾ ਜਾਰੀ ਕਰਨ ਦੀ ਅਪੀਲ ਕੀਤੀ ਸੀ ਜਿਸ 'ਤੇ ਕੇਂਦਰ ਸਰਕਾਰ ਦੇ ਸਬੰਧਤ ਮੰਤਰਾਲੇ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਜਵਾਬੀ ਪੱਤਰ ਲਿਖ ਕੇ ਇਸ ਅਪੀਲ ਪ੍ਰਤੀ ਹੁੰਗਾਰਾ ਭਰਦਿਆਂ ਇਸ ਦੇ ਡਿਜ਼ਾਇਨ ਪ੍ਰਤੀ ਜਲਦ ਰਾਇ ਭੇਜਣ ਲਈ ਕਿਹਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਬਣਾਈ ਸਬ ਕਮੇਟੀ ਨੇ ਡਿਜ਼ਾਇਨ ਤਿਆਰ ਕਰਵਾ ਕੇ ਕੇਂਦਰ ਸਰਕਾਰ ਦੇ ਸਬੰਧਤ ਮੰਤਰਾਲੇ ਨੂੰ ਭੇਜ ਦਿੱਤਾ ਹੈ।

ਉਨ੍ਹਾਂ ਦੱਸਿਆ ਕਿ ਭੇਜੇ ਗਏ ਡਿਜ਼ਾਇਨ ਵਿਚ ਯਾਦਗਾਰੀ ਸਿੱਕੇ ਅਤੇ ਡਾਕ ਟਿਕਟ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਦੀ ਤਸਵੀਰ ਸ਼ਾਮਲ ਕੀਤੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਸਰਕਾਰ ਸ਼ਤਾਬਦੀ ਤੋਂ ਪਹਿਲਾਂ ਯਾਦਗਾਰੀ ਸਿੱਕਾ, ਡਾਕ ਟਿਕਟ ਤੇ ਡਾਕ ਲਿਫਾਫਾ ਤਿਆਰ ਕਰਵਾ ਕੇ ਜਾਰੀ ਕਰ ਦੇਵੇਗੀ। ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ 550 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਮੌਕੇ ਜਿਥੇ ਸ਼੍ਰੋਮਣੀ ਕਮੇਟੀ ਨੇ ਸੋਨੇ ਤੇ ਚਾਂਦੀ ਦੇ ਯਾਦਗਾਰੀ ਸਿੱਕੇ ਤਿਆਰ ਕਰਵਾਏ ਸਨ, ਉਥੇ ਸਰਕਾਰ ਦੇ ਡਾਕ ਵਿਭਾਗ ਤੇ ਮਨਿਸਟਰੀ ਆਫ ਕਮਿਊਨੀਕੇਸ਼ਨਜ਼ ਵੱਲੋਂ ਵੀ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀਆਂ ਤਸਵੀਰਾਂ ਵਾਲਾ ਪੰਜ ਡਾਕ ਟਿਕਟਾਂ ਦਾ ਯਾਦਗਾਰੀ ਸੈਟ ਜਾਰੀ ਕੀਤਾ ਗਿਆ ਸੀ।

## ਹਰਿਆਣਵੀ ਸ਼ਰਧਾਲੂਆਂ ਦੀ ਮਦਦ ਕਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਵਾਲੇ ਹਰਿਆਣਾ ਦੇ ਸ਼ਰਧਾਲੂਆਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਵੀਜ਼ਾ ਲਗਵਾਉਣ ਦਾ ਪ੍ਰਬੰਧ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਜਗੀਰ ਕੌਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਪੰਜਾਬ ਵਾਂਗ ਹਰਿਆਣਾ ਦੀ ਸੰਗਤ ਨੂੰ ਵੀ ਸਹੂਲਤ ਦਿੱਤੀ ਜਾਵੇਗੀ। ਹਰਿਆਣਾ ਦੇ ਜਿਹੜੇ ਸ਼ਰਧਾਲੂ ਜਥੇ ਰਾਹੀਂ ਪਾਕਿਸਤਾਨ ਜਾਣਾ ਚਾਹੁਣਗੇ, ਸ਼੍ਰੋਮਣੀ ਕਮੇਟੀ ਉਨ੍ਹਾਂ ਦੇ ਵੀਜ਼ਾ ਲਗਵਾਉਣ ਲਈ ਮਦਦ ਕਰੇਗੀ। ਇਸ ਕਾਰਜ ਲਈ ਕੁਰੂਕਸ਼ੇਤਰ ਸਥਿਤ ਸ਼੍ਰੋਮਣੀ ਕਮੇਟੀ ਦੇ ਉਪ ਦਫਤਰ ਵਿਚ ਕੇਂਦਰ ਖੋਲ੍ਹਿਆ ਹੈ। ਜੂਨ 2021 ਵਿਚ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਜਾਣ ਵਾਲੇ ਜਥਿਆਂ ਲਈ ਹਰਿਆਣਾ ਦੇ ਸ਼ਰਧਾਲੂ ਆਪਣੇ ਪਾਸਪੋਰਟ ਕੁਰੂਕਸ਼ੇਤਰ ਦਫਤਰ ਵਿਚ ਜਮ੍ਹਾਂ ਕਰਵਾਉਣ।

# ਨਰਿੰਦਰ ਮੋਦੀ ਦੇ ਦੌਰੇ ਤੋਂ ਬਾਅਦ ਬੰਗਲਾਦੇਸ਼ 'ਚ ਵਿਆਪਕ ਹਿੰਸਾ

**ਢਾਕਾ:** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬੰਗਲਾਦੇਸ਼ ਦੌਰਾ ਖਤਮ ਹੁੰਦਿਆਂ ਹੀ ਉਥੇ ਹਿੰਸਾ ਭੜਕ ਗਈ ਹੈ। ਉਥੋਂ ਦੇ ਕੱਟੜਪੰਥੀ ਇਸਲਾਮਿਕ ਸੰਗਠਨਾਂ ਨੇ ਹਿੰਦੂ ਮੰਦਰਾਂ 'ਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਪ੍ਰਦਰਸ਼ਨਕਾਰੀਆਂ ਦੀਆਂ ਪੁਲਿਸ ਨਾਲ ਝੜਪਾਂ ਵੀ ਹੋਈਆਂ ਹਨ, ਜਿਸ 'ਚ 12 ਲੋਕ ਮਾਰੇ ਗਏ। ਦੇਸ਼ ਦੇ ਪੂਰਬੀ ਇਲਾਕੇ 'ਚ ਇਕ ਰੇਲ ਗੱਡੀ ਨੂੰ ਵੀ ਨਿਸ਼ਾਨਾ ਬਣਾਇਆ ਗਿਆ।

ਮੋਦੀ ਦੇ ਦੌਰੇ ਖਿਲਾਫ ਬੰਗਲਾਦੇਸ਼ ਦੇ ਕਈ ਹਿੱਸਿਆਂ 'ਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਕੁਝ ਥਾਵਾਂ ਉਤੇ ਪ੍ਰਦਰਸ਼ਨਕਾਰੀ ਕਾਫੀ ਹਿੰਸਕ ਵੀ ਹੋ ਗਏ, ਜਿਨ੍ਹਾਂ ਨੂੰ ਕਾਬੂ ਕਰਨ ਲਈ ਪੁਲਿਸ ਵੱਲੋਂ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਇਹ ਵਿਰੋਧ ਪ੍ਰਦਰਸ਼ਨ ਕੱਟੜਵਾਦੀ ਇਸਲਾਮਿਕ ਸੰਗਠਨ ਕਰਵਾ ਰਹੇ ਹਨ। ਉਨ੍ਹਾਂ ਦਾ ਪ੍ਰਧਾਨ ਮੰਤਰੀ ਮੋਦੀ 'ਤੇ ਦੋਸ਼ ਹੈ ਕਿ ਭਾਰਤ 'ਚ ਮੁਸਲਮਾਨਾਂ ਨਾਲ ਭੇਦਭਾਵ ਹੁੰਦਾ ਹੈ। ਹਿਫਾਜ਼ਤ-ਏ-ਇਸਲਾਮ ਦੇ ਕਾਰਕੁਨਾਂ ਨੇ ਬ੍ਰਾਹਮਣਬਾਰੀਆ 'ਚ ਇਕ ਰੇਲ ਗੱਡੀ 'ਤੇ ਹਮਲਾ ਕਰ ਦਿੱਤਾ, ਜਿਸ 'ਚ 10 ਲੋਕ ਜਖਮੀ ਹੋ ਗਏ। ਇਕ ਅਖਬਾਰ ਦੀ ਰਿਪੋਰਟ ਮੁਤਾਬਕ ਬ੍ਰਾਹਮਣਬਾਰੀਆ 'ਚ ਹਾਲਾਤ ਕਾਫੀ ਚਿੰਤਾਜਨਕ ਹਨ। ਕਈ ਸਰਕਾਰੀ ਦਫਤਰਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ, ਇਥੋਂ ਤੱਕ ਕਿ ਪ੍ਰੈੱਸ ਕਲੱਬ 'ਤੇ ਵੀ ਹਮਲਾ ਕੀਤਾ ਗਿਆ ਹੈ, ਜਿਥੇ ਕਈ ਲੋਕ ਜਖਮੀ ਹੋਏ ਹਨ। ਪ੍ਰਦਰਸ਼ਨਕਾਰੀਆਂ ਨੇ ਰਾਜਸ਼ਾਹੀ ਸ਼ਹਿਰ 'ਚ 2 ਬੱਸਾਂ ਨੂੰ ਵੀ ਅੱਗ ਲਾ ਦਿੱਤੀ। ਨਰਾਇਣਗੰਜ 'ਚ ਪ੍ਰਦਰਸ਼ਨਕਾਰੀਆਂ ਨੇ ਪੁਲਿਸ 'ਤੇ ਪੱਥਰਬਾਜੀ ਕੀਤੀ ਅਤੇ ਸੜਕਾਂ ਨੂੰ ਜਾਮ ਕਰ ਦਿੱਤਾ। ਦੂਜੇ ਪਾਸੇ ਹਿਫਾਜ਼ਤ-ਏ-ਇਸਲਾਮ ਦੇ ਸਕੱਤਰ ਅਜ਼ੀਜ਼ੁਲ ਹਾਕੀ ਨੇ ਚਿਟਗਾਓਂ 'ਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੁਲਿਸ ਸ਼ਾਂਤੀਪੂਰਨ ਪ੍ਰਦਰਸ਼ਨ ਕਰਨ ਵਾਲਿਆਂ 'ਤੇ ਗੋਲੀਆਂ ਚਲਾ ਰਹੀ ਹੈ, ਅਸੀਂ ਆਪਣੇ ਭਰਾਵਾਂ ਦਾ ਖੂਨ ਬੇਕਾਰ ਨਹੀਂ ਜਾਣ ਦੇਵਾਂਗੇ।

ਦੱਸ ਦਈਏ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸੇ ਹਫਤੇ ਦੋ ਦਿਨਾਂ ਦੇ ਬੰਗਲਾਦੇਸ਼ ਦੌਰੇ ਉਤੇ ਗਏ ਸਨ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਭਾਰਤ ਤੇ ਬੰਗਲਾਦੇਸ਼ ਸਥਿਰਤਾ, ਸਨੇਹ ਅਤੇ ਸ਼ਾਂਤੀ ਚਾਹੁੰਦੇ ਹਨ ਨਾ ਕਿ ਅਤਿਵਾਦ ਅਤੇ ਅਸ਼ਾਂਤੀ। ਮੋਦੀ ਨੇ ਕਿਹਾ ਕਿ ਦੋਵੇਂ ਦੇਸ਼ ਆਪਣੀ ਤਰੱਕੀ ਵਿਚੋਂ ਦੁਨੀਆਂ ਨੂੰ ਤਰੱਕੀ ਕਰਦਿਆਂ ਦੇਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਤੇ ਬੰਗਲਾਦੇਸ਼ ਨੂੰ ਸਾਂਝੀਆਂ ਚੁਣੌਤੀਆਂ ਨਾਲ ਮਿਲ ਕੇ ਨਜਿੱਠਣਾ ਚਾਹੀਦਾ ਹੈ।

ਭਾਰਤੀ ਪ੍ਰਧਾਨ ਮੰਤਰੀ ਨੇ ਨਾਲ ਹੀ ਕਿਹਾ ਕਿ ਬੰਗਲਾਦੇਸ਼ ਫਿਰਕੂ ਸਦਭਾਵਨਾ ਦੀ ਵੱਡੀ ਮਿਸਾਲ ਹੈ। ਮੋਦੀ ਨੇ ਗੋਪਾਲਗੰਜ ਦੇ ਤੁੰਗੀਪਾੜਾ ਵਿਚ ਬੰਗਲਾਦੇਸ਼ ਦੀ ਉਘੀ ਸ਼ਖਸੀਅਤ ਸ਼ੇਖ ਮੁਜੀਬਰ ਰਹਿਮਾਨ ਦੇ ਮਕਬਰੇ ਉਤੇ ਜਾ ਕੇ ਉਨ੍ਹਾਂ ਨੂੰ ਅਕੀਦਤ ਭੇਟ ਕੀਤੀ। ਪ੍ਰਧਾਨ ਮੰਤਰੀ ਮੋਦੀ ਤੇ ਉਨ੍ਹਾਂ ਦੀ ਹਮਰੁਤਬਾ ਸ਼ੇਖ ਹਸੀਨਾ 'ਬੰਗਬੰਧੂ-ਬਾਪੂ' ਡਿਜੀਟਲ ਪ੍ਰਦਰਸ਼ਨੀ ਵੀ ਦੇਖਣ ਗਏ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਬੰਗਲਾਦੇਸ਼ੀ ਹਮਰੁਤਬਾ ਸ਼ੇਖ ਹਸੀਨਾ ਨਾਲ ਵੀ ਮੁਲਾਕਾਤ ਕੀਤੀ। ਇਸ ਮੌਕੇ ਦੋਵਾਂ ਮੁਲਕਾਂ ਨੇ ਸੰਪਰਕ, ਊਰਜਾ, ਵਪਾਰ, ਸਿਹਤ ਤੇ ਵਿਕਾਸ ਨਾਲ ਜੁੜੇ ਪੰਜ ਸਮਝੌਤੇ ਸਹੀਬੰਦ ਕੀਤੇ। ਮੋਦੀ ਤੇ ਹਸੀਨਾ ਦੀ ਮੁਲਾਕਾਤ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਵਫਦਾਂ ਦੀ ਬੈਠਕ ਹੋਈ। ਭਾਰਤ ਨੇ ਇਸ ਮੌਕੇ 109 ਐਂਬੂਲੈਂਸਾਂ ਬੰਗਲਾਦੇਸ਼ ਨੂੰ ਸੌਂਪੀਆਂ। ਮੋਦੀ ਵੱਲੋਂ ਸ਼ੇਖ ਹਸੀਨਾ ਨੂੰ ਇਕ ਡੱਬਾ ਵੀ ਸੌਂਪਿਆ ਗਿਆ ਜੋ ਕਿ ਭਾਰਤ ਵੱਲੋਂ ਬੰਗਲਾਦੇਸ਼ ਨੂੰ ਦਿੱਤੀਆਂ ਜਾਣ ਵਾਲੀਆਂ 12 ਲੱਖ ਕੋਵਿਡ ਡੋਜ਼ਾਂ ਨੂੰ ਤੋਹਫੇ ਵਜੋਂ ਦਰਸਾਉਣ ਲਈ ਦਿੱਤਾ ਗਿਆ।

## ਹਰਿਆਣਾ ਸਰਕਾਰ ਵੱਲੋਂ ਧਰਮ ਪਰਿਵਰਤਨ ਰੋਕੂ ਕਾਨੂੰਨ ਲਿਆਉਣ ਦੀ ਤਿਆਰੀ

**ਨਵੀਂ ਦਿੱਲੀ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਉਹ ਜਲਦੀ ਹੀ ਹਰਿਆਣਾ ਵਿਚ ਜਬਰੀ ਧਰਮ ਪਰਿਵਰਤਨ ਨੂੰ ਰੋਕਣ ਲਈ ਕਾਨੂੰਨ ਲਿਆਉਣਗੇ। ਉਨ੍ਹਾਂ ਕਿਹਾ ਕਿ ਲੋੜ ਪਈ ਤਾਂ ਸ਼ੁਰੂਆਤ 'ਚ ਆਰਡੀਨੈਂਸ ਲਿਆਂਦਾ ਜਾਵੇਗਾ ਤੇ ਮਗਰੋਂ ਅਸੈਂਬਲੀ 'ਚ ਇਸ ਸਬੰਧੀ ਬਿੱਲ ਲਿਆ ਕੇ ਇਸ ਨੂੰ ਕਾਨੂੰਨ ਦੀ ਸ਼ਕਲ ਦਿੱਤੀ ਜਾਵੇਗੀ।



ਖੱਟਰ ਭਾਜਪਾ ਦੇ ਕੌਮੀ ਪ੍ਰਧਾਨ ਜਗਤ ਪ੍ਰਕਾਸ਼ ਨੱਡਾ ਨਾਲ ਮੀਟਿੰਗ ਉਪਰੰਤ ਇਥੇ ਹਰਿਆਣਾ ਭਵਨ 'ਚ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ। ਖੱਟਰ ਨੇ ਕਿਹਾ ਕਿ ਤਕਰੀਬਨ ਇਕ ਮਹੀਨੇ ਬਾਅਦ ਹੋਈ ਮੀਟਿੰਗ ਦੌਰਾਨ ਕਿਸਾਨਾਂ ਦੇ ਮੁੱਦੇ 'ਤੇ ਵੀ ਚਰਚਾ ਹੋਈ। ਹਰਿਆਣਾ ਮੰਤਰੀ ਮੰਡਲ ਵਿਚ ਵਾਧੇ ਬਾਰੇ ਪੁੱਛੇ ਜਾਣ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਸ੍ਰੀ ਨੱਡਾ ਨਾਲ ਇਸ ਬਾਰੇ ਕੋਈ ਗੱਲਬਾਤ ਨਹੀਂ ਕੀਤੀ। ਖੱਟਰ ਨੇ ਕਿਹਾ ਕਿ ਮੀਟਿੰਗ ਵਿੱਚ ਕਰੋਨਾ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਹਰਿਆਣਾ ਵਿਚ ਕੀਤੇ ਪ੍ਰਬੰਧਾਂ ਦੇ ਪ੍ਰਸੰਗ ਵਿਚ ਵਿਚਾਰ ਵਟਾਂਦਰਾ ਹੋਇਆ।

ਹਰਿਆਣਾ ਵਿਚ ਫਿਲਮ ਸਿਟੀ ਦੀ ਉਸਾਰੀ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਪਿੰਜੌਰ ਵਿਚ ਐਚ.ਐਮ.ਟੀ. ਦੀ ਜਮੀਨ ਵਿਚੋਂ ਕੁਝ ਜਮੀਨ ਇਸ ਕੰਮ ਲਈ ਰਾਖਵੀਂ ਰੱਖੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਿਸ ਤਰ੍ਹਾਂ 12 ਸਾਲ ਉਮਰ ਦੀਆਂ ਲੜਕੀਆਂ ਖਿਲਾਫ ਹੁੰਦੇ ਫੌਜਦਾਰੀ ਅਪਰਾਧਾਂ ਦੀ ਸੁਣਵਾਈ ਨੂੰ ਫਾਸਟ ਟਰੈਕ ਅਦਾਲਤ ਵਿਚ ਲਿਆਂਦਾ ਗਿਆ, ਉਸੇ ਤਰ੍ਹਾਂ ਹੋਰ ਕੇਸ ਵੀ ਫਾਸਟ ਟਰੈਕ ਅਦਾਲਤ ਵਿਚ ਤਬਦੀਲ ਕੀਤੇ ਜਾਣਗੇ।

# ਤੇਲ ਕੀਮਤਾਂ: ਆਮ ਲੋਕਾਂ ਨੂੰ ਰਾਹਤ ਬਾਰੇ ਕੇਂਦਰ ਸਰਕਾਰ ਨੇ ਧਾਰੀ ਚੁੱਪ

**ਚੰਡੀਗੜ੍ਹ:** ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਿਚ ਵਾਧੇ ਬਾਰੇ ਕੇਂਦਰ ਸਰਕਾਰ ਨੇ ਅਜੇ ਵੀ ਚੁੱਪ ਧਾਰੀ ਹੋਈ ਹੈ। ਭਾਵੇਂ 5 ਵਿਧਾਨ ਸਭਾ ਸੂਬਿਆਂ ਵਿਚ ਚੋਣਾਂ ਦੇ ਮੱਦੇਨਜ਼ਰ ਕੀਮਤਾਂ ਵਿਚ ਵਾਧੇ ਦੀ ਰਫਤਾਰ ਕੁਝ ਸਮੇਂ ਲਈ ਰੁਕੀ ਹੈ ਪਰ ਸਰਕਾਰ ਲੋਕਾਂ ਨੂੰ ਰਾਹਤ ਦੇਣ ਬਾਰੇ ਚੁੱਪ ਹੈ।

ਕੇਂਦਰੀ ਸਰਕਾਰ ਦੇ ਪਿਛਲੇ ਛੇ ਸਾਲਾਂ ਦੌਰਾਨ ਪੈਟਰੋਲ, ਡੀਜ਼ਲ ਅਤੇ ਕੁਦਰਤੀ ਗੈਸ ਉਤੇ ਆਬਕਾਰੀ ਡਿਊਟੀ ਵਿਚ ਕੀਤੇ ਵਾਧਿਆਂ ਕਾਰਨ ਪੈਟਰੋਲੀਅਮ ਪਦਾਰਥਾਂ ਤੋਂ ਹਾਸਲ ਹੋਣ ਵਾਲੇ ਮਾਲੀਏ ਵਿਚ 300 ਫੀਸਦੀ ਵਾਧਾ ਹੋਇਆ ਹੈ। ਲੋਕ ਸਭਾ ਵਿਚ ਇਕ ਸਵਾਲ ਦੇ ਜਵਾਬ ਵਿਚ ਵਿੱਤ ਰਾਜ ਮੰਤਰੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਵਿੱਤੀ ਸਾਲ 2020-21 ਦੇ ਪਹਿਲੇ ਦਸ ਮਹੀਨਿਆਂ ਦੌਰਾਨ ਹੀ ਕੇਂਦਰ ਸਰਕਾਰ ਨੂੰ 2.94 ਲੱਖ ਕਰੋੜ ਰੁਪਏ ਹਾਸਲ ਹੋਏ ਹਨ। 2014 ਵਿਚ ਕੁੱਲ ਮਾਲੀਏ ਵਿਚ ਪੈਟਰੋਲੀਅਮ ਪਦਾਰਥਾਂ ਦੇ ਮਾਲੀਏ ਦਾ ਹਿੱਸਾ 5.4 ਫੀਸਦੀ ਸੀ ਜੋ ਹੁਣ ਵਧ ਕੇ 12.2 ਫੀਸਦੀ ਹੋ ਗਿਆ ਹੈ। 2014 ਵਿਚ ਪੈਟਰੋਲ ਉਤੇ ਆਬਕਾਰੀ ਡਿਊਟੀ 9.48 ਰੁਪਏ ਪ੍ਰਤੀ ਲਿਟਰ ਸੀ ਜੋ ਹੁਣ 32.90 ਰੁਪਏ ਪ੍ਰਤੀ ਲਿਟਰ ਹੈ ਤੇ ਡੀਜ਼ਲ 'ਤੇ ਵਾਧਾ 3.56 ਰੁਪਏ ਤੋਂ 31.80 ਰੁਪਏ ਪ੍ਰਤੀ ਲਿਟਰ ਹੋਇਆ ਹੈ।

ਸਰਕਾਰ ਨੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਨਿਰਧਾਰਤ ਕਰਨ ਦਾ ਆਪਣਾ ਅਧਿਕਾਰ ਛੱਡ ਕੇ ਇਹ ਨੀਤੀ ਅਪਣਾਈ ਸੀ ਕਿ ਕੀਮਤਾਂ ਖੁੱਲ੍ਹੀ ਮੰਡੀ ਦੇ ਹਿਸਾਬ ਕਿਤਾਬ ਅਨੁਸਾਰ ਵਧਣ ਘਟਣਗੀਆਂ। ਇਸ ਦਾ ਮਤਲਬ ਸੀ ਕਿ ਦੇਸ਼ ਵਿਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਅੰਤਰਰਾਸ਼ਟਰੀ ਮਾਰਕੀਟ ਵਿਚ ਕੱਚੇ ਤੇਲ ਦੇ




ਭਾਅ ਦੇ ਮੁਤਾਬਿਕ ਵਧਦੀਆਂ-ਘਟਦੀਆਂ ਰਹਿਣਗੀਆਂ ਅਤੇ ਇਨ੍ਹਾਂ ਬਾਰੇ ਫੈਸਲੇ ਪੈਟਰੋਲੀਅਮ ਕੰਪਨੀਆਂ ਖੁਦ ਕਰਨਗੀਆਂ। ਭਾਵੇਂ ਸਰਕਾਰ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਧਣ ਪਿੱਛੇ ਅੰਤਰਰਾਸ਼ਟਰੀ ਮਾਰਕੀਟ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਧਣ ਨੂੰ ਜ਼ਿੰਮੇਵਾਰ ਕਹਿ ਰਹੀ ਹੈ ਪਰ ਅਸਲੀਅਤ ਇਸ ਨਾਲ ਮੇਲ ਨਹੀਂ ਖਾਂਦੀ। ਭਾਰਤ ਵਿਚ ਖਪਤਕਾਰਾਂ ਨੂੰ ਅੰਤਰਰਾਸ਼ਟਰੀ ਮੰਡੀ ਵਿਚ ਤੇਲ ਦੇ ਭਾਅ ਤੋਂ ਕਈ ਗੁਣਾ ਵੱਧ ਕੀਮਤ ਦੇਣੀ ਪੈਂਦੀ ਹੈ।

ਕੋਵਿਡ-19 ਦੌਰਾਨ ਸਰਕਾਰੀ ਮਾਲੀਆ ਹਰ ਖੇਤਰ 'ਚੋਂ ਘਟਿਆ ਹੈ ਪਰ ਪੈਟਰੋਲੀਅਮ ਪਦਾਰਥਾਂ ਤੋਂ ਸਰਕਾਰ ਨੇ ਵੱਡੀ ਕਮਾਈ ਕੀਤੀ। ਖੁੱਲ੍ਹੀ ਮੰਡੀ ਦੇ ਸਿਧਾਂਤ ਅਨੁਸਾਰ ਜੇ ਅੰਤਰਰਾਸ਼ਟਰੀ ਮੰਡੀ ਵਿਚ ਕੱਚੇ ਤੇਲ ਦੀ ਕੀਮਤ ਘਟਣ ਨਾਲ ਉਸ ਦਾ ਲਾਭ ਖਪਤਕਾਰ ਤੱਕ ਪਹੁੰਚਣਾ ਚਾਹੀਦਾ ਸੀ ਪਰ ਹਕੀਕਤ ਇਸ ਤੋਂ ਉਲਟ ਹੈ। ਕੱਚੇ ਤੇਲ ਦਾ ਮਾਮੂਲੀ ਭਾਅ ਵਧਣ ਕਾਰਨ ਵਾਧਾ ਤਾਂ ਖਪਤਕਾਰ ਨੂੰ ਉਸੇ ਦਿਨ ਤੋਂ ਦੇਣਾ ਪੈਂਦਾ ਹੈ ਪਰ ਭਾਅ ਘਟਣ ਦਾ ਲਾਭ ਉਸ ਤੱਕ ਨਹੀਂ ਪਹੁੰਚਦਾ। ਇਸ ਦਾ ਮੂਲ ਕਾਰਨ ਕੇਂਦਰ ਸਰਕਾਰ ਵੱਲੋਂ ਲਗਾਏ ਜਾਂਦੇ ਆਬਕਾਰੀ ਟੈਕਸ ਅਤੇ ਰਾਜ ਸਰਕਾਰਾਂ ਵੱਲੋਂ ਲਗਾਏ ਜਾਂਦੇ ਵੈਟ ਹਨ। ਇਹੀ ਨਹੀਂ ਇਕੱਠੇ ਕੀਤੇ ਜਾ ਰਹੇ ਪੈਸੇ ਨਾਲ ਨਾ ਤਾਂ ਸਿਹਤ ਅਤੇ ਵਿੱਦਿਆ ਦੇ ਖੇਤਰਾਂ ਵਿਚ ਨਿਵੇਸ਼ ਕੀਤਾ ਜਾ ਰਿਹਾ ਹੈ ਨਾ ਹੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ। ਸਰਕਾਰ ਇਨ੍ਹਾਂ ਖੇਤਰਾਂ ਵਿਚ ਵੀ ਘੱਟ ਖਰਚ ਕਰ ਰਹੀ ਹੈ। ਸਰਕਾਰ ਨੇ ਜੀ.ਐਸ.ਟੀ. ਲਾਗੂ ਕਰਕੇ 'ਇਕ ਦੇਸ਼ ਇਕ ਟੈਕਸ' ਪ੍ਰਣਾਲੀ ਲਾਗੂ ਕੀਤੀ ਸੀ। ਸਵਾਲ ਉੱਠਦਾ ਹੈ ਕਿ ਪੈਟਰੋਲੀਅਮ ਪਦਾਰਥ ਜੀ.ਐਸ.ਟੀ. ਦੇ ਦਾਇਰੇ ਵਿਚ ਕਿਉਂ ਨਹੀਂ ਲਿਆਂਦੇ ਜਾ ਰਹੇ। ਪੈਟਰੋਲੀਅਮ ਅਤੇ ਡੀਜ਼ਲ ਦੇ ਵਧਦੇ ਭਾਅ ਦਾ ਸਿੱਧਾ ਅਸਰ ਖੇਤੀ ਖੇਤਰ, ਟਰਾਂਸਪੋਰਟ ਅਤੇ ਸਨਅਤਾਂ 'ਤੇ ਪੈਂਦਾ ਹੈ ਜਿਸ ਕਾਰਨ ਮਹਿੰਗਾਈ ਹੋਰ ਵਧਦੀ ਹੈ।

# ਫੌਜੀ ਪਲਟੇ ਖਿਲਾਫ ਮਿਆਂਮਾਰ 'ਚ ਮੁਜ਼ਾਹਰੇ ਜਾਰੀ

**ਯੈਂਗੋਨ:** ਮਿਆਂਮਾਰ ਵਿਚ ਫੌਜੀ ਰਾਜ ਪਲਟੇ ਖਿਲਾਫ ਲੋਕਾਂ ਦੇ ਰੋਸ ਪ੍ਰਦਰਸ਼ਨ ਜਾਰੀ ਹਨ। ਰੋਸ ਮੁਜ਼ਾਹਰੇ ਦੋ ਸਭ ਤੋਂ ਵੱਡੇ ਸ਼ਹਿਰਾਂ ਯੈਂਗੋਨ ਤੇ ਮਾਂਡਲੇ ਵਿਚ ਹੋਏ। ਕੁਝ ਥਾਈਂ ਲੋਕਾਂ ਦਾ ਪੁਲਿਸ ਨਾਲ ਸਾਹਮਣਾ ਹੋਇਆ। ਪਹਿਲੀ ਫਰਵਰੀ ਨੂੰ ਹੋਏ ਰਾਜ ਪਲਟੇ ਤੋਂ ਬਾਅਦ ਲਗਾਤਾਰ ਮੁਲਕ ਵਿਚ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ। ਫੌਜੀ ਰਾਜ ਪਲਟੇ ਖਿਲਾਫ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਵਿਚ ਹੁਣ ਤੱਕ 420 ਤੋਂ ਵੱਧ ਲੋਕ ਮਾਰੇ ਗਏ ਹਨ। ਮ੍ਰਿਤਕਾਂ ਵਿਚ 16 ਸਾਲ ਤੋਂ ਘੱਟ ਉਮਰ ਦੇ ਕਈ ਬੱਚੇ ਵੀ ਸ਼ਾਮਲ ਹਨ। ਇਸ ਖੂਨ-ਖਰਾਬੇ ਦੀ ਕੌਮਾਂਤਰੀ ਪੱਧਰ ਉਤੇ ਤਿੱਖੀ ਆਲੋਚਨਾ ਹੋ ਰਹੀ ਹੈ।



ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਨਾਗਰਿਕਾਂ ਦੀ ਹੱਤਿਆ ਦੀ ਸੂਚਨਾ ਮਿਲਣ ਨਾਲ ਵੱਡਾ ਝਟਕਾ ਲੱਗਾ ਹੈ। ਟਵੀਟ ਕਰਦਿਆਂ ਗੁਟੇਰੇਜ ਨੇ ਲਿਖਿਆ ਕਿ ਲਗਾਤਾਰ ਫੌਜ ਵੱਲੋਂ ਵਰਤੀ ਜਾ ਰਹੀ ਤਾਕਤ ਸਵੀਕਾਰ ਕਰਨ ਯੋਗ ਨਹੀਂ ਹੈ। ਇਸ ਦਾ ਕੌਮਾਂਤਰੀ ਪੱਧਰ 'ਤੇ ਮਜ਼ਬੂਤ, ਇਕਜੁੱਟ ਜਵਾਬ ਦੇਣਾ ਬਣਦਾ ਹੈ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਕਿ ਅਮਰੀਕਾ ਬਰਮਾ ਦੀ ਫੌਜ ਵੱਲੋਂ ਕੀਤੇ ਖੂਨ-ਖਰਾਬੇ ਤੋਂ ਬਹੁਤ ਫਿਕਰਮੰਦ ਹੈ। ਇਹ ਦਰਸਾਉਂਦਾ ਹੈ ਕਿ ਫੌਜ ਕੁਝ ਨੂੰ ਖੁਸ਼ ਕਰਨ ਲਈ ਲੋਕਾਂ ਦੀ ਜ਼ਿੰਦਗੀ ਦੀ ਬਲੀ ਦੇ ਰਹੀ ਹੈ। 12 ਮੁਲਕਾਂ ਦੇ ਫੌਜ ਮੁਖੀਆਂ ਨੇ ਲੋਕਾਂ ਖਿਲਾਫ ਵਰਤੇ ਬਲ ਵਿਰੁੱਧ ਸਾਂਝਾ ਬਿਆਨ ਜਾਰੀ ਕੀਤਾ ਹੈ।

ਉਨ੍ਹਾਂ ਕਿਹਾ ਕਿ ਪੇਸ਼ੇਵਰ ਫੌਜ ਲੋਕਾਂ ਦੀ ਰਾਖੀ ਲਈ ਹੁੰਦੀ ਹੈ ਨਾ ਕਿ ਉਨ੍ਹਾਂ ਦਾ ਨੁਕਸਾਨ ਕਰਨ ਲਈ। ਆਸਟਰੇਲੀਆ, ਕੈਨੇਡਾ, ਜਰਮਨੀ, ਜਪਾਨ, ਅਮਰੀਕਾ, ਯੂਕੇ ਤੇ ਹੋਰ ਦੇਸ਼ਾਂ ਦੇ ਫੌਜ ਮੁਖੀਆਂ ਨੇ ਮਿਆਂਮਾਰ ਦੀ ਫੌਜ ਨੂੰ ਹਿੰਸਾ ਬੰਦ ਕਰਨ ਲਈ ਬੇਨਤੀ ਕੀਤੀ ਹੈ।

# ਮਿਸਤਰੀ ਨੂੰ ਟਾਟਾ ਸਮੂਹ ਦਾ ਪ੍ਰਧਾਨ ਬਣਾਉਣ ਦਾ ਫੈਸਲਾ ਸੁਪਰੀਮ ਕੋਰਟ ਵੱਲੋਂ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਐਨ.ਸੀ.ਐਲ.ਏ.ਟੀ. ਦਾ 18 ਦਸੰਬਰ 2019 ਦਾ ਉਹ ਫੈਸਲਾ ਰੱਦ ਕਰ ਦਿੱਤਾ ਹੈ ਜਿਸ 'ਚ ਸਾਇਰਸ ਮਿਸਤਰੀ ਨੂੰ ਟਾਟਾ ਸਮੂਹ ਦਾ ਮੁੜ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਨ ਦੇ ਹੁਕਮ ਦਿੱਤੇ ਗਏ ਸਨ। ਚੀਫ ਜਸਟਿਸ ਐਸ.ਏ. ਬੋਬੜੇ, ਜਸਟਿਸ ਏ.ਐਸ. ਬੋਪੰਨਾ ਅਤੇ ਜਸਟਿਸ ਵੀ ਰਾਮਾ ਸੁਬਰਾਮਨੀਅਮ ਦੇ ਬੈਂਚ ਨੇ ਟਾਟਾ ਸਮੂਹ ਦੀ ਅਪੀਲ ਨੂੰ ਸਹੀ ਠਹਿਰਾਇਆ ਹੈ। ਬੈਂਚ ਨੇ ਆਪਣੇ ਹੁਕਮ 'ਚ ਕਿਹਾ, 'ਕੌਮੀ ਕੰਪਨੀ ਲਾਅ ਅਪੀਲੀ ਅਥਾਰਿਟੀ (ਐਨ.ਸੀ.ਐਲ.ਏ.ਟੀ.) ਦੇ 18 ਦਸੰਬਰ 2019 ਦੇ ਫੈਸਲੇ ਨੂੰ ਰੱਦ ਕੀਤਾ ਜਾਂਦਾ ਹੈ।' ਟਾਟਾ ਸੰਨਜ਼ ਪ੍ਰਾਈਵੇਟ ਲਿਮਿਟਡ ਤੇ ਸਾਇਰਸ ਇਨਵੈਸਟਮੈਂਟ ਪ੍ਰਾਈਵੇਟ ਲਿਮਿਟਡ ਨੇ ਐਨ.ਸੀ.ਐਲ.ਏ.ਟੀ. ਦੇ ਫੈਸਲੇ ਖਿਲਾਫ ਕਰਾਸ ਅਪੀਲ ਦਾਇਰ ਕੀਤੀ ਸੀ ਜਿਸ 'ਤੇ ਸਿਖਰਲੀ ਅਦਾਲਤ ਨੇ ਫੈਸਲਾ ਸੁਣਾਇਆ ਹੈ। ਟਾਟਾ ਸਮੂਹ ਦੇ ਚੇਅਰਮੈਨ ਰਤਨ ਟਾਟਾ ਨੇ ਅਦਾਲਤ ਦੇ ਫੈਸਲੇ ਮਗਰੋਂ ਟਵੀਟ ਕੀਤਾ, 'ਮੈਂ ਸੁਪਰੀਮ ਕੋਰਟ ਦੇ ਫੈਸਲੇ ਦੀ ਸ਼ਲਾਘਾ ਕਰਦਾ ਹਾਂ ਅਤੇ ਅਦਾਲਤ ਦਾ ਸ਼ੁਕਰਗੁਜ਼ਾਰ ਹਾਂ। ਇਹ ਹਾਰ ਜਾਂ ਜਿੱਤ ਦਾ ਵਿਸ਼ਾ ਨਹੀਂ ਹੈ। ਮੇਰੀ ਇਮਾਨਦਾਰੀ ਤੇ ਸਮੂਹ ਦੀ ਨੈਤਿਕਤਾ 'ਤੇ ਲਗਾਤਾਰ ਹਮਲੇ ਕੀਤੇ ਗਏ। ਫੈਸਲੇ ਨੇ ਟਾਟਾ ਸਮੂਹ ਦੇ ਮੁੱਲਾਂ ਤੇ ਨੈਤਿਕਤਾ 'ਤੇ ਮੁਹਰ ਲਾਈ ਹੈ।'

# ਕੌਮੀ ਬੈਂਕ ਦੇ ਗਠਨ ਸਬੰਧੀ ਬਿੱਲ ਰਾਜ ਸਭਾ ਵਿਚ ਪਾਸ

**ਨਵੀਂ ਦਿੱਲੀ:** ਰਾਜ ਸਭਾ ਨੇ ਬੁਨਿਆਦੀ ਢਾਂਚੇ ਤੇ ਵਿਕਾਸ ਲਈ ਫੰਡ ਜੁਟਾਉਣ ਲਈ ਕੌਮੀ ਬੈਂਕ (ਐਨ.ਏ.ਬੀ.ਐਫ.ਆਈ.ਡੀ.) ਦੇ ਗਠਨ ਨਾਲ ਸਬੰਧਤ ਬਿੱਲ ਪਾਸ ਕਰ ਦਿੱਤਾ ਗਿਆ ਹੈ। ਦਿਲਚਸਪ ਗੱਲ ਹੈ ਕਿ ਕੌਮੀ ਬੈਂਕ ਸੀ.ਬੀ.ਆਈ, ਸੀ.ਵੀ.ਸੀ. ਤੇ ਕੈਗ ਦੇ ਘੇਰੇ 'ਚੋਂ ਬਾਹਰ ਰਹੇਗਾ ਤੇ ਸਰਕਾਰ ਦੀ ਇਸ ਵਿਚ ਹਿੱਸੇਦਾਰੀ 26 ਫੀਸਦ ਜਦੋਂਕਿ 74 ਫੀਸਦ ਨਿੱਜੀ ਖੇਤਰ ਦੀ ਹੋਵੇਗੀ।

ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਬਿੱਲ 'ਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਇਨ੍ਹਾਂ ਤੱਥਾਂ ਦਾ ਖੁਲਾਸਾ ਕੀਤਾ। ਵਿੱਤ ਮੰਤਰੀ ਨੇ ਕਿਹਾ ਕਿ ਬੈਂਕ ਨੂੰ ਸਰਕਾਰ ਵੱਲੋਂ ਨਿਯੁਕਤ ਚੇਅਰਮੈਨ ਪੇਸ਼ੇਵਰ ਤਰੀਕੇ ਨਾਲ ਚਲਾਏਗਾ ਜਦੋਂਕਿ ਹੋਰ ਸਾਰੀਆਂ ਨਿਯੁਕਤੀਆਂ ਬੈਂਕਿੰਗ ਬਿਊਰੋ ਬੋਰਡ ਵੱਲੋਂ ਕੀਤੀਆਂ ਜਾਣਗੀਆਂ। ਸਰਕਾਰ ਕੌਮੀ ਬੁਨਿਆਦੀ ਢਾਂਚਾ ਪਾਈਪਲਾਈਨ (ਐਨ.ਆਈ.ਪੀ.) ਤਹਿਤ 7000 ਇਨਫਰਾ (ਬੁਨਿਆਦੀ ਢਾਂਚਾ) ਪ੍ਰੋਜੈਕਟਾਂ ਲਈ ਗ੍ਰਾਂਟ ਵਜੋਂ 5000 ਕਰੋੜ ਰੁਪਏ ਤੋਂ 20 ਹਜ਼ਾਰ ਕਰੋੜ ਰੁਪਏ ਇਕੁਇਟੀ ਕੈਪੀਟਲ ਵਜੋਂ ਮੁਹੱਈਆ ਕਰਵਾਏਗੀ। ਕੌਮੀ ਬੈਂਕ ਦੇ ਗਠਨ ਬਾਰੇ ਕਾਂਗਰਸ ਦੇ ਜੈਰਾਮ ਰਮੇਸ਼ ਤੇ ਹੋਰਨਾਂ ਵੱਲੋਂ ਜ਼ਾਹਿਰ ਕੀਤੇ ਫਿਕਰਾਂ ਦਾ ਜਵਾਬ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ, 'ਕੌਮੀ ਬੈਂਕ (ਐਨ.ਏ.ਬੀ.ਐਫ.ਆਈ.ਡੀ.) ਸਾਡੀ ਹੱਦ/ਨਿਗਰਾਨੀ ਤੋਂ ਬਾਹਰ ਨਹੀਂ ਹੋਵੇਗਾ। ਬੈਂਕ ਦੀਆਂ ਆਡਿਟ ਰਿਪੋਰਟਾਂ ਸੰਸਦ ਦੇ ਦੋਵਾਂ ਸਦਨਾਂ ਵਿਚ ਹੀ ਪੇਸ਼ ਕੀਤੀਆਂ ਜਾਣਗੀਆਂ। ਜਦੋਂ ਕਦੇ ਵੀ ਸਰਕਾਰ ਰਿਪੋਰਟ ਮੰਗੇਗੀ, ਬੈਂਕ ਅਜਿਹਾ ਕਰਨ ਲਈ ਪ੍ਰਤੀਬੱਧ ਹੋਵੇਗਾ।' ਸੀਤਾਰਾਮਨ ਨੇ ਐਕਟ ਦੀ ਉਸ ਕਲਾਜ਼ ਦਾ ਵੀ ਹਵਾਲਾ ਦਿੱਤਾ, ਜਿਸ ਤਹਿਤ ਸੰਸਥਾ ਨੂੰ ਆਪਣਾ ਵਿੱਤੀ ਸਾਲ ਖਤਮ ਹੋਣ ਦੇ ਚਾਰ ਮਹੀਨਿਆਂ ਅੰਦਰ ਕੇਂਦਰ ਤੇ



ਆਰ.ਬੀ.ਆਈ. ਨੂੰ ਆਪਣੀ ਬੈਲੰਸ ਸ਼ੀਟ, ਖਾਤਿਆਂ ਤੇ ਆਡਿਟਰ ਦੀ ਰਿਪੋਰਟ ਜਮ੍ਹਾਂ ਕਰਵਾਉਣੀ ਹੋਵੇਗੀ। ਬਹਿਸ ਦਾ ਜਵਾਬ ਦਿੰਦਿਆਂ ਸੀਤਾਰਾਮਨ ਨੇ ਇਸ ਗੱਲ 'ਤੇ ਵਿਸ਼ੇਸ਼ ਜ਼ੋਰ ਦਿੱਤਾ ਕਿ ਬਿੱਲ ਅਜਿਹੀ ਕੋਈ ਵਿਵਸਥਾ/ਪ੍ਰਬੰਧ ਨਹੀਂ ਹੈ ਕਿ ਕੌਮੀ ਬੈਂਕ ਸਿਰਫ ਸਿੱਧੇ ਵਿਦੇਸ਼ ਨਿਵੇਸ਼ (ਐਫ.ਡੀ.ਆਈ.) 'ਤੇ ਟੇਕ ਰੱਖੇਗਾ। ਭਾਰਤੀ ਬੁਨਿਆਦੀ ਢਾਂਚੇ ਨਾਲ ਜੁੜੇ ਪ੍ਰੋਜੈਕਟਾਂ ਨੂੰ ਭਾਰਤੀ ਨਿਵੇਸ਼ਕਾਂ ਤੋਂ ਵਧੇਰੇ ਫੰਡ ਮਿਲਣਗੇ। ਉਨ੍ਹਾਂ ਕਿਹਾ ਕਿ ਬੈਂਕ ਅਜਿਹਾ ਵਾਤਾਵਰਨ ਪ੍ਰਬੰਧ ਸਿਰਜਣ ਦੀ ਕੋਸ਼ਿਸ਼ ਕਰਨਗੇ, ਜੋ ਬੌਂਡ ਮਾਰਕੀਟ ਨੂੰ ਪੱਕੇ ਪੈਰੀਂ ਕਰੇਗਾ।

### ਬਿੱਲਾਂ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਵਾਂਗੇ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਕਿਹਾ ਕਿ ਉਹ ਬਜਟ ਇਜਲਾਸ ਦੌਰਾਨ ਸੰਸਦ ਵਿਚ ਪਾਸ ਬਿੱਲਾਂ ਨੂੰ ਸਰਵਉੱਚ ਅਦਾਲਤ ਵਿਚ ਚੁਣੌਤੀ ਦੇਵੇਗੀ। ਕਾਂਗਰਸ ਨੇ ਕਿਹਾ ਕਿ ਪਹਿਲੀ ਵਾਰ ਹੈ ਜਦੋਂ ਸਰਕਾਰ ਨੇ ਵਿਰੋਧੀ ਧਿਰ ਦੀ ਕਿਸੇ ਮੰਗ ਨੂੰ ਨਹੀਂ ਮੰਨਿਆ ਤੇ ਸਰਕਾਰ ਆਪਣੇ ਵਿਧਾਨਿਕ ਕਾਰੋਬਾਰ ਨੂੰ ਅੱਗੇ ਧੱਕਣ 'ਚ ਹੀ ਰੁਚੀ ਰੱਖਦੀ ਹੈ। ਕਾਂਗਰਸ ਆਗੂ ਮਲਿਕਾਰਜੁਨ ਖੜਗੇ, ਜੈਰਾਮ ਰਮੇਸ਼ ਤੇ ਰਵਨੀਤ ਸਿੰਘ ਬਿੱਟੂ ਨੇ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਉਹ ਚਾਹੁੰਦੇ ਸੀ ਕਿ ਸੰਸਦ ਦਾ ਮੌਜੂਦਾ ਇਜਲਾਸ ਮਿਥੇ ਮੁਤਾਬਕ 8 ਅਪਰੈਲ ਤੱਕ ਚੱਲੇ, ਪਰ ਸਰਕਾਰ ਨੇ ਆਨੇ ਬਹਾਨੇ ਇਸ ਨੂੰ ਨਿਰਧਾਰਿਤ ਨਾਲੋਂ ਦੋ ਹਫਤੇ ਪਹਿਲਾਂ ਹੀ ਅਣਮਿਥੇ ਸਮੇਂ ਲਈ ਉਠਾ ਦਿੱਤਾ।

# ਬਾਜ਼ ਦੀ ਆਖਰੀ ਉਡਾਰੀ: ਹਰਵਿੰਦਰ ਰਿਆੜ

**ਸ਼ਰਧਾਂਜਲੀ**

ਪ੍ਰੋ. ਨਿਰੰਜਨ ਸਿੰਘ ਦੀ ਢੇਸੀ ਦਾ ਫੋਨ ਆਇਆ, "ਸੁਰਿੰਦਰ! ਮੈਂ ਨਿਊ ਯਾਰਕ ਆ ਰਿਹਾਂ। ਜੱਸ ਪੰਜਾਬੀ 'ਤੇ ਮੁੱਦਾ ਪ੍ਰੋਗਰਾਮ ਕਰਨਾ। ਨਿਊ ਜਰਸੀ ਗੁਰੂਘਰ 'ਚ ਮੇਰਾ ਲੈਕਚਰ ਐ। ਫਿਰ ਰਵਿੰਦਰ ਸਹਿਰਾਅ ਵੱਲ ਜਾਣ ਦਾ ਪ੍ਰੋਗਰਾਮ ਐ। ਉਸ ਤੋਂ ਬਾਅਦ ਸ਼ਾਮ ਨੂੰ ਰਿਆੜ ਨੇ ਆਪਣੇ ਘਰ ਮੇਰਾ ਸਨਮਾਨ ਜਿਹਾ (ਇਥੇ ਢੇਸੀ ਸਾਹਿਬ ਦਾ ਕਹਿਕਹਾ ਗੂੰਜਿਆ ਸੀ) ਰੱਖਿਆ ਹੋਇਆ, ਪਰ ਮੇਰੇ ਲਈ ਇਹ ਕੰਮ ਏਨੇ ਮਹੱਤਵਪੂਰਨ ਨਹੀਂ। ਮੈਂ ਇਕ ਵੱਡਾ ਕੰਮ ਕਰਨ ਆ ਰਿਹਾਂ। ਇਕ ਗੱਲ ਦੱਸ! ਤੇਰੇ ਹਰਵਿੰਦਰ ਰਿਆੜ ਨਾਲ ਕੀ ਇਖਤਿਲਾਫ ਆ?"

ਮੈਂ ਕਿਹਾ, "ਪ੍ਰੋਫੈਸਰ ਸਾਹਿਬ! ਕੋਈ ਇਖਤਿਲਾਫ ਨਹੀਂ।"

**ਸੁਰਿੰਦਰ ਸੋਹਲ**

"ਮੈਨੂੰ ਪਤਾ ਲੱਗਾ ਤੁਸੀਂ ਆਪਸ ਵਿਚ ਕਈ ਸਾਲਾਂ ਦੇ ਬੋਲਦੇ ਨਈਂ", ਪ੍ਰੋ. ਨਿਰੰਜਨ ਸਿੰਘ ਢੇਸੀ ਸਿੱਧਾ ਹੀ ਮੁੱਦੇ 'ਤੇ ਆ ਗਏ, "ਦੇਖੋ! ਤੁਸੀਂ ਦੋਵੇਂ ਮੇਰੇ ਵਿਦਿਆਰਥੀ ਓਂ। ਦੋਵੇਂ ਸਾਹਿਤ ਰਸੀਏ ਓਂ। ਆਪਣੇ-ਆਪਣੇ ਖੇਤਰ 'ਚ ਤੁਹਾਡਾ ਦੋਹਾਂ ਦਾ ਆਪਣਾ-ਆਪਣਾ ਯੋਗਦਾਨ ਹੈ। ਮੈਂ ਚਾਹੁੰਨਾ ਤੁਸੀਂ ਆਪਣੀਆਂ ਰੰਜਿਸ਼ਾਂ ਛੱਡੋ। ਦੋਸਤ ਬਣੋ। ਤੂੰ ਦੱਸ ਇਹ ਬੋਲ-ਚਾਲ ਕਿਵੇਂ ਸ਼ੁਰੂ ਹੋ ਸਕਦੀ ਹੈ?"

ਮੈਂ ਆਖਿਆ, "ਪ੍ਰੋਫੈਸਰ ਸਾਹਿਬ! ਮੇਰੇ ਮਨ 'ਚ ਉਸ ਬਾਰੇ ਕੋਈ ਰੰਜਿਸ਼ ਨਹੀਂ। ਜੇ ਤੁਸੀਂ ਉਸ ਨੂੰ ਮੇਰੇ ਘਰ ਲੈ ਕੇ ਆਉਣਾ ਚਾਹੁੰਦੇ ਹੋ, ਵਧੀਆ ਗੱਲ ਹੈ। ਜੇ ਉਸ ਨੂੰ ਮੇਰੇ ਘਰ ਆਉਣ 'ਚ ਝਿਜਕ ਹੈ ਤਾਂ ਮੈਂ ਉਸ ਦੇ ਘਰ ਤੁਹਾਨੂੰ ਮਿਲਣ ਆ ਜਾਂਦਾ ਹਾਂ।"

"ਫਿਰ ਤਾਂ ਗੱਲ ਹੀ ਖਤਮ ਹੋ ਗਈ", ਪ੍ਰੋ. ਢੇਸੀ ਦੀ ਆਵਾਜ਼ ਤਸੱਲੀ ਦੇ ਰੰਗ 'ਚ ਘੁਲੀ ਹੋਈ ਸੀ, "ਓਹ ਵੀ ਏਹੀ ਕਹਿੰਦਾ ਬਈ ਮੇਰੇ ਦਿਲ 'ਚ ਸੋਹਲ ਪ੍ਰਤੀ ਕੋਈ ਗਿਲਾ-ਸ਼ਿਕਵਾ ਨਹੀਂ। ਤੂੰ ਫਿਰ ਐਤਵਾਰ ਨੂੰ ਆ ਜਾਵੀਂ ਨਿਊ ਜਰਸੀ। ਉਹਦੇ ਘਰ ਦਾ ਸਿਰਨਾਵਾਂ ਤਾਂ ਤੈਨੂੰ ਪਤੈ ਨਾ...!"

...ਤੇ ਉਸ ਦਿਨ ਅਸੀਂ ਸਾਰਾ ਦਿਨ ਇਕੱਠੇ ਰਹੇ। ਪਹਿਲਾਂ ਉਸ ਦੇ ਘਰ ਨਾਸ਼ਤਾ ਕੀਤਾ। ਫਿਰ ਜਰਸੀ ਸਿਟੀ ਦੇ ਗੁਰੂਘਰ 'ਚ ਪ੍ਰੋ. ਢੇਸੀ ਹੋਰਾਂ ਦਾ ਲੈਕਚਰ ਸੁਣਿਆ। ਪੈਨਸਿਲਵੇਨੀਆ ਰਵਿੰਦਰ ਸਹਿਰਾਅ ਹੋਰਾਂ ਦੇ ਘਰ ਸਾਹਿਤਕ ਮਹਿਫਿਲ ਸਜਾਈ। ਡੂੰਘੀ ਸ਼ਾਮ ਗਏ ਰਿਆੜ ਦੇ ਘਰ ਪ੍ਰੋਫੈਸਰ ਢੇਸੀ ਹੋਰਾਂ ਦਾ ਸਨਮਾਨ ਕੀਤਾ।

ਜਦੋਂ ਮੈਂ ਅੱਧੀ ਰਾਤੇ ਉਸ ਦੇ ਘਰੋਂ ਤੁਰਨ ਲੱਗਾ ਤਾਂ ਉਹ ਜੱਫੀ ਪਾਈ, ਬਾਹਰ ਤੱਕ, ਮੈਨੂੰ ਕਾਰ ਤੱਕ ਛੱਡਣ ਆਇਆ।

ਉਸ ਦਾ ਈਮੇਲ 'ਰਿਆੜਜੀ...' ਸੀ। ਮੈਂ ਉਸ ਨੂੰ ਕਿਹਾ, "ਰਿਆੜ! ਤੂੰ ਬਹੁਤ ਤੇਜ਼ ਐਂ। ਜੇ ਕੋਈ ਤੈਨੂੰ 'ਜੀ' ਨਾ ਵੀ ਕਹਿਣਾ ਚਾਹੇ, ਤੂੰ ਤਾਂ ਵੀ ਅਗਲੇ ਨੂੰ ਮਜਬੂਰ ਕਰ ਦਿੰਨੈਂ 'ਜੀ' ਕਹਿਣ ਨੂੰ।"

ਚਿਹਰੇ 'ਤੇ ਸ਼ਰਾਰਤੀ ਜਿਹੀ ਮੁਸਕਾਨ ਫੈਲਾਉਂਦਾ ਉਹ ਬੋਲਿਆ, "ਸੋਹਲ ਸਾਹਿਬ! ਬੰਦੇ ਨੂੰ ਹਰ ਤਰੀਕਾ ਵਰਤਣਾ ਆਉਣਾ ਚਾਹੀਦਾ।"

ਇਕ ਦਿਨ ਹਰਵਿੰਦਰ ਰਿਆੜ ਦਾ ਫੋਨ ਆਇਆ। ਆਦਤ ਮੁਤਾਬਿਕ ਪਹਿਲਾਂ ਤਾਂ ਉਸ ਨੇ ਮੇਰੇ ਸਾਹਿਤਕ ਸਫਰ ਦਾ ਜ਼ਿਕਰ ਕਰਦਿਆਂ ਮੇਰੀ ਤਾਰੀਫ ਦੇ ਪੁਲ ਬੰਨ੍ਹੇ ਤੇ ਫਿਰ ਕਿਹਾ, "ਸੋਹਲ ਸਾਹਿਬ! ਅਸੀਂ 'ਪੰਜਾਬੀ ਪ੍ਰੈਸ ਕਲੱਬ ਨਿਊ ਯਾਰਕ' ਬਣਾਇਆ। ਪਹਿਲਾ ਹੀ ਸਮਾਗਮ ਸਾਹਿਤਕ ਸਮਾਗਮ ਹੋਏਗਾ। ਵੱਡੀ ਪੱਧਰ 'ਤੇ ਇਹ ਸਮਾਗਮ 'ਰਾਇਲ ਇੰਡੀਆ ਪੈਲੇਸ 'ਚ ਹੋ ਰਿਹਾ। ਨਿਊ ਯਾਰਕ ਦੇ ਸਾਰੇ ਪਤਵੰਤੇ ਸੱਜਣ ਆ ਰਹੇ ਆ। ਤੁਹਾਡਾ ਨਾਵਲ 'ਸਿੰਘਾਸਣ' ਰਿਲੀਜ਼ ਕਰਨਾ।"

ਮੈਂ ਉਸ ਨੂੰ ਕਿਹਾ, "ਛੱਡ ਪਰ੍ਹਾਂ। ਕਿਤਾਬ ਛਪੀ ਨੂੰ ਵੀ ਸਾਲ ਹੋ ਗਿਆ।" ਪਰ ਮੇਰੇ ਲੱਖ ਮਨ੍ਹਾਂ ਕਰਨ 'ਤੇ ਵੀ ਉਹ ਬੋਲੀ ਗਿਆ, "ਇਹ ਫੈਸਲਾ ਹੋ ਚੁਕਾ। ਬਲਵੰਤ ਹੋਠੀ ਤੁਹਾਡੇ ਕੀਤੇ ਕਿਸੇ ਅਹਿਸਾਨ ਦਾ ਭਾਰ ਲਾਹੁਣਾ ਚਾਹੁੰਦਾ। ਤੁਸੀਂ ਜਿਸ ਕਿਸੇ ਸੱਜਣ ਮਿੱਤਰ ਨੂੰ ਕਹਿਣਾ, ਕਹਿ ਦਿਉ। ਤੁਸੀਂ ਠੀਕ ਸਮੇਂ 'ਤੇ ਪਰਿਵਾਰ ਸਮੇਤ ਪਹੁੰਚ ਜਾਣਾ।"

ਫਿਰ ਦੋਸਤਾਂ ਦੇ ਸੁਨੇਹੇ ਆਉਣ ਲੱਗ ਪਏ, "ਫੇਸ-ਬੁੱਕ 'ਤੇ ਰਿਆੜ 'ਸਿੰਘਾਸਣ' ਰਿਲੀਜ਼ ਕਰਨ ਬਾਰੇ ਪ੍ਰਚਾਰ ਕਰ ਰਿਹਾ ਸੀ।"..."ਰਿਆੜ ਫਲਾਨੇ ਟੀ. ਵੀ. ਚੈਨਲ 'ਤੇ 'ਸਿੰਘਾਸਣ' ਰਿਲੀਜ਼ ਕਰਨ ਦੀ ਗੱਲ ਕਰ ਰਿਹਾ ਸੀ।" ਰਿਆੜ ਪਤਾ ਨਹੀਂ ਕੀ ਕੀ ਕਰੀ ਜਾ ਰਿਹਾ ਸੀ?

'ਸਿੰਘਾਸਣ' ਦੇ ਰਿਲੀਜ਼ ਸਮਾਰੋਹ 'ਚ ਗਿਣਤੀ ਬਹੁਤ ਸੀ। ਦੇਵਨੇਤ ਪ੍ਰਸਿੱਧ ਕਵੀ ਤੇ ਵਾਰਤਕਾਰ ਜਸਵੰਤ ਜਫਰ ਵੀ ਆਪਣੇ ਸਾਂਢੂ ਬਿੱਲੂ ਨਾਲ ਆ ਗਿਆ। ਰਵਿੰਦਰ ਸਹਿਰਾਅ ਤੇ ਨੀਰੂ ਸਹਿਰਾਅ ਪੈਨਸਿਲਵੇਨੀਆ ਤੋਂ ਆ ਗਏ। ਨਿਊ ਯਾਰਕ ਦੇ ਸਾਹਿਤਕਾਰਾਂ ਦੀ ਕਰੀਮ ਹਾਜ਼ਰ ਹੋ ਗਈ। ਹੈਰਾਨੀ ਦੀ ਗੱਲ ਸੀ ਇਸ ਸਮਾਗਮ 'ਚ ਕਰੀਬ ਸਾਰੇ ਗੁਰੂਘਰਾਂ, ਰਾਜਨੀਤਿਕ, ਸਮਾਜਿਕ ਤੇ ਸਭਿਆਚਾਰਕ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਸਨ, ਪਰ ਕੁਝ ਮਿੱਤਰ-ਪਿਆਰੇ ਇਹੋ ਜਿਹਾ ਵੀ ਬੋਲ ਗਏ ਕਿ ਦੂਸਰੇ ਦਿਨ ਮੈਨੂੰ ਆਪਣੇ ਸਾਹਿਤਕਾਰ ਦੋਸਤਾਂ ਨੂੰ ਇਕੱਲੇ-ਇਕੱਲੇ ਨੂੰ ਫੋਨ ਕਰ ਕੇ ਮਾਫੀ ਮੰਗਣੀ ਪਈ।

ਮੇਰੇ ਦਿਮਾਗ 'ਚ ਅਜੇ ਵੀ ਰਿਆੜ ਦਾ ਅਲੂਟੇ ਜਿਹੇ ਮੁੰਡੇ ਦਾ ਅਕਸ ਹੀ 'ਫਰੀਜ਼' ਹੋਇਆ ਪਿਆ ਹੈ। ਉਹ ਸ਼ਾਇਦ ਕਾਲਜ 'ਚ ਪਹਿਲੇ ਸਾਲ ਦਾਖਲ ਹੋਇਆ ਸੀ। ਉਦੋਂ ਅਸੀਂ ਸ਼ਾਇਦ ਐਮ. ਏ. ਕਰ ਰਹੇ ਸਾਂ। ਪਤਾ ਨਹੀਂ ਕਿਵੇਂ ਮਿਲ ਪਿਆ? ਆਪਣੀਆਂ ਇਕ ਦੋ ਕਵਿਤਾਵਾਂ ਸੁਣਾਈਆਂ। ਉਨ੍ਹਾਂ ਦਿਨਾਂ 'ਚ ਦਵਿੰਦਰ ਮੰਡ 'ਨਾਗਮਣੀ' 'ਚ ਛਪ ਚੁਕਾ ਸੀ। ਮੰਡ 'ਨਾਗਮਣੀ' ਦਾ ਬਾਕਾਇਦਾ ਪਾਠਕ ਸੀ। ਉਹ ਬੋਲਿਆ, "ਇਹ ਮੁੰਡਾ ਤਾਂ 'ਨਾਗਮਣੀ' ਦੇ ਪੱਧਰ ਦੀ ਕਵਿਤਾ ਲਿਖਦਾ। ਇਕ ਦਿਨ ਬਹੁਤ ਅਗਾਂਹ ਜਾਊ।" ਉਹ ਅਮਰੀਕਾ ਆਇਆ ਤਾਂ ਮੈਂ ਕੁਲਦੀਪ ਸਿੰਘ ਢਿੱਲੋਂ, ਜਸਵਿੰਦਰ ਢਿੱਲੋਂ, ਉਸ ਨੂੰ ਅਸੀਂ ਉਸ ਦੀ ਭੈਣ ਸਿਮਰਨ ਕੌਰ ਤੇ ਜੀਜੇ ਮਨਜਿੰਦਰ ਸਿੰਘ ਦੇ ਘਰ ਮਿਲਣ ਗਏ ਤਾਂ ਉਹ ਬਹੁਤ 'ਮਚਿਓਰ' ਹੋ ਚੁਕਾ ਸੀ। ਭਰਵੀਂ ਸਿਹਤ ਵਾਲਾ, ਜਿਵੇਂ ਕੋਈ ਪਹਿਲਵਾਨ ਹੁੰਦਾ। ਉਹ ਕਿਸੇ ਨੂੰ ਗੱਲ ਹੀ ਨਹੀਂ ਸੀ ਕਰਨ ਦੇ ਰਿਹਾ। ਗੱਲ ਨੂੰ ਆਪਣੇ 'ਤੇ ਕੇਂਦ੍ਰਿਤ ਕਰਨ ਦੀ ਕਲਾ 'ਚ ਉਹ ਪ੍ਰਬੀਨ ਹੋ ਚੁਕਾ ਸੀ।

ਹਰਵਿੰਦਰ ਰਿਆੜ ਇਕ ਭਰਵੀਂ ਚਰਚਾ ਦਾ ਨਾਮ ਸੀ। ਉਸ ਦੀ ਗੈਰ-ਹਾਜ਼ਰੀ 'ਚ ਉਸ ਦਾ ਜ਼ਿਕਰ ਹਾਜ਼ਰੀ ਨਾਲੋਂ ਵੀ ਵੱਧ ਹੁੰਦਾ। ਉਹ ਜਿੱਥੇ ਜਾਂਦਾ, ਆਪਣੇ ਵਜੂਦ ਦੀ ਛਾਪ ਜ਼ਰੂਰ ਛੱਡਦਾ। ਉਹ ਵਾਦਾਂ ਵਿਚ ਵੀ ਰਿਹਾ ਤੇ ਵਿਵਾਦਾਂ ਵਿਚ ਵੀ। ਲੋਹੜੇ ਦਾ ਆਤਮ-ਵਿਸ਼ਵਾਸ ਤੇ ਪੰਜਾਬੀ ਜ਼ਬਾਨ 'ਤੇ ਕਹਿਰਾਂ ਦੀ ਪਕੜ ਉਸ ਦੇ ਕਾਰਗਰ ਹਥਿਆਰ ਸਨ।

ਆਪਾਂ ਸਾਰਿਆਂ ਨੇ ਕਈ ਵਾਰ ਇਹ ਕਮਾਲ ਤਾਂ ਦੇਖਿਆ ਹੀ ਹੈ ਕਿ ਇਕ ਮੁੰਡਾ ਚਾਰ-ਪੰਜ ਗੇਂਦਾ ਹਵਾ 'ਚ ਉਛਾਲਣ-ਪਕੜਨ ਦਾ ਕਰਤਬ ਦਿਖਾਉਂਦਾ ਹੈ। ਇਉਂ ਹੀ ਗਿਣਤੀ ਦੇ ਸ਼ਬਦਾਂ ਨੂੰ ਉਛਾਲਣ, ਘੁਮੇਟਣੀਆਂ-ਭੁਆਂਟਣੀਆਂ ਦੇਣ, ਬੱਚੀਆਂ ਪੁਆਉਣ ਅਤੇ ਫਿਰ ਥਾਂ ਸਿਰ ਟਿਕਾਉਣ ਦਾ ਹੁਨਰ ਹਰਵਿੰਦਰ ਰਿਆੜ ਬਾਖੂਬੀ ਜਾਣਦਾ ਸੀ।

ਮੈਂ ਕਈ ਵਾਰ ਦੋਸਤਾਂ ਨੂੰ ਆਖਦਾ, "ਰਿਆੜ ਨੂੰ ਭਾਵੇਂ ਕਿਸੇ ਚੀਜ਼ ਬਾਰੇ ਜਾਣਕਾਰੀ ਹੈ ਜਾਂ ਨਹੀਂ, ਪਰ ਉਦ੍ਹਾ ਕਮਾਲ ਇਹ ਐ ਬਈ ਉਨੂੰ ਕਹੋ-'ਰਿਆੜ ਆਹ ਸਾਹਮਣੇ ਮੇਜ਼ ਪਿਆ। ਚੱਲ ਏਹਦੇ ਬਾਰੇ ਬੋਲ' ਤਾਂ ਉਹ ਘੰਟਾ ਉਸ ਮੇਜ਼ ਬਾਰੇ ਹੀ ਬੋਲ ਜਾਏਗਾ।"

ਜੱਸ ਪੰਜਾਬੀ ਦਾ ਪ੍ਰੋਗਰਾਮ 'ਮੁੱਦਾ' ਉਸ ਨੇ ਸਿਖਰ 'ਤੇ ਪਹੁੰਚਾਇਆ। ਕਦੇ ਰਵਿੰਦਰ ਸਹਿਰਾਅ ਦੱਸਦਾ, ਕਦੇ ਮੇਰੇ ਤਾਏ ਦਾ ਮੁੰਡਾ ਫੋਨ ਕਰਦਾ, "ਤੇਰੇ ਸ਼ਿਅਰ ਹਰਵਿੰਦਰ ਨੇ ਸੁਣਾਏ ਆ ਰਾਤੀਂ ਪ੍ਰੋਗਰਾਮ 'ਚ।"

ਮੈਂ ਰਿਆੜ ਨੂੰ ਰੋਕਦਾ, "ਰਿਆੜ! ਉਹ ਮੇਰੇ ਮੁਢਲੇ ਤੇ ਅਭਿਆਸੀ ਦੌਰ ਦੀਆਂ ਗਜ਼ਲਾਂ ਦੇ ਸ਼ਿਅਰ ਆ। ਮੈਂ ਤਾਂ ਉਹ ਗਜ਼ਲਾਂ ਕੱਟ ਵੀ ਦਿੱਤੀਆਂ। ਆਪਣੀ ਕਿਤਾਬ 'ਚ ਵੀ ਸ਼ਾਮਿਲ ਨਹੀਂ ਕੀਤੀਆਂ। ਨਾ ਸੁਣਾਇਆ ਕਰ...।"

ਉਹ ਫਟਾਫਟ ਮੇਰੀ ਗੱਲ ਕੱਟਦਾ, "ਸੋਹਲ ਸਾਹਿਬ! ਤੁਹਾਨੂੰ ਅਭਿਆਸੀ ਦੌਰ ਦੇ ਲੱਗਦੇ ਐ। ਮੇਰੇ ਪ੍ਰੋਗਰਾਮ 'ਚ ਮੇਰੀ ਗੱਲ-ਬਾਤ ਦੇ ਸੰਦਰਭ 'ਚ ਐਨ ਫਿੱਟ ਬੈਠਦੇ ਐ।"

ਭਰਪੂਰ ਸਰਗਰਮੀਆਂ ਦੇ ਨਾਲ-ਨਾਲ 'ਪੰਜਾਬੀ ਰਾਈਟਰਜ਼ ਵੀਕਲੀ' ਅਖਬਾਰ ਕੱਢਦਾ। ਚੁਣਵੇਂ ਸਾਹਿਤਕਾਰਾਂ ਦੀਆਂ ਕਿਤਾਬਾਂ ਲੜੀਵਾਰ ਛਾਪਦਾ। ਟਾਈਟਲ 'ਤੇ ਅਮਰੀਕਾ 'ਚ ਹੋਏ ਕਿਸੇ ਸਾਹਿਤਕ, ਸਭਿਆਚਾਰਕ, ਸਮਾਜਿਕ ਸਮਾਗਮ ਦੀ ਫੋਟੋ ਛਾਪਦਾ। ਉਸ ਫੋਟੋ 'ਚ ਉਸ ਦਾ ਕੱਦ ਸਭ ਤੋਂ ਵੱਖਰਾ ਇਉਂ ਦਿਖਾਈ ਦਿੰਦਾ, ਜਿਵੇਂ 'ਗੁੱਝੀ ਰਹੇ ਹੀਰ ਹਜ਼ਾਰ ਵਿੱਚੋਂ' ਵਰਗੀ ਕੋਈ ਕਾਵਿ-ਸਤਰ ਹੋਵੇ। ਟਾਈਟਲ ਦੇ ਇਕ ਕਾਲਮ 'ਚ ਉਸ ਦੀ ਤਾਜ਼ਾ ਨਜ਼ਮ ਵੀ ਛਪੀ ਹੁੰਦੀ। ਉਹ ਜਦੋਂ ਮਿਲਦਾ, ਕਵਿਤਾਵਾਂ ਦੀ ਕਿਤਾਬ ਛਪਾਉਣ ਦੀ ਜ਼ਿਕਰ ਤਾਂ ਛੇੜਦਾ, ਪਰ ਫਿਰ ਆਪਣੀ ਮਸਰੂਫੀਅਤ 'ਚ ਗੁੰਮ ਜਾਂਦਾ।

1990 ਤੋਂ ਸ਼ੁਰੂ ਹੋਇਆ ਸਟੇਜ ਸੰਭਾਲਣ ਦਾ ਉਸ ਦਾ ਦੌਰ ਪਿਛਾਂਹ ਨਹੀਂ, ਅਗਾਂਹ ਤੇ ਹੋਰ ਅਗਾਂਹ ਹੀ ਗਿਆ। ਏਨੀ ਤੇਜ਼ੀ ਨਾਲ...! ਉਹ ਜਿਵੇਂ ਆਪਣੇ ਹਿੱਸੇ ਦੀ 'ਸਟੇਜ-ਸਕੱਤਰੀ' ਦੀ ਮਾਊਂਟ ਐਵਰੈਸਟ ਸਰ ਕਰ ਕੇ, ਆਪਣਾ ਝੰਡਾ ਝੁਲਾਅ ਕੇ, 'ਜੱਸ' ਖੱਟ ਕੇ 'ਬਾਜ਼' ਵਰਗੀ ਅਦਿੱਖ ਉਡਾਰੀ ਭਰਨ ਦੀ ਕਾਹਲ 'ਚ ਹੋਵੇ।

ਪਿਛਲੇ ਦਿਨੀਂ ਪ੍ਰੋ. ਨਿਰੰਜਨ ਸਿੰਘ ਢੇਸੀ ਚਲੇ ਗਏ। ਅਚਾਨਕ ਹਰਵਿੰਦਰ ਰਿਆੜ ਦੇ ਜਾਣ ਦੀ ਖਬਰ ਪੜ੍ਹੀ ਤਾਂ ਐਵੇਂ ਹੀ ਖਿਆਲ ਆ ਗਿਆ, ਪਤਾ ਨਹੀਂ ਪ੍ਰੋਫੈਸਰ ਢੇਸੀ ਹੋਰਾਂ ਉਸ ਦੀ ਕਿਸ ਨਾਲ ਸੁਲਾਹ ਕਰਾਉਣ ਲਈ ਸੁਨੇਹਾ ਘੱਲਿਆ ਹੋਏਗਾ!...ਤੇ ਬਚਨਾਂ ਦੇ ਬੱਧੇ ਹਰਵਿੰਦਰ ਰਿਆੜ ਨੇ ਵੀ ਜਾਣ ਲੱਗਿਆਂ ਪਲ ਨਹੀਂ ਲਾਇਆ...।



ਹਾਸਿਆਂ ਦੇ ਪਲ: (ਖੱਬਿਓਂ ਸੱਜੇ) ਹਰਵਿੰਦਰ ਰਿਆੜ, ਪ੍ਰੋ. ਨਿਰੰਜਨ ਸਿੰਘ ਢੇਸੀ ਅਤੇ ਸੁਰਿੰਦਰ ਸੋਹਲ।



ਰਵਿੰਦਰ ਸਹਿਰਾਅ ਦੇ ਘਰ ਦੇ ਪਿਛਵਾੜੇ (ਸੱਜਿਓਂ ਖੱਬੇ) ਪੰਜਾਬੀ ਕਵੀ ਬਿੰਦਰ ਬਿਸਮਿਲ, ਚਿੰਤਕ ਮਾਸਟਰ ਧਰਮ ਪਾਲ ਉਗੀ, ਸ਼੍ਰੋਮਣੀ ਸ਼ਾਇਰ ਰਵਿੰਦਰ ਸਹਿਰਾਅ, ਹਰਵਿੰਦਰ ਰਿਆੜ (ਮਰਹੂਮ), ਪ੍ਰੋਫੈਸਰ ਤੇ ਸਿੱਖ ਵਿਦਵਾਨ ਨਿਰੰਜਨ ਸਿੰਘ ਢੇਸੀ (ਮਰਹੂਮ), ਸੁਰਿੰਦਰ ਗਿੱਲ ਅਤੇ ਸੁਰਿੰਦਰ ਸੋਹਲ।

## ਨਿਕਿਤਾ ਤੋਮਰ ਕੇਸ 'ਚ ਦੋ ਨੂੰ ਉਮਰ ਕੈਦ

**ਚੰਡੀਗੜ੍ਹ:** ਹਰਿਆਣਾ ਦੇ ਫਰੀਦਾਬਾਦ ਦੀ ਇਕ ਫਾਸਟ ਟਰੈਕ ਅਦਾਲਤ ਨੇ ਨਿਕਿਤਾ ਤੋਮਰ ਕਤਲ ਕੇਸ 'ਚ ਦੋ ਜਣਿਆਂ ਨੂੰ ਉਮਰ ਕੈਦ ਦੀ ਸਜਾ ਸੁਣਾਈ ਹੈ। ਨਿਕਿਤਾ ਨੂੰ ਪੰਜ ਮਹੀਨੇ ਪਹਿਲਾਂ ਉਸ ਦੇ ਕਾਲਜ ਦੇ ਬਾਹਰ ਦੋਸ਼ੀਆਂ ਨੇ ਗੋਲੀ ਮਾਰ ਦਿੱਤੀ ਸੀ ਤੇ ਇਹ ਘਟਨਾ ਕੈਮਰੇ 'ਚ ਕੈਦ ਹੋ ਗਈ ਸੀ।

ਅਦਾਲਤ ਨੇ ਦੋਵਾਂ ਦੋਸ਼ੀਆਂ ਤੌਸੀਫ ਤੇ ਰੇਹਾਨ ਨੂੰ 20-20 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਕੀਤਾ ਹੈ ਜਦਕਿ ਕੇਸ ਦੇ ਤੀਜੇ ਮੁਲਜ਼ਮ ਅਜਹਰੂਦੀਨ ਨੂੰ ਬਰੀ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਬੀਤੇ ਵਰ੍ਹੇ 26 ਅਕਤੂਬਰ ਨੂੰ ਬੀਕਾਮ ਆਖਰੀ ਵਰ੍ਹੇ ਦੀ ਵਿਦਿਆਰਥਣ ਨਿਕਿਤਾ ਤੋਮਰ ਜਦੋਂ ਪ੍ਰੀਖਿਆ ਦੇ ਕੇ ਕਾਲਜ ਤੋਂ ਬਾਹਰ ਨਿਕਲੀ ਤਾਂ ਤੌਸੀਫ ਤੇ ਰੇਹਾਨ ਨੇ ਉਸ ਨੂੰ ਜਬਰੀ ਕਾਰ 'ਚ ਬਿਠਾਉਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਕਾਮਯਾਬ ਨਾ ਹੋਏ ਤਾਂ ਤੌਸੀਫ ਨੇ ਉਸ ਨੂੰ ਗੋਲੀ ਮਾਰ ਦਿੱਤੀ। ਮੁਲਜ਼ਮਾਂ ਨੂੰ ਬਾਅਦ ਵਿਚ ਸੀ.ਸੀ.ਟੀ.ਵੀ. ਦੀ ਫੁਟੇਜ ਦੇ ਆਧਾਰ 'ਤੇ ਗ੍ਰਿਫਤਾਰ ਕਰ ਲਿਆ ਗਿਆ ਸੀ।

# ਮਲਕੀਤ ਸਿੰਘ ਪੁਰੇਵਾਲ ਸਵਰਗਵਾਸ

**ਬ੍ਰਿਟਿਸ਼ ਕੋਲੰਬੀਆ, ਕੈਨੇਡਾ (ਬਿਊਰੋ):** ਪਿਟ ਮੀਡੋਜ ਵਿਖੇ 'ਬਲਿਊਬੇਰੀ ਕਿੰਗ' ਵਜੋਂ ਜਾਣੇ ਜਾਂਦੇ ਪੁਰੇਵਾਲ ਬਲਿਊਬੇਰੀ ਫਾਰਮ ਦੇ ਮੋਢੀ ਮਲਕੀਤ ਸਿੰਘ ਪੁਰੇਵਾਲ ਅਚਾਨਕ 28 ਮਾਰਚ 2021 ਨੂੰ 77 ਸਾਲ ਦੀ ਸਰਦਾਰੀ ਵਾਲੀ ਉਮਰ ਭੋਗ ਕੇ ਸਵਰਗਵਾਸ ਹੋ ਗਏ ਹਨ। ਮਲਕੀਤ ਸਿੰਘ ਪੁਰੇਵਾਲ ਦਾ ਜਨਮ 4 ਨਵੰਬਰ 1943 ਨੂੰ ਪੰਜਾਬ ਦੇ ਜਿਲਾ ਜਾਲੰਧਰ (ਹੁਣ ਨਵਾਂ ਸ਼ਹਿਰ) ਦੇ ਇਤਿਹਾਸਿਕ ਨਗਰ ਹਕੀਮਪੁਰ ਵਿਖੇ ਸ. ਹਰਬੰਸ ਸਿੰਘ ਪੁਰੇਵਾਲ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਹੋਇਆ ਸੀ। ਮਲਕੀਤ ਸਿੰਘ ਪੁਰੇਵਾਲ, ਪੁਰੇਵਾਲ ਭਰਾਵਾਂ-ਚਰਨ ਸਿੰਘ ਪੁਰੇਵਾਲ, ਗੁਰਜੀਤ ਸਿੰਘ ਪੁਰੇਵਾਲ ਅਤੇ ਭੈਣਾਂ ਗੁਰਮੀਤ ਕੌਰ ਜੌਹਲ, ਚਰਨਜੀਤ ਕੌਰ ਜੌਹਲ ਤੇ ਮਨਜੀਤ ਕੌਰ ਸੰਧੂ ਵਾਲੇ ਪਰਿਵਾਰ ਵਿਚ ਸਭ ਤੋਂ ਵੱਡੇ ਸਨ।

ਪੰਜਾਬੀਆਂ ਦੀਆਂ ਰਵਾਇਤੀ ਖੇਡਾਂ-ਕਬੱਡੀ ਤੇ ਕੁਸ਼ਤੀ ਵਿਚ ਬਹੁਤ ਦਰਸ਼ਨੀ ਸਰੀਰ ਦੇ ਮਾਲਿਕ ਨੌਜਵਾਨ ਮਲਕੀਤ ਸਿੰਘ ਨੇ ਮੁਕੰਦਪੁਰ ਸਕੂਲ ਤੇ ਸਿੱਖ ਨੈਸ਼ਨਲ ਕਾਲਜ ਬੰਗਾ ਲਈ ਭਾਰਤੀ ਇੰਟਰ ਯੂਨੀਵਰਸਿਟੀ ਕੁਸ਼ਤੀ ਮੁਕਾਬਲੇ ਵਾਰਾਨਸੀ (ਯੂ. ਪੀ.) ਵਿਖੇ ਮਹਾ-ਪੰਜਾਬ ਦੀ ਇਕੋ ਇਕ 'ਪੰਜਾਬ ਯੂਨੀਵਰਸਿਟੀ-ਚੰਡੀਗੜ੍ਹ' ਲਈ ਜਿੱਤਾਂ ਪ੍ਰਾਪਤ ਕੀਤੀਆਂ। 1970 ਵਿਚ ਧਰਮਪਤਨੀ ਬੀਬੀ ਗਿਆਨ ਕੌਰ ਤੇ ਪਰਿਵਾਰ ਨਾਲ ਕੈਨੇਡਾ ਪਰਵਾਸ ਕਰ ਲਿਆ। ਕੈਨੇਡਾ ਵਿਚ ਸਮਾਂ ਪਾ ਕੇ ਪੁਰੇਵਾਲ ਭਰਾਵਾਂ ਦੇ ਪਰਿਵਾਰ ਨੇ ਉਤਰੀ ਅਮਰੀਕਾ ਦਾ ਨਾਮੀ 'ਪੁਰੇਵਾਲ ਬਲਿਊ ਬੇਰੀ ਫਾਰਮ ਤੇ ਕੈਨਰੀ' ਨੂੰ ਸਥਾਪਤ ਕੀਤਾ। ਕੈਨੇਡਾ ਵਿਚ ਆ ਕੇ ਪੁਰੇਵਾਲ ਭਰਾਵਾਂ ਨੇ ਕਬੱਡੀ ਖੇਡੀ ਤੇ ਨਾਲ ਨਾਲ ਕਬੱਡੀ ਕੁਸ਼ਤੀ ਦੀਆਂ ਖੇਡਾਂ ਨੂੰ ਅਨੁਸ਼ਾਸਕ ਢੰਗ ਨਾਲ ਜਥੇਬੰਦ ਵੀ ਕੀਤਾ।



ਮਲਕੀਤ ਸਿੰਘ ਪੁਰੇਵਾਲ

ਕੈਨੇਡਾ ਵਿਚ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੀ ਪਹਿਲੀ ਸੰਸਥਾ 'ਬਰਿਟਿਸ਼ ਕੋਲੰਬੀਆ ਕਬੱਡੀ ਤੇ ਕੱਲਚਰਲ ਫੇਡਰੇਸਨ' ਦੇ ਪ੍ਰਧਾਨ ਵਜੋਂ ਮਲਕੀਤ ਸਿੰਘ ਪੁਰੇਵਾਲ ਦੀ ਰਹਿਨੁਮਾਈ ਹੇਠ 1994 ਵਿਚ ਗੁਰਦੇਵ ਸਿੰਘ ਜੌਹਲ ਵਲੋਂ ਤਿਆਰ ਕੀਤੀ ਕੈਨੇਡਾ ਕਬੱਡੀ ਟੀਮ, ਇੰਗਲੈਂਡ, ਲੰਡਨ ਹੇਜ ਸਿੱਖ ਕਾਲਜ ਵਿਖੇ ਹੋਏ ਵਿਸਾਖੀ ਅੰਤਰਰਾਸ਼ਟਰੀ ਕਬੱਡੀ ਟੂਰਨਾਮੈਟ ਵਿਚ ਜੇਤੂ ਰਹੀ ਸੀ। ਮਲਕੀਤ ਸਿੰਘ ਪੁਰੇਵਾਲ ਦੀ ਪ੍ਰਧਾਨਗੀ ਥੱਲੇ, ਪੁਰੇਵਾਲ ਭਰਾਵਾਂ ਤੇ ਸੰਸਥਾ ਵਲੋਂ 1999 ਵਿਚ ਖਾਲਸਾ ਪੰਥ ਦੇ 300 ਸਾਲਾ ਖਾਲਸਾ ਸਿਰਜਣਾ ਜਸ਼ਨਾਂ ਦਾ ਭਾਰਤ ਤੋਂ ਬਾਹਰ ਅੰਤਰਰਾਸ਼ਟਰੀ ਕਬੱਡੀ ਖੇਡ ਮੇਲਾ ਬਰਨਬੀ ਦੇ ਸਵੈਨਗਾਰਡ ਸਟੇਡੀਅਮ ਵਿਚ ਬਹੁਤ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ। ਵਰਲਡ ਕਬੱਡੀ ਲੀਗ ਵਿਚ ਪੁਰੇਵਾਲ ਭਰਾਵਾਂ ਦੀ ਨਾਮੀ ਵੈਨਕੂਵਰ ਲਾਇਨਜ਼ ਦੀ ਕਬੱਡੀ ਟੀਮ, ਜੋ ਦੁਨੀਆਂ ਦੇ ਸਟਾਰ ਕਬੱਡੀ ਖਿਡਾਰੀਆਂ ਨਾਲ ਭਰੀ ਪਈ ਸੀ, ਛੋਟੇ ਭਰਾ ਗੁਰਜੀਤ ਸਿੰਘ ਪੁਰੇਵਾਲ ਨੇ ਉਸ ਨਾਲ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿਚ ਭਾਗ ਲਿਆ।

ਪੁਰੇਵਾਲ ਪਰਿਵਾਰ ਦੇ ਬੱਚਿਆਂ ਗੁਦਾਵਰ, ਹਰਮਨ, ਚਮਕੌਰ, ਟੈਰੀ, ਪੈਰੀ ਪੁਰੇਵਾਲ ਅਤੇ ਬੇਟੀ ਸਰਬਜੀਤ ਥਿਆੜਾ ਦੇ ਬੱਚੇ ਰਾਇਨ ਤੇ ਰਾਜਨ ਥਿਆੜਾ ਨੇ ਵੀ ਕੈਨੇਡਾ ਅੰਦਰ ਕਬੱਡੀ ਕੁਸ਼ਤੀ ਖੇਡਾਂ ਵਿਚ ਪੁਰੇਵਾਲ ਪਰਿਵਾਰ ਦੀ ਚੰਗੀ ਇੱਜਤ ਬਣਾਈ। ਮਲਕੀਤ ਸਿੰਘ ਦੇ ਸਵਰਗਵਾਸ ਹੋਣ ਨਾਲ ਖੇਡ ਖੇਤਰ ਵਿਚ ਕਬੱਡੀ ਤੇ ਕੁਸ਼ਤੀ ਦਾ ਇਕ ਤਾਰਾ ਅਲੋਪ ਹੋ ਗਿਆ ਹੈ। ਕਰੋਨਾ ਮਹਾਮਾਰੀ ਕਰਕੇ ਸਰਕਾਰੀ ਹਦਾਇਤਾਂ ਅਨੁਸਾਰ ਕੋਈ ਵੱਡਾ ਸਮਾਜਿਕ ਤੇ ਪਰਿਵਾਰਕ ਇਕੱਠ ਨਹੀਂ ਕੀਤਾ ਜਾ ਰਿਹਾ।

ਸਵਰਗੀ ਮਲਕੀਤ ਸਿੰਘ ਪੁਰੇਵਾਲ ਦਾ ਅੰਤਿਮ ਸਸਕਾਰ 4 ਅਪਰੈਲ, ਐਤਵਾਰ ਨੂੰ ਬਾਅਦ ਦੁਪਿਹਰ 3:30 ਨੂੰ ਫਾਈਵ ਰਿਵਰ ਫਿਊਨਲ ਹੋਮ, ਰਿਵਰ ਰੋਡ, ਡੈਲਟਾ (ਬੀ ਸੀ) ਵਿਖੇ ਕੀਤਾ ਜਾਵੇਗਾ। ਮਰਗ ਦੇ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ, ਰੌਸ ਸਟਰੀਟ, ਵੈਨਕੂਵਰ ਵਿਖੇ ਹੋਵੇਗੀ।

ਪੁਰੇਵਾਲ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਗੁਰਜੀਤ ਸਿੰਘ ਪੁਰੇਵਾਲ ਨਾਲ ਫੋਨ: 778-325-5275 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਆਗਿਆਕਾਰੀ ਸਮਾਜ ਚਾਹੁੰਦੀ ਹੈ ਭਾਜਪਾ

ਮੋਦੀ ਸਰਕਾਰ ਸਰਕਾਰੀ ਨੀਤੀਆਂ ਦਾ ਵਿਰੋਧ ਕਰਨ ਵਾਲੀਆਂ ਆਵਾਜ਼ਾਂ ਨੂੰ ਦਬਾਉਣ ਲਈ ਬਹੁਪੱਖੀ ਕਾਨੂੰਨੀ ਢਾਂਚੇ ਨੂੰ ਅਮਲ ਵਿਚ ਲਿਆਉਣ ਦਾ ਕੰਮ ਕਰ ਰਹੀ ਹੈ। ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਉਣ ਅਤੇ ਓ.ਟੀ.ਟੀ. ਪਲੇਟਫਾਰਮਾਂ ਨੂੰ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਇਸ ਦੀ ਤਾਜ਼ਾ ਉਦਾਹਰਨ ਹਨ। ਕਾਨੂੰਨੀ ਤਜਵੀਜ਼ਾਂ ਦੀ ਵਰਤੋਂ ਕਰ ਕੇ ਵਿਚਾਰਕ ਵਿਰੋਧੀਆਂ ਨੂੰ ਖੂੰਜੇ ਲਾਉਣ ਦਾ ਪ੍ਰਯੋਗ ਹਿੰਦੂਤਵਵਾਦੀ ਰਾਜਨੀਤੀ ਨੇ 2014 ਤੋਂ ਪਹਿਲਾਂ ਤੋਂ ਹੀ ਕਰਨਾ ਸ਼ੁਰੂ ਕਰ ਦਿੱਤਾ ਸੀ। ਕਾਂਗਰਸ ਦੇ 10 ਸਾਲਾ ਸ਼ਾਸਨ ਦੌਰਾਨ ਕਲਾ ਅਤੇ ਸਭਿਆਚਾਰ ਦੇ ਖੇਤਰ ਵਿਚ ਹੋਵੇ ਜਾਂ ਕਿਸੇ ਹੋਰ ਖੇਤਰ ਵਿਚ, ਹਿੰਦੂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਨਾਂ 'ਤੇ ਕਲਾਕਾਰਾਂ, ਸਮਾਜਕ ਕਾਰਕੁਨਾਂ ਅਤੇ ਵਿਦਵਾਨਾਂ ਖਿਲਾਫ ਦੇਸ਼ ਦੀਆਂ ਵੱਖ-ਵੱਖ ਅਦਾਲਤਾਂ ਵਿਚ

**ਅਭੈ ਕੁਮਾਰ ਦੂਬੇ**

ਇਕੋ ਸਮੇਂ ਮੁਕੱਦਮੇ ਦਰਜ ਕੀਤੇ ਜਾਣ ਲੱਗੇ ਸਨ। ਅਜਿਹਾ ਕਰਨ ਵਾਲਿਆਂ ਤੋਂ ਜਦੋਂ ਪੁੱਛਿਆ ਜਾਂਦਾ ਸੀ ਕਿ ਉਹ ਇਸ ਤਰ੍ਹਾਂ ਕਰ ਕੇ ਆਵਾਜ਼ ਦਬਾਉਣ ਦਾ ਯਤਨ ਕਰ ਰਹੇ ਹਨ ਤਾਂ ਉਨ੍ਹਾਂ ਦਾ ਜਵਾਬ ਹੁੰਦਾ ਸੀ ਕਿ ਆਪਣੀਆਂ ਧਾਰਮਿਕ ਅਤੇ ਸਭਿਆਚਾਰਕ ਭਾਵਨਾਵਾਂ ਦੀ ਰੱਖਿਆ ਲਈ ਕਾਨੂੰਨ ਦੀ ਮਦਦ ਲੈਣਾ ਉਨ੍ਹਾਂ ਦਾ ਅਧਿਕਾਰ ਹੈ। ਇਸੇ ਤਰ੍ਹਾਂ ਬਜਰੰਗ ਦਲ ਵਲੋਂ ਚਿੱਤਰ ਪ੍ਰਦਰਸ਼ਨੀਆਂ ਅਤੇ ਸਭਿਆਚਾਰਕ ਪ੍ਰੋਗਰਾਮਾਂ 'ਤੇ ਹਮਲੇ ਵੀ ਕਰਵਾਏ ਜਾਂਦੇ ਸਨ। ਕੁੱਲ ਮਿਲਾ ਕੇ ਉਨ੍ਹਾਂ ਦਾ ਮਕਸਦ ਇਹ ਸੀ ਕਿ ਵਿਚਾਰਧਾਰਕ ਵਿਰੋਧੀ ਡਰ ਜਾਣ।

ਸੱਤਾ ਵਿਚ ਆਉਣ ਤੋਂ ਬਾਅਦ ਹਿੰਦੂਤਵਵਾਦੀਆਂ ਨੇ ਇਸ ਪ੍ਰੋਗਰਾਮ ਦਾ ਹੋਰ ਵਿਕਾਸ ਕੀਤਾ। ਮੁਕੱਦਮਾ ਦਰਜ ਕਰਨ ਤੋਂ ਇਲਾਵਾ ਵਿਚਾਰਕ ਵਿਰੋਧੀਆਂ ਨੂੰ ਤੰਗ ਕਰਨ ਲਈ ਪੁਲਿਸ ਕੋਲ ਦੇਸ਼-ਧ੍ਰੋਹ ਦੇ ਦੋਸ਼ ਤਹਿਤ ਰਿਪੋਰਟ ਦਰਜ ਕਰਵਾਉਣ ਦਾ ਸਿਲਸਿਲਾ ਵੀ ਸ਼ੁਰੂ ਕਰ ਦਿੱਤਾ ਗਿਆ। ਜ਼ਿਆਦਾਤਰ ਰਾਜਾਂ ਵਿਚ ਭਾਜਪਾ ਹੀ ਸੱਤਾ ਵਿਚ ਹੈ, ਇਸ ਲਈ ਪੁਲਿਸ ਵਾਲੇ ਤਤਪਰਤਾ ਨਾਲ ਰਿਪੋਰਟਾਂ ਲਿਖ ਵੀ ਰਹੇ ਹਨ। ਇਸ ਤੋਂ ਇਲਾਵਾ ਜਿਨ੍ਹਾਂ ਪਹਿਲੂਆਂ 'ਤੇ ਸਿੱਧਾ ਕਾਨੂੰਨ ਬਣਾਇਆ ਜਾ ਸਕਦਾ ਹੈ ਜਾਂ ਸੋਧਾਂ ਰਾਹੀਂ ਸਥਿਤੀ ਬਦਲੀ ਜਾ ਸਕਦੀ ਹੈ, ਉਥੇ ਭਾਜਪਾ ਦੀਆਂ ਸਰਕਾਰਾਂ ਇਹ ਰਸਤਾ ਫੜਦੀਆਂ ਹਨ, ਜਿਵੇਂ ਤਿੰਨ ਤਲਾਕ, ਕਸ਼ਮੀਰ 'ਚੋਂ ਧਾਰਾ 370 ਹਟਾਉਣਾ ਅਤੇ ਅਖੌਤੀ ਲਵ ਜਹਾਦ ਖਿਲਾਫ ਕਾਨੂੰਨ ਬਣਾਉਣਾ। ਜਿੱਥੇ ਤੁਰੰਤ ਅਜਿਹਾ ਨਹੀਂ ਹੋ ਸਕਦਾ, ਉਥੇ ਹਿੰਦੂਤਵੀ ਕਾਨੂੰਨੀ ਟੀਮਾਂ ਅਦਾਲਤਾਂ ਵਿਚ ਪਟੀਸ਼ਨਾਂ ਪਾਉਂਦੀਆਂ ਹਨ, ਜਿਵੇਂ ਕਾਸ਼ੀ ਤੇ ਮਥੁਰਾ ਵਿਚੋਂ ਮਸੀਤ ਅਤੇ ਈਦਗਾਹ ਹਟਾਉਣ ਦੇ ਹਿੰਦੂ ਅਧਿਕਾਰ ਲਈ ਹਾਲ ਹੀ ਵਿਚ ਦਾਖਲ ਕੀਤੀ ਪਟੀਸ਼ਨ। ਇਸੇ ਤਰ੍ਹਾਂ ਘੱਟ-ਗਿਣਤੀਆਂ ਦੇ ਅਧਿਕਾਰਾਂ ਸਬੰਧੀ ਕੀਤੀ ਜਾਣ ਵਾਲੀ ਸਿਆਸਤ ਨੂੰ ਵੀ ਪਟੜੀ ਤੋਂ ਲਾਹੁਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਤਹਿਤ ਉਨ੍ਹਾਂ 9 ਰਾਜਾਂ ਬਾਰੇ ਪਟੀਸ਼ਨ ਦਾਖਲ ਕੀਤੀ ਗਈ ਹੈ ਜਿੱਥੇ ਹਿੰਦੂ ਘੱਟ-ਗਿਣਤੀ ਵਿਚ। ਪਟੀਸ਼ਨ ਦਾ ਦਾਅਵਾ ਹੈ ਕਿ ਇੱਥੇ ਹਿੰਦੂਆਂ ਨੂੰ ਧਾਰਮਿਕ ਘੱਟ-ਗਿਣਤੀਆਂ ਵਰਗੇ ਅਧਿਕਾਰ ਮਿਲਣੇ ਚਾਹੀਦੇ ਹਨ।

ਮੇਰੇ ਮਿੱਤਰ ਅਤੇ ਸਹਿਯੋਗੀ ਵਿਦਵਾਨ ਹਿਲਾਲ ਅਹਿਮਦ ਨੇ ਹਾਲ ਹੀ ਵਿਚ ਮੋਦੀ ਸਰਕਾਰ ਦੀ 'ਨਿਊ ਇੰਡੀਆ' ਮੁਹਿੰਮ ਵੱਲ ਸਾਡਾ ਧਿਆਨ ਦਿਵਾਇਆ ਹੈ। ਸੰਘ, ਭਾਜਪਾ ਅਤੇ ਮੋਦੀ ਦੀਆਂ ਵੈਬ ਸਾਈਟਾਂ ਤੋਂ ਸਮੱਗਰੀ ਚੁੱਕ ਕੇ ਵਿਸ਼ਲੇਸ਼ਣ ਕਰਦਿਆਂ ਉਹ ਜੋ ਸਿੱਟਾ ਕੱਢਦੇ ਹਨ, ਉਸ ਨੂੰ ਮੌਜੂਦਾ ਸੱਤਾਧਾਰੀਆਂ ਵਲੋਂ ਚਲਾਈ ਜਾ ਰਹੀ 'ਆਗਿਆਪਾਲਕ ਸਮਾਜ' ਬਣਾਉਣ ਦੀ ਲੰਮੀ ਯੋਜਨਾ ਦੇ ਰੂਪ ਵਿਚ ਵੀ ਦੇਖਿਆ ਜਾ ਸਕਦਾ ਹੈ। ਭਾਜਪਾ ਨੇ 2018 ਵਿਚ 'ਨਿਊ ਇੰਡੀਆ' ਨੂੰ ਆਪਣੇ ਰਾਜਸੀ ਸਿਧਾਂਤ ਦੇ ਰੂਪ ਵਿਚ ਮਾਨਤਾ ਦਿੱਤੀ ਸੀ। ਹਿਲਾਲ ਅਨੁਸਾਰ ਇਸ ਤਹਿਤ ਹਰ ਭਾਰਤ ਵਾਸੀ ਕੋਲੋਂ ਅੱਠ ਨੁਕਾਤੀ ਸਹੁੰ ਚੁੱਕਣ ਦੀ ਆਸ ਕੀਤੀ ਜਾਂਦੀ ਹੈ। ਇਹ ਸਹੁੰਆਂ ਇਸ ਤਰ੍ਹਾਂ ਬਣਾਈਆਂ ਗਈਆਂ ਹਨ ਕਿ ਬੇਰੁਜ਼ਗਾਰੀ ਦੇ ਮੁੱਦੇ 'ਤੇ, ਕਸ਼ਮੀਰ ਤੋਂ ਧਾਰਾ 370 ਹਟਾਉਣ ਦੇ ਮੁੱਦੇ 'ਤੇ, ਸੀ.ਏ.ਏ. ਨਾਲ ਜੁੜੇ ਨਾਗਰਿਕਤਾ ਸਬੰਧੀ ਵਿਵਾਦਾਂ ਦੇ ਸਵਾਲ 'ਤੇ ਅੰਦੋਲਨਕਾਰੀ ਸਰਗਰਮੀਆਂ ਦੀ ਗੁੰਜਾਇਸ਼ ਖਤਮ ਹੀ ਹੋ ਜਾਂਦੀ ਹੈ। ਭਾਜਪਾ ਦਾ ਦਸਤਾਵੇਜ਼ 'ਨਿਊ ਇੰਡੀਆ' ਨੂੰ ਅਜਿਹੇ ਯੁੱਗ ਵਾਂਗ ਪਰਿਭਾਸ਼ਿਤ ਕਰਦਾ ਹੈ ਜੋ 'ਜਵਾਬਦੇਹ ਲੋਕਾਂ ਅਤੇ ਜਵਾਬਦੇਹ ਸ਼ਾਸਨ' ਦਾ ਯੁੱਗ ਹੋਵੇਗਾ। ਲੋਕਾਂ ਦਾ ਕੰਮ ਹੋਵੇਗਾ ਅੰਦੋਲਨ ਵਰਗੇ ਪ੍ਰਯੋਗਾਂ ਤੋਂ ਬਾਜ਼ ਆਉਣਾ ਅਤੇ ਸਰਕਾਰ ਦਾ ਕੰਮ ਹੋਵੇਗਾ ਕਸ਼ਮੀਰ ਅਤੇ ਅਯੁੱਧਿਆ ਵਰਗੀਆਂ ਇਤਿਹਾਸਕ ਗਲਤੀਆਂ ਨੂੰ ਦਰੁਸਤ ਕਰਨ ਦਾ ਫਰਜ਼ ਪੂਰਾ ਕਰਦਿਆਂ ਸਖਤ ਮਿਹਨਤ ਰਾਹੀਂ ਸ਼ਾਂਤੀਪੂਰਨ, ਏਕਤਾਬੱਧ ਅਤੇ ਭਾਈਚਾਰੇ ਵਾਲਾ ਅਜਿਹਾ ਦੇਸ਼ ਬਣਾਉਣਾ ਜੋ ਭ੍ਰਿਸ਼ਟਾਚਾਰ, ਅਤਿਵਾਦ, ਕਾਲੇ ਧਨ ਅਤੇ ਗੰਦਗੀ ਤੋਂ ਮੁਕਤ ਹੋਵੇ। ਸੋਚਣ ਵਾਲੀ ਗੱਲ ਇਹ ਹੈ ਕਿ 'ਨਿਊ ਇੰਡੀਆ' ਦਾ ਇਹ ਵਿਚਾਰ ਮੋਦੀ ਸਰਕਾਰ ਦੀ ਕਾਢ ਦੇ ਰੂਪ ਵਿਚ ਕੋਈ ਨਵਾਂ ਸੂਤਰੀਕਰਨ ਹੈ ਜਾਂ ਸੰਘ ਪਰਿਵਾਰ ਦੀ ਸਥਾਪਤ ਵਿਚਾਰਧਾਰਾ



ਤਹਿਤ ਇਸ ਦੇ ਬੀਜ ਬਹੁਤ ਪਹਿਲਾਂ ਹੀ ਬੀਜ ਦਿੱਤੇ ਗਏ ਸਨ? ਇਹ ਸਵਾਲ ਉਸ ਸਮੇਂ ਮਨ ਵਿਚ ਉਠਦਾ ਹੈ ਜਦੋਂ ਸੰਘ ਦੇ ਸੀਨੀਅਰ ਅਹੁਦੇਦਾਰ ਡਾ. ਕ੍ਰਿਸ਼ਨ ਗੋਪਾਲ ਵਲੋਂ 2017 ਵਿਚ ਦਿੱਤਾ ਭਾਸ਼ਣ ਨਜ਼ਰ ਆਉਂਦਾ ਹੈ। ਇਸ ਦਾ ਸਿਰਲੇਖ ਹੈ 'ਭਾਰਤੀ ਰਵਾਇਤ ਵਿਚ ਸੰਘਰਸ਼ਸ਼ੀਲ ਸੁਧਾਰ'। ਸਿਰਲੇਖ ਤੋਂ ਜ਼ਾਹਰ ਹੈ ਕਿ ਇਹ ਭਾਸ਼ਣ ਸਮਾਜਕ ਬਦਲਾਓ ਲਈ ਟਕਰਾਅ ਵਾਲੇ ਰਾਹ ਦੀ ਵਕਾਲਤ ਕਰਦਾ ਹੈ। ਇਸ ਨਾਲ ਹਿੰਦੂਤਵੀਆਂ ਨੂੰ ਇਹ ਕਹਿਣ ਦਾ ਮੌਕਾ ਮਿਲਣ ਦੀ ਗੁੰਜਾਇਸ਼ ਬਣਦੀ ਹੈ ਕਿ ਉਹ ਬਦਲਾਓਹੀਣ ਸਮਾਜ ਦੇ ਪੱਖ ਵਿਚ ਨਹੀਂ ਹਨ ਪਰ ਉਹ ਜਾਤਪਾਤ ਜਾਂ ਰਵਾਇਤਾਂ ਨੂੰ ਖਾਰਜ ਕਰਨ ਵਰਗੇ ਵਿਚਾਰਾਂ ਅਤੇ ਪ੍ਰੋਗਰਾਮਾਂ 'ਤੇ ਆਧਾਰਿਤ ਸਮਾਜਕ ਬਦਲਾਓ ਦਾ ਤਰੀਕਾ ਠੀਕ ਨਹੀਂ ਮੰਨਦੇ। ਇਹ ਭਾਸ਼ਣ ਭੂਗੋਲਿਕ ਅਤੇ ਵਾਤਾਵਰਨ ਸਬੰਧੀ ਤਰਕ ਦੀ ਵਰਤੋਂ ਕਰਦਾ ਕਹਿੰਦਾ ਹੈ ਕਿ ਭਾਰਤ ਦੇ ਵਿਲੱਖਣ ਭੂਗੋਲ ਅਤੇ ਜਲਵਾਯੂ ਵਿਕਸਿਤ ਹੋਣ ਕਾਰਨ ਭਾਰਤੀ ਪਰੰਪਰਾ ਸੰਘਰਸ਼ ਤੋਂ ਬਿਨਾਂ ਸੁਧਰੀ ਹੈ ਜਦੋਂਕਿ ਪੱਛਮ ਦੇ ਜਲਵਾਯੂ ਵਿਚ ਵਿਕਸਿਤ ਹੋਈ ਰਵਾਇਤ ਉਸ ਦੇ ਆਪਣੇ ਭੂਗੋਲ ਅਤੇ ਵਾਤਾਵਰਨ ਦੀ ਵਿਲੱਖਣਤਾ ਕਾਰਨ ਵਿਦਰੋਹ, ਟਕਰਾਓ, ਹਿੰਸਾ ਅਤੇ ਇਨਕਲਾਬਾਂ ਦਾ ਇਤਿਹਾਸ ਹੈ। ਸੰਘ ਪਰਿਵਾਰ ਦੇ ਵਿਚਾਰਕ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਦਿਖਾਈ ਦਿੰਦਾ ਹੈ ਕਿ ਇਸ ਤਰ੍ਹਾਂ ਦੀਆਂ ਦਾਅਵੇਦਾਰੀਆਂ ਦਾ ਵਿਚਾਰਕ ਪਿਛੋਕੜ ਨਵਾਂ ਨਹੀਂ ਸਗੋਂ ਪੁਰਾਣਾ ਹੈ। 60 ਦੇ ਦਹਾਕੇ ਵਿਚ ਸੰਘ ਦੇ ਮੈਂਬਰਾਂ ਸਾਹਮਣੇ ਦਿੱਤੇ ਗਏ ਦੀਨ ਦਿਆਲ ਉਪਾਧਿਆਏ ਦੇ ਭਾਸ਼ਣਾਂ 'ਤੇ ਨਜ਼ਰ ਮਾਰੀਏ ਤਾਂ ਇਹ ਸਾਬਤ ਹੋ ਜਾਂਦਾ ਹੈ। ਇਸੇ ਤਰ੍ਹਾਂ ਦੱਤੋਪੰਤ ਠੇਂਗੜੀ ਵਲੋਂ 'ਸਮਾਜਕ ਨਿਆਂ ਪ੍ਰਦਾ ਸਮਤਾ' ਦੀ ਬਜਾਏ 'ਪਰੰਪਰਾ ਪ੍ਰਦਾ ਸਮਰਸਤਾ' ਦੇ ਸਿਧਾਂਤ ਵਿਚ ਵੀ ਇਹ ਸਬੂਤ ਮਿਲ ਸਕਦਾ ਹੈ। ਇਹ ਜਾਣਨਾ ਦਿਲਚਸਪ ਹੋਵੇਗਾ ਕਿ ਦੱਤੋਪੰਤ ਠੇਂਗੜੀ ਦੀ ਇਸ ਪੂਰੀ ਰਚਨਾ ਵਿਚ ਡਾ. ਅੰਬੇਡਕਰ ਦੇ ਵਿਚਾਰਾਂ ਨੂੰ ਆਪਣੇ ਦ੍ਰਿਸ਼ਟੀਕੋਣ ਨਾਲ ਪੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ ਭਾਵੇਂ 2018 ਵਿਚ ਦਿੱਤੇ ਗਏ ਮੋਹਨ ਭਾਗਵਤ ਦੇ ਤਿੰਨ ਭਾਸ਼ਣ ਹੋਣ ਜਾਂ ਡਾ. ਗੋਪਾਲ ਕ੍ਰਿਸ਼ਨ ਦਾ ਭਾਸ਼ਣ ਹੋਵੇ, ਇਨ੍ਹਾਂ ਸਾਰਿਆਂ ਵਿਚ ਗਾਂਧੀ, ਰਵਿੰਦਰਨਾਥ ਠਾਕੁਰ, ਅੰਬੇਡਕਰ, ਧਰਮਪਾਲ ਅਤੇ ਇੱਥੋਂ ਤੱਕ ਕਿ ਮਾਰਕਸਵਾਦੀ ਸਾਹਿਤ ਆਲੋਚਕ ਰਾਮ ਵਿਲਾਸ ਸ਼ਰਮਾ ਦਾ ਭਰਪੂਰ ਜ਼ਿਕਰ ਹੈ। ਸੰਘ ਤੋਂ ਪਹਿਲਾਂ ਦੇ ਹਿੰਦੂਤਵੀ ਸਿਧਾਂਤਕਾਰਾਂ (ਸਾਵਰਕਰ, ਮੁੰਜੇ) ਦਾ ਜ਼ਿਕਰ ਇਸ ਵਿਚੋਂ ਕਰੀਬ ਗਾਇਬ ਹੈ।

ਸ਼ੁਰੂਆਤੀ ਦੌਰ ਵਿਚ ਸਰਕਾਰ ਦੀ ਇਸ ਰਣਨੀਤੀ ਅਤੇ ਉਸ ਦੀਆਂ ਨੀਤੀਆਂ 'ਤੇ ਕਿਸੇ ਦੀ ਨਿਗ੍ਹਾ ਨਹੀਂ ਗਈ। ਸਰਕਾਰ ਦੀ ਆਲੋਚਨਾ 'ਧਰਮ ਨਿਰਪੱਖ ਬਨਾਮ ਫਿਰਕੂ' ਵਰਗੇ ਸਿਰਲੇਖਾਂ ਤਹਿਤ ਹੀ ਕੀਤੀ ਜਾਂਦੀ ਰਹੀ ਹੈ। ਇਸ ਦਾ ਮੋਦੀ ਸਰਕਾਰ 'ਤੇ ਕੋਈ ਅਸਰ ਨਹੀਂ ਪੈ ਸਕਦਾ ਸੀ ਕਿਉਂਕਿ ਭਾਜਪਾ ਸਮੇਤ ਸੰਘ ਪਰਿਵਾਰ ਦੇ ਸਾਰੇ ਸੰਗਠਨ ਘੱਟ-ਗਿਣਤੀ ਵਿਰੋਧੀ ਹੋਣ ਦੇ ਨਾਲ ਜਿਊਣਾ ਸਿੱਖ ਚੁੱਕੇ ਸਨ। ਦਰਅਸਲ, ਮੋਦੀ ਅਤੇ ਸੰਘ ਦੇ ਪ੍ਰਾਜੈਕਟ ਵਿਚੋਂ ਉਸ ਦੇ ਘੱਟ-ਗਿਣਤੀਆਂ ਵਿਰੋਧੀ ਲੱਛਣਾਂ ਦੀ ਸ਼ਨਾਖਤ ਕਰਨਾ ਸੌਖਾ ਸੀ। ਇਸ ਲਈ ਇਕ ਦੂਹਰੀ ਰਣਨੀਤੀ ਦੀ ਲਗਾਤਾਰ ਵਰਤੋਂ ਕੀਤੀ ਜਾ ਰਹੀ ਸੀ। ਵੱਡੇ-ਵੱਡੇ ਦੰਗਿਆਂ ਤੋਂ ਬਚਦੇ ਹੋਏ ਸਥਾਨਕ ਪੱਧਰ 'ਤੇ ਗਊ ਰੱਖਿਆ, ਘਰ ਵਾਪਸੀ, ਅਖੌਤੀ ਲਵ ਜਹਾਦ ਵਰਗੇ ਮੁੱਦਿਆਂ ਰਾਹੀਂ ਫਿਰਕੂ ਤਣਾਅ ਨੂੰ ਲਗਾਤਾਰ ਭਖਾਈ ਰੱਖਣਾ ਅਤੇ ਘੱਟ-ਗਿਣਤੀਆਂ ਦੀ ਵੋਟ ਦੀ ਸਿਆਸਤ ਨੂੰ ਬਿਲਕੁਲ ਜ਼ੀਰੋ ਕਰ ਦੇਣ ਲਈ ਵੱਡੇ-ਵੱਡੇ ਸਮਾਜਕ ਗੱਠਜੋੜ ਬਣਾਉਣ ਰਾਹੀਂ ਹਿੰਦੂ ਰਾਜਨੀਤਕ ਏਕਤਾ ਦਾ ਦਾਇਰਾ ਵਧਾਉਣਾ। ਸੰਸਦ ਵਿਚ ਵਿਰੋਧੀ ਧਿਰ ਦੀ ਚੁੱਪ, ਉਸ ਦੇ ਆਗੂਆਂ ਦਾ ਮਾੜਾ ਅਕਸ ਅਤੇ ਏਕਤਾ ਦੀ ਘਾਟ ਕਾਰਨ ਭਾਜਪਾ ਨੂੰ ਗੈਰ-ਸਾਧਾਰਨ ਸਫਲਤਾ ਮਿਲਦੀ ਗਈ ਪਰ ਮੋਦੀ ਸਰਕਾਰ ਦੇ ਆਲੋਚਕ ਜੋ ਦੇਖਣ ਤੋਂ ਖੁੰਝ ਰਹੇ ਹਨ, ਉਹ ਕੁਝ ਹੋਰ ਹੀ ਸੀ। ਦਰਅਸਲ, ਉਹ ਘੱਟ-ਗਿਣਤੀਆਂ ਦੇ ਵਿਰੋਧ ਤੋਂ ਪਰੇ ਜਾਂਦਿਆਂ ਪੂਰੇ ਭਾਰਤੀ ਸਮਾਜ (ਜਿਸ ਵਿਚ ਗੈਰ-ਮੁਸਲਮਾਨਾਂ ਦੀ ਗਿਣਤੀ ਲਗਭਗ 85 ਫੀਸਦੀ ਹੈ) ਨੂੰ ਆਗਿਆਪਾਲਕ ਬਣਾਉਣ ਦੀ ਇੱਛਾ ਸੀ। ਮੇਰੇ ਵਿਚਾਰ ਨਾਲ ਇਸ ਦੇ ਪਿੱਛੇ ਸਮਝ ਇਹ ਸੀ ਕਿ ਸਿਰਫ ਆਗਿਆਪਾਲਕ ਸਮਾਜ ਹੀ ਹਿੰਦੂਤਵਵਾਦੀਆਂ ਦੀ ਸਰਕਾਰ ਨੂੰ ਹਰਮਨ ਪਿਆਰਾ ਅਤੇ ਗੈਰ-ਹਰਮਨ ਪਿਆਰਾ ਬਣਾ ਸਕਦਾ ਹੈ ਜਿਸ ਚੱਕਰ ਦਾ ਸ਼ਿਕਾਰ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਹੋਈਆਂ ਸਨ। ਇਸ ਪਿੱਛੇ ਦੂਜੀ ਸਮਝ ਇਹ ਵੀ ਹੈ ਕਿ ਚੋਣ ਸਫਲਤਾਵਾਂ ਲਈ ਘੜੀ ਗਈ ਹਿੰਦੂ ਏਕਤਾ ਉਸ ਸਮੇਂ ਤੱਕ ਕਾਇਮ ਰਹੇਗੀ ਜਦੋਂ ਤੱਕ ਉਸ ਦਾ ਢਾਂਚਾ ਰਾਜਨੀਤੀ ਦੇ ਫੌਰੀ ਉਦੇਸ਼ਾਂ ਤੋਂ ਪਰੇ ਜਾ ਕੇ ਸਮਾਜਕ ਨਾ ਬਣ ਜਾਵੇ।

# ਚੋਣਾਂ ਵਿਚ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ ਭਾਜਪਾ

ਪੰਜ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਇਹ ਚੋਣਾਂ ਦੇਸ਼ ਪੱਧਰੀ ਕਿਸਾਨ ਅੰਦੋਲਨ ਦੌਰਾਨ ਹੋ ਰਹੀਆਂ ਹਨ ਅਤੇ ਕੁਝ ਰਾਜਾਂ ਵਿਚ ਨਵੇਂ ਖੇਤੀ ਕਾਨੂੰਨਾਂ ਖਿਲਾਫ ਤੇਜ਼ ਅੰਦੋਲਨ ਵੀ ਹੋ ਰਹੇ ਹਨ। ਜਿਨ੍ਹਾਂ ਰਾਜਾਂ ਵਿਚ ਤੇਜ਼ ਅੰਦੋਲਨ ਹੋ ਰਹੇ ਹਨ, ਉਨ੍ਹਾਂ ਸਭ ਵਿਚ ਹੋਏ ਸਥਾਨਕ ਨਗਰ ਨਿਗਮ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਵਿਚ ਭਾਰਤੀ ਜਨਤਾ

**ਉਪੇਂਦਰ ਪ੍ਰਸਾਦ**

ਪਾਰਟੀ ਹਾਰੀ ਹੈ। ਉਹ ਹਰਿਆਣਾ ਦੇ ਨਗਰ ਨਿਗਮ ਦੀਆਂ ਦੋਵਾਂ ਵਿਚ ਹਾਰੀ, ਉਸ ਤੋਂ ਬਾਅਦ ਰਾਜਸਥਾਨ ਦੇ ਸਥਾਨਕ ਨਗਰ ਨਿਗਮ ਦੀਆਂ ਚੋਣਾਂ ਵਿਚ ਹਾਰੀ। ਪੰਜਾਬ ਵਿਚ ਤਾਂ ਉਸ ਦੀ ਬੁਰੀ ਹਾਲਤ ਹੋ ਗਈ ਹੈ। ਇਨ੍ਹਾਂ ਹਾਰਾਂ ਨੂੰ ਦੇਖਦੇ ਹੋਏ ਹਰਿਆਣਾ ਦੀ ਭਾਜਪਾ ਸਰਕਾਰ ਸੂਬੇ ਦੀਆਂ ਗ੍ਰਾਮ ਪੰਚਾਇਤ ਚੋਣਾਂ ਕਰਾਉਣ ਦੀ ਹਿੰਮਤ ਹੀ ਨਹੀਂ ਕਰ ਰਹੀ। ਉਥੋਂ ਦੀਆਂ ਪੰਚਾਇਤ ਚੋਣਾਂ ਪਾਰਟੀ ਆਧਾਰ 'ਤੇ ਹੁੰਦੀਆਂ ਹਨ ਅਤੇ ਪਾਰਟੀ ਦੀ ਹਾਰ ਦੇ ਡਰ ਨਾਲ ਖੱਟਰ ਸਰਕਾਰ ਗ੍ਰਾਮ ਪੰਚਾਇਤ ਦੀਆਂ ਚੋਣਾਂ ਹੀ ਨਹੀਂ ਕਰਵਾ ਰਹੀ ਹੈ ਜਦ ਕਿ ਹਰਿਆਣਾ ਦੀਆਂ ਗ੍ਰਾਮ ਪੰਚਾਇਤ, ਪ੍ਰਖੰਡ ਵਿਕਾਸ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਕਾਰਜਕਾਲ ਪਿਛਲੀ 23 ਫਰਵਰੀ ਨੂੰ ਹੀ ਖਤਮ ਹੋ ਚੁੱਕੇ ਹਨ। ਪੰਚਾਇਤੀ ਚੋਣਾਂ ਦੇ ਮਾਮਲੇ ਵਿਚ ਖੱਟਰ ਸਰਕਾਰ ਦੇ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ।

ਫਿਲਹਾਲ ਜਿਨ੍ਹਾਂ 5 ਸੂਬਿਆਂ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ, ਉਨ੍ਹਾਂ ਵਿਚੋਂ ਚਾਰ ਪੂਰਨ ਰਾਜ ਹਨ, ਜਦਕਿ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਹੈ। ਚੋਣਾਂ ਵਿਚਾਲੇ ਕੇਂਦਰ ਸਰਕਾਰ ਨੇ ਅੰਦੋਲਨ ਦੀ ਅਣਦੇਖੀ ਕਰਨੀ ਸ਼ੁਰੂ ਕਰ ਦਿੱਤੀ ਹੈ; ਭਾਵ ਅੰਦੋਲਨ ਨੂੰ ਖਤਮ ਕਰਾਉਣ ਦੀ ਫਿਲਹਾਲ ਉਸ ਨੂੰ ਕੋਈ ਹੜਬੜੀ ਨਹੀਂ ਹੈ। ਉਹ ਨਾ ਤਾਂ ਗੱਲਬਾਤ ਕਰ ਰਹੀ ਹੈ ਅਤੇ ਨਾ ਹੀ ਦਮਨਾਤਮਕ ਢੰਗ ਨਾਲ ਉਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਉਸ ਦੀ ਨਜ਼ਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ 'ਤੇ ਹੈ। ਉਸ ਨੂੰ ਵਿਸ਼ਵਾਸ ਹੈ ਕਿ ਇਨ੍ਹਾਂ ਰਾਜਾਂ ਵਿਚ ਹੋ ਰਹੀਆਂ ਚੋਣਾਂ ਵਿਚ ਉਹ ਜਿੱਤ ਹਾਸਲ ਕਰੇਗੀ ਅਤੇ ਉਸ ਤੋਂ ਬਾਅਦ ਆਪਣੇ ਪ੍ਰਚਾਰ ਤੰਤਰ ਦੀ ਵਰਤੋਂ ਕਰਕੇ ਲੋਕਾਂ ਨੂੰ ਇਹ ਸੰਦੇਸ਼ ਭੇਜੇਗੀ ਕਿ ਅੰਦੋਲਨਕਾਰੀ ਲੋਕਾਂ ਦੀ ਮੂਲ ਭਾਵਨਾ ਦੀ ਅਗਵਾਈ ਨਹੀਂ ਕਰਦੇ, ਕਿਉਂਕਿ ਚੋਣਾਂ ਵਿਚ ਲੋਕਾਂ ਨੇ ਉਸ ਨੂੰ ਜਿੱਤ ਦਿਵਾ ਦਿੱਤੀ ਹੈ। ਉਹ ਕਹੇਗੀ ਕਿ ਜੇਕਰ ਲੋਕ ਇਨ੍ਹਾਂ ਖੇਤੀ ਕਾਨੂੰਨਾਂ ਵਿਰੁੱਧ ਹੁੰਦੇ ਤਾਂ ਉਹ ਉਸ ਨੂੰ ਹਰਾ ਦਿੰਦੇ; ਹਾਲਾਂਕਿ ਇਹ ਵੀ ਸੱਚ ਹੈ ਕਿ ਭਾਰਤੀ ਜਨਤਾ ਪਾਰਟੀ ਕਿਸੇ ਰਾਜ ਦੀਆਂ ਚੋਣਾਂ ਵਿਚ ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਨੂੰ ਮੁੱਦਾ ਨਹੀਂ ਬਣਾ ਰਹੀ ਪਰ ਜੇਕਰ ਉਹ ਜਿੱਤੇਗੀ ਤਾਂ ਕਹੇਗੀ ਕਿ ਜਨਤਾ ਨੇ ਖੇਤੀ ਕਾਨੂੰਨਾਂ ਦੇ ਮਸਲੇ 'ਤੇ ਸਰਕਾਰ ਦੇ ਪੱਖ ਵਿਚ ਵੋਟਾਂ ਪਾਈਆਂ ਹਨ ਅਤੇ ਅੰਦੋਲਨਕਾਰੀਆਂ ਖਿਲਾਫ ਵੋਟ ਦਿੱਤੀ ਹੈ। ਉਸ ਤੋਂ ਬਾਅਦ ਕਿਸਾਨ ਅੰਦੋਲਨ ਨਾਲ ਨਜਿੱਠਣਾ ਉਸ ਲਈ ਸੌਖਾ ਹੋ ਜਾਵੇਗਾ।

ਸਵਾਲ ਉਠਦਾ ਹੈ ਕਿ ਭਾਰਤੀ ਜਨਤਾ ਪਾਰਟੀ ਆਪਣੇ ਮਨਸੂਬੇ ਵਿਚ ਕਾਮਯਾਬ ਹੋ ਸਕੇਗੀ? ਆਸਾਮ ਵਿਚ ਪਹਿਲਾਂ ਤੋਂ ਹੀ ਉਸ ਦੀ ਸਰਕਾਰ ਹੈ। ਖੇਤਰੀ ਪ੍ਰੀਸ਼ਦ ਦੀਆਂ ਚੋਣਾਂ ਵਿਚ ਉਸ ਨੂੰ ਆਪਣੇ ਸਹਿਯੋਗੀਆਂ ਦੇ ਨਾਲ ਸਫਲਤਾ ਵੀ ਮਿਲੀ ਸੀ। ਇਸ ਲਈ ਉਹ ਉਮੀਦ ਕਰ ਰਹੀ ਹੈ ਕਿ ਉਹ ਉਥੇ ਦੁਬਾਰਾ ਸਰਕਾਰ ਬਣਾਉਣ ਵਿਚ ਸਫਲ ਹੋ ਜਾਵੇਗੀ ਪਰ ਇਸ ਤਰ੍ਹਾਂ ਦੀ ਉਮੀਦ ਕਰਨਾ ਜਿੰਨਾ ਸੌਖਾ ਹੈ, ਉਸ ਉਮੀਦ ਦੀ ਸਫਲਤਾ ਓਨੀ ਹੀ ਮੁਸ਼ਕਿਲ ਭਰੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਵਾਰ ਭਾਜਪਾ ਦੇ ਗੱਠਜੋੜ ਦਾ ਮੁਕਾਬਲਾ ਕਾਂਗਰਸ ਨਾਲ ਨਹੀਂ ਸਗੋਂ ਗੱਠਜੋੜ ਨਾਲ ਹੈ ਜਿਸ ਵਿਚ ਕਾਂਗਰਸ ਤੋਂ ਇਲਾਵਾ ਬੋਡੋ ਪੀਪਲਜ਼ ਫਰੰਟ, ਸੀ. ਪੀ. ਆਈ., ਸੀ. ਪੀ. ਐਮ., ਸੀ. ਪੀ. ਐਮ. ਐਲ. ਅਤੇ ਇਕ ਹੋਰ ਖੇਤਰੀ ਪਾਰਟੀ ਹੈ। ਜ਼ਾਹਿਰ ਹੈ ਉਥੇ ਮੁਕਾਬਲਾ ਬਹੁਤ ਸਖਤ ਹੈ ਅਤੇ ਨਤੀਜਾ ਆਉਣ ਤੋਂ ਪਹਿਲਾਂ ਜਿੱਤ ਜਾਂ ਹਾਰ ਦਾ ਕੋਈ ਦਾਅਵਾ ਸਿਰਫ ਦਾਅਵਾ ਹੀ ਮੰਨਿਆ ਜਾਵੇਗਾ।

ਆਸਾਮ ਵਿਚ ਤਾਂ ਭਾਜਪਾ ਦੀ ਆਪਣੀ ਸਰਕਾਰ ਹੈ। ਇਸ ਲਈ ਕਿਸਾਨ ਅੰਦੋਲਨ ਨੂੰ ਲੈ ਕੇ ਉਥੇ ਦੀ ਜਿੱਤ ਉਸ ਨੂੰ ਆਪਣੇ ਪ੍ਰਚਾਰ ਤੰਤਰ ਲਈ ਜ਼ਰੂਰੀ ਗੋਲਾ ਬਾਰੂਦ ਨਹੀਂ ਮੁਹੱਈਆ ਕਰ ਸਕਦੀ। ਇਹ ਕੰਮ ਪੱਛਮੀ ਬੰਗਾਲ ਦੀ ਉਸ ਦੀ ਜਿੱਤ ਤੋਂ ਹੀ ਸੰਭਵ ਹੈ। ਉਥੇ ਜਿੱਤ ਲਈ ਉਸ ਨੇ ਦਲ-ਬਦਲ ਕਰਾਉਣ ਦਾ ਆਪਣਾ ਪੁਰਾਣਾ ਫਾਰਮੂਲਾ ਅਖਤਿਆਰ ਕੀਤਾ ਹੈ। ਉਸ ਨੇ ਆਪਣੇ ਪ੍ਰਚਾਰ ਤੰਤਰ ਨੂੰ ਲੋੜੀਂਦਾ ਸਾਜ਼ੋ-ਸਾਮਾਨ ਮੁਹੱਈਆ ਕਰਾਇਆ ਅਤੇ ਜਾਪਣ ਲੱਗਾ ਕਿ ਅਸਲ ਵਿਚ ਮਮਤਾ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਹੈ ਪਰ ਕੁਝ ਦਿਨਾਂ ਤੋਂ ਬਾਅਦ ਉਸ ਪ੍ਰਚਾਰ ਦਾ ਅਸਰ ਖਤਮ ਹੋ ਗਿਆ। ਹਾਲੇ ਕੁਝ ਦਿਨ ਪਹਿਲਾਂ ਦਿਨੇਸ਼ ਤ੍ਰਿਵੇਦੀ ਜੋ ਟੀ.ਐਮ.ਸੀ. ਦੇ ਬਹੁਤ ਵੱਡੇ ਨੇਤਾ ਸਨ ਅਤੇ ਜੋ ਯੂ.ਪੀ.ਏ. ਦੀ ਸਰਕਾਰ ਵਿਚ ਰੇਲ ਮੰਤਰੀ ਸਨ, ਭਾਜਪਾ ਵਿਚ ਸ਼ਾਮਿਲ ਹੋਏ। ਕੋਸ਼ਿਸ਼ ਸੌਰਭ ਗਾਂਗੁਲੀ ਨੂੰ ਵੀ ਭਾਜਪਾ ਵਿਚ ਸ਼ਾਮਿਲ ਕਰਨ ਦੀ ਕੀਤੀ ਗਈ ਸੀ। ਬੰਗਾਲ ਵਿਚ ਉਹ ਬਹੁਤ ਹਰਮਨਪਿਆਰਾ ਹੈ ਅਤੇ ਉਥੇ ਦੇ ਲੋਕ ਉਸ ਨੂੰ ਬੰਗਾਲੀ ਸਭਿਆਚਾਰ ਨਾਲ ਵੀ ਜੋੜ ਕੇ ਦੇਖਦੇ ਹਨ ਪਰ ਗਾਂਗੁਲੀ ਨੇ ਭਾਜਪਾ ਵਿਚ ਸ਼ਾਮਿਲ ਹੋਣ ਤੋਂ ਮਨ੍ਹਾ ਕਰ ਦਿੱਤਾ, ਹਾਲਾਂਕਿ ਉਹ ਸ਼ੁਰੂ ਵਿਚ ਸ਼ਾਮਿਲ ਹੋਣ ਦੇ ਸੰਕੇਤ ਦੇ ਰਹੇ ਸਨ। ਮੋਦੀ ਦੀ ਰੈਲੀ ਵਿਚ ਮਿਥੁਨ ਚੱਕਰਵਰਤੀ ਜ਼ਰੂਰ ਭਾਜਪਾ ਵਿਚ ਸ਼ਾਮਿਲ ਹੋਏ ਪਰ ਉਹ ਬੰਗਾਲ ਵਿਚ ਹੁਣ ਨਾ ਰਹਿੰਦੇ ਹਨ ਅਤੇ ਉਹ ਪੁਰਾਣੇ ਦਿਨਾਂ ਦੀ ਦਾਸਤਾਂ ਬਣ ਗਏ ਹਨ। ਸੌਰਭ ਗਾਂਗੁਲੀ ਦਾ ਭਾਜਪਾ ਵਿਚ ਸ਼ਾਮਿਲ ਨਾ ਹੋਣਾ ਇਹ ਸੰਕੇਤ ਦਿੰਦਾ ਹੈ ਕਿ ਬੰਗਾਲ ਵਿਚ ਲੋਕਾਂ ਦਾ ਕੀ ਮੂਡ ਹੈ। ਉਨ੍ਹਾਂ ਲੋਕਾਂ ਦਾ ਮੂਡ ਦੇਖਿਆ ਹੋਵੇਗਾ ਅਤੇ ਆਪਣੇ ਪ੍ਰਸ਼ੰਸਕਾਂ ਦੀ ਰਾਏ ਵੀ ਮੰਗੀ ਹੋਵੇਗੀ। ਜਦੋਂ ਉਨ੍ਹਾਂ ਨੂੰ ਲੱਗ ਗਿਆ ਕਿ ਭਾਜਪਾ ਦੀ ਜਿੱਤ ਦੀ ਦੂਰ-ਦੂਰ ਤੱਕ ਕੋਈ ਸੰਭਾਵਨਾ ਨਹੀਂ ਹੈ, ਤਦੇ ਉਨ੍ਹਾਂ ਨੇ ਭਾਜਪਾ ਵਿਚ ਸ਼ਾਮਿਲ ਹੋਣ ਤੋਂ ਮਨ੍ਹਾ ਕੀਤਾ ਹੋਵੇਗਾ। ਆਖਿਰ ਉਨ੍ਹਾਂ ਨੇ ਬੰਗਾਲ ਵਿਚ ਬੰਗਾਲੀਆਂ ਵਿਚਾਲੇ ਹੀ ਰਹਿਣਾ ਹੈ ਅਤੇ ਉਨ੍ਹਾਂ ਦੀਆਂ ਵੋਟਾਂ ਵਿਰੁੱਧ ਜਾ ਕੇ ਆਪਣੀ ਹੇਠੀ ਕਿਉਂ ਕਰਵਾਉਣਗੇ। ਦੂਜੇ ਪਾਸੇ ਮਿਥੁਨ ਚੱਕਰਵਰਤੀ ਦਾ ਬੰਗਾਲ ਵਿਚ ਕੁਝ ਵੀ ਦਾਅ 'ਤੇ ਨਹੀਂ ਹੈ ਸਗੋਂ ਉਨ੍ਹਾਂ ਦੇ ਪੁੱਤਰ ਖਿਲਾਫ ਇਕ ਔਰਤ ਨੇ ਜਬਰ ਜਨਾਹ ਦਾ ਦੋਸ਼ ਲਗਾਇਆ ਹੈ।

ਸੌਰਭ ਗਾਂਗੁਲੀ ਦਾ ਭਾਜਪਾ ਵਿਚ ਸ਼ਾਮਿਲ ਨਾ ਹੋਣਾ ਇਹ ਵੀ ਸੰਕੇਤ ਦਿੰਦਾ ਹੈ ਕਿ ਪੱਛਮੀ ਬੰਗਾਲ ਵਿਚ ਭਾਜਪਾ ਦੀ ਕਿਸ਼ਤੀ ਡੁੱਬ ਰਹੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਉਸ ਨੇ 18 ਸੀਟਾਂ 'ਤੇ ਜਿੱਤ ਜ਼ਰੂਰ ਹਾਸਲ ਕੀਤੀ ਸੀ ਅਤੇ 40 ਫੀਸਦੀ ਤੋਂ ਜ਼ਿਆਦਾ ਵੋਟਾਂ ਹਾਸਲ ਕੀਤੀਆਂ ਸਨ ਪਰ ਉਹ ਵੋਟਾਂ ਕਾਂਗਰਸ ਅਤੇ ਖੱਬੇ ਪੱਖੀਆਂ ਦੀ ਕੀਮਤ 'ਤੇ ਹੀ ਪਾਈਆਂ ਸਨ। ਇਨ੍ਹਾਂ ਦੋਵਾਂ ਦੇ ਗੱਠਜੋੜ ਨੂੰ ਸਿਰਫ 13 ਫੀਸਦੀ ਵੋਟਾਂ ਹੀ ਮਿਲੀਆਂ ਸਨ। ਹੁਣ ਖੱਬੇ ਪੱਖੀ ਗੱਠਜੋੜ ਪਹਿਲਾਂ ਦੇ ਮੁਕਾਬਲੇ ਬਹੁਤ ਮਜ਼ਬੂਤ ਦਿਖਾਈ ਦੇ ਰਹੇ ਹਨ, ਕਿਉਂਕਿ ਉਸ ਵਿਚ ਇੰਡੀਅਨ ਸੈਕੂਲਰ ਫਰੰਟ ਨਾਂ ਦੀ ਇਕ ਪਾਰਟੀ ਵੀ ਸ਼ਾਮਿਲ ਹੋ ਗਈ ਹੈ। ਗੱਠਜੋੜ ਦੀ ਸੰਯੁਕਤ ਰੈਲੀ ਵਿਚ ਜੋ ਭੀੜ ਇਕੱਠੀ ਹੋਈ, ਉਸ ਤੋਂ ਲੱਗ ਰਿਹਾ ਹੈ ਕਿ ਉਹ ਆਪਣਾ ਆਧਾਰ ਵਾਪਸ ਪਾ ਰਹੀ ਹੈ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਭਾਜਪਾ ਨੂੰ ਮਿਲਣ ਵਾਲੀਆਂ ਵੋਟਾਂ 2019 ਵਿਚ ਮਿਲੀਆਂ 40 ਫੀਸਦੀ ਵੋਟਾਂ ਤੋਂ ਕਾਫੀ ਹੇਠਾਂ ਡਿਗ ਜਾਣਗੀਆਂ ਅਤੇ ਇਹ ਵੀ ਸੰਭਵ ਹੈ ਕਿ ਭਾਜਪਾ ਖੱਬੇਪੱਖੀ ਗੱਠਜੋੜ ਤੋਂ ਵੀ ਹੇਠਾਂ ਆ ਜਾਵੇ।

ਪੰਜਾਬ ਟਾਈਮਜ਼

ਸਨਿਚਰਵਾਰ, 3 ਅਪਰੈਲ 2021

# ਸਰਕਾਰ ਦੀ ਨੀਅਤ

ਤਿੰਨ ਖੇਤੀ ਕਾਨੂੰਨਾਂ ਬਾਰੇ ਪੜਚੋਲ ਲਈ ਸੁਪਰੀਮ ਕੋਰਟ ਦੀ ਬਣਾਈ ਤਿੰਨ ਮੈਂਬਰੀ ਕਮੇਟੀ ਨੇ ਆਪਣੀ ਰਿਪੋਰਟ ਤਿਆਰ ਕਰ ਕੇ ਅਦਾਲਤ ਨੂੰ ਸੌਂਪ ਦਿੱਤੀ ਹੈ। ਇਸ ਰਿਪੋਰਟ ਅੰਦਰ ਕੀ ਕੁਝ ਦਰਜ ਕੀਤਾ ਗਿਆ ਹੈ, ਇਹ ਤਾਂ ਆਉਣ ਵਾਲੇ ਵਕਤ ਦੌਰਾਨ ਪਤਾ ਲੱਗਣਾ ਹੈ ਪਰ ਨੀਤੀ ਆਯੋਗ ਨਾਲ ਜੁੜੇ ਅਰਥ ਸ਼ਾਸਤਰੀ ਡਾ. ਰਾਮੇਸ਼ ਚੰਦ ਦੇ ਹਾਲੀਆ ਬਿਆਨ ਤੋਂ ਸਾਫ ਪਤਾ ਲੱਗ ਰਿਹਾ ਹੈ ਕਿ ਇਸ ਮਸਲੇ 'ਤੇ ਸਰਕਾਰ ਦੀ ਨੀਅਤ ਵਿਚ ਕੋਈ ਫਰਕ ਨਹੀਂ ਆਇਆ ਹੈ। ਡਾ. ਰਾਮੇਸ਼ ਚੰਦ ਨੇ ਕਿਹਾ ਹੈ ਕਿ ਤਿੰਨੇ ਖੇਤੀ ਕਾਨੂੰਨ ਲਾਗੂ ਕੀਤੇ ਬਗੈਰ ਕਿਸਾਨਾਂ ਦੀ ਆਮਦਨ ਦੁੱਗਣੀ ਨਹੀਂ ਕੀਤੀ ਜਾ ਸਕਦੀ। ਜ਼ਿਕਰਯੋਗ ਹੈ ਕਿ ਮਨਮੋਹਨ ਸਿੰਘ ਸਰਕਾਰ ਨੇ 2013 ਵਿਚ ਘੱਟੋ-ਘੱਟ ਸਮਰਥਨ ਮੁੱਲ ਅਤੇ ਖੇਤੀ ਲਾਗਤ ਤੇ ਮੁੱਲ ਕਮਿਸ਼ਨ ਦੇ ਢਾਂਚੇ ਦੀ ਪੁਣ-ਛਾਣ ਲਈ ਡਾ. ਰਾਮੇਸ਼ ਚੰਦ ਦੀ ਅਗਵਾਈ ਹੇਠ ਕਮੇਟੀ ਬਣਾਈ ਸੀ। ਇਸ ਕਮੇਟੀ ਨੇ ਆਪਣੀ ਰਿਪੋਰਟ 2015 ਵਿਚ ਦਿੱਤੀ ਜਿਸ ਵਿਚ ਕਿਹਾ ਗਿਆ ਕਿ ਵਪਾਰ ਵਾਲੀਆਂ ਸ਼ਰਤਾਂ ਕਿਸਾਨਾਂ ਅਤੇ ਖੇਤੀ ਦੇ ਪੱਖ ਵਿਚ ਨਹੀਂ। ਇਸ ਦੇ ਨਾਲ ਹੀ ਸਰਕਾਰ ਨੂੰ ਸਿਫਾਰਿਸ਼ ਕੀਤੀ ਗਈ ਕਿ ਜਿਸ ਤਰ੍ਹਾਂ ਵਪਾਰੀਆਂ ਨਾਲ ਸਬੰਧਤ ਨੀਤੀਆਂ ਦੀ ਪੈਰਵੀ ਲਈ ਸੰਸਥਾਵਾਂ ਬਣਾਈਆਂ ਹਨ, ਇਸੇ ਤਰਜ਼ ਉਤੇ ਖੇਤੀ ਬਾਰੇ ਨੀਤੀਆਂ ਲਈ ਖੇਤੀ ਲਾਗਤ ਤੇ ਮੁੱਲ ਕਮਿਸ਼ਨ ਤੋਂ ਮਸ਼ਵਰਾ ਲਿਆ ਜਾਵੇ। ਰਿਪੋਰਟ ਵਿਚ ਹੋਰ ਵੀ ਕਈ ਤੱਥ ਵਿਚਾਰੇ ਗਏ ਸਨ ਜੋ ਇਕ ਤਰ੍ਹਾਂ ਨਾਲ ਕਿਸਾਨਾਂ ਅਤੇ ਖੇਤੀ ਦਾ ਪੱਖ ਪੂਰਦੇ ਸਨ। ਇਸ ਵਿਚ ਖੇਤੀ ਦੇ ਖੇਤਰ ਨੂੰ ਹੁਲਾਰਾ ਦੇਣ ਲਈ ਕਈ ਸੁਝਾਵਾਂ ਬਾਰੇ ਚਰਚਾ ਕੀਤੀ ਗਈ ਸੀ ਪਰ ਇਸ ਰਿਪੋਰਟ ਤੋਂ ਛੇ ਵਰ੍ਹਿਆਂ ਬਾਅਦ ਹੁਣ ਡਾ. ਰਾਮੇਸ਼ ਚੰਦ ਦੇ ਵਿਚਾਰਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ ਹੈ।

ਅਸਲ ਵਿਚ ਇਹ ਮੋਦੀ ਸਰਕਾਰ ਦਾ ਕੰਮ ਕਰਨ ਦਾ ਢੰਗ-ਤਰੀਕਾ ਹੈ। ਇਹ ਹਰ ਸੰਸਥਾ ਅਤੇ ਸ਼ਖਸੀਅਤ ਨੂੰ ਆਪਣੇ ਗੋਡੇ ਹੇਠ ਕਰ ਰਹੀ ਹੈ। ਤਿੰਨ ਖੇਤੀ ਕਾਨੂੰਨਾਂ ਬਾਰੇ ਵੀ ਕਿਸਾਨ, ਸੁਪਰੀਮ ਕੋਰਟ ਕੋਲ ਨਹੀਂ ਸਨ ਗਏ। ਉਂਜ ਵੀ ਜੇ ਕਿਸੇ ਨਾ ਕਿਸੇ ਢੰਗ-ਨਾਲ ਇਹ ਮਾਮਲਾ ਸੁਪਰੀਮ ਕੋਰਟ ਕੋਲ ਪਹੁੰਚ ਹੀ ਗਿਆ ਸੀ ਤਾਂ ਅਦਾਲਤ ਦਾ ਮੁਢਲਾ ਕੰਮ ਇਹ ਤੈਅ ਕਰਨਾ ਸੀ ਕਿ ਮੋਦੀ ਸਰਕਾਰ ਨੇ ਜਿਸ ਢੰਗ ਨਾਲ ਤਿੰਨ ਖੇਤੀ ਕਾਨੂੰਨ ਬਣਾਏ ਹਨ, ਕੀ ਉਹ ਸੰਵਿਧਾਨਕ ਤੌਰ 'ਤੇ ਸਹੀ ਹਨ ਪਰ ਅਦਾਲਤ ਨੇ ਇਹ ਪੜਚੋਲ ਕਰਨ ਦੀ ਬਜਾਏ ਕਾਨੂੰਨਾਂ ਦੀ ਪੁਣ-ਛਾਣ ਦਾ ਰਾਹ ਚੁਣਿਆ ਅਤੇ ਕਮੇਟੀ ਬਣਾ ਦਿੱਤੀ। ਸਿਤਮਜ਼ਰੀਫੀ ਦੇਖੋ ਕਿ ਕਮੇਟੀ ਵਿਚ ਉਹ ਤਿੰਨ ਸ਼ਖਸ ਸ਼ਾਮਿਲ ਕਰ ਲਏ ਜੋ ਪਹਿਲਾਂ ਹੀ ਇਨ੍ਹਾਂ ਕਾਨੂੰਨਾਂ ਦੇ ਹੱਕ ਵਿਚ ਆਪਣੀ ਰਾਏ ਜ਼ਾਹਿਰ ਕਰ ਚੁੱਕੇ ਸਨ। ਬਾਅਦ ਵਿਚ ਵਧੇਰੇ ਰੌਲਾ ਪੈਣ ਕਾਰਨ ਇਸ ਕਮੇਟੀ ਦੇ ਇਕ ਮੈਂਬਰ, ਕਿਸਾਨ ਆਗੂ ਭੁਪਿੰਦਰ ਸਿੰਘ ਮਾਨ ਨੇ ਤਾਂ ਅਸਤੀਫਾ ਵੀ ਦੇ ਦਿੱਤਾ ਪਰ ਇਸ ਅਸਤੀਫੇ ਅਤੇ ਕਿਸਾਨਾਂ ਦੇ ਵਿਰੋਧ ਦੇ ਬਾਵਜੂਦ ਨਾ ਸੁਪਰੀਮ ਕੋਰਟ ਅਤੇ ਨਾ ਹੀ ਕੇਂਦਰ ਪਿਛਾਂਹ ਮੁੜੀ। ਖੇਤੀ ਕਾਨੂੰਨਾਂ ਖਿਲਾਫ ਘੋਲ ਦੀ ਅਗਵਾਈ ਕਰ ਰਹੇ ਕਿਸਾਨ ਆਗੂਆਂ ਨੇ ਪਹਿਲਾਂ ਹੀ ਸਪਸ਼ਟ ਕਰ ਦਿੱਤਾ ਸੀ ਕਿ ਇਹ ਸੁਪਰੀਮ ਕੋਰਟ ਦੀ ਬਣਾਈ ਕਮੇਟੀ ਨੂੰ ਮਾਨਤਾ ਨਹੀਂ ਦਿੰਦੇ ਅਤੇ ਨਾ ਇਸ ਕਮੇਟੀ ਨਾਲ ਕੋਈ ਗੱਲ ਕਰਨਗੇ। ਸੱਚ ਹੀ, ਪੰਜਾਬ ਅਤੇ ਹਰਿਆਣਾ ਦੇ ਕਿਸਾਨ ਆਗੂਆਂ ਨੇ ਇਸ ਕਮੇਟੀ ਨਾਲ ਕੋਈ ਰਾਬਤਾ ਨਹੀਂ ਰੱਖਿਆ ਅਤੇ ਕਮੇਟੀ ਨੇ ਇਨ੍ਹਾਂ ਆਗੂਆਂ ਦੀ ਰਾਏ ਤੋਂ ਬਗੈਰ ਹੀ ਆਪਣੀ ਰਿਪੋਰਟ ਤਿਆਰ ਕਰ ਕੇ ਸੁਪਰੀਮ ਕੋਰਟ ਨੂੰ ਸੌਂਪ ਦਿੱਤੀ ਹੈ। ਸਾਫ ਜ਼ਾਹਿਰ ਹੈ ਕਿ ਸਰਕਾਰ ਇਸ ਮਾਮਲੇ 'ਤੇ ਆਪਣੀ ਮਨਮਰਜ਼ੀ ਕਰ ਰਹੀ ਹੈ ਅਤੇ ਕਿਸਾਨ ਘੋਲ ਨੂੰ ਪਛਾੜਨ ਲਈ ਹਰ ਸੰਸਥਾ ਅਤੇ ਸ਼ਖਸ ਦੀ ਵਰਤੋਂ ਕਰ ਰਹੀ ਹੈ।

ਅਸਲ ਮੁੱਦਾ ਇਹ ਹੈ ਕਿ ਮੋਦੀ ਸਰਕਾਰ ਕਿਸਾਨਾਂ ਦੇ ਮਸਲੇ ਨੂੰ ਜਾਣਬੁੱਝ ਕੇ ਲਟਕਾ ਰਹੀ ਹੈ। ਮੋਦੀ ਸਰਕਾਰ ਨੇ ਜਦੋਂ ਤੋਂ, ਜੂਨ 2020 ਵਿਚ ਖੇਤੀ ਆਰਡੀਨੈਂਸ ਲਿਆਂਦੇ ਸਨ, ਕਿਸਾਨ ਉਦੋਂ ਤੋਂ ਸੰਘਰਸ਼ ਕਰ ਰਹੇ ਹਨ ਅਤੇ ਇਨ੍ਹਾਂ ਨੂੰ ਦਿੱਲੀ ਦੀਆਂ ਬਰੂਹਾਂ ਉਤੇ ਬੈਠਿਆਂ ਨੂੰ ਚਾਰ ਮਹੀਨੇ ਹੋ ਗਏ ਸਨ। ਇਸ ਦੌਰਾਨ ਤਿੰਨ ਸੌ ਤੋਂ ਉਪਰ ਕਿਸਾਨਾਂ ਦੀ ਜਾਨ ਜਾ ਚੁੱਕੀ ਹੈ। ਕਿਸਾਨ ਆਗੂ ਸਰਕਾਰ ਦੇ ਮੰਤਰੀਆਂ ਨਾਲ ਚੱਲੀ 11 ਗੇੜਾਂ ਦੀ ਗੱਲਬਾਤ ਦੌਰਾਨ ਇਹ ਸਾਬਤ ਕਰ ਚੁੱਕੇ ਹਨ ਕਿ ਇਹ ਖੇਤੀ ਕਾਨੂੰਨ ਕਿਸਾਨਾਂ ਅਤੇ ਖੇਤੀ ਖੇਤਰ ਦੇ ਹੱਕ ਵਿਚ ਨਹੀਂ ਹਨ ਪਰ ਸਰਕਾਰ ਇਹ ਕਾਨੂੰਨ ਰੱਦ ਕਰਵਾਉਣ ਲਈ ਤਿਆਰ ਹੀ ਨਹੀਂ ਹੈ। 26 ਜਨਵਰੀ ਵਾਲੀਆਂ ਘਟਨਾਵਾਂ ਤੋਂ ਬਾਅਦ ਕੇਂਦਰ ਸਰਕਾਰ ਬਿਲਕੁਲ ਖਾਮੋਸ਼ ਹੋ ਕੇ ਬੈਠ ਗਈ ਹੈ। ਦਰਅਸਲ, ਮੋਦੀ ਸਰਕਾਰ ਮੁੱਢ ਤੋਂ ਹੀ ਕਾਰਪੋਰੇਟ ਜਗਤ ਨਾਲ ਜੋਟੀ ਪਾ ਕੇ ਚੱਲ ਰਹੀ ਹੈ। ਵੱਖ-ਵੱਖ ਖੇਤਰਾਂ ਵਿਚ ਕਾਰਪੋਰੇਟ ਜਗਤ ਦੇ ਦਖਲ ਤੋਂ ਜ਼ਾਹਿਰ ਹੈ ਕਿ ਸਰਕਾਰ ਇਸ ਮਾਮਲੇ ਵਿਚ ਪਿਛਾਂਹ ਹਟਣ ਵਾਲੀ ਨਹੀਂ। ਉਪਰੋਂ, ਸਿਆਸੀ ਖੇਤਰ ਵਿਚ ਵੀ ਇਸ ਲਈ ਕੋਈ ਵੱਡੀ ਵੰਗਾਰ ਨਹੀਂ ਹੈ, ਭਾਵ ਮੁਲਕ ਅੰਦਰ ਵਿਰੋਧੀ ਧਿਰ ਦਾ ਹਾਲ ਬਹੁਤਾ ਚੰਗਾ ਨਹੀਂ ਹੈ। ਉਂਜ, ਕਿਸਾਨਾਂ ਨੇ ਆਪਣੇ ਸੰਘਰਸ਼ ਦੌਰਾਨ ਜੋ ਦਮ ਦਿਖਾਇਆ ਹੈ, ਉਸ ਨਾਲ ਮੋਦੀ ਸਰਕਾਰ ਨੂੰ ਇਕ ਤਰ੍ਹਾਂ ਨਾਲ ਨੱਥ ਜ਼ਰੂਰ ਪਈ ਹੈ। ਇਸੇ ਕਰ ਕੇ ਵੱਖ-ਵੱਖ ਸਿਆਸੀ ਮਾਹਿਰ ਅਤੇ ਵਿਸ਼ਾ ਮਾਹਿਰ ਕਹਿ ਰਹੇ ਹਨ ਕਿ ਕਿਸਾਨ ਘੋਲ ਨੂੰ ਪੂਰੇ ਮੁਲਕ ਅੰਦਰ ਫੈਲਾਇਆ ਜਾਵੇ ਅਤੇ ਮੋਦੀ ਸਰਕਾਰ ਦੀ ਲੋਕ ਵਿਰੋਧੀ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇ। ਲੋਕਾਂ ਨੂੰ ਜਾਗਰੂਕ ਕਰ ਕੇ ਹੀ ਇਸ ਕਿਸਾਨ ਸੰਘਰਸ਼ ਨੂੰ ਕਿਸੇ ਤਣ-ਪੱਤਣ ਲਾਇਆ ਜਾ ਸਕਦਾ ਹੈ। ਇਸ ਕਾਰਜ ਲਈ ਇਕਜੁਟਤਾ ਦੀ ਬਹੁਤ ਲੋੜ ਹੈ। ਇਹ ਲੜਾਈ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਨਾਲ ਹੀ ਅਗਾਂਹ ਵਧਾਈ ਜਾ ਸਕਦੀ ਹੈ। ਇਸ ਅੰਦੋਲਨ ਨੂੰ ਭਾਵੇਂ ਬਹੁਤ ਸਾਰੇ ਵਰਗਾਂ ਦੀ ਹਮਾਇਤ ਹਾਸਲ ਹੋ ਚੁੱਕੀ ਹੈ ਪਰ ਇਸ ਨੂੰ ਹੋਰ ਵਸੀਹ ਕਰਨ ਦੀ ਲੋੜ ਹੈ।

## ਠਾਹ-ਸੋਟਾ

–ਚਾਚਾ ਬੇਲਿਹਾਜ਼

### ਸ਼ਿਕਾਰੀ, ਦਰਿੰਦੇ ਤੇ ਕਿਸਾਨ!

ਪਾ.ਲਾ ਝੱਲ ਕੇ ਰੋਹੀ ਲਈ ਤਿਆਰ ਬੈਠੇ, ਤਦ ਵੀ ਹੋਏ ਨਾ ਰੱਤੀ ਲਾਚਾਰ ਬੇਲੀ।
ਮੂੰਹੋਂ ਕਹਿੰਦੇ ਕਈ ਚਿੰਤਾ ਕਿਸਾਨ ਦੀ ਏ, ਐਪਰ ਦਿਲੋਂ ਹਨ ਬਹੁਤ ਮੱਕਾਰ ਬੇਲੀ।
ਮਿੱਤਰ ਨਹੀਂ ਸੰਘਰਸ਼ ਦੇ ਸੱਚ ਜਾਣੋ, ਮਨੋਂ ਚਾਹੁੰਦੇ ਜੋ ਹਿੰਸਕ ਤਕਰਾਰ ਬੇਲੀ।
ਮਿਲ ਜਾਏ 'ਇਸ਼ਾਰਾ' ਜੋ ਉਤਲਿਆਂ ਦਾ, 'ਐਕਸ਼ਨ' ਕਰਦੇ ਐ ਉਹੀ ਸਾਕਾਰ ਬੇਲੀ।
ਲੀਹੋਂ ਲਾਹੁਣ ਲਈ ਲਾ ਦਿੰਦੇ ਟਿੱਲ ਪੂਰਾ, ਲੱਗਦੀ ਦੇਖਣ ਨੂੰ 'ਤਿੱਖੀ ਰਫਤਾਰ' ਬੇਲੀ।
ਰਹਿੰਦੇ 'ਤਾਕ' ਵਿਚ ਲਾਲਚੀ ਲੀਡਰੀ ਦੇ, ਮੋਹਰੇ ਘੱਟ ਨਹੀਂ ਜਾਬਰ ਸਰਕਾਰ ਬੇਲੀ!

# ਕਿਸਾਨ ਅੰਦੋਲਨ ਅਤੇ ਪੰਜਾਬੀਅਤ

**ਜੂਨ 2020 ਵਿਚ ਤਿੰਨ ਨਵੇਂ ਖੇਤੀ ਆਰਡੀਨੈਂਸ ਜਾਰੀ ਹੋਏ ਤਾਂ ਇਨ੍ਹਾਂ ਨੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਹਲੂਣਾ ਦਿੱਤਾ। ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਵੱਖੋ-ਵੱਖਰੇ ਢੰਗਾਂ ਨਾਲ ਇਨ੍ਹਾਂ ਦਾ ਵਿਰੋਧ ਹੋਇਆ। 25 ਨਵੰਬਰ, 2020 ਨੂੰ ਕਿਸਾਨ ਦਿੱਲੀ ਦੀਆਂ ਹੱਦਾਂ ਉਤੇ ਜਾ ਬੈਠੇ ਤਾਂ ਜੋ ਸੱਤਾਧਾਰੀ ਹੁਕਮਰਾਨਾਂ ਨੂੰ ਆਪਣੇ ਵਿਰੋਧ ਤੋਂ ਜਾਣੂ ਕਰਵਾ ਸਕਣ। ਇਸ ਵਿਰੋਧ ਪ੍ਰਦਰਸ਼ਨ ਵਿਚ ਉਨ੍ਹਾਂ ਨਾਲ ਹਰਿਆਣਾ ਅਤੇ ਉਤਰ ਪ੍ਰਦੇਸ਼ ਤੋਂ ਇਲਾਵਾ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਵੀ ਸ਼ਾਮਲ ਹੋ ਗਏ। ਇਸ ਮਗਰੋਂ ਕਿਸਾਨੀ ਤੋਂ ਇਲਾਵਾ ਦੂਜੇ ਕਿੱਤਿਆਂ ਨਾਲ ਜੁੜੇ ਲੋਕ ਵੀ ਜੁੜਨ ਲੱਗੇ ਅਤੇ ਸੰਸਾਰ ਭਰ ਦੇ ਬਾਕੀ ਦੇਸ਼ਾਂ ਦੇ ਲੋਕਾਂ ਦਾ ਸਮਰਥਨ ਵੀ ਇਸ ਸੰਘਰਸ਼ ਨੂੰ ਮਿਲਣ ਲੱਗਾ।**



ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੇ ਕਿਸਾਨਾਂ ਦਾ ਚਲਾਇਆ ਅੰਦੋਲਨ ਪੰਜਾਬੀਅਤ ਲਈ ਨਵੇਂ ਮੀਲ ਪੱਥਰ ਗੱਡ ਰਿਹਾ ਹੈ। ਅੰਦੋਲਨ ਨੇ ਪੰਜਾਬ ਦੀਆਂ ਹੱਦਾਂ ਟੱਪ ਕੇ ਭਾਰਤ ਦੀ ਰਾਜਧਾਨੀ ਦਿੱਲੀ ਦੀਆਂ ਹੱਦਾਂ ਨੂੰ ਜਾ ਛੋਹਿਆ ਹੈ। ਇਸ ਦਾ ਸਿੱਧਾ-ਅਸਿੱਧਾ ਪ੍ਰਭਾਵ ਸੰਸਾਰ ਪੱਧਰ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਅੰਦੋਲਨ ਦੇ ਪੰਜਾਬੀ ਸਮਾਜ ਤੇ ਪੰਜਾਬੀਅਤ ਦੀ ਪਛਾਣ ਉਤੇ ਸਥਾਈ ਪ੍ਰਭਾਵ ਪੈ ਰਹੇ ਹਨ। ਅੰਦੋਲਨ ਪਿੱਛੇ ਕੰਮ ਕਰਨ ਵਾਲੀ ਵਿਚਾਰਧਾਰਾ ਪੰਜਾਬੀਆਂ ਦੀ ਹੈ ਅਤੇ ਇਸ ਪਿੱਛੇ ਪੰਜਾਬੀ ਖਾਸਾ, ਪੰਜਾਬੀ ਜੀਵਨ ਜਾਚ ਅਤੇ ਪੰਜਾਬੀਆਂ ਦਾ ਚਰਿੱਤਰ ਕੰਮ ਕਰ ਰਿਹਾ ਹੈ। ਵੀਰਤਾ, ਕਾਬਲੀਅਤ, ਮਿਹਨਤ, ਜੋਸ਼ ਤੇ ਉਤਸ਼ਾਹ ਪੰਜਾਬੀਆਂ ਦੇ ਮੁੱਢਲੇ ਗੁਣ ਹਨ ਅਤੇ ਇਸੇ ਲਈ ਸੁਭਾਅ ਪੱਖੋਂ ਨਿਡਰ ਹੋਣ ਕਰ ਕੇ ਪੰਜਾਬੀ ਹਰ ਜੰਗ ਵਿਚ ਅੱਗੇ ਲੱਗ ਤੁਰਦੇ ਹਨ। 'ਟੈਂ ਨਾ ਮੰਨਣ ਵਾਲੀ' ਪ੍ਰਵਿਰਤੀ ਇਨ੍ਹਾਂ ਨੂੰ ਸੰਘਰਸ਼ ਦੇ ਰਾਹ ਪਾਉਂਦੀ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ ਪੰਜਾਬੀ ਤਾਂ ਉਹ ਹਨ ਜੋ ਸਿਰਫ਼ ਲੱਤਾਂ ਹਿਲਾਉਣ ਲਈ ਹੀ ਪੰਜਾਹ ਕੋਹ ਦਾ ਪੈਂਡਾ ਸਰ ਕਰ ਲੈਂਦੇ ਹਨ।

ਡਾ. ਵਿਸ਼ਾਲ ਕੁਮਾਰ

ਪੰਜਾਬੀ ਤਾਂ ਅਜਿਹੀ ਕੌਮ ਹੈ ਜਿਥੋਂ ਦੇ 'ਜੰਮਿਆਂ ਨੂੰ ਨਿੱਤ ਮੁਹਿੰਮਾਂ' ਰਹਿੰਦੀਆਂ ਹਨ। ਜਦੋਂ ਕੋਈ ਮੁਹਿੰਮ ਨਾ ਹੋਵੇ ਤਾਂ ਇਨ੍ਹਾਂ ਨੂੰ ਜੀਵਨ ਹੀ ਬੋਝਲ, ਅਕਾਊ ਅਤੇ ਨੀਰਸ ਲੱਗਣ ਲੱਗ ਪੈਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਦੁਆਰਾ ਦਰਸਾਏ ਬਰਾਬਰੀ, ਸਰਬ-ਸਾਂਝੀਵਾਲਤਾ, ਕਿਰਤ ਕਰਨ ਅਤੇ ਜਬਰ ਦਾ ਵਿਰੋਧ ਕਰਨ ਦੀ ਹਾਮੀ ਭਰਨ ਵਾਲੇ ਪੰਜਾਬੀ ਗੁਰੂ ਹਰਗੋਬਿੰਦ ਸਾਹਿਬ ਦੇ ਮੀਰੀ-ਪੀਰੀ ਦੇ ਸਿਧਾਂਤ ਅਤੇ ਗੁਰੂ ਗੋਬਿੰਦ ਸਿੰਘ ਦੇ 'ਸਵਾ ਲਾਖ ਸੇ ਏਕ ਲੜਾਊਂ' ਵਾਲੀ ਬਿਰਤੀ ਨੂੰ ਆਪਣੇ ਅੰਦਰ ਸਮੋਈ ਬੈਠੇ ਹਨ। ਇਹ ਨਾ ਤਾਂ ਕਿਸੇ ਤੋਂ ਭੈਅ ਖਾਂਦੇ ਹਨ ਅਤੇ ਨਾ ਹੀ ਕਿਸੇ ਨੂੰ ਡਰਾ ਧਮਕਾ ਕੇ ਆਪਣੀ ਚੌਧਰ ਬਣਾਉਣ ਵਿਚ ਯਕੀਨ ਰੱਖਦੇ ਹਨ। ਸੱਤਾ ਦੇ ਜਾਬਰ ਵਰਤੀਰੇ ਪ੍ਰਤੀ ਨਾਬਰੀ ਪੰਜਾਬੀਆਂ ਦੇ ਚਰਿੱਤਰ ਦਾ ਖਾਸਾ ਹੈ।

ਜੂਨ, 2020 ਵਿਚ ਤਿੰਨ ਨਵੇਂ ਖੇਤੀ ਆਰਡੀਨੈਂਸ ਜਾਰੀ ਹੋਏ ਤਾਂ ਇਨ੍ਹਾਂ ਨੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਹਲੂਣਾ ਦਿੱਤਾ। ਪੰਜਾਬ ਦੇ ਵੱਖ ਵੱਖ ਖੇਤਰਾਂ ਵਿਚ ਵੱਖੋ-ਵੱਖਰੇ ਢੰਗਾਂ ਨਾਲ ਇਨ੍ਹਾਂ ਦਾ ਵਿਰੋਧ ਹੋਇਆ। 25 ਨਵੰਬਰ, 2020 ਨੂੰ ਕਿਸਾਨ ਦਿੱਲੀ ਦੀਆਂ ਹੱਦਾਂ ਉਤੇ ਜਾ ਬੈਠੇ ਤਾਂ ਜੋ ਸੱਤਾਧਾਰੀ ਹੁਕਮਰਾਨਾਂ ਨੂੰ ਆਪਣੇ ਵਿਰੋਧ ਤੋਂ ਜਾਣੂ ਕਰਵਾ ਸਕਣ। ਇਸ ਵਿਰੋਧ ਪ੍ਰਦਰਸ਼ਨ ਵਿਚ ਉਨ੍ਹਾਂ ਨਾਲ ਹਰਿਆਣਾ ਅਤੇ ਉਤਰ ਪ੍ਰਦੇਸ਼ ਤੋਂ ਇਲਾਵਾ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਵੀ ਸ਼ਾਮਲ ਹੋ ਗਏ। ਇਸ ਮਗਰੋਂ ਕਿਸਾਨੀ ਤੋਂ ਇਲਾਵਾ ਦੂਜੇ ਕਿੱਤਿਆਂ ਨਾਲ ਜੁੜੇ ਲੋਕ ਵੀ ਜੁੜਨ ਲੱਗੇ ਅਤੇ ਸੰਸਾਰ ਭਰ ਦੇ ਬਾਕੀ ਦੇਸ਼ਾਂ ਦੇ ਲੋਕਾਂ ਦਾ ਸਮਰਥਨ ਵੀ ਇਸ ਸੰਘਰਸ਼ ਨੂੰ ਮਿਲਣ ਲੱਗਾ। ਹੁਣ ਚਾਰ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ ਉਤੇ ਚੱਲ ਰਿਹਾ ਅੰਦੋਲਨ ਸਿਰਫ ਸਿੱਖਾਂ ਜਾਂ ਪੰਜਾਬੀਆਂ ਦਾ ਨਹੀਂ ਬਲਕਿ ਸੰਸਾਰ ਪੱਧਰੀ ਜਨ ਅੰਦੋਲਨ ਬਣ ਚੁੱਕਿਆ ਹੈ। ਸੰਸਾਰ ਪੱਧਰ ਤੇ ਵੱਡੀਆਂ ਹਸਤੀਆਂ ਤੋਂ ਮਿਲਿਆ ਸਮਰਥਨ ਵੀ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਇਹ ਅੰਦੋਲਨ ਪੰਜਾਬੀ ਸਮਾਜ ਨੂੰ ਨਵੀਂ ਦਿਸ਼ਾ ਵੱਲ ਲਿਜਾ ਰਿਹਾ ਹੈ। ਇਸ ਅੰਦੋਲਨ ਦੇ ਪ੍ਰਭਾਵਾਂ ਨੂੰ ਇੰਜ ਵਾਚਿਆ ਜਾ ਸਕਦਾ ਹੈ:

ਕਿਸਾਨੀ ਅੰਦੋਲਨ ਸਦਕਾ ਪੰਜਾਬੀ ਅਤੇ ਹਰਿਆਣਵੀ ਨਾ ਕੇਵਲ ਇਕ ਦੂਜੇ ਦੇ ਹਮਾਇਤੀ ਬਣੇ ਬਲਕਿ ਉਹ ਇਕ ਦੂਜੇ ਨੂੰ ਛੋਟਾ ਵੱਡਾ ਭਰਾ ਹੋਣ ਦਾ ਲਕਬ ਵੀ ਬਖਸ਼ ਚੁੱਕੇ ਹਨ। ਪੰਜਾਬੀਆਂ ਨੂੰ ਹੁਣ ਹੁੱਕਾ ਪੀਣ ਵਾਲੇ ਹਰਿਆਣਵੀ ਜਾਂ ਯੂਪੀ ਦੇ ਬਜ਼ੁਰਗਾਂ ਕੋਲ ਬੈਠਣ ਜਾਂ ਵਿਚਾਰ-ਵਟਾਂਦਰਾ ਕਰਨ ਤੋਂ ਕੋਈ ਗੁਰੇਜ਼ ਨਹੀਂ ਅਤੇ ਉਹ ਵੀ ਬੜੀ ਸ਼ਾਨ ਨਾਲ ਪੱਗ ਬੰਨ੍ਹ ਕੇ ਪੰਜਾਬ ਨੂੰ ਆਪਣਾ ਆਗੂ ਮੰਨ ਚੁੱਕੇ ਹਨ। ਪੰਜਾਬ ਅਤੇ ਹਰਿਆਣਾ ਵਿਚ ਪਈਆਂ ਸਮਾਜਿਕ, ਸੱਭਿਆਚਾਰਕ ਅਤੇ ਰਾਜਸੀ ਦੂਰੀਆਂ ਵੀ ਹੁਣ ਮਿਟ ਰਹੀਆਂ ਹਨ। ਹਰਿਆਣਾ ਤੇ ਪੰਜਾਬ ਦਾ ਭਾਸ਼ਾ ਅਤੇ ਪਾਣੀਆਂ ਦਾ ਮੁੱਦਾ ਦੋਹਾਂ ਧਿਰਾਂ ਲਈ ਹਾਲ ਦੀ ਘੜੀ ਗੈਰ ਵਾਜਿਬ ਹੋ ਗਿਆ ਜਾਪਦਾ ਹੈ।

ਮੱਧਕਾਲ ਅਤੇ ਆਧੁਨਿਕ ਕਾਲ ਵਿਚ ਵਿਕਸਿਤ ਹੋਈਆਂ ਲੋਕ ਲਹਿਰਾਂ- ਗੁਰਮਤਿ ਲਹਿਰ, ਭਗਤੀ ਲਹਿਰ, ਸੂਫ਼ੀ ਲਹਿਰ, ਸਿੰਘ ਸਭਾ ਲਹਿਰ, ਗਦਰ ਲਹਿਰ, ਗੁਰਦੁਆਰਾ ਸੁਧਾਰ ਲਹਿਰ ਅਤੇ ਨਕਸਲਬਾੜੀ ਲਹਿਰ ਦੀ ਬਦੌਲਤ ਪੰਜਾਬੀ ਵਿਚ ਬਹੁਤ ਸਾਰਾ ਸਾਹਿਤ ਰਚਿਆ ਗਿਆ। ਇਸੇ ਤਰ੍ਹਾਂ ਕਿਸਾਨੀ ਲਹਿਰ ਵਿਚੋਂ ਵੀ ਲਗਾਤਾਰ ਸਾਹਿਤ ਸਿਰਜਣਾ ਦਾ ਸਿਲਸਿਲਾ ਜਾਰੀ ਹੈ। ਪਿਛਲੇ ਕੁਝ ਸਮੇਂ ਵਿਚ ਹੀ ਇਸ ਅੰਦੋਲਨ ਨਾਲ ਸਬੰਧਤ ਕਵਿਤਾ, ਨਾਟਕ, ਲੇਖ ਨਾ ਕੇਵਲ ਲਿਖੇ ਅਤੇ ਛਾਪੇ ਜਾ ਰਹੇ ਹਨ ਬਲਕਿ ਲੋਕਾਂ ਵੱਲੋਂ ਪੜ੍ਹੇ ਅਤੇ ਸਲਾਹੇ ਵੀ ਜਾ ਰਹੇ ਹਨ। ਕਿਸਾਨੀ ਦੇ ਹੱਕ ਵਿਚ ਰਚੇ ਜਾ ਰਹੇ ਸਾਹਿਤ ਦਾ ਹੜ੍ਹ ਆ ਜਾਣਾ ਵਿਚਾਰਧਾਰਕ ਖਲਾਅ ਦੇ ਖਾਤਮੇ ਦਾ ਐਲਾਨ ਹੈ। ਇਸ ਨਾਲ ਲੋਕ ਵਿਹਾਰ ਵਿਚ ਤਬਦੀਲੀ ਦੀਆਂ ਸੰਭਾਵਨਾਵਾਂ ਨਜ਼ਰ ਆ ਰਹੀਆਂ ਹਨ। ਪੰਜਾਬੀ ਸਮਾਜ ਵਿਚ ਨਵ-ਚੇਤਨਾ ਅਤੇ ਜਾਗ੍ਰਿਤੀ ਆ ਗਈ ਹੈ।

ਅੰਦੋਲਨ ਨੇ ਪੰਜਾਬੀ ਬੌਧਿਕ ਜਗਤ ਨੂੰ ਵੀ ਨਵੀਂ ਸੇਧ ਦਿੱਤੀ ਹੈ। ਪੰਜਾਬ ਦਾ ਬੁੱਧੀਜੀਵੀ ਵਰਗ ਹਰਕਤ ਵਿਚ ਆ ਗਿਆ ਹੈ। ਵੱਖ-ਵੱਖ ਵਿਧਾਵਾਂ ਦਾ ਸਾਹਿਤ ਰਚਣ ਤੋਂ ਲੈ ਕੇ ਪੁਸਤਕ ਪ੍ਰਕਾਸ਼ਨਾ, ਮੀਡੀਆ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਉਤੇ ਹੋਣ ਵਾਲੀ ਵਿਚਾਰ-ਚਰਚਾ ਵਿਚ ਹਿੱਸਾ ਲੈ ਕੇ ਉਹ ਆਮ ਲੋਕਾਂ ਨੂੰ ਇਨ੍ਹਾਂ ਕਾਨੂੰਨਾਂ ਦੇ ਨਫ਼ੇ ਨੁਕਸਾਨ ਦੀ ਜਾਣਕਾਰੀ ਵੀ ਦੇ ਰਹੇ ਹਨ। ਪੰਜਾਬੀ ਮੀਡੀਆ ਦਾ ਅਕਸ ਵੀ ਪਹਿਲਾਂ ਨਾਲੋਂ ਬਿਹਤਰ ਹੋਇਆ ਹੈ ਅਤੇ ਇਸ ਵਿਚ ਗੁਣਾਤਮਕ ਉਭਾਰ ਦੇਖਣ ਨੂੰ ਮਿਲ ਰਿਹਾ ਹੈ। ਟਰਾਲੀ ਟਾਈਮਜ਼, ਗੁਰਮੁਖੀ, ਵੰਗਾਰ ਆਦਿ ਅਖਬਾਰਾਂ ਦਾ ਆਰੰਭ ਹੋਣਾ ਇਸੇ ਕੜੀ ਦਾ ਸ਼ੁਭ ਸ਼ਗਨ ਹੈ। ਜਿਨ੍ਹਾਂ ਜਿਨ੍ਹਾਂ ਬਾਰਡਰਾਂ ਉਤੇ ਕਿਸਾਨ ਅੰਦੋਲਨ ਚੱਲ ਰਿਹਾ ਹੈ, ਉਥੇ ਉਥੇ ਲਾਇਬਰੇਰੀਆਂ, ਵਿਸ਼ੇਸ਼ ਕਰ ਪੰਜਾਬੀ ਪੁਸਤਕਾਂ ਦਾ ਹੋਣਾ ਵੀ ਪੰਜਾਬੀ ਸਮਾਜ ਵਿਚ ਦਿਸ ਰਹੀ ਵੱਡੀ ਤਬਦੀਲੀ ਵੱਲ ਸੰਕੇਤ ਕਰਦਾ ਹੈ। ਕਿਸਾਨੀ ਅੰਦੋਲਨ ਦੇ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੇ ਪੈਰੋਕਾਰ ਇਹ ਲੋਕ, ਲਾਲਾ ਲਾਜਪਤ ਰਾਇ ਅਤੇ ਮਹਾਤਮਾ ਗਾਂਧੀ ਦੇ ਸ਼ਾਤੀ ਸਿਧਾਂਤਾਂ ਨੂੰ ਅਪਣਾ ਕੇ ਸ਼ਾਂਤੀ ਦੂਤ ਬਣ ਰਹੇ ਹਨ।

ਕਿਸਾਨੀ ਅੰਦੋਲਨ ਕਰ ਕੇ ਪੰਜਾਬੀ ਗੀਤਕਾਰੀ ਵਿਚ ਸਾਕਾਰਾਤਮਕ ਤਬਦੀਲੀ ਹੋ ਰਹੀ ਹੈ। ਪੰਜਾਬੀ ਗੀਤਕਾਰੀ ਵਿਚ ਜਿੱਥੇ ਪਹਿਲਾਂ ਲੱਚਰਤਾ, ਹਿੰਸਾ, ਆਸ਼ਕੀ-ਮਾਸ਼ੂਕੀ ਦੇ ਵਿਸ਼ੇ ਹਾਵੀ ਸਨ, ਉਥੇ ਹੁਣ ਕਿਸਾਨੀ ਨਾਲ ਸਬੰਧਤ ਮੁੱਦਿਆਂ ਨੂੰ ਬੜੀ ਬੇਬਾਕੀ ਨਾਲ ਉਭਾਰਿਆ ਜਾ ਰਿਹਾ ਹੈ। ਇਸ ਅੰਦੋਲਨ ਦੇ ਖਾਸੇ ਸਦਕਾ ਹੀ ਪੰਜਾਬੀ ਲੋਕ ਮਾਨਸਿਕਤਾ ਧਰਮ, ਜਾਤੀ ਦੀਆਂ ਸੌੜੀਆਂ ਵਲਗਣਾਂ ਤੋੜ ਕੇ ਮਿੱਟੀ ਨਾਲ ਜੁੜ ਰਹੀ ਹੈ। ਸਪਸ਼ਟ ਹੈ ਕਿ ਇਹ ਅੰਦੋਲਨ ਪੰਜਾਬੀ ਜਵਾਨੀ ਦੀ ਦਿਸ਼ਾ ਤੈਅ ਕਰਨ ਵਿਚ ਅਹਿਮ ਰੋਲ ਅਦਾ ਕਰੇਗਾ।

ਦਿੱਲੀ ਦੀਆਂ ਬਰੂਹਾਂ ਉਤੇ ਅੱਜਕੱਲ੍ਹ ਪੰਜਾਬੀ ਲੋਕ ਖੇਡਾਂ, ਲੋਕ ਗੀਤਾਂ, ਲੋਕ ਨਾਟ ਸ਼ੈਲੀਆਂ, ਲੋਕ ਨਾਚਾਂ ਰਾਹੀਂ ਮਨੋਰੰਜਨ ਦੇ ਨਾਲ ਨਾਲ ਜੀਵਨ ਸ਼ੈਲੀ ਦਾ ਮਿਆਰੀਕਰਨ ਵੀ ਕੀਤਾ ਜਾ ਰਿਹਾ ਹੈ। ਕਿਸਾਨੀ ਅੰਦੋਲਨ ਦੀ ਬਦੌਲਤ ਹੀ ਪੰਜਾਬੀ ਜ਼ੁਬਾਨ ਵਿਚ ਵੀ ਅਮੀਰੀ ਆ ਰਹੀ ਹੈ ਅਤੇ ਇਸ ਦਾ ਘੇਰਾ ਵਸੀਹ ਹੋਇਆ ਹੈ। ਪੰਜਾਬੀ ਲੋਕ ਆਪਣੀ ਭਾਸ਼ਾ ਵਿਚ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਸ਼ਾਮਲ ਕਰ ਰਹੇ ਹਨ। ਦੂਜੇ ਸੂਬਿਆਂ ਦੇ ਲੋਕ ਜੋ ਦਿੱਲੀ ਦੀਆਂ ਵੱਖ ਵੱਖ ਹੱਦਾਂ ਉਤੇ ਬੈਠੇ ਹਨ, ਉਹ ਪੰਜਾਬੀਆਂ ਦੀ ਗੱਲਬਾਤ ਨੂੰ ਸਮਝਣ ਦੀ ਕੋਸ਼ਿਸ਼ ਵਿਚ ਪੰਜਾਬੀ ਭਾਸ਼ਾ ਦੇ ਸ਼ਬਦਾਂ ਨੂੰ ਬੋਲ, ਸੁਣ ਅਤੇ ਸਮਝ ਰਹੇ ਹਨ। ਇਨ੍ਹਾਂ ਹੱਦਾਂ ਉਤੇ ਪੰਜਾਬੀ ਪੱਤਰਕਾਰਾਂ ਵੱਲੋਂ ਪੁੱਛੇ ਜਾਣ ਵਾਲੇ ਸੁਆਲ ਵੀ ਪੰਜਾਬੀ ਵਿਚ ਹੀ ਹੁੰਦੇ ਹਨ ਅਤੇ ਵਾਹ ਲੱਗਦੇ ਦੂਜੇ ਸੂਬਿਆਂ ਦੇ ਕਿਸਾਨ ਆਗੂ ਵੀ ਪੰਜਾਬੀ ਬੋਲਣ ਦੀ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਹਨ।

ਕਿਸਾਨੀ ਅੰਦੋਲਨ ਰਾਹੀਂ ਸਮਾਜ ਵਿਚ ਔਰਤ ਦੀ ਭੂਮਿਕਾ ਨੂੰ ਵੀ ਨਵੇਂ ਜ਼ਾਵੀਏ ਤੋਂ ਘੜਿਆ ਜਾ ਰਿਹਾ ਹੈ। ਪੰਜਾਬ ਅਤੇ ਦੂਜੇ ਪ੍ਰਾਂਤਾਂ ਦੀਆਂ ਔਰਤਾਂ ਅਤੇ ਬੱਚੀਆਂ ਵੱਖ ਵੱਖ ਥਾਵਾਂ ਉਤੇ ਸੰਘਰਸ਼ ਵਿਚ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀਆਂ ਹਨ। ਮਾਈ ਭਾਗੋ ਦੀਆਂ ਵਾਰਸ ਇਹ ਪੰਜਾਬਣਾਂ ਲੰਗਰ ਬਣਾਉਣ ਤੋਂ ਲੈ ਕੇ ਪਾਣੀ ਦੀਆਂ ਬੁਛਾੜਾਂ (ਸਰਕਾਰੀ ਜਬਰ) ਦਾ ਵੀ ਡਟ ਕੇ ਮੁਕਾਬਲਾ ਕਰ ਰਹੀਆਂ ਹਨ।

ਅੱਜ ਕਿਸਾਨੀ ਅੰਦੋਲਨ ਦੇ ਮਾਧਿਅਮ ਰਾਹੀਂ ਸਮੁੱਚਾ ਸੰਸਾਰ ਪੰਜਾਬੀਆਂ ਦੇ ਅਸਲ ਕਿਰਦਾਰ ਤੋਂ ਜਾਣੂ ਹੋਇਆ ਹੈ। ਭਾਰਤ ਅਤੇ ਸੰਸਾਰ ਦੇ ਹੋਰ ਖੇਤਰਾਂ ਵਿਚ ਜਿੱਥੇ ਪਹਿਲਾਂ ਲੋਕ ਪੰਜਾਬੀਆਂ ਨੂੰ ਕੇਵਲ 'ਉੜਤਾ ਪੰਜਾਬ' ਅਤੇ ਵਿਅੰਗਾਤਮਕ ਪਾਤਰ ਰਾਹੀਂ ਹੀ ਜਾਣਦੇ ਸੀ, ਉਥੇ ਹੁਣ ਉਹ ਪੰਜਾਬੀਆਂ ਨੂੰ ਲੋਕ ਆਗੂ, ਹਿੰਮਤੀ, ਮਿਹਨਤੀ, ਸਹਿਣਸ਼ੀਲ, ਅਹਿੰਸਾ ਦੇ ਪੁਜਾਰੀ, ਜਬਰ ਦਾ ਵਿਰੋਧ ਕਰਨ ਵਾਲੇ ਸੰਸਾਰ ਨਾਇਕ ਪੰਜਾਬੀ ਚਰਿੱਤਰ ਤੋਂ ਵੀ ਜਾਣੂ ਹੋਇਆ ਹੈ। ਪੰਜਾਬੀਆਂ ਨੇ ਇਹ ਅੰਦੋਲਨ ਬਰਾਬਰੀ ਦੇ ਮੁਹਾਵਰੇ ਨਾਲ ਸਰਬ-ਸਾਂਝੀਵਾਲਤਾ ਦਾ ਹੋਕਾ ਦਿੰਦਿਆਂ ਆਪਣੇ ਚਰਿੱਤਰ ਦੀ ਖਾਸੀਅਤ ਨਾਲ ਖੜ੍ਹਾ ਕੀਤਾ ਹੈ। ਅੱਜ ਅਸੀਂ ਕਿਸਾਨ ਮਜ਼ਦੂਰ ਏਕਤਾ ਬਣਾ ਕੇ ਜਿਥੇ ਸਮਾਜਿਕ ਆਰਥਿਕ ਦੂਰੀਆਂ ਮਿਟਾ ਰਹੇ ਹਾਂ, ਉਥੇ ਹੀ ਔਰਤ ਕਿਸਾਨ ਦਿਵਸ ਮਨਾ ਕੇ ਸੰਸਾਰ ਨੂੰ ਇਕ ਨਵੇਂ ਮਹਾਦ੍ਰਿਸ਼ ਤੋਂ ਜਾਣੂ ਕਰਵਾ ਰਹੇ ਹਾਂ। ਇਸ ਅੰਦੋਲਨ ਦੀ ਮਦਦ ਨਾਲ ਪੰਜਾਬੀਅਤ ਨੇ ਆਪਣੇ ਵਿਰਸੇ ਨੂੰ ਮੁੜ ਪ੍ਰਾਪਤ ਕਰਨ ਵੱਲ ਵੱਡਾ ਹੁਲਾਰਾ ਮਾਰਿਆ ਹੈ।

# ਭਾਰਤ ਬੰਦ ਅਤੇ ਮਹਾਂ ਅੰਦੋਲਨ ਅੱਗੇ ਚੁਣੌਤੀਆਂ

ਬੂਟਾ ਸਿੰਘ
ਫੋਨ: +91-94634-74342

26 ਮਾਰਚ ਦਾ ਦਿਨ ਮਹਾਂ ਅੰਦੋਲਨ ਲਈ ਖਾਸ ਸੀ। ਇਸ ਦਿਨ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਦਿੱਲੀ ਦੀਆਂ ਹੱਦਾਂ ਉਪਰ ਚੱਲ ਰਹੇ ਪੱਕੇ ਮੋਰਚਿਆਂ ਦੇ ਚਾਰ ਮਹੀਨੇ ਪੂਰੇ ਹੋ ਰਹੇ ਸਨ। ਇਸ ਦਿਨ ਸੰਯੁਕਤ ਕਿਸਾਨ ਮੋਰਚੇ ਦੇ 'ਭਾਰਤ ਬੰਦ' ਦੇ ਸੱਦੇ 'ਤੇ ਪੂਰੇ ਭਾਰਤ ਵਿਚ ਪ੍ਰਭਾਵਸ਼ਾਲੀ ਬੰਦ ਹੋਇਆ। ਬੰਦ ਪਹਿਲਾਂ ਵੀ ਹੁੰਦੇ ਰਹੇ ਹਨ ਲੇਕਿਨ ਇਸ ਵਾਰ ਉਘੜਵਾਂ ਫਰਕ ਇਹ ਸੀ ਕਿ ਬੰਦ ਸੰਘਰਸ਼ ਦੇ ਲੰਮਾ ਚੱਲਣ ਦੇ ਮਾਹੌਲ ਵਿਚ ਕੀਤਾ ਜਾ ਰਿਹਾ ਸੀ। ਇਹ ਅੰਦੋਲਨ ਨੂੰ ਭੰਡਣ ਲਈ ਹਕੂਮਤ ਦਾ ਕੂੜ-ਪ੍ਰਚਾਰ ਵੀ ਸਿਖਰ ਦਾ ਸੀ ਜਿਸ ਵਿਚ ਹੁਕਮਰਾਨ ਆਰ.ਐਸ.ਐਸ.-ਭਾਜਪਾ ਆਪਣੀ ਫਾਸ਼ੀਵਾਦੀ ਖਸਲਤ ਅਨੁਸਾਰ ਲੋਕ ਸਰੋਕਾਰਾਂ ਨੂੰ ਘੋਰ ਹਕਾਰਤ ਨਾਲ ਦਰਕਿਨਾਰ ਕਰ ਕੇ ਪੰਜ ਸੂਬਿਆਂ ਦੀਆਂ ਚੋਣਾਂ ਲਈ ਧੂੰਆਂਧਾਰ ਮੁਹਿੰਮ ਚਲਾ ਰਹੀ ਸੀ। ਅੰਦੋਲਨ ਦੇ ਅੰਦਰੋਂ ਵੀ ਇਕ ਧਿਰ ਨੇ ਆਗੂ ਟੀਮ ਦਾ ਅਕਸ ਵਿਗਾੜਨ ਲਈ ਪੂਰੀ ਤਾਕਤ ਝੋਕੀ ਹੋਈ ਸੀ। ਇਸ ਮਾਹੌਲ ਵਿਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੁਲਕ ਦੇ ਵੱਖ-ਵੱਖ ਸੂਬਿਆਂ ਵਿਚ ਮਹਾਂ ਪੰਚਾਇਤਾਂ ਕਰ ਕੇ ਅਵਾਮ ਨੂੰ ਮਹਾਂ ਅੰਦੋਲਨ ਨਾਲ ਜੋੜਨ ਦੀ ਸਿਲਸਿਲੇਵਾਰ ਮੁਹਿੰਮ ਨੇ ਬੰਦ ਦੀ ਤਿਆਰੀ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸੇ ਕਰ ਕੇ, ਲੰਮੇ ਸੰਘਰਸ਼ ਦੇ ਬਾਵਜੂਦ ਹਰ ਥਾਂ ਅਵਾਮ ਨੇ ਬੰਦ ਨੂੰ ਕਾਮਯਾਬ ਬਣਾਉਣ ਲਈ ਪੂਰੇ ਜੋਸ਼-ਖਰੋਸ਼ ਨਾਲ ਹਿੱਸਾ ਲਿਆ। ਸਮੂਹ ਕੰਮਕਾਜੀ ਲੋਕਾਂ ਨੇ ਆਪਣੀ ਇੱਛਾ ਨਾਲ ਬੰਦ ਕੀਤਾ ਅਤੇ ਜ਼ਬਰਦਸਤੀ ਬੰਦ ਕਰਾਉਣ ਦੀ ਇਕ ਵੀ ਮਿਸਾਲ ਦੇਖਣ ਨੂੰ ਨਹੀਂ ਮਿਲੀ।

ਸੰਯੁਕਤ ਕਿਸਾਨ ਮੋਰਚੇ ਦੀ ਮੁੱਢਲੀ ਰਿਪੋਰਟ ਅਨੁਸਾਰ ਪੰਜਾਬ ਵਿਚ 200 ਤੋਂ ਜ਼ਿਆਦਾ ਥਾਵਾਂ ਉਪਰ ਕਾਮਯਾਬੀ ਨਾਲ ਬੰਦ ਕੀਤਾ ਗਿਆ। ਪੰਜਾਬ ਵਿਚ ਸੜਕਾਂ ਅਤੇ ਸ਼ਹਿਰਾਂ ਵਿਚ ਸੁੰਨ ਪਸਰੀ ਹੋਈ ਸੀ। ਸਿਰਫ ਧਰਨਿਆਂ ਅਤੇ ਮੋਰਚਿਆਂ ਦੇ ਸਥਾਨਾਂ ਉਪਰ ਹੀ ਗਹਿਮਾ-ਗਹਿਮੀ ਸੀ। ਹਰਿਆਣਾ 'ਚ ਵੀ ਅਵਾਮ ਨੇ ਬੜੇ ਪੈਮਾਨੇ 'ਤੇ ਬੰਦ ਨੂੰ ਕਾਮਯਾਬ ਕੀਤਾ। ਦਿੱਲੀ ਵਿਚ ਪੱਕੇ ਮੋਰਚਿਆਂ ਲਾਗੇ ਰੇਲਵੇ ਅਤੇ ਸੜਕੀ ਆਵਾਜਾਈ ਬੰਦ ਰੱਖੀ ਗਈ। ਮਜ਼ਦੂਰ ਅਤੇ ਜਮਹੂਰੀ ਜਥੇਬੰਦੀਆਂ ਵੱਲੋਂ ਦਿੱਲੀ ਦੇ ਅੰਦਰ ਵੀ ਵਿਰੋਧ ਪ੍ਰਦਰਸ਼ਨ ਕੀਤੇ ਗਏ ਅਤੇ ਮਾਇਆਪੁਰੀ, ਕਾਲਕਾ ਜੀ ਸਮੇਤ ਬਹੁਤ ਸਾਰੇ ਥਾਵਾਂ ਉਪਰ ਸੰਕੇਤਕ ਹੜਤਾਲ ਕੀਤੀ ਗਈ। ਬਿਹਾਰ ਵਿਚ 20 ਤੋਂ ਜ਼ਿਆਦਾ ਜ਼ਿਲ੍ਹਿਆਂ ਵਿਚ ਬੰਦ ਰਿਹਾ। ਕਰਨਾਟਕ ਅਤੇ ਆਂਧਰਾ ਪ੍ਰਦੇਸ਼ 'ਚ ਵੀ ਵਿਸ਼ਾਲ ਪੈਮਾਨੇ 'ਤੇ ਬੰਦ ਰਿਹਾ। ਯੂ.ਪੀ. ਵਿਚ ਅਲੀਗੜ੍ਹ, ਮੁਰਾਦਾਬਾਦ, ਇਟਾਵਾ, ਸਾਂਭਲ ਸਮੇਤ ਕਈ ਥਾਈਂ ਸੜਕਾਂ ਅਤੇ ਬਾਜ਼ਾਰ ਬੰਦ ਰੱਖੇ ਗਏ ਜੋ ਮਹੰਤ ਅਦਿੱਤਿਆਨਾਥ ਦੇ ਦਹਿਸ਼ਤਵਾਦੀ ਰਾਜ ਨੂੰ ਸਿੱਧੀ ਚੁਣੌਤੀ ਸੀ। ਉਤਰਖੰਡ ਦੇ ਊਧਮ ਸਿੰਘ ਨਗਰ ਵਿਚ ਬੜੀ ਤਾਦਾਦ 'ਚ ਕਿਸਾਨਾਂ ਨੇ ਬੰਦ ਨੂੰ ਕਾਮਯਾਬੀ ਦੇ ਮੁਕਾਮ 'ਤੇ ਪਹੁੰਚਾਇਆ ਜਿੱਥੇ ਕਿ ਪੰਜਾਬੀ ਕਿਸਾਨਾਂ ਦੀ ਚੋਖੀ ਵਸੋਂ ਹੈ। ਝਾਰਖੰਡ ਵਿਚ ਰਾਂਚੀ ਸਮੇਤ ਕਈ ਜ਼ਿਲ੍ਹਿਆਂ ਵਿਚ ਕਿਸਾਨਾਂ ਨੇ ਸੜਕਾਂ ਜਾਮ ਰੱਖੀਆਂ ਅਤੇ ਉੜੀਸਾ ਵਿਚ ਵੀ ਬੰਦ ਦਾ ਗਿਣਨਯੋਗ ਅਸਰ ਦੇਖਿਆ ਗਿਆ। ਮਹਾਰਾਸ਼ਟਰ ਵਿਚ ਵੀ ਕਈ ਥਾਈਂ ਕਿਸਾਨਾਂ ਵੱਲੋਂ ਸੜਕੀ ਆਵਾਜਾਈ ਬੰਦ ਰੱਖੀ ਗਈ। ਰਾਜਸਥਾਨ ਵਿਚ ਵੀ ਕਈ ਸੜਕਾਂ ਅਤੇ ਕੌਮੀ ਮਾਰਗ ਬੰਦ ਰੱਖੇ ਗਏ। ਕਰਨਾਟਕ ਅਤੇ ਗੁਜਰਾਤ ਵਿਚ ਪੁਲਿਸ ਵੱਲੋਂ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗੁਜਰਾਤ ਵਿਚ ਕਿਸਾਨ ਆਗੂਆਂ ਨੂੰ ਚੱਲਦੀ ਪ੍ਰੈੱਸ ਕਾਨਫਰੰਸ ਵਿੱਚੋਂ ਪੁਲਿਸ ਚੁੱਕ ਕੇ ਲੈ ਗਈ ਜਿਸ ਤੋਂ ਪਤਾ ਲੱਗਦਾ ਹੈ ਕਿ ਉਥੇ ਵੀ ਮਹਾਂ ਅੰਦੋਲਨ ਦਾ ਗਿਣਨਯੋਗ ਅਸਰ ਹੈ ਅਤੇ ਭਗਵਾਂ ਬ੍ਰਿਗੇਡ ਮਹਾਂ ਅੰਦੋਲਨ ਦੇ ਫੈਲਾਅ ਤੋਂ ਬਹੁਤ ਜ਼ਿਆਦਾ ਬੁਖਲਾਹਟ 'ਚ ਹੈ। ਯੂ.ਪੀ., ਹਰਿਆਣਾ, ਗੁਜਰਾਤ, ਕਰਨਾਟਕ ਆਦਿ ਰਾਜਾਂ ਵਿਚ ਆਰ.ਐਸ.ਐਸ.-ਭਾਜਪਾ ਵੱਲੋਂ ਬੰਦ ਦੇ ਸੱਦੇ ਨੂੰ ਠੁੱਸ ਕਰਨ ਲਈ ਸਟੇਟ-ਮਸ਼ੀਨਰੀ ਦੀ ਰੱਜ ਕੇ ਦੁਰਵਰਤੋਂ ਦੇ ਬਾਵਜੂਦ ਬੰਦ ਦੇ ਅਸਰ ਤੋਂ ਸਪਸ਼ਟ ਹੈ ਕਿ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਦੂਰ-ਦਰਾਜ ਹਿੱਸਿਆਂ ਤੱਕ ਅੰਦੋਲਨ ਦਾ ਸੰਦੇਸ਼ ਪਹੁੰਚਾਉਣ 'ਚ ਕਾਮਯਾਬ ਰਹੇ ਹਨ।

ਬੰਦ ਦੀ ਕਾਮਯਾਬੀ ਆਰ.ਐਸ.ਐਸ.-ਭਾਜਪਾ ਅਤੇ ਇਸ ਦੇ ਢੰਡੋਰਚੀ ਗੋਦੀ ਮੀਡੀਆ ਦੇ ਇਸ ਕੂੜ-ਪ੍ਰਚਾਰ ਦਾ ਮੂੰਹ-ਤੋੜ ਜਵਾਬ ਹੈ ਕਿ ਮੌਜੂਦਾ ਅੰਦੋਲਨ ਸਿਰਫ ਚੰਦ ਰਾਜਾਂ ਤੱਕ ਹੀ ਸੀਮਤ ਹੈ ਅਤੇ ਅੰਦੋਲਨ ਨੂੰ ਹਮਾਇਤ ਘਟੀ ਹੈ। ਬੰਦ ਨੂੰ ਮੁਲਕ ਵਿਆਪੀ ਹੁੰਗਾਰਾ ਇਸ ਦਾ ਸੂਚਕ ਹੈ ਕਿ ਅੰਦੋਲਨ ਦਾ ਦਾਇਰਾ ਸਗੋਂ ਮੁਲਕ ਦੇ ਉਤਰੀ ਰਾਜਾਂ ਤੋਂ ਅੱਗੇ ਵਧ ਕੇ ਕਈ ਕੇਂਦਰੀ, ਪੂਰਬੀ ਅਤੇ ਦੱਖਣੀ ਰਾਜਾਂ ਵਿਚ ਵੀ ਫੈਲ ਗਿਆ ਹੈ। ਬਾਰ ਐਸੋਸੀਏਸ਼ਨਾਂ, ਟਰੇਡ ਯੂਨੀਅਨਾਂ, ਵਿਦਿਆਰਥੀ ਜਥੇਬੰਦੀਆਂ, ਜਮਹੂਰੀ ਜਥੇਬੰਦੀਆਂ, ਆੜ੍ਹਤੀ ਐਸੋਸੀਏਸ਼ਨਾਂ, ਛੋਟੇ ਕਾਰੋਬਾਰੀਆਂ, ਸਮਾਜੀ ਨਿਆਂ ਲਈ ਸੰਘਰਸ਼ਸ਼ੀਲ ਜਥੇਬੰਦੀਆਂ, ਸਮਾਜੀ ਅਤੇ ਧਾਰਮਿਕ ਜਥੇਬੰਦੀਆਂ ਅਤੇ ਜਾਗਰੂਕ ਨਾਗਰਿਕਾਂ ਨੇ ਨਾ ਸਿਰਫ ਬੰਦ ਦੀ ਪੁਰਜ਼ੋਰ ਹਮਾਇਤ ਕੀਤੀ ਸਗੋਂ ਇਸ ਨੂੰ ਨੇਪਰੇ ਚਾੜ੍ਹਨ ਲਈ ਕਿਸਾਨ ਜਥੇਬੰਦੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਹਰ ਸੰਭਵ ਕੋਸ਼ਿਸ਼ਾਂ ਵੀ ਕੀਤੀਆਂ। ਇਹ ਦਰਸਾਉਂਦਾ ਹੈ ਕਿ ਅਵਾਮ ਦੇ ਵੱਖ-ਵੱਖ ਹਿੱਸਿਆਂ 'ਚ ਭਗਵੇਂ ਬ੍ਰਿਗੇਡ ਦੀਆਂ ਲੋਕ-ਮਾਰੂ ਨੀਤੀਆਂ ਬਾਰੇ ਜਾਗਰੂਕਤਾ ਵਧ ਰਹੀ ਹੈ ਅਤੇ ਹਿੰਦੂਤਵ+ਕਾਰਪੋਰੇਟ ਗੱਠਜੋੜ ਦੇ ਕੂੜ-ਪ੍ਰਚਾਰ



ਦਾ ਕੀਲਵਾਂ ਪ੍ਰਭਾਵ ਖੁਰਨਾ ਸ਼ੁਰੂ ਹੋ ਗਿਆ ਹੈ। ਭਾਜਪਾ ਹਾਈਕਮਾਨ ਵੱਲੋਂ ਕਾਂਗਰਸ ਸਰਕਾਰ ਦੀ ਚਾਰ ਸਾਲ ਦੀ ਮਾੜੀ ਕਾਰਗੁਜ਼ਾਰੀ ਦੇ ਬਹਾਨੇ ਪੰਜਾਬ ਵਿਚ ਪ੍ਰੈੱਸ ਕਾਨਫਰੰਸਾਂ ਕਰਨ ਦੀ ਕੋਸ਼ਿਸ਼ ਕੀਤੀ ਗਈ ਜਿਸ ਦਾ ਅਸਲ ਨਿਸ਼ਾਨਾ ਮਹਾਂ ਅੰਦੋਲਨ ਨੂੰ ਸੱਟ ਮਾਰਨਾ ਸੀ। ਸੰਘਰਸ਼ਸ਼ੀਲ ਜਥੇਬੰਦੀਆਂ ਦੇ ਜ਼ਬਰਦਸਤ ਵਿਰੋਧ ਕਾਰਨ ਇਹ ਪ੍ਰੈੱਸ ਕਾਨਫਰੰਸਾਂ ਬੁਰੀ ਤਰ੍ਹਾਂ ਨਾਕਾਮ ਹੋ ਗਈਆਂ ਅਤੇ ਭਗਵੇਂ ਖੇਮੇ ਨੂੰ ਇਕ ਵਾਰ ਫਿਰ ਭਾਰੀ ਨਮੋਸ਼ੀ ਝੱਲਣੀ ਪਈ।

ਇਸੇ ਦੌਰਾਨ, 23 ਮਾਰਚ ਨੂੰ ਸ਼ਹੀਦੇ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸ਼ਹੀਦੀ ਦਿਨ ਪਹਿਲੀ ਵਾਰ ਪੂਰੇ ਭਾਰਤ ਵਿਚ ਸਾਂਝੇ ਤੌਰ 'ਤੇ ਮਨਾਇਆ ਗਿਆ। 18 ਤੋਂ ਲੈ ਕੇ 23 ਮਾਰਚ ਤੱਕ 'ਸ਼ਹੀਦ ਯਾਦਗਾਰ ਮਜ਼ਦੂਰ ਪੈਦਲ ਯਾਤਰਾ' ਕੀਤੀ ਗਈ। ਪੰਜਾਬ ਤੋਂ ਸ਼ਹੀਦ ਭਗਤ ਸਿੰਘ ਅਤੇ ਹੋਰ ਸਿਰਮੌਰ ਸ਼ਹੀਦਾਂ ਦੀ ਜਨਮ ਭੂਮੀ ਦੀ ਮਿੱਟੀ ਲੈ ਕੇ ਨੌਜਵਾਨਾਂ ਦੇ ਜੱਥੇ ਸਿੰਘੂ ਹੱਦ ਉਪਰ ਪਹੁੰਚੇ। ਕਰਨਾਟਕ 'ਚ 400 ਕਿਲੋਮੀਟਰ ਪੈਦਲ ਯਾਤਰਾ ਤੈਅ ਕੀਤੀ ਗਈ। ਯਾਤਰਾ ਦੌਰਾਨ ਕਰਨਾਟਕ ਦੇ ਪਿੰਡਾਂ 'ਚੋਂ ਇਕੱਠੀ ਕੀਤੀ ਜਾ ਰਹੀ ਮਿੱਟੀ 6 ਅਪਰੈਲ ਨੂੰ ਸਿੰਘੂ ਹੱਦ ਉਪਰ ਲਿਆਂਦੀ ਜਾਵੇਗੀ। ਇੱਥੇ ਸ਼ਹੀਦਾਂ ਦੀ ਯਾਦ 'ਚ ਯਾਦਗਾਰ ਬਣਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ।

ਹੁਣ ਮਹਾਂ ਅੰਦੋਲਨ ਬਹੁਤ ਹੀ ਮਹੱਤਵਪੂਰਨ ਪੜਾਅ 'ਤੇ ਪਹੁੰਚ ਚੁੱਕਾ ਹੈ। ਅਵਾਮ ਨੇ ਮਹਾਂ ਅੰਦੋਲਨ ਦੀ ਅਗਵਾਈ ਕਰ ਰਹੀ ਆਗੂ ਟੀਮ ਦੇ ਹਰ ਸੱਦੇ ਨੂੰ ਬੇਮਿਸਾਲ ਹੁੰਗਾਰਾ ਭਰ ਕੇ ਲਾਗੂ ਕੀਤਾ ਹੈ। 26 ਜਨਵਰੀ ਦੀ ਖਲਲ ਪਾਊ ਕਾਰਵਾਈ ਅਤੇ ਹੁਣ 28 ਮਾਰਚ ਦੀ ਮਲੋਟ ਵਾਲੀ ਘਟਨਾ ਨੂੰ ਛੱਡ ਕੇ ਸੰਘਰਸ਼ਸ਼ੀਲ ਕਾਫਲਿਆਂ ਨੇ ਪੂਰੀ ਤਰ੍ਹਾਂ ਜ਼ਾਬਤੇ ਵਿਚ ਰਹਿ ਕੇ ਸੰਘਰਸ਼ ਲੜਿਆ ਹੈ। ਸੱਤਾਧਾਰੀ ਧਿਰ ਦੀਆਂ ਭੜਕਾਹਟ ਪੈਦਾ ਕਰ ਕੇ ਸੰਘਰਸ਼ ਨੂੰ ਲੀਹੋਂ ਲਾਹੁਣ ਦੀਆਂ ਮੱਕਾਰ ਚਾਲਾਂ ਨੂੰ ਨਾਕਾਮਯਾਬ ਬਣਾਇਆ ਹੈ। ਝੂਠੇ ਕੇਸਾਂ ਅਤੇ ਜਬਰ ਰਾਹੀਂ ਅਵਾਮ ਦਾ ਮਨੋਬਲ ਤੋੜਨ ਦੇ ਹਰ ਹਰਬੇ ਨੂੰ ਮੂੰਹ ਦੀ ਖਾਣੀ ਪਈ ਹੈ। ਐਪਰ, ਫਾਸ਼ੀਵਾਦੀ ਹਕੂਮਤ ਦੀ ਮਸਲੇ ਨੂੰ ਹੱਲ ਕਰਨ ਦੀ ਬਜਾਏ ਸੰਘਰਸ਼ਸ਼ੀਲ ਅਵਾਮ ਦਾ ਸਿਰੜ, ਸਿਦਕ ਅਤੇ ਸਬਰ ਪਰਖਣ ਦੀ ਬਦਨੀਅਤ ਸਾਫ ਨਜ਼ਰ ਆ ਰਹੀ ਹੈ। ਸ਼ੈਲਰਾਂ ਤੋਂ ਚੌਲ ਚੁੱਕਣ ਲਈ ਨਵੀਆਂ ਸ਼ਰਤਾਂ ਲਾਉਣ ਅਤੇ ਫਸਲਾਂ ਦੀ ਖਰੀਦ ਸੰਬੰਧੀ ਨਵੇਂ ਦਿਸ਼ਾ-ਨਿਰਦੇਸ਼ ਦੇਣ ਪਿੱਛੇ ਕੇਂਦਰ ਸਰਕਾਰ ਦੇ ਸ਼ਿਕੰਜਾ ਕੱਸ ਕੇ ਪੰਜਾਬ ਨੂੰ ਸਬਕ ਸਿਖਾਉਣ ਦੇ ਮਨਸ਼ੇ ਸਾਫ ਨਜ਼ਰ ਆ ਰਹੇ ਹਨ। ਇਹ ਵੀ ਗੌਰਤਲਬ ਹੈ ਕਿ ਬੇਸ਼ੱਕ ਆਰ.ਐਸ.ਐਸ.-ਭਾਜਪਾ ਪ੍ਰਭਾਵ ਤਾਂ ਇਹ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਸ ਨੂੰ ਇਸ ਮਹਾਂ ਅੰਦੋਲਨ ਦੀ ਕੋਈ ਪ੍ਰਵਾਹ ਨਹੀਂ ਹੈ, ਦਰਅਸਲ ਅੰਦਰੋਂ ਉਹ ਬੁਰੀ ਤਰ੍ਹਾਂ ਹਿੱਲੀ ਹੋਈ ਹੈ ਅਤੇ ਭਾਰੀ ਦਬਾਓ ਹੇਠ ਵੀ ਹੈ। ਲਿਹਾਜ਼ਾ, ਸੰਘਰਸ਼ ਦੀਆਂ ਕਮੀਆਂ ਅਤੇ ਕਮਜ਼ੋਰੀਆਂ ਨੂੰ ਦੂਰ ਕਰਕੇ ਅਵਾਮੀ ਦਬਾਓ ਨੂੰ ਹੋਰ ਤਕੜਾ ਕਰਨਾ ਵਕਤ ਦਾ ਸਭ ਤੋਂ ਮਹੱਤਵਪੂਰਨ ਤਕਾਜ਼ਾ ਹੈ।

ਦੂਜੇ ਪਾਸੇ, ਪੰਜਾਬ ਦੀਆਂ ਵੋਟ ਬਟੋਰੂ ਪਾਰਟੀਆਂ ਹੁਣ ਖੁੱਲ੍ਹ ਕੇ ਸਾਹਮਣੇ ਆ ਗਈਆਂ ਹਨ। ਸੰਘਰਸ਼ ਜਿੱਤਣ ਨਾਲ ਉਨ੍ਹਾਂ ਦਾ ਸਰੋਕਾਰ ਕਦੇ ਵੀ ਨਹੀਂ ਰਿਹਾ। ਉਨ੍ਹਾਂ ਦੀਆਂ ਨਜ਼ਰਾਂ 2022 ਦੀਆਂ ਚੋਣਾਂ 'ਤੇ ਟਿਕੀਆਂ ਹੋਈਆਂ ਹਨ। ਪਹਿਲਾਂ ਉਨ੍ਹਾਂ ਨੇ ਮਹਾਂ ਅੰਦੋਲਨ ਦੇ ਦਬਾਓ ਹੇਠ ਦੜ ਵੱਟੀ ਹੋਈ ਸੀ। ਹੁਣ ਉਹ ਸੰਘਰਸ਼ ਦੇ ਸੱਤਾ ਵਿਰੋਧੀ ਮਾਹੌਲ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਾਸਤੇ ਵਰਤਣ ਲਈ ਸ਼ਰੇਆਮ ਸਰਗਰਮ ਹਨ। ਅਕਾਲੀ ਦਲ, ਆਮ ਆਦਮੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੀ ਚੋਣ ਤਿਆਰੀ ਉਘੜ ਕੇ ਸਾਹਮਣੇ ਆ ਗਈ ਹੈ। ਇਸੇ ਤਰ੍ਹਾਂ, ਮਹਾਂ ਅੰਦੋਲਨ ਦੀਆਂ ਹਿਤੈਸ਼ੀ ਹੋਣ ਦੀਆਂ ਦਾਅਵੇਦਾਰ ਕੁਝ ਧਿਰਾਂ ਸੰਘਰਸ਼ ਨੂੰ ਅਗਵਾ ਕਰ ਕੇ ਆਪਣੇ ਰਾਜਨੀਤਕ ਏਜੰਡਿਆਂ ਦੇ ਹੱਕ 'ਚ ਭੁਗਤਾਉਣ ਲਈ ਪੂਰਾ ਤਾਣ ਲਗਾ ਰਹੀਆਂ ਹਨ। 'ਲੀਡਰਸ਼ਿਪ ਅਗਵਾਈ ਦੇਣ ਦੇ ਕਾਬਿਲ ਨਹੀਂ', 'ਨੌਜਵਾਨਾਂ ਨੂੰ ਨਾਲ ਨਹੀਂ ਲਿਆ ਜਾ ਰਿਹਾ' ਆਦਿ ਕੂੜ ਬਿਰਤਾਂਤ ਡੂੰਘੀ ਰਾਜਨੀਤਕ ਯੋਜਨਾ ਦਾ ਹਿੱਸਾ ਹੈ। ਸੰਯੁਕਤ ਮੋਰਚੇ ਵਿਚ ਸ਼ਾਮਲ ਕਈ ਕੱਚੀਆਂ ਪਿੱਲੀਆਂ ਤਾਕਤਾਂ ਦੀ ਕਮਜ਼ੋਰੀ ਵੀ ਲੁਕੀ-ਛਿਪੀ ਨਹੀਂ, ਉਹ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਰੱਦ ਕਰਾਉਣ ਦੀ ਮੁੱਖ ਮੰਗ ਤੋਂ ਪਿੱਛੇ ਹਟ ਕੇ ਕੋਈ ਵਿਚ-ਵਿਚਾਲੇ ਦਾ 'ਹੱਲ' ਕੱਢਣ ਲਈ ਜ਼ੋਰ ਪਾ ਰਹੀਆਂ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਵਾਮ ਦਾ ਉਤਸ਼ਾਹ ਥੋੜ੍ਹਾ ਮੱਠਾ ਜ਼ਰੂਰ ਪਿਆ ਹੈ ਲੇਕਿਨ ਉਨ੍ਹਾਂ ਦੀਆਂ ਉਮੀਦਾਂ ਇਸ ਸੰਘਰਸ਼ ਉਪਰ ਹੀ ਲੱਗੀਆਂ ਹੋਈਆਂ ਹਨ ਅਤੇ ਉਹ ਲਗਾਤਾਰ ਮਹਾਂ ਅੰਦੋਲਨ ਵਿਚ ਹਿੱਸਾ ਲੈ ਰਹੇ ਹਨ।

ਇਕ ਗੱਲ ਤਾਂ ਸਭ ਨੂੰ ਸਮਝ ਪੈ ਚੁੱਕੀ ਹੈ ਕਿ ਸੰਘਰਸ਼ ਦਾ ਨੇੜ-ਭਵਿੱਖ ਵਿਚ ਛੇਤੀਂ ਜਿੱਤਣਾ ਸੰਭਵ ਨਹੀਂ ਹੈ। ਇਸ ਦਾ ਲੰਮਾ ਵਕਤ ਚੱਲਣਾ ਤੈਅ ਹੈ ਕਿਉਂਕਿ ਸੰਘਰਸ਼ ਦਾ ਮੱਥਾ ਘੋਰ ਹੰਕਾਰੀ ਅਤੇ ਫਾਸ਼ੀਵਾਦੀ ਹਕੂਮਤ ਨਾਲ ਲੱਗਿਆ ਹੋਇਆ ਹੈ ਜਿਸ ਦੀ ਪਿੱਠ 'ਤੇ ਆਲਮੀ ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਹੈ ਜਿਨ੍ਹਾਂ ਦੇ ਕਾਰੋਬਾਰੀ ਹਿਤਾਂ ਲਈ ਇਹ ਕਾਨੂੰਨ ਲਿਆਂਦੇ ਗਏ ਹਨ।

ਇਹ ਆਗੂ ਟੀਮ ਦੀ ਕਾਬਲੀਅਤ ਦੇ ਸਖਤ ਇਮਤਿਹਾਨ ਦਾ ਵੇਲਾ ਹੈ। ਅਵਾਮੀ ਲਾਮਬੰਦੀ ਨੂੰ ਹੋਰ ਵਿਸ਼ਾਲ, ਟਿਕਾਊ ਅਤੇ ਡੂੰਘੀ ਕਰਕੇ ਸੰਘਰਸ਼ ਦੇ ਐਸੇ ਰੂਪ ਤਲਾਸ਼ਣੇ ਅੱਜ ਅਣਸਰਦੀ ਲੋੜ ਹੈ ਜਿਨ੍ਹਾਂ ਜ਼ਰੀਏ ਹਕੂਮਤ ਉਪਰ ਸੰਘਰਸ਼ ਦਾ ਦਬਾਓ ਵੀ ਵਧ ਸਕੇ ਅਤੇ ਅਵਾਮ ਅੰਦਰ ਲੰਮਾ ਸੰਘਰਸ਼ ਲੜਨ ਦੀ ਚੇਤਨਾ ਦਾ ਸੰਚਾਰ ਵੀ ਹੋਵੇ। ਸੱਚੀਆਂ ਤਬਦੀਲੀਪਸੰਦ ਰਾਜਨੀਤਕ ਤਾਕਤਾਂ ਨੂੰ ਵੀ ਮਹਾਂ ਅੰਦੋਲਨ ਦੀ ਹਰ ਸੰਭਵ ਮਦਦ ਕਰਦੇ ਰਹਿਣ ਦੇ ਨਾਲ-ਨਾਲ ਆਰ.ਐਸ.ਐਸ.-ਭਾਜਪਾ ਦੇ ਫਾਸ਼ੀਵਾਦ ਖਿਲਾਫ ਠੋਸ ਪ੍ਰੋਗਰਾਮ ਲੈ ਕੇ ਟਿਕਾਊ ਰਾਜਨੀਤਕ ਮੋਰਚਾ ਸ਼ੁਰੂ ਕਰਨਾ ਚਾਹੀਦਾ ਹੈ। ਇਕ ਗੱਲ ਤੈਅ ਹੈ ਕਿ ਪਾਰਲੀਮੈਂਟਰੀ ਧਿਰਾਂ 'ਚ ਨਾ ਹਿੰਦੂਤਵ ਫਾਸ਼ੀਵਾਦ ਨੂੰ ਟੱਕਰ ਦੇਣ ਦੀ ਇੱਛਾ-ਸ਼ਕਤੀ ਹੈ ਅਤੇ ਨਾ ਉਨ੍ਹਾਂ ਕੋਲ ਹੁਕਮਰਾਨ ਧਿਰ ਤੋਂ ਅਲਹਿਦਾ ਕੋਈ ਆਰਥਕ ਮਾਡਲ ਅਤੇ ਕੋਈ ਮੁਤਵਾਜ਼ੀ ਰਾਜਨੀਤਕ ਪ੍ਰੋਗਰਾਮ ਹੈ। 2019 ਦੇ ਸੀ.ਏ.ਏ.-ਐਨ.ਆਰ.ਸੀ. ਵਿਰੋਧੀ ਅੰਦੋਲਨ ਅਤੇ ਇਸ ਮਹਾਂ ਅੰਦੋਲਨ ਨੇ ਸਾਬਤ ਕਰ ਦਿੱਤਾ ਹੈ ਕਿ ਪਾਰਲੀਮੈਂਟਰੀ ਸਿਆਸਤ ਗੈਰ ਪ੍ਰਸੰਗਿਕ ਹੋ ਚੁੱਕੀ ਹੈ ਅਤੇ ਆਰ.ਐਸ.ਐਸ.-ਭਾਜਪਾ ਨੂੰ ਅਸਲੀ ਟੱਕਰ ਅਵਾਮੀ ਅੰਦੋਲਨ ਹੀ ਦੇਣਗੇ। ਸੱਚੀਆਂ ਤਬਦੀਲੀਪਸੰਦ ਤਾਕਤਾਂ ਨੂੰ ਪਹਿਲ ਕਰ ਕੇ ਠੋਸ ਰਾਜਨੀਤਕ ਪ੍ਰੋਗਰਾਮ ਤਿਆਰ ਕਰਨਾ ਚਾਹੀਦਾ ਹੈ ਅਤੇ ਫਾਸ਼ੀਵਾਦੀ ਸੱਤਾ ਨੂੰ ਰਾਜਨੀਤਕ ਤੌਰ 'ਤੇ ਘੇਰਨ ਲਈ ਲਾਮਬੰਦੀ ਦੇ ਕੰਮ 'ਚ ਜ਼ੋਰ-ਸ਼ੋਰ ਨਾਲ ਜੁੱਟਣਾ ਚਾਹੀਦਾ ਹੈ।

# ਸਮਾਜਿਕ ਏਕਤਾ ਤੇ ਕਿਸਾਨ ਅੰਦੋਲਨ

ਹਮੀਰ ਸਿੰਘ

ਕਿਸਾਨ ਅੰਦੋਲਨ ਦੀ ਇਕਮੁੱਠਤਾ ਨੂੰ 26 ਜਨਵਰੀ ਵਾਲੇ ਦਿਨ ਲੱਗੇ ਝਟਕੇ ਦੀ ਇਕ ਤਰ੍ਹਾਂ ਭਰਪਾਈ ਅੰਦੋਲਨ ਦੇ ਹੋਰ ਰਾਜਾਂ ਵਿਚ ਫੈਲਣ ਅਤੇ ਦੁਨੀਆ ਭਰ ਵਿਚੋਂ ਮਿਲ ਰਹੀ ਸਰਗਰਮ ਹਮਾਇਤ ਨੇ ਕਰ ਦਿੱਤੀ। ਉਸ ਪਿੱਛੋਂ ਪੰਜਾਬ ਅੰਦਰ ਵਿਚਾਰਕ ਉਲਝਣ ਦੀ ਸਥਿਤੀ ਬਣ ਗਈ। ਇਸ ਲੜਾਈ ਦੀ ਸ਼ੁਰੂਆਤ ਤਿੰਨ ਖੇਤੀ ਕਾਨੂੰਨਾਂ, ਬਿਜਲੀ ਅਤੇ ਵਾਤਾਵਰਨ ਸਬੰਧੀ ਦੋ ਤਜਵੀਜ਼ਤ ਬਿਲਾਂ ਖਿਲਾਫ ਅਤੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਗਰੰਟੀ ਦਿਵਾਉਣ ਵਜੋਂ ਹੋਈ ਸੀ। ਇਸੇ ਦੁਆਲੇ ਪਹਿਲਾਂ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਇਕਜੁੱਟ ਹੋਈਆਂ ਅਤੇ ਬਾਅਦ ਵਿਚ ਦੇਸ਼ਵਿਆਪੀ ਸੰਯੁਕਤ ਮੋਰਚੇ ਦੇ ਨਾਮ ਉਤੇ ਅੰਦੋਲਨ ਦਾ ਦਾਇਰਾ ਵਧਾਉਣ ਦਾ ਫੈਸਲਾ ਕੀਤਾ ਗਿਆ। ਇਸ ਅੰਦੋਲਨ ਨੇ ਸੁਭਾਵਿਕ ਹੀ ਵਿਚਾਰਧਾਰਕ ਪਛਾਣ ਕਰ ਲਈ ਕਿ ਲੜਾਈ ਕੇਵਲ ਮੌਜੂਦਾ ਕੇਂਦਰੀ ਸਰਕਾਰ ਨਾਲ ਨਹੀਂ ਬਲਕਿ ਇਹ ਦੁਨੀਆ ਭਰ ਦੀ ਵਿੱਤੀ ਪੂੰਜੀ ਭਾਵ ਕਾਰਪੋਰੇਟ ਵਿਕਾਸ ਦੇ ਮਾਡਲ ਨਾਲ ਹੈ। ਇਸ ਦੇ ਲੰਮਾ ਚੱਲਣ ਦੇ ਆਸਾਰ ਹਨ।

ਪੰਜਾਬ ਦੇ ਲੋਕਾਂ ਦਾ ਦਬਾਅ ਲਗਾਤਾਰ ਬਣਿਆ ਰਿਹਾ ਕਿ ਇਸ ਅੰਦੋਲਨ ਦੀ ਅਗਵਾਈ ਕਰ ਰਹੇ ਆਗੂਆਂ ਅਤੇ ਜਥੇਬੰਦੀਆਂ ਦੀ ਏਕਤਾ ਬਣੀ ਰਹਿਣੀ ਚਾਹੀਦੀ ਹੈ। ਕਿਸੇ ਨੇ ਵੀ ਇਸ ਵਿਚ ਫੁੱਟ ਪਾਉਣ ਦੀ ਕੋਸ਼ਿਸ ਕੀਤੀ ਤਾਂ ਲੋਕਾਂ ਦੀ ਨਜ਼ਰ ਵਿਚ ਉਹ ਸਨਮਾਨ ਦਾ ਹੱਕਦਾਰ ਨਹੀਂ ਰਿਹਾ। ਇਸੇ ਦੌਰ ਵਿਚ ਹੀ ਇਕ ਧਿਰ ਕਿਸਾਨਾਂ ਨੂੰ ਆਰਥਿਕਵਾਦੀ ਕਰਾਰ ਦੇ ਕੇ ਉਨ੍ਹਾਂ ਦੀ ਸਿਆਸੀ ਸੂਝ-ਬੂਝ ਉਤੇ ਸਵਾਲ ਉਠਾਉਂਦੀ ਆਈ ਹੈ। ਇਹ ਸਵਾਲ ਵੀ ਉਠਾਏ ਜਾਂਦੇ ਰਹੇ ਕਿ ਉਹ ਗੱਲਬਾਤ ਦੀ ਮੇਜ਼ ਉਤੇ ਹਾਰ ਜਾਣਗੇ ਕਿਉਂਕਿ ਉਹ ਫੈਡਰਲਿਜ਼ਮ ਸਮੇਤ ਸਿਆਸੀ ਗੱਲਬਾਤ ਦੇ ਮਾਹਿਰ ਨਹੀਂ ਹਨ। ਕਿਸਾਨ ਅੰਦੋਲਨ ਦੇ ਮੁਕਾਬਲੇ ਸ਼ੰਭੂ ਮੋਰਚੇ ਦੀ ਸਮਾਨਾਂਤਰ ਸ਼ੁਰੂਆਤ ਪੰਜਾਬ ਲਈ ਨਵੀਂ ਸਿਆਸੀ ਧਿਰ ਖੜ੍ਹੀ ਕਰਨ ਦੇ ਬਿਰਤਾਂਤ ਵਜੋਂ ਕੀਤੀ ਗਈ। ਲੋਕਾਂ ਦੇ ਦਬਾਅ ਕਰ ਕੇ ਇਸ ਸਮਾਨਾਂਤਰ ਮੋਰਚੇ ਨੂੰ ਕੋਈ ਬਹੁਤੀ ਜਗ੍ਹਾ ਨਹੀਂ ਮਿਲੀ। ਕੁਝ ਸਿਆਸੀ ਆਗੂ, ਖਾਸ ਧਿਰਾਂ ਦੇ ਲੋਕ ਉਥੇ ਜਾਂਦੇ ਜ਼ਰੂਰ ਰਹੇ।

ਇਕ ਦੂਸਰੇ ਦੀ ਸ਼ਬਦਾਵਲੀ ਵਿਚੋਂ ਕੁਝ ਅਜਿਹੇ ਸ਼ਬਦਾਂ ਦੀ ਚੋਣ ਕਰ ਕੇ ਜੋ ਕਿਸੇ ਤਰੀਕੇ ਇੱਕ ਦੂਸਰੇ ਦੇ ਖਿਲਾਫ ਜਾਂਦੇ ਹੋਣ, ਉਸੇ ਨੂੰ ਉਛਾਲਣਾ ਅਤੇ ਕੁਝ ਵੀ ਹਾਂ-ਪੱਖੀ ਦੇਖਣ ਤੋਂ ਗੁਰੇਜ਼ ਕਰਨ ਦਾ ਤਰੀਕਾ ਸਵਾਰਥੀ ਲੋਕਾਂ ਦੀ ਸਵੈਉਚਤਾ ਜਾਂ ਸਵੈ-ਸਿਆਣਪ ਦੇ ਸਿਧਾਂਤ ਨਾਲ ਲਬਰੇਜ਼ ਕਿਹਾ ਜਾ ਸਕਦਾ। ਜਮਹੂਰੀ ਦੇਸ਼ ਵਿਚ ਹਰ ਇਕ ਨੂੰ ਆਪਣੀ ਵਿਚਾਰਧਾਰਾ ਰੱਖਣ, ਉਸ ਦਾ ਪ੍ਰਚਾਰ ਕਰਨ ਅਤੇ ਉਸ ਦੇ ਦੁਆਲੇ ਲੋਕਾਂ ਨੂੰ ਲਾਮਬੰਦ ਕਰ ਕੇ ਸੰਘਰਸ਼ ਕਰਨ ਦਾ ਅਧਿਕਾਰ ਹੈ। ਅੰਦੋਲਨ ਦਾ ਆਪਣਾ ਖਾਸਾ ਰਿਹਾ ਹੈ ਅਤੇ ਅੱਜ ਵੀ ਜਾਰੀ ਹੈ ਕਿ ਸਾਧਾਰਨ ਲੋਕ ਉਥੇ ਗੁਰੂ ਨਾਨਕ ਜੀ ਦੇ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਪ੍ਰਨਾਏ ਹੋਏ ਹਨ। ਭਾਈ ਘਨੱਈਏ ਦੇ ਵਾਰਸ ਬਣ ਕੇ ਸਭ ਨੂੰ ਮੁਹੱਬਤ ਕਰਨ ਦੀ ਮਾਨਸਿਕਤਾ ਫੁੱਟਪਾਊ ਮਾਨਸਿਕਤਾ ਨੂੰ ਸਵੀਕਾਰ ਨਹੀਂ ਕਰ ਸਕਦੀ। ਅੰਦੋਲਨ ਦੇ ਸ਼ਾਂਤਮਈ ਖਾਸੇ ਨੂੰ ਗਾਂਧੀਵਾਦ ਨਾਲ ਜੋੜਨ ਵਾਲਿਆਂ ਨੂੰ ਗੁਰਦੁਆਰਾ ਸੁਧਾਰ ਲਹਿਰ ਦੀ ਅਗਵਾਈ ਵਿਚ ਜੈਤੋ ਦੇ ਮੋਰਚੇ, ਨਨਕਾਣਾ ਸਾਹਿਬ, ਗੁਰੂ ਕੇ ਬਾਗ ਆਦਿ ਦੇ ਸਬਰ, ਸੰਤੋਖ ਨਾਲ ਜਬਰ ਦਾ ਮੁਕਾਬਲਾ ਕਰਨ ਵਾਲੇ ਮੋਰਚਿਆਂ ਨੂੰ ਸਾਹਮਣੇ ਰੱਖ ਕੇ ਆਪਣੇ ਵਿਰਸੇ 'ਤੇ ਮਾਣ ਕਰਨ ਤੋਂ ਕੰਨੀ ਨਹੀਂ ਕਤਰਾਉਣੀ ਚਾਹੀਦੀ।

ਇਸ ਅੰਦੋਲਨ ਦੀ ਮਜ਼ਬੂਤੀ ਇਸ ਦਾ ਸ਼ਾਂਤਮਈ ਹੋਣਾ, ਭਾਈਚਾਰਕ ਸਾਂਝ ਕਾਇਮ ਕਰਨ ਅਤੇ ਹਰ ਵਰਗ ਨੂੰ ਇਹ ਸੁਨੇਹਾ ਦੇਣ ਵਿਚ ਹੈ ਕਿ ਹੋਂਦ ਦੀ ਲੜਾਈ ਵਿਚ ਸਭ ਤਰ੍ਹਾਂ ਦੇ ਵਖਰੇਵੇਂ ਭੁਲਾ ਕੇ ਸਾਂਝੀ ਜੱਦੋਜਹਿਦ ਦੀ ਲੋੜ ਹੈ। ਕਾਰਪੋਰੇਟ ਵਿਕਾਸ ਮਾਡਲ ਦੇ ਮੁਕਾਬਲੇ ਦੁਨੀਆਂ ਭਰ ਦੀਆਂ ਲੜਾਈਆਂ ਇਸ ਅੰਦੋਲਨ ਵੱਲ ਦੇਖ ਰਹੀਆਂ ਹਨ। ਇਸ ਵਿਚੋਂ ਆਪਣੀਆਂ ਲੜਾਈਆਂ ਦੇ ਨਕਸ਼ ਪਛਾਨਣ ਦੀ ਵੀ ਕੋਸ਼ਿਸ ਕਰ ਰਹੀਆਂ ਹਨ। ਹੁਣ ਇਕ ਵਾਰ ਮੁੜ ਪੰਜਾਬ ਵਿਚ ਸਭ ਦੇ ਇਕੱਠੇ ਹੋਣ ਦੀ ਗੱਲ ਚੱਲੀ ਹੈ। ਦਿੱਲੀ ਵਿਚ ਨਵਰੀਤ ਸਿੰਘ ਦੇ ਅਰਦਾਸ ਸਮਾਗਮ ਵਿਚ ਸਭ ਨੇ ਕਿਸਾਨ ਜਥੇਬੰਦੀਆਂ ਦੇ ਸੱਦੇ ਉਤੇ ਫੁੱਲ ਚੜ੍ਹਾਉਣ ਅਤੇ ਬਾਕੀ ਸਭ ਪੰਥਕ ਜਥੇਬੰਦੀਆਂ ਜਾਂ ਹੋਰ ਧਿਰਾਂ ਇਨ੍ਹਾਂ ਦੀ ਮੰਗ ਅਨੁਸਾਰ ਸਹਿਯੋਗੀ ਭੂਮਿਕਾ ਨਿਭਾਉਣ ਦੀ ਹਾਲਤ ਵਿਚ ਹੋਣ ਦੀ ਗੱਲ ਕਹੀ ਗਈ। ਇਸ ਦੇ ਨਾਲ ਹੀ ਅਲੱਗ ਸਮਾਗਮ ਕਰ ਕੇ ਕਿਸਾਨ ਆਗੂਆਂ ਦੀ ਕਿਰਦਾਰਕੁਸ਼ੀ ਕਰਨ ਅਤੇ ਖ਼ੁਦ ਨੂੰ ਜ਼ਿਆਦਾ ਸਿਆਣੇ, ਸਮਝਦਾਰ, ਦਲੇਰ ਅਤੇ ਬੇੜੀ ਨੂੰ ਪਾਰ ਲਗਾ ਦੇਣ ਵਾਲੇ ਮਹਾਂਰਥੀਆਂ ਵਜੋਂ ਪੇਸ਼ ਕਰਨ ਦਾ ਮਾਮਲਾ ਉਸ ਪ੍ਰਤੀਬੱਧਤਾ ਨਾਲ ਮੇਲ ਨਹੀਂ ਖਾਂਦੇ।

ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ 90ਵੇਂ ਸ਼ਹੀਦੀ ਦਿਵਸ ਮੌਕੇ ਬੰਗੇ ਹੋਈ ਕਾਨਫਰੰਸ ਵਿਚ ਨਿਹੰਗ ਸਿੰਘ, ਪੰਥਕ ਜਥੇਬੰਦੀਆਂ, ਗਾਇਕ, ਕਿਸਾਨ ਆਗੂਆਂ ਸਮੇਤ ਹਰ ਵੰਨਗੀ ਦੇ ਆਗੂ ਮੰਚ ਉਤੇ ਦਿਖਾਈ ਦਿੱਤੇ। ਇਸ ਨੂੰ 26 ਜਨਵਰੀ ਤੋਂ ਬਾਅਦ ਪੂਰੇ ਅੰਦੋਲਨ ਦੇ ਆਗੂਆਂ ਦੀ ਇਕਜੁੱਟਤਾ ਦਾ ਨਾਮ ਦਿੱਤਾ ਗਿਆ। ਸਟੇਜ ਉਤੇ ਹੋਏ ਭਾਸ਼ਣ ਆਪੋ-ਆਪਣਾ ਰਾਗ ਅਲਾਪਣ ਵਾਲੇ ਦਿਖਾਈ ਦਿੰਦੇ ਰਹੇ। ਇਕਮੁੱਠਤਾ ਹੋਵੇ ਪਰ ਕਿਸ ਦਾ ਦਖਲ ਕਿੰਨਾ ਰਹੇਗਾ, ਇਸ ਬਾਰੇ ਸਪੱਸ਼ਟਤਾ ਤੋਂ ਬਿਨਾਂ ਏਕਾ ਜ਼ਿਆਦਾ ਦੇਰ ਚੱਲਣ ਵਿਚ ਮੁਸ਼ਕਿਲ ਪੈਦਾ ਕਰਦਾ ਹੈ। ਕੀ ਸਟੇਜ ਉਤੇ ਲੋਕਾਂ ਦੀ ਅਗਵਾਈ ਦਾ ਦਾਅਵਾ ਕਰਨ ਵਾਲੇ ਆਗੂਆਂ ਦੀ ਏਕਤਾ ਹੀ ਅੰਦੋਲਨ ਦਾ ਏਕਾ ਸਮਝ ਲਿਆ ਜਾਣਾ ਚਾਹੀਦਾ ਹੈ? ਅਸਲ ਵਿਚ ਇਸ ਗੱਲ ਨੂੰ ਕਿਸਾਨ ਆਗੂ ਲਗਾਤਾਰ ਮਹਿਸੂਸ ਤਾਂ ਕਰ ਰਹੇ ਹਨ ਪਰ ਇਸ ਪਹਿਲੂ ਉਤੇ ਠੋਸ ਰਣਨੀਤੀ ਅਜੇ ਵੀ ਨਹੀਂ ਬਣ ਰਹੀ।

ਔਰਤਾਂ ਦਾ ਵੱਡੀ ਗਿਣਤੀ ਵਿਚ ਸ਼ਾਮਿਲ ਹੋਣਾ ਇਸ ਅੰਦੋਲਨ ਦੀ ਵੱਡੀ ਪ੍ਰਾਪਤੀ ਹੈ। ਪੰਜਾਬ ਵਿਚ 32 ਫੀਸਦੀ ਦਲਿਤ ਆਬਾਦੀ ਹੈ। ਪਿੰਡਾਂ ਵਿਚ ਇਹ ਗਿਣਤੀ 37 ਫੀਸਦੀ ਹੈ। ਇੰਨੀ ਵੱਡੀ ਗਿਣਤੀ ਵਿਚੋਂ ਮਹਾਂ ਪੰਚਾਇਤਾਂ ਵਿਚ ਕਿੰਨਾ ਹਿੱਸਾ ਹੁੰਦਾ ਹੈ? ਕਿੰਨੇ ਮਜ਼ਦੂਰ ਆਗੂ ਮਹਾਂ ਪੰਚਾਇਤਾਂ ਵਿਚ ਬੁਲਾਰੇ ਵਜੋਂ ਜਗ੍ਹਾ ਲੈ ਸਕਦੇ ਹਨ? ਗੁਰੂ ਨਾਨਕ ਸਾਹਿਬ ਦੀ ਜਾਤ-ਪਾਤ ਵਿਰੋਧੀ ਵਿਚਾਰਧਾਰਾ ਦੇ ਵਾਰਸ ਅਤੇ ਮਨੁੱਖੀ ਬਰਾਬਰੀ ਦੀ ਗੱਲ ਕਰਨ ਵਾਲੀਆਂ ਖੱਬੀਆਂ ਧਿਰਾਂ ਹੀ ਇਸ ਅੰਦੋਲਨ ਦੀ ਮੁੱਖ ਅਗਵਾਈ ਕਰ ਰਹੀਆਂ ਹਨ, ਇਸ ਦੇ ਬਾਵਜੂਦ ਅਜੇ ਵੀ ਜਾਤ ਦਾ ਵੱਡਾ ਸਵਾਲ ਅਣਸੁਲਝਿਆ ਹੀ ਨਹੀਂ ਬਲਕਿ ਕੁਝ ਨੇੜੇ ਲੱਗਦਾ ਵੀ ਦਿਖਾਈ ਕਿਉਂ ਨਹੀਂ ਦੇ ਰਿਹਾ? ਕਿਸਾਨ ਅਤੇ ਪੰਥਕ ਜਥੇਬੰਦੀਆਂ ਦੇ ਕਾਰਕੁਨਾਂ ਨੂੰ ਦਲਿਤ ਵਿਹੜਿਆਂ ਵਿਚ ਜਾ ਕੇ ਖੇਤੀ ਕਾਨੂੰਨਾਂ ਦਾ ਸਾਂਝਾ ਨੁਕਸਾਨ ਅਤੇ ਇਸ ਤੋਂ ਪਹਿਲਾਂ ਦਲਿਤ ਭਾਈਚਾਰੇ ਨਾਲ ਸਬੰਧਾਂ ਵਿਚਲੀ ਕੜਿੱਤਣ ਦੂਰ ਕਰਨ ਦੀ ਲੋੜ ਹੈ। ਝੋਨੇ ਦੀ ਲਵਾਈ ਜਾਂ ਕੋਈ ਵੀ ਮਾਮਲਾ ਹੋਵੇ ਸਮਾਜਕ ਬਾਈਕਾਟ ਤੱਕ ਦੀਆਂ ਘਟਨਾਵਾਂ ਰੂਹ ਨੂੰ ਝੰਜੋੜ ਦਿੰਦੀਆਂ ਹਨ। ਮਗਨਰੇਗਾ ਦੀ ਦਿਹਾੜੀ ਲਈ ਲੜਨ ਵਾਲਾ, ਤੀਜੇ ਹਿੱਸੇ ਦੀ ਸ਼ਾਮਲਾਟ ਜ਼ਮੀਨ ਵਿਚੋਂ ਕਾਨੂੰਨੀ ਹਿੱਸਾ ਮੰਗਣ ਵਾਲਾ ਅਤੇ ਫਾਈਨਾਂਸ ਕੰਪਨੀਆਂ ਦੀ ਲੁੱਟ ਖਿਲਾਫ ਲੜਨ ਵਾਲਾ ਦਲਿਤ ਵੀ ਸਹਿਯੋਗ ਦੀ ਤਲਾਸ਼ ਵਿਚ ਹੁੰਦਾ ਹੈ। ਮੌਜੂਦਾ ਸਮੇਂ ਪਿੰਡਾਂ ਅੰਦਰ ਭਾਈਚਾਰਕ ਸਾਂਝ ਪਹਿਲਾਂ ਨਾਲੋਂ ਮਜ਼ਬੂਤ ਹੋਈ ਹੈ ਪਰ ਉਸ ਦਾ ਦਾਇਰਾ ਦਲਿਤਾਂ ਤੱਕ ਵਧਾਉਣਾ ਅੰਦੋਲਨ ਦੀ ਇਕਜੁੱਟਤਾ ਲਈ ਬੇਹੱਦ ਜ਼ਰੂਰੀ ਹੈ। ਕਿਸਾਨ-ਮਜ਼ਦੂਰ ਦੇ ਨਾਮ ਉਤੇ ਸਾਂਝਾ ਬੈਨਰ ਲਗਾਉਣਾ ਚੰਗੀ ਗੱਲ ਹੈ ਪਰ ਗੱਲ ਇਸ ਤੋਂ ਅਗਾਂਹ ਤੋਰੀ ਜਾਵੇ ਤਾਂ ਕਿਸਾਨ-ਮਜ਼ਦੂਰ ਦੀ ਫੈਸਲਾਕੁਨ ਤੌਰ 'ਤੇ ਏਕਤਾ ਹੀ ਮਲਿਕ ਭਾਗੋ ਦੇ ਖਿਲਾਫ ਲੜਾਈ ਵਿਚ ਭਾਈ ਲਾਲੋ ਦੀ ਕਤਾਰ ਨੂੰ ਮਜ਼ਬੂਤ ਕਰੇਗੀ। ਨੌਜਵਾਨਾਂ ਦੀ ਪੰਚਾਇਤ ਦੀ ਤਰ੍ਹਾਂ ਮਜ਼ਦੂਰ ਮਹਾਂ ਪੰਚਾਇਤਾਂ ਕਰ ਕੇ ਕਿਸਾਨ ਆਗੂਆਂ ਦੀ ਉਨ੍ਹਾਂ ਵਿਚ ਸ਼ਮੂਲੀਅਤ ਇਸ ਪਾਸੇ ਰਾਹ ਮੋਕਲਾ ਕਰ ਸਕਦੀ ਹੈ।

# ਪੰਜਾਬ ਚੋਣਾਂ ਦੇ ਸੰਦਰਭ ਵਿਚ ਮੌਜੂਦਾ ਰਾਜਸੀ ਝਲਕਾਂ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਪੰਜਾਂ ਰਾਜਾਂ ਵਿਚ ਇਸ ਵਕਤ ਵਿਧਾਨ ਸਭਾ ਚੋਣਾਂ ਦਾ ਅਮਲ ਚੱਲ ਰਿਹਾ ਹੈ। ਸਾਡੀ ਸੂਚਨਾ ਮੁਤਾਬਕ ਇਸ ਸਾਲ ਹੋਰ ਕਿਸੇ ਰਾਜ ਦੀ ਵਿਧਾਨ ਸਭਾ ਲਈ ਚੋਣ ਹੋਣ ਦੀ ਕੋਈ ਸੰਭਾਵਨਾ ਨਹੀਂ। ਜੇ ਕਿਸੇ ਰਾਜ ਵਿਚਲੀ ਸਰਕਾਰ ਆਪਣੇ ਮੱਤਭੇਦਾਂ ਜਾਂ ਦਲ-ਬਦਲੀਆਂ ਨਾਲ ਟੁੱਟਣ ਦੀ ਨੌਬਤ ਆ ਗਈ ਤਾਂ ਕੋਈ ਚੋਣ ਹੋ ਵੀ ਸਕਦੀ ਹੈ, ਵਰਨਾ ਅਗਲੇ ਸਾਲ ਤੱਕ ਕੋਈ ਚੋਣ ਨਹੀਂ ਹੋਣੀ ਅਤੇ ਅਗਲੇ ਸਾਲ ਜਿਨ੍ਹਾਂ ਰਾਜਾਂ ਵਿਚ ਸਭ ਤੋਂ ਪਹਿਲਾਂ ਚੋਣਾਂ ਹੋਣੀਆਂ ਹਨ, ਪੰਜਾਬ ਦਾ ਨਾਂ ਵੀ ਉਨ੍ਹਾਂ ਵਿਚ ਸ਼ਾਮਲ ਹੈ, ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਜਾਂ ਮਨੀਪੁਰ ਤੇ ਗੋਆ ਦਾ ਵੀ। ਇਸ ਵੇਲੇ ਦੀਆਂ ਚੋਣਾਂ ਵਾਲੇ ਪੰਜ ਰਾਜਾਂ ਵਿਚੋਂ ਕੇਰਲਾ, ਤਾਮਿਲਨਾਡੂ, ਆਸਾਮ ਅਤੇ ਪੁੱਡੂਚੇਰੀ ਦੇ ਨਤੀਜਿਆਂ ਦਾ ਅਗਾਊਂ ਅੰਦਾਜ਼ਾ ਲੱਗ ਸਕਦਾ ਹੈ, ਪਰ ਪੱਛਮੀ ਬੰਗਾਲ ਬਾਰੇ ਅੰਦਾਜ਼ਾ ਲਾਉਣਾ ਔਖਾ ਹੈ। ਆਪਣੀਆਂ ਖਾਹਿਸ਼ਾਂ ਦੇ ਮੁਤਾਬਕ ਨਤੀਜੇ ਦਾ ਅੰਦਾਜ਼ਾ ਲਾਉਣ ਵਾਲੇ ਜੋ ਮਰਜ਼ੀ ਆਖੀ ਜਾਣ, ਊਠ ਓਥੇ ਕਿਸੇ ਪਾਸੇ ਵੀ ਬੈਠ ਸਕਦਾ ਹੈ ਅਤੇ ਉਸ ਦੇ ਨਤੀਜੇ ਦੀ ਚਰਚਾ ਅਗਲੇ ਸਾਲ ਦੇ ਚੋਣ ਘੋਲ ਵਿਚ ਦਾਅ ਉੱਤੇ ਲੱਗਣ ਵਾਲੇ ਪਹਿਲੇ ਪੰਜਾਂ ਰਾਜਾਂ ਵਿਚ ਜ਼ੋਰ ਨਾਲ ਹੋਣੀ ਹੈ। ਬਾਕੀਆਂ ਰਾਜਾਂ ਦਾ ਪਤਾ ਨਹੀਂ, ਪੰਜਾਬ ਉੱਤੇ ਪੱਛਮੀ ਬੰਗਾਲ ਜਾਂ ਦੂਸਰੇ ਚਹੁੰ ਰਾਜਾਂ ਦੀਆਂ ਚੋਣਾਂ ਨਾਲ ਕੋਈ ਖਾਸ ਅਸਰ ਨਹੀਂ ਪਵੇਗਾ। ਏਥੇ ਪੰਜਾਬ ਦਾ ਆਪਣਾ ਚੋਣ-ਦ੍ਰਿਸ਼ ਹੈ ਅਤੇ ਇਸ ਦੀਆਂ ਦੂਸਰੇ ਰਾਜਾਂ ਤੋਂ ਵੱਖਰੀਆਂ ਆਪਣੀਆਂ ਚੋਣ ਸੰਭਾਵਨਾਵਾਂ ਹਨ, ਜਿਹੜੀਆਂ ਵੱਲ ਏਥੋਂ ਦੇ ਆਮ ਲੋਕਾਂ ਨੇ ਵੀ ਵੇਖਣਾ ਹੈ ਤੇ ਏਥੋਂ ਦੀਆਂ ਰਾਜਸੀ ਪਾਰਟੀਆਂ ਨੂੰ ਵੀ ਸੋਚਣਾ ਪੈਣਾ ਹੈ।

ਪਹਿਲੀ ਗੱਲ ਇਹ ਮੰਨਣੀ ਬਣਦੀ ਹੈ ਕਿ ਕਿਸਾਨੀ ਮੁੱਦੇ ਦੀ ਮਾਰ ਕਾਰਨ ਉਹ ਪਾਰਟੀ ਪੰਜਾਬ ਵਿਚ ਬਹੁਤਾ ਕੁਝ ਕਰਨ ਜੋਗੀ ਨਹੀਂ ਰਹਿ ਗਈ, ਜਿਹੜੀ ਬਾਕੀ ਭਾਰਤ ਵਿਚ ਹੁੜਦੰਗ ਮਚਾਉਂਦੀ ਫਿਰਦੀ ਤੇ ਪੰਜਾਬ ਦੀਆਂ ਸਭਨਾਂ ਇੱਕ ਸੌ ਸਤਾਰਾਂ ਸੀਟਾਂ ਤੋਂ ਉਮੀਦਵਾਰ ਖੜ੍ਹੇ ਕਰਨ ਦੇ ਦਮਗਜ਼ੇ ਮਾਰ ਰਹੀ ਹੈ। ਇਸ ਪਾਰਟੀ ਦੇ ਲੀਡਰ ਇਸ ਵਕਤ ਕਿਸੇ ਦੇ ਵਿਆਹ-ਸ਼ਾਦੀ ਜਾਂ ਮਰਗ ਦੇ ਭੋਗ ਮੌਕੇ ਜਾਣ ਜੋਗੇ ਵੀ ਨਹੀਂ ਰਹੇ ਤੇ ਕੱਲ੍ਹ ਨੂੰ ਕੋਈ ਮੋੜਾ ਵੀ ਪੈ ਜਾਵੇ ਤਾਂ ਦੂਸਰੀ ਕਿਸੇ ਹੋਰ ਪਾਰਟੀ ਨੇ ਇਹੋ ਜਿਹੇ ਹਾਲਾਤ ਵਿਚ ਇਸ ਨਾਲ ਸਾਂਝ ਪਾਉਣ ਦਾ ਹੌਸਲਾ ਨਹੀਂ ਕਰਨਾ। ਇਹ ਪਾਰਟੀ ਅਗਲੀ ਚੋਣ ਵਿਚ ਉਸ ਆਗੂ ਉੱਤੇ ਵੱਡੀ ਟੇਕ ਰੱਖੀ ਫਿਰਦੀ ਹੈ, ਜਿਸ ਨੂੰ ਕੁਝ ਮਹੀਨੇ ਪਹਿਲਾਂ ਉਸ ਨੇ ਕੇਂਦਰ ਦਾ ਵੱਡਾ ਅਹੁਦਾ ਦੇ ਕੇ ਸਮਝ ਲਿਆ ਹੈ ਕਿ ਉਹ ਪਾਰਟੀ ਦੇ ਪੱਖ ਵਿਚ ਹਨੇਰੀ ਵਗਾ ਦੇਵੇਗਾ। ਰਿਕਾਰਡ ਦੱਸਦਾ ਹੈ ਕਿ ਜਦੋਂ ਇਸੇ ਲੀਡਰ ਨੂੰ ਲਕਸ਼ਮੀ ਕਾਂਤਾ ਚਾਵਲਾ ਦਾ ਤਿੰਨ ਵਾਰੀਆਂ ਦਾ ਜਿੱਤਿਆ ਹਲਕਾ ਖੋਹ ਕੇ ਟਿਕਟ ਦਿੱਤੀ ਤਾਂ ਪਹਿਲੀ ਵਾਰੀ ਤੇਰਾਂ ਹਜ਼ਾਰ ਵੋਟਾਂ ਦੇ ਫਰਕ ਨਾਲ ਹਾਰਿਆ ਸੀ ਤੇ ਦੂਸਰੀ ਵਾਰੀ ਹਾਰ ਦਾ ਫਰਕ ਇੱਕੀ ਹਜ਼ਾਰ ਤੋਂ ਵਧ ਗਿਆ ਸੀ। ਬਾਕੀ ਹਲਕਿਆਂ ਵਿਚ ਵੀ ਹਾਲਤ ਇਸ ਪਾਰਟੀ ਦੀ ਸੁਧਰੀ ਨਹੀਂ ਤੇ ਚੋਣ ਲੜਨ ਦੇ ਚਾਹਵਾਨ ਕੰਨੀ ਕਤਰਾਉਂਦੇ ਫਿਰਦੇ ਹਨ।

ਹਾਲਾਤ ਦੱਸਦੇ ਹਨ ਕਿ ਅਗਲੇ ਸਾਲ ਦੀਆਂ ਚੋਣਾਂ ਵਿਚ ਮੁਕਾਬਲਾ ਤਿੰਨ-ਧਿਰਾ ਰਹਿਣ ਦੀ ਸੰਭਾਵਨਾ ਹੈ ਤੇ ਸਭ ਨੂੰ ਪਤਾ ਹੈ ਕਿ ਇਹ ਤਿੰਨ ਧਿਰਾਂ ਰਾਜ ਕਰਦੀ ਕਾਂਗਰਸ ਪਾਰਟੀ, ਅੱਜ ਦੀ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਤੇ ਕਈ ਵਾਰ ਰਾਜ ਕਰ ਚੁੱਕਾ ਸ਼੍ਰੋਮਣੀ ਅਕਾਲੀ ਦਲ ਹੀ ਹਨ। ਅਕਾਲੀਆਂ ਨੂੰ ਵਹਿਮ ਹੈ ਕਿ ਲੋਕ ਜਦੋਂ ਕਾਂਗਰਸ ਤੋਂ ਨਾਰਾਜ਼ ਹੋ ਕੇ ਪਾਸਾ ਵੱਟਣਗੇ



ਤਾਂ ਸਾਡੇ ਬਿਨਾ ਕਿਸੇ ਹੋਰ ਪਾਸੇ ਵੱਲ ਜਾਣ ਜੋਗੇ ਨਹੀਂ ਰਹਿਣੇ ਅਤੇ ਏਸੇ ਲਈ ਇੱਕ ਵਾਰ ਫਿਰ ਰਾਜ-ਸੱਤਾ ਵਾਲਾ ਬਟੇਰਾ ਆਪਣੇ ਆਪ ਸਾਡੇ ਪੈਰ ਥੱਲੇ ਆ ਜਾਣਾ ਹੈ। ਕਾਂਗਰਸ ਵਾਲੇ ਵੀ ਏਸੇ ਵਹਿਮ ਦਾ ਸ਼ਿਕਾਰ ਹਨ ਕਿ ਵਿਰੋਧੀ ਧਿਰਾਂ ਵਿਚੋਂ ਕੋਈ ਉੱਠ ਨਹੀਂ ਰਹੀ ਤੇ ਸਾਨੂੰ ਦੋਬਾਰਾ ਚੁਣਨਾ ਲੋਕਾਂ ਦੀ ਮਜਬੂਰੀ ਬਣ ਜਾਣਾ ਹੈ। ਇਹੋ ਜਿਹਾ ਵਹਿਮ ਜਿਸ ਨੂੰ ਵੀ ਪੈ ਜਾਵੇ, ਉਹ ਮਾਰਿਆ ਜਾਂਦਾ ਹੁੰਦਾ ਹੈ।

ਅਕਾਲੀ ਆਗੂਆਂ ਨੂੰ ਇਹ ਸਮਝ ਨਹੀਂ ਆਈ ਕਿ ਅਗਲੇ ਦਿਨਾਂ ਵਿਚ ਬਰਗਾੜੀ ਦੇ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਦੇ ਗੋਲੀ ਕਾਂਡ ਦੀ ਸੁਣਵਾਈ ਜਦੋਂ ਹੋਣੀ ਹੈ ਤਾਂ ਇਹ ਹਾਲਾਤ ਵੀ ਬਣ ਸਕਦੇ ਹਨ ਕਿ ਉਨ੍ਹਾਂ ਲਈ ਪਿੰਡਾਂ ਵਿਚ ਜਾਣਾ ਔਖਾ ਹੋ ਜਾਵੇ। ਇਹੋ ਨਹੀਂ, ਕਿਸਾਨੀ ਵਿਰੁੱਧ ਨਰਿੰਦਰ ਮੋਦੀ ਸਰਕਾਰ ਦੇ ਬਿੱਲਾਂ ਦੀ ਪਹਿਲਾਂ ਹਮਾਇਤ ਕਰਨ ਦੇ ਬਾਅਦ ਉਹ ਭਾਵੇਂ ਕਿਸਾਨਾਂ ਦਾ ਸਮੱਰਥਨ ਵੀ ਕਰਨ ਲੱਗ ਪਏ, ਪਰ ਉਸ ਪਹਿਲੀ ਗਲਤੀ ਦਾ ਮਾੜਾ ਪ੍ਰਭਾਵ ਅਜੇ ਵੀ ਇਸ ਪਾਰਟੀ ਦਾ ਰਾਹ ਰੋਕਣ ਵਾਲਾ ਬਣਦਾ ਜਾਪਦਾ ਹੈ। ਅਕਾਲੀ ਦਲ ਦਾ ਪ੍ਰਧਾਨ ਅਤੇ ਉਸ ਦੇ ਨਾਲ ਜੁੜੀ ਹੋਈ ਟੀਮ ਦੇ ਲੋਕ ਜਿਵੇਂ ਲਗਾਤਾਰ ਗਲਤੀਆਂ ਕਰਨ ਲੱਗੇ ਰਹਿੰਦੇ ਹਨ, ਉਨ੍ਹਾਂ ਗਲਤੀਆਂ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਗਾਇਬ ਹੋਣ ਸਣੇ ਕਈ ਹੋਰ ਮੁੱਦੇ ਮਿਲ ਕੇ ਅਗਲੇ ਸਾਲ ਦੀਆਂ ਚੋਣਾਂ ਵਿਚ ਉਨ੍ਹਾਂ ਲਈ ਪਿੰਡ-ਪਿੰਡ ਸਵਾਲਾਂ ਦੀ ਵਾਛੜ ਦਾ ਕਾਰਨ ਬਣ ਸਕਦੇ ਹਨ।

ਆਮ ਆਦਮੀ ਪਾਰਟੀ ਨੇ ਪਿਛਲੀ ਵਾਰੀ ਆਪਣੀ ਮੁਹਿੰਮ ਬਹੁਤ ਜ਼ਿਆਦਾ ਚੜ੍ਹਾ ਦਿੱਤੀ ਸੀ, ਪਰ ਆਖਰੀ ਵਕਤ ਕੁਝ ਗਲਤੀਆਂ ਕਰ ਕੇ ਆਪ ਹੀ ਨੁਕਸਾਨ ਕਰ ਲਿਆ ਸੀ। ਉਨ੍ਹਾਂ ਦੇ ਇੱਕ ਕੇਂਦਰੀ ਲੀਡਰ ਦਾ ਇਹ ਕਹਿਣਾ ਠੀਕ ਹੈ ਕਿ ਇਸ ਪਾਰਟੀ ਦੇ ਚਾਰ ਸਾਲ ਪਹਿਲਾਂ ਦੇ ਉਸ ਤਜਰਬੇ ਬਾਰੇ ਇੱਕ ਕਿਤਾਬ 'ਜਿੱਤੀ ਬਾਜ਼ੀ ਹਾਰਨ ਦੇ ਨੁਸਖੇ' ਲਿਖੀ ਜਾਵੇ ਤਾਂ ਉਸ ਦੇ ਲਈ ਮਸਾਲਾ ਬਹੁਤ ਸਾਰਾ ਤਿਆਰ ਮਿਲਦਾ ਹੈ। ਲੱਗਦਾ ਹੈ ਕਿ ਇਹ ਪਾਰਟੀ ਇਸ ਵਾਰੀ ਕਾਫੀ ਸੋਚ-ਸੋਚ ਕੇ ਕਦਮ ਪੁੱਟ ਰਹੀ ਹੈ ਅਤੇ ਆਪਣੀ ਅੰਦਰੂਨੀ ਹਾਲਾਤ ਨੂੰ ਸੁਧਾਰਨ ਵਾਸਤੇ ਵੀ ਖੁਦ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਧਿਆਨ ਲੱਗਾ ਪਿਆ ਹੈ। ਮਾੜੀ ਗੱਲ ਫਿਰ ਇਹੀ ਹੈ ਕਿ ਪੰਜਾਬ ਵਿਚ ਪਾਰਟੀ ਦੇ ਲੀਡਰਾਂ ਨੂੰ ਅਜੇ ਵੀ ਉਹ ਵਜ਼ਨ ਨਹੀਂ ਦਿੱਤਾ ਜਾ ਰਿਹਾ, ਜਿਹੜਾ ਨਾ ਦੇਣ ਕਾਰਨ ਪਿਛਲੇ ਸਮੇਂ ਵਿਚ ਨੁਕਸਾਨ ਹੋਇਆ ਸੀ। ਉਂਜ ਇਸ ਵਾਰੀ ਇਸ ਪਾਰਟੀ ਨੇ ਚੋਣ ਸਰਗਰਮੀ ਚੋਖਾ ਅਗੇਤੀ ਸ਼ੁਰੂ ਕੀਤੀ ਹੈ।

ਕੇਜਰੀਵਾਲ ਵੱਲੋਂ ਇਸ ਹਫਤੇ ਬਾਘਾ ਪੁਰਾਣਾ ਰੈਲੀ ਲਈ ਅੰਮ੍ਰਿਤਸਰ ਹਵਾਈ ਅੱਡੇ ਉੱਤੇ ਉੱਤਰਨ ਅਤੇ ਲੋਕਾਂ ਵਿਚ ਆਧਾਰ ਰੱਖਦੀ, ਪਰ ਲਾਂਭੇ ਕੀਤੀ ਹੋਈ ਭਾਜਪਾ ਦੀ ਆਗੂ ਲਕਸ਼ਮੀ ਕਾਂਤਾ ਚਾਵਲਾ ਨਾਲ ਮੀਟਿੰਗ ਕਰਨ ਨੇ ਭਾਜਪਾ ਦੇ ਨਾਲ ਕਾਂਗਰਸ ਤੇ ਅਕਾਲੀ ਦਲ ਦੇ ਆਗੂਆਂ ਨੂੰ ਵੀ ਸੋਚੀਂ ਪਾ ਦਿੱਤਾ ਹੈ। ਇਸ ਪਾਰਟੀ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਸੁਖਪਾਲ ਸਿੰਘ ਖਹਿਰਾ ਬਾਰੇ ਭਾਵੇਂ ਚਰਚੇ ਹਨ ਕਿ ਉਹ ਫਿਰ ਕਾਂਗਰਸ ਵਿਚ ਜਾ ਸਕਦਾ ਹੈ ਤੇ ਇੱਕ-ਦੋ ਜਣੇ ਹੋਰ ਵੀ ਜਾ ਸਕਦੇ ਹਨ, ਪਰ ਕਾਂਗਰਸ ਅਤੇ ਅਕਾਲੀ ਦਲ ਵਿਚੋਂ ਮੁਕਾਬਲਤਨ ਚੰਗੇ ਅਕਸ ਵਾਲੇ ਕੁਝ ਲੋਕ ਇਸ ਪਾਰਟੀ ਵੱਲ ਆਉਣ ਲਈ ਚੋਖਾ ਯਤਨ ਕਰਦੇ ਪਏ ਹਨ। ਪਿਛਲੇ ਦਿਨੀਂ ਏਦਾਂ ਦੇ ਇੱਕ-ਦੋ ਜਣੇ ਆਪੋ-ਆਪਣੀ ਪੰਜਾਬ ਦੀ ਲੀਡਰਸ਼ਿਪ ਤੋਂ ਓਹਲਾ ਰੱਖ ਕੇ ਦਿੱਲੀ ਵਿਚ ਕਈ ਦਿਨ ਇੱਕ ਹੋਟਲ ਵਿਚ ਡੇਰੇ ਲਾ ਕੇ ਬੈਠੇ ਇਹੋ ਯਤਨ ਕਰਦੇ ਰਹੇ ਸਨ, ਪਰ ਆਮ ਆਦਮੀ ਪਾਰਟੀ ਇਹ ਸੋਚਦੀ ਰਹੀ ਸੀ ਕਿ ਇਹ ਸਾਡੇ ਵੱਲ ਆਏ ਦੀ ਬਜਾਏ ਕਿਸੇ ਵੱਲੋਂ ਸਾਡੀ ਸੂਹ ਲੈਣ ਲਈ ਭੇਜੇ ਵੀ ਹੋ ਸਕਦੇ ਹਨ।

ਰਹਿ ਗਈ ਕਹਾਣੀ ਕਾਂਗਰਸ ਪਾਰਟੀ ਦੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਰਣਨੀਤੀ ਦਾ ਮਾਹਰ ਗਿਣਿਆ ਜਾਂਦਾ ਪ੍ਰਸ਼ਾਂਤ ਕਿਸ਼ੋਰ ਭਾਵੇਂ ਅਗੇਤਾ ਸੱਦ ਲਿਆ ਹੈ, ਉਸ ਦੀ ਮੁਢਲੀ ਸਰਗਰਮੀ ਇਸ ਪਾਰਟੀ ਦੇ ਆਗੂਆਂ ਦਾ ਹੌਸਲਾ ਵਧਾਉਣ ਵਾਲੀ ਵੀ ਨਹੀਂ ਤੇ ਪਾਰਟੀ ਆਗੂਆਂ ਨੂੰ ਪਸੰਦ ਆਉਣ ਵਾਲੀ ਵੀ ਨਹੀਂ। ਉਹ ਆਪਣੇ ਆਪ ਵਿਚ ਇੱਕ ਬੌਸ ਵਾਂਗ ਵਿਹਾਰ ਕਰਨ ਦਾ ਆਦੀ ਹੋਣ ਕਾਰਨ ਕਈ-ਕਈ ਦਹਾਕਿਆਂ ਦੇ ਪਾਰਟੀ ਨਾਲ ਜੁੜੇ ਆਗੂ ਉਸ ਦੇ ਦਰਬਾਰ ਵਿਚ ਪੇਸ਼ ਹੋਣ ਲਈ ਮਾਨਸਿਕ ਤੌਰ ਉੱਤੇ ਤਿਆਰ ਨਹੀਂ ਹੋ ਰਹੇ। ਕੁਝ ਵਿਧਾਇਕਾਂ ਦੀ ਮੀਟਿੰਗ ਉਸ ਨੇ ਕਰਵਾਈ ਤਾਂ ਇਸ ਬਾਰੇ ਜਿੰਨਾ ਕੁਝ ਅਖਬਾਰਾਂ ਵਿਚ ਆਇਆ ਹੈ, ਉਹ ਦੱਸਦਾ ਹੈ ਕਿ ਵਿਧਾਇਕਾਂ ਨੇ ਸਾਫ ਕਿਹਾ ਕਿ ਮੰਤਰੀਆਂ ਨਾਲ ਗੱਲ ਕਰਨੀ ਸਾਡੇ ਲਈ ਵੀ ਔਖੀ ਹੈ, ਆਮ ਲੋਕ ਤਾਂ ਚੋਣਾਂ ਦੇ ਦਿਨਾਂ ਤੋਂ ਬਿਨਾ ਮੰਤਰੀਆਂ ਨੂੰ ਉਂਜ ਹੀ ਕਦੇ ਪਸੰਦ ਨਹੀਂ ਆਇਆ ਕਰਦੇ। ਵਿਧਾਇਕਾਂ ਨੇ ਇਹ ਵੀ ਕਹਿ ਦਿੱਤਾ ਕਿ ਅਕਾਲੀ-ਭਾਜਪਾ ਰਾਜ ਵੇਲੇ ਦੇ ਉਸ ਸਰਕਾਰ ਦੀ ਵਫਾਦਾਰੀ ਵਾਲੇ ਅਫਸਰ ਅਜੇ ਤੱਕ ਏਨੇ ਭਾਰੂ ਹਨ ਕਿ ਉਹ ਸਾਡਾ ਫੋਨ ਤੱਕ ਨਹੀਂ ਸੁਣਨਾ ਚਾਹੁੰਦੇ।

ਮੁੱਖ ਮੰਤਰੀ ਨਾਲ ਜੁੜੀ ਹੋਈ ਟੀਮ ਬਾਰੇ ਵੀ ਕਈ ਵਿਧਾਇਕਾਂ ਨੂੰ ਸ਼ਿਕਾਇਤਾਂ ਹਨ, ਪਰ ਅਜੇ ਪੰਜ-ਸੱਤ ਮਹੀਨਿਆਂ ਤੱਕ ਉਨ੍ਹਾਂ ਬਾਰੇ ਕੋਈ ਇਸ ਲਈ ਕੁਝ ਨਹੀਂ ਬੋਲੇਗਾ ਕਿ ਉਹ ਪਿੱਛੇ ਨਾ ਪੈ ਜਾਂਦੇ ਹੋਣ। ਜਿਹੜੇ ਵਿਧਾਇਕਾਂ ਦੀ ਪਹਿਲਾਂ ਬਹੁਤੀ ਬਦਨਾਮੀ ਹੁੰਦੀ ਰਹੀ ਸੀ, ਇਸ ਵਕਤ ਉਨ੍ਹਾਂ ਤੋਂ ਵੱਧ ਬਦਨਾਮੀ ਇਹੋ ਜਿਹੇ ਵਿਧਾਇਕਾਂ ਦੀ ਹੋ ਰਹੀ ਹੈ, ਜਿਨ੍ਹਾਂ ਨੇ ਸਰਕਾਰੀ ਪੈਸੇ ਨਾਲ ਆਪਣੇ ਹਲਕੇ ਵਿਚ ਬਣ ਰਹੀਆਂ ਗਲੀਆਂ ਵਿਚ ਇੰਟਰ ਲਾਕਿੰਗ ਟਾਈਲਾਂ ਵਾਸਤੇ ਕਾਹਲੀ ਵਿਚ ਫੈਕਟਰੀਆਂ ਲਾਈਆਂ ਹਨ ਤੇ ਸਾਰਾ ਕੱਚਾ-ਪਿੱਲਾ ਅਤੇ ਗੈਰ-ਮਿਆਰੀ ਮਾਲ ਆਪਣੇ ਹਲਕੇ ਦੇ ਪਿੰਡਾਂ ਵਿਚ ਲਵਾਉਣਾ ਸ਼ੁਰੂ ਕਰ ਰੱਖਿਆ ਹੈ।

ਇਹ ਗੱਲ ਕਾਂਗਰਸੀ ਧਿਰ ਵਿਚ ਕੁਝ ਲੋਕਾਂ ਦਾ ਹੌਸਲਾ ਬੰਨ੍ਹਾਉਣ ਵਾਲੀ ਹੈ ਕਿ ਮੁੱਖ ਮੰਤਰੀ ਨੇ ਅਗਲੀਆਂ ਚੋਣਾਂ ਫਿਰ ਲੜਨ ਦਾ ਐਲਾਨ ਕਰ ਦਿੱਤਾ ਹੈ, ਪਰ ਇਹੋ ਗੱਲ ਕੁਝ ਹੋਰ ਲੋਕਾਂ ਵਿਚ ਕੌੜ ਪੈਦਾ ਕਰਨ ਵਾਲੀ ਹੈ। ਨਿੱਜੀ ਪੱਧਰ ਦੀਆਂ ਮੀਟਿੰਗਾਂ ਵਿਚ ਕੁਝ ਮੰਤਰੀ ਵੀ ਇਹ ਕਹਿਣ ਤੋਂ ਨਹੀਂ ਝਿਜਕਦੇ ਕਿ ਮੁੱਖ ਮੰਤਰੀ ਸਾਹਿਬ ਸਾਨੂੰ ਮਿਲਣ ਜੋਗਾ ਵੀ ਵਕਤ ਨਹੀਂ ਕੱਢਦੇ। ਅਜਿਹੀਆਂ ਗੱਲਾਂ ਜੇ ਉਹ ਮੰਤਰੀ ਸਾਡੇ ਕੋਲ ਕਰ ਜਾਂਦੇ ਹਨ ਤਾਂ ਏਦਾਂ ਹੋਰ ਵੀ ਕਈ ਥਾਂ ਕਰਦੇ ਹੋਣਗੇ। ਸਾਡੀ ਸੋਚ ਹੈ ਕਿ ਉਨ੍ਹਾਂ ਦਾ ਮੁੱਖ ਮੰਤਰੀ ਬਾਰੇ ਇਹ ਕਹਿਣਾ ਗਲਤ ਨਹੀਂ, ਪਰ ਏਦਾਂ ਦੀਆਂ ਗੱਲਾਂ ਕਰ ਕੇ ਉਹ ਆਪਣੀਆਂ ਪਿਛਲੇ ਚਾਰ ਸਾਲਾਂ ਵਿਚ ਕੁਝ ਨਾ ਕਰਨ ਜਾਂ ਮਲਾਈ ਚੱਟਣ ਲੱਗੇ ਰਹਿਣ ਦੀਆਂ ਕਹਾਣੀਆਂ ਕੱਜਣ ਦਾ ਯਤਨ ਵੀ ਕਰਦੇ ਹਨ। ਜੇ ਏਦਾਂ ਦੇ ਆਗੂਆਂ ਅਤੇ ਮੰਤਰੀਆਂ ਬਾਰੇ ਸਧਾਰਨ ਲੋਕਾਂ ਤੱਕ ਨੂੰ ਪਤਾ ਹੈ ਤਾਂ ਮੁੱਖ ਮੰਤਰੀ ਨੂੰ ਵੀ ਪਤਾ ਹੋਣਾ ਚਾਹੀਦਾ ਹੈ, ਪਰ ਮੁੱਖ ਮੰਤਰੀ ਨੇ ਇੱਕ ਸਾਲ ਬਾਅਦ ਹੋ ਰਹੀਆਂ ਚੋਣਾਂ ਲਈ ਸਰਗਰਮੀ ਦਾ ਕੋਈ ਮੁੱਢ ਕਦੋਂ ਤੱਕ ਬੰਨ੍ਹਣਾ ਹੈ, ਇਸ ਦਾ ਕੋਈ ਸੰਕੇਤ ਕਿਤੇ ਨਹੀਂ ਮਿਲ ਰਿਹਾ।

ਕਾਂਗਰਸ ਦੇ ਬਹੁਤ ਸਾਰੇ ਆਗੂ ਵਹਿਮ ਦਾ ਸ਼ਿਕਾਰ ਹਨ ਕਿ ਕੁਝ ਕਰੀਏ ਨਾ ਕਰੀਏ, ਵਿਰੋਧੀ ਧਿਰ ਕਮਜ਼ੋਰ ਹੋਣ ਕਾਰਨ ਲੋਕਾਂ ਕੋਲ ਹੋਰ ਕੋਈ ਬਦਲ ਨਹੀਂ ਤੇ ਵੋਟਾਂ ਕਾਂਗਰਸ ਨੂੰ ਹੀ ਮਿਲਣੀਆਂ ਹਨ। ਇਹ ਵਹਿਮ ਉਨ੍ਹਾਂ ਨੂੰ ਡੋਬ ਵੀ ਸਕਦਾ ਹੈ ਤੇ ਜੇ ਏਸੇ ਤਰ੍ਹਾਂ ਚੱਲਦਾ ਰਿਹਾ ਤਾਂ ਅਗਲੀ ਚੋਣ ਦੇ ਬਾਅਦ ਆਮ ਆਦਮੀ ਪਾਰਟੀ ਦੇ ਲੀਡਰਾਂ ਵਾਂਗ ਇਹ ਵੀ ਕਹਿਣਗੇ ਕਿ ਜਿੱਤੀ ਬਾਜ਼ੀ ਕਿਵੇਂ ਹਾਰੀ ਜਾਂਦੀ ਹੈ, ਇਸ ਬਾਰੇ ਕਿਤਾਬ ਲਿਖਣ ਜੋਗਾ ਮਸਾਲਾ ਸਾਡੇ ਕੋਲ ਆ ਗਿਆ ਹੈ। ਜੇ ਇਹੋ ਕੰਮ ਕਰਨਾ ਹੈ ਤਾਂ ਇਹ ਰਾਹੁਲ ਗਾਂਧੀ ਅਤੇ ਉਸ ਨਾਲ ਜੁੜੀ ਟੀਮ ਦੇ ਤਜਰਬੇ ਨਾਲ ਵੀ ਹੋ ਸਕਦਾ ਹੈ, ਪਰ ਜੇ ਪੰਜਾਬ ਦੀ ਕਾਂਗਰਸ ਪਾਰਟੀ ਤੇ ਮੁੱਖ ਮੰਤਰੀ ਦੀ ਆਪਣੀ ਟੀਮ ਏਦਾਂ ਦਾ ਤਜਰਬਾ ਖੁਦ ਕਰਨਾ ਚਾਹੁੰਦੀ ਹੈ ਤਾਂ ਕਰ ਕੇ ਵੇਖ ਲਵੇਗੀ। ਏਦਾਂ ਦੀ ਕਿਤਾਬ ਪੰਜਾਬ ਦਾ ਕੋਈ ਕਾਂਗਰਸੀ ਨਾ ਲਿਖਣਾ ਚਾਹੇ ਤਾਂ ਕੋਈ ਫਰਕ ਨਹੀਂ ਪੈਂਦਾ, ਪੰਜਾਬ ਦਾ ਏਦਾਂ ਦਾ ਤਜਰਬਾ ਪੀ ਕੇ ਵਾਸਤੇ ਕਿਸੇ ਹੋਰ ਰਾਜ ਵਿਚ ਚੋਣਾਂ ਦਾ ਰਾਜਸੀ ਟੈਂਡਰ ਭਰਨ ਵਾਸਤੇ ਉਸ ਦੇ ਕੰਮ ਆ ਜਾਵੇਗਾ। ਚੋਣਾਂ ਵਿਚ ਇੱਕ ਸਾਲ ਤੋਂ ਘੱਟ ਸਮਾਂ ਰਹਿੰਦਾ ਹੈ, ਇਸ ਦੀ ਕਾਂਗਰਸੀ ਆਗੂਆਂ ਨੂੰ ਪ੍ਰਵਾਹ ਨਹੀਂ ਤਾਂ ਸਮਾਂ ਵੀ ਆਪਣੇ ਆਪ ਨੂੰ ਫੰਨੇ ਖਾਂ ਸਮਝਣ ਵਾਲਿਆਂ ਦੀ ਪ੍ਰਵਾਹ ਨਹੀਂ ਕਰਦਾ ਹੁੰਦਾ।

ਜਿਹੜਾ ਕੁਝ ਅਗਲੀਆਂ ਚੋਣਾਂ ਤੋਂ ਇੱਕ ਸਾਲ ਪਹਿਲਾਂ ਦੇ ਸਾਡੇ ਪ੍ਰਭਾਵਾਂ ਬਾਰੇ ਅਸੀਂ ਲਿਖਿਆ ਹੈ, ਇਹ ਪੰਜਾਬ ਦੇ ਅਜੋਕੇ ਹਾਲਤ ਦੇ ਚੌਖਟੇ ਵਿਚੋਂ ਦਿੱਸਦਾ ਹੈ, ਕੱਲ੍ਹ ਨੂੰ ਸਮਾਂ ਕੀ ਕਰਵਟ ਲਵੇਗਾ, ਹਾਲ ਦੀ ਘੜੀ ਕਹਿਣਾ ਔਖਾ ਹੈ।

## ਗੈਂਗਸਟਰਾਂ ਪ੍ਰਤੀ ਕੇਂਦਰ ਦੀ ਨਰਮੀ ਤੋਂ ਕੈਪਟਨ ਸਰਕਾਰ ਖਫਾ

**ਬਠਿੰਡਾ:** ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਤੰਗ-ਪਰੇਸ਼ਾਨ ਕਰਨ ਲਈ ਦਿੱਲੀ 'ਚ ਕਿਸਾਨ ਮੋਰਚੇ ਵਾਲੀ ਜਗ੍ਹਾ 'ਤੇ ਮੋਬਾਈਲ ਨੈੱਟਵਰਕ ਤਾਂ ਜਾਮ ਕਰ ਦਿੱਤਾ ਗਿਆ ਜਦਕਿ ਗੈਂਗਸਟਰਾਂ ਪ੍ਰਤੀ ਕੇਂਦਰ ਨਰਮੀ ਦਿਖਾ ਰਿਹਾ ਹੈ। ਕੇਂਦਰ ਸਰਕਾਰ ਨੇ ਬਠਿੰਡਾ ਜੇਲ੍ਹ ਦੇ ਇਲਾਕੇ ਨੂੰ 'ਡੈਡ ਜੋਨ' ਐਲਾਨਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਪੰਜਾਬ ਸਰਕਾਰ ਨੇ ਬਠਿੰਡਾ ਜੇਲ੍ਹ ਵਿਚ ਗੈਂਗਸਟਰਾਂ ਦੀ ਸੰਚਾਰ ਲਾਈਨ ਤੋੜਨ ਲਈ ਕੇਂਦਰ ਸਰਕਾਰ ਤੋਂ ਮਦਦ ਮੰਗੀ ਸੀ।

ਪੰਜਾਬ ਸਰਕਾਰ ਵੱਲੋਂ 10 ਮਾਰਚ 2020 ਨੂੰ ਟੈਲੀਕਾਮ ਸਰਵਿਸਿਜ (ਪਬਲਿਕ ਐਮਰਜੈਂਸੀ ਤੇ ਪਬਲਿਕ ਸੇਫਟੀ) ਰੂਲਜ 2017 ਦੀ ਧਾਰਾ 2(1) ਤਹਿਤ ਬਠਿੰਡਾ ਜੇਲ੍ਹ ਦੇ ਦੋ ਕਿਲੋਮੀਟਰ ਦੇ ਘੇਰੇ ਨੂੰ 'ਡੈੱਡ ਜੋਨ' ਕਰਨ ਦਾ ਹੁਕਮ ਜਾਰੀ ਕਰ ਦਿੱਤਾ ਗਿਆ ਸੀ ਪਰ ਕੇਂਦਰੀ ਸੰਚਾਰ ਮੰਤਰਾਲੇ ਨੇ ਇਨ੍ਹਾਂ ਹੁਕਮਾਂ ਨੂੰ ਅਮਲੀ ਜਾਮਾ ਪਹਿਨਾਏ ਜਾਣ ਤੋਂ ਬੇਵਸੀ ਜ਼ਾਹਿਰ ਕਰ ਦਿੱਤੀ ਹੈ। ਕੇਂਦਰੀ ਸੰਚਾਰ ਮੰਤਰਾਲੇ ਨੇ 22 ਮਾਰਚ ਨੂੰ ਮੁੱਖ ਸਕੱਤਰ, ਪੰਜਾਬ ਨੂੰ ਪੱਤਰ ਭੇਜ ਕੇ ਸਪਸ਼ਟ ਕਰ ਦਿੱਤਾ ਹੈ ਕਿ ਮੋਬਾਈਲ ਕੰਪਨੀਆਂ ਵੱਲੋਂ ਬਠਿੰਡਾ ਜੇਲ੍ਹ ਦੇ ਦੋ ਕਿਲੋਮੀਟਰ ਦੇ ਘੇਰੇ ਵਿਚ ਨੈੱਟਵਰਕ ਨੂੰ 'ਡੈੱਡ ਕਰਨਾ' ਪ੍ਰੈਕਟੀਕਲ ਨਹੀਂ ਹੈ ਜਿਸ ਨਾਲ ਆਮ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਮੰਤਰਾਲੇ ਨੇ ਤਰਕ ਦਿੱਤਾ ਹੈ ਕਿ ਦੋ ਕਿਲੋਮੀਟਰ ਦੇ ਘੇਰੇ 'ਚ ਰੇਡੀਓ ਵੇਵਜ ਨੂੰ ਪੂਰੀ ਤਰ੍ਹਾਂ ਬੰਨ੍ਹ ਕੇ ਨਹੀਂ ਰੱਖਿਆ ਜਾ ਸਕਦਾ ਹੈ। ਇਸ ਨਾਲ ਆਮ ਲੋਕਾਂ ਨੂੰ ਕਾਲ ਡਰਾਪ ਦੀ ਸਮੱਸਿਆ ਵੀ ਆਵੇਗੀ। ਐਮਰਜੈਂਸੀ ਸੇਵਾਵਾਂ ਅਤੇ ਪੁਲੀਸ ਸੇਵਾਵਾਂ ਵਿਚ ਵਿਘਨ ਪਵੇਗਾ। ਕੇਂਦਰ ਦਾ ਤਰਕ ਹੈ ਕਿ ਬਠਿੰਡਾ ਜੇਲ੍ਹ ਦੇ ਆਸ-ਪਾਸ ਦੇ ਬਾਸ਼ਿੰਦਿਆਂ ਲਈ ਵੱਡਾ ਸੰਕਟ ਬਣੇਗਾ ਕਿਉਂਕਿ ਕੋਵਿਡ ਦੇ ਸਮੇਂ ਦੌਰਾਨ ਬੱਚਿਆਂ ਦੀਆਂ ਆਨਲਾਈਨ ਕਲਾਸਾਂ ਵੀ ਅਸਰਅੰਦਾਜ ਹੋਣਗੀਆਂ।

ਇਸੇ ਤਰ੍ਹਾਂ ਆਨਲਾਈਨ ਕੰਮਕਾਰ 'ਤੇ ਵੀ ਅਸਰ ਪਵੇਗਾ ਅਤੇ ਲੋਕਾਂ ਨੂੰ ਆਨਲਾਈਨ ਬੁਕਿੰਗ ਆਦਿ ਕਰਨ 'ਚ ਵੀ ਮੁਸ਼ਕਲ ਆਵੇਗੀ। ਇਨ੍ਹਾਂ ਹਕੀਕੀ ਚੁਣੌਤੀਆਂ ਦਾ ਹਵਾਲੇ ਦੇ ਕੇ ਕੇਂਦਰ ਸਰਕਾਰ ਨੇ ਪਾਸਾ ਵੱਟ ਲਿਆ ਹੈ। ਦੱਸਣਯੋਗ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਵੇਲੇ 87 ਗੈਂਗਸਟਰ ਬੰਦ ਹਨ ਜਿਨ੍ਹਾਂ 'ਚੋਂ 40 ਗੈਂਗਸਟਰ ਇਕੱਲੀ ਬਠਿੰਡਾ ਜੇਲ੍ਹ ਵਿਚ ਬੰਦ ਹਨ। ਬਠਿੰਡਾ ਜੇਲ੍ਹ ਇਸ ਵੇਲੇ ਪਿੰਡ ਗੋਬਿੰਦਪੁਰਾ ਦੇ ਖੇਤਾਂ ਵਿਚ ਸ਼ਹਿਰੋਂ ਬਾਹਰ ਬਣੀ ਹੋਈ ਹੈ। ਜੇਲ੍ਹ ਦੇ ਦੋ ਹਾਈ ਸਕਿਉਰਿਟੀ ਸੈੱਲਾਂ ਵਿਚ ਗੈਂਗਸਟਰਾਂ ਨੂੰ ਰੱਖਿਆ ਗਿਆ ਹੈ। ਬਠਿੰਡਾ ਜੇਲ੍ਹ 'ਤੇ ਸੀ.ਆਰ.ਪੀ.ਐਫ, ਆਈ.ਆਰ.ਬੀ. ਅਤੇ ਜੇਲ੍ਹ ਵਿਭਾਗ ਦੀ ਸੁਰੱਖਿਆ ਦਾ ਪਹਿਰਾ ਹੈ। ਪੰਜਾਬ ਸਰਕਾਰ ਵੱਲੋਂ ਜੋ ਹੁਣ ਸੰਚਾਰ ਸੇਵਾਵਾਂ ਜੇਲ੍ਹ ਦੇ ਆਸ-ਪਾਸ ਦੇ ਖੇਤਰ ਵਿਚ ਠੱਪ ਕਰਨ ਦਾ ਫੈਸਲਾ ਲਿਆ ਗਿਆ ਸੀ, ਉਸ ਪਿੱਛੇ ਕਈ ਕਾਰਨਾਂ ਦਾ ਜਿਕਰ ਕੀਤਾ ਗਿਆ ਹੈ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਇਹ ਨੋਟਿਸ 'ਚ ਆਇਆ ਹੈ ਕਿ ਜੇਲ੍ਹਾਂ 'ਚੋਂ ਗੈਂਗਸਟਰ ਮੋਬਾਈਲ ਸੰਚਾਰ ਜਰੀਏ ਬਾਹਰਲੇ ਲੋਕਾਂ ਦੀ ਜ਼ਿੰਦਗੀ ਲਈ ਖਤਰਾ ਬਣਦੇ ਹਨ। ਮੋਬਾਈਲ ਸੰਚਾਰ ਨਾਲ ਗੈਂਗਵਾਰ ਵੀ ਵਧਦੀ ਹੈ ਅਤੇ ਆਮ ਲੋਕਾਂ ਦੀ ਜ਼ਿੰਦਗੀ ਵੀ ਖਤਰੇ ਵਿਚ ਪੈਂਦੀ ਹੈ।

## ਹੋਲਾ ਮਹੱਲਾ: ਵਿਧਾਇਕਾਂ ਦੀ ਜੁਆਬਦੇਹੀ ਲਈ ਰਣਨੀਤੀ

**ਸ੍ਰੀ ਆਨੰਦਪੁਰ ਸਾਹਿਬ:** ਖਾਲਸਾਈ ਸ਼ਾਨੋ ਸ਼ੌਕਤ ਦੇ ਪ੍ਰਤੀਕ ਹੋਲੇ ਮਹੱਲੇ ਦਾ ਦੂਜਾ ਦਿਨ ਸਮੁੱਚੇ ਰੂਪ ਵਿੱਚ ਕਿਸਾਨੀ ਦੇ ਨਾਂ ਰਿਹਾ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਖਚਾਖਚ ਭਰੀ ਕਿਸਾਨੀ ਕਾਨਫਰੰਸ ਨੇ ਸਮੁੱਚਾ ਮੇਲਾ ਹੀ ਨਹੀਂ ਲੁੱਟਿਆ ਬਲਕਿ ਇਸ ਮੰਚ ਤੋਂ ਵਿਧਾਇਕਾਂ ਦੀ ਜੁਆਬਦੇਹੀ ਤੈਅ ਕਰਨ ਅਤੇ ਉਨ੍ਹਾਂ ਤੋਂ ਸੁਆਲ ਪੁੱਛਣ ਲਈ ਪਿੰਡ ਪੱਧਰ 'ਤੇ 21-21 ਮੈਂਬਰੀ ਕਮੇਟੀਆਂ ਦਾ ਗਠਨ ਕਰ ਕੇ ਹਰ ਪਿੰਡ 'ਚ ਬੁਲਾਰੇ ਤੇ ਆਗੂ ਪੈਦਾ ਕਰਨ ਦਾ ਅਹਿਦ ਵੀ ਲਿਆ ਗਿਆ।

ਕਾਨਫਰੰਸ ਵਿੱਚ ਮੁੱਖ ਤੌਰ 'ਤੇ ਪਹੁੰਚੇ ਬਲਵੀਰ ਸਿੰਘ ਰਾਜੇਵਾਲ, ਗੁਰਨਾਮ ਸਿੰਘ ਚੜੂਨੀ, ਹਰਿੰਦਰ ਸਿੰਘ ਲੱਖੋਵਾਲ, ਰੁਲਦੂ ਸਿੰਘ, ਅਦਾਕਾਰ ਤੇ ਸਥਾਨਕ ਇਕਾਈ ਦੇ ਸਰਪ੍ਰਸਤ ਯਗਰਾਜ ਸਿੰਘ, ਮਨਜੀਤ ਰਾਏ, ਕੁਲਦੀਪ ਸਿੰਘ ਵਜੀਦਪੁਰ, ਸ਼ਮਸ਼ੇਰ ਸਿੰਘ ਸ਼ੇਰਾ, ਜਸਪਾਲ ਸਿੰਘ ਭੋਲਾ, ਜੈਮਲ ਸਿੰਘ ਭੜੀ ਤੇ ਤਰਲੋਚਨ ਸਿੰਘ ਚੱਠਾ ਨੇ ਸੰਬੋਧਨ ਕੀਤਾ। ਇਸ ਮੌਕੇ ਰੁਲਦੂ ਸਿੰਘ ਨੇ ਸਮੁੱਚੇ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਭਾਜਪਾ ਦੇਸ਼ ਤੇ ਪੰਜਾਬ 'ਚ ਆਪਣਾ ਆਧਾਰ ਖਤਮ ਕਰ ਚੁੱਕੀ ਹੈ, ਇਸ ਲਈ ਹੁਣ ਸਾਰੇ ਪੰਜਾਬੀ ਭਾਜਪਾ ਅਤੇ ਭਾਜਪਾਈਆਂ ਦਾ ਸਮਾਜਿਕ ਬਾਈਕਾਟ ਕਰਨ। ਵਿਧਾਇਕ ਨਾਰੰਗ ਨਾਲ ਵਾਪਰੀ ਘਟਨਾ ਦੀ ਨਿੰਦਾ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਉਦੋਂ ਵਾਪਰਦੀਆਂ ਹਨ, ਜਦੋਂ ਲੋਕਾਂ ਵਿਚ ਗੁੱਸਾ ਹੁੰਦਾ ਹੈ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਕਿ ਜਿਵੇਂ ਉਨ੍ਹਾਂ ਪੰਜਾਬ ਦੇ ਸਕੂਲਾਂ ਨੂੰ ਬੰਦ ਕੀਤਾ ਹੈ, ਉਸੇ ਤਰਜ਼ 'ਤੇ ਪੰਜਾਬ ਭਰ 'ਚੋਂ ਸ਼ਰਾਬ ਦੇ ਠੇਕੇ ਬੰਦ ਕਰਵਾਉਣ।

ਇਸ ਮੌਕੇ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਮੋਦੀ ਸਰਕਾਰ ਕਿਸਾਨਾਂ ਦੇ ਸਬਰ ਨੂੰ ਪਰਖ ਰਹੀ ਹੈ ਪਰ ਕਿਸਾਨ ਪਹਿਲਾਂ ਹੀ 6-6 ਮਹੀਨੇ ਦਾ ਰਾਸ਼ਨ ਨਾਲ ਲੈ ਕੇ ਗਏ ਹਨ ਜਦਕਿ ਅੱਗੇ ਦੀ ਵੀ ਤਿਆਰੀ ਕਰੀ ਬੈਠੇ ਹਨ, ਪਰ ਜਿੱਤੇ ਬਿਨਾਂ ਵਾਪਸ ਨਹੀਂ ਪਰਤਣਗੇ। ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਮੋਦੀ ਨੇ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਕੋਲ ਗਹਿਣੇ ਰੱਖ ਦਿੱਤਾ ਹੈ। ਉਨ੍ਹਾਂ ਸਿਆਸਤਦਾਨਾਂ ਦੇ ਵਪਾਰਕ ਘਰਾਣਿਆਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਜਿਨ੍ਹਾਂ ਨੇ ਆਮ ਜਨਤਾ ਵਾਸਤੇ ਕੁਝ ਨਹੀਂ ਕੀਤਾ, ਉਹ ਲੋਕ ਰਾਜ ਕਰ ਰਹੇ ਹਨ ਜਦਕਿ ਗਰੀਬ, ਕਿਸਾਨ, ਮਜ਼ਦੂਰ, ਮੁਲਾਜ਼ਮ ਪਿਸ ਰਹੇ ਹਨ। ਉਨ੍ਹਾਂ ਕੇਂਦਰ ਦੀ ਭਾਜਪਾ ਸਰਕਾਰ ਦੇ ਆਈ ਟੀ ਸੈੱਲ 'ਤੇ ਕਿਸਾਨੀ ਅੰਦੋਲਨ ਨੂੰ ਬਦਨਾਮ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਅੱਜ ਜਿੱਥੇ ਭਾਜਪਾ ਦੇਸ਼ ਅੰਦਰ ਖਾਤਮੇ ਵੱਲ ਵਧ ਰਹੀ ਹੈ, ਉਥੇ ਹੀ ਨਰਿੰਦਰ ਮੋਦੀ ਇਕ ਤਾਨਾਸ਼ਾਹ ਹਾਕਮ ਦੇ ਤੌਰ 'ਤੇ ਵਿਸ਼ਵ ਭਰ ਵਿਚ ਜਾਣਿਆ ਜਾਣ ਲੱਗ ਪਿਆ ਹੈ। ਇਸ ਮੌਕੇ ਪਹੁੰਚੇ ਸਥਾਨਕ ਕਿਸਾਨ ਜਥੇਬੰਦੀ ਦੇ ਸਰਪ੍ਰਸਤ ਤੇ ਅਦਾਕਾਰ ਯੋਗਰਾਜ ਸਿੰਘ ਨੇ ਸਮੂਹ 32 ਕਿਸਾਨ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਬੇਸ਼ੱਕ ਸਾਹਮਣੇ ਆ ਕੇ ਚੋਣਾਂ ਨਾ ਲੜਨ ਪਰ ਪਿੱਛੇ ਰਹਿ ਕੇ 117 ਅਜਿਹੇ ਵਿਅਕਤੀਆਂ ਨੂੰ ਅੱਗੇ ਲੈ ਕੇ ਆਉਣ ਜੋ ਪੰਜਾਬ ਦੀ ਰਾਜਨੀਤੀ 'ਚ ਭਰ ਚੁੱਕੀ ਗੰਦਗੀ ਨੂੰ ਸਾਫ ਕਰਨ ਦਾ ਮਾਦਾ ਰੱਖਣ।

ਕਿਸਾਨ ਮੋਰਚਾ

# ਪਿਛਲੇ ਮੋਰਚੇ ਦੇ ਰੰਗ: ਕੌਣ ਹਰਾਊ ਇਨ੍ਹਾਂ ਨੂੰ?

ਪੰਜਾਬ ਵਿਚ ਪਹਿਲੀ ਅਕਤੂਬਰ 2020 ਤੋਂ ਟੋਲ-ਪਲਾਜ਼ਿਆਂ, ਪੈਟਰੋਲ ਪੰਪਾਂ, ਰੇਲਵੇ ਸਟੇਸ਼ਨਾਂ ਤੋਂ ਸ਼ੁਰੂ ਹੋਇਆ ਕਿਸਾਨ ਘੋਲ ਆਪਣੀ ਨਿਰੰਤਰਤਾ ਪਿੱਛੇ ਛੱਡਦਾ ਹੋਇਆ 26 ਨਵੰਬਰ ਤੋਂ ਦਿੱਲੀ ਦੀ ਸਰਹੱਦ 'ਤੇ ਪਹੁੰਚ ਗਿਆ। ਕੁਝ ਸੱਟ ਲੱਗਣ ਦੇ ਬਾਵਜੂਦ ਇਹ ਸੰਘਰਸ਼ ਮੁੜ ਸੰਭਲ ਕੇ ਫਿਰ ਪੂਰੇ ਜਲੌਅ ਨਾਲ ਚੜ੍ਹਦੀ ਕਲਾ ਵਿਚ ਠਾਠਾਂ ਮਾਰ ਰਿਹਾ ਹੈ। ਠੰਢੇ ਠਾਰ ਮੌਸਮ ਵਿਚ ਵੀ ਦਿਨੋਂ ਦਿਨ ਵਧ ਰਹੀ ਜਬਤ-ਬੱਦ ਗਿਣਤੀ, ਇਸ ਘੋਲ ਦੀ ਤਕੜਾਈ ਤੇ ਖੂਬਸੂਰਤੀ

**ਜਗਮੀਤ ਸਿੰਘ ਪੰਧੇਰ**
ਫੋਨ: 91-98783-37222

ਨੂੰ ਦਰਸਾਉਂਦੀ ਹੈ। ਪੂਰੀ ਦੁਨੀਆਂ ਤੇ ਦੇਸ਼ ਦੇ ਹਰ ਸੂਬੇ ਅਤੇ ਹਰ ਵਰਗ ਦੇ ਲੋਕਾਂ ਦਾ ਦਿਲੋਂ ਮਿਲਿਆ ਭਰਪੂਰ ਸਹਿਯੋਗ ਮਿਸਾਲਾਂ ਪੈਦਾ ਕਰ ਰਿਹਾ ਹੈ। ਮੂਹਰਲੇ ਮੋਰਚੇ ਉੱਪਰ ਲੜ ਰਹੇ ਯੋਧਿਆਂ ਨੂੰ ਲਗਾਤਾਰ ਬਲ ਬਖਸ਼ ਰਹੇ ਨੇ ਪੰਜਾਬ ਵਿਚ ਸੌ ਤੋਂ ਵੱਧ ਥਾਂਵਾਂ ਉੱਪਰ ਨਿਰੰਤਰ ਚੱਲ ਰਹੇ ਪਿਛਲੇ ਕਿਸਾਨ ਮੋਰਚੇ। ਇਹ ਮੋਰਚੇ, ਮੁੱਖ ਮੋਰਚੇ ਦੀ ਸਪਲਾਈ ਲਾਈਨ ਨੂੰ ਹੀ ਜਾਰੀ ਨਹੀਂ ਰੱਖ ਰਹੇ, ਸਗੋਂ ਬੜੇ ਹੀ ਸੁਚੱਜੇ ਢੰਗ ਨਾਲ ਸਾਰੇ ਵਰਗਾਂ ਦੀ ਇੱਕ-ਜੁੱਟਤਾ ਦਾ ਮੁਜਾਹਰਾ ਕਰ ਰਹੇ ਹਨ। ਯਾਦਗਾਰੀ ਦਿਨ ਮਨਾ ਰਹੇ ਹਨ। ਕਿਸਾਨ ਘੋਲ ਦੇ ਸ਼ਹੀਦਾਂ ਦੇ ਪਿੰਡਾਂ ਵਿਚ ਸ਼ਰਧਾਂਜਲੀ ਭੇਟ ਕਰ ਰਹੇ ਹਨ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਹਰ ਤਰ੍ਹਾਂ ਦੀ ਮਦਦ ਕਰ ਰਹੇ ਹਨ। ਸਰਕਾਰ ਜਾਂ ਉਸ ਦੀ ਅਫਸਰਸ਼ਾਹੀ ਨੂੰ ਇਨ੍ਹਾਂ ਜਬਰੀ ਥੋਪੇ ਕਾਨੂੰਨਾਂ ਦੀ ਸਮਝ ਹੋਵੇ ਜਾਂ ਨਾ, ਪਰ ਕਿਸਾਨ ਜਥੇਬੰਦੀਆਂ ਦੀ ਯੋਗ ਅਗਵਾਈ ਸਦਕਾ ਪੰਜਾਬ ਦੇ ਬੱਚੇ ਬੱਚੇ ਨੂੰ ਇਨ੍ਹਾਂ ਕਾਨੂੰਨਾਂ ਦੀਆਂ ਜੜ੍ਹਾਂ ਦੀ ਜਾਣਕਾਰੀ ਹੈ। ਕਿਸੇ ਨਾਲ ਗੱਲ ਕਰਕੇ ਦੇਖ ਲਓ, ਪਟੱਕ ਪਟੱਕ ਜਵਾਬ ਮਿਲਦੇ ਨੇ।

ਪਿਛਲੇ ਮੋਰਚਿਆਂ (ਪੰਜਾਬ ਵਿਚਲੇ) 'ਤੇ ਰੋਜ਼ਾਨਾ ਬਿਲਾਨਾਗਾ ਗਿਆਰਾਂ ਕੁ ਵਜੇ ਸਟੇਜ ਚਾਲੂ ਹੁੰਦੀ ਹੈ। ਰੋਜ਼ ਸਵੇਰੇ ਸਾਢੇ ਦਸ ਕੁ ਵਜੇ ਤੋਂ ਟਰੈਕਟਰਾਂ, ਟਰਾਲੀਆਂ, ਟੈਂਪੂਆਂ ਦੇ ਸ਼ੋਰ ਵਿਚ ਨਾਹਰਿਆਂ ਦੀ ਗੂੰਜ ਪੈਂਦੀ ਆਉਂਦੀ ਹੈ। ਬਜ਼ੁਰਗ, ਨੌਜੁਆਨ, ਔਰਤਾਂ, ਬੱਚੇ ਥੱਲੇ ਉੱਤਰਦੇ ਹਨ। ਤਿੰਨ-ਚਾਰ ਹੱਥ ਦੇ ਡੰਡਿਆਂ ਵਿਚ ਟੰਗੇ ਹਰੀ ਕਿਨਾਰੀ ਵਾਲੇ ਕਿਸਾਨੀ-ਝੰਡੇ ਨਾਹਰਿਆਂ ਦੇ ਨਾਲ ਹੀ ਉੱਪਰ ਥੱਲੇ ਹੁੰਦੇ ਹਨ। ਜੋਸ਼ ਠਾਠਾਂ ਮਾਰਦਾ ਹੈ। ਨਾਹਰੇ ਮਾਰਦੇ ਟੋਲੇ ਪੰਡਾਲ ਵਿਚ ਥਾਂ ਮੱਲ ਲੈਂਦੇ ਹਨ। ਸਭਨਾਂ ਦਾ ਧਿਆਨ ਸਟੇਜ ਤੋਂ ਚੱਲ ਰਹੀ ਕਾਰਵਾਈ ਵੱਲ ਖਿੱਚਿਆ ਜਾਂਦਾ ਹੈ। ਸੜਕ ਦਾ ਇੱਕ ਪਾਸਾ ਧਰਨਾਕਾਰੀਆਂ ਨੇ ਮੱਲਿਆ ਹੋਇਆ ਹੈ ਅਤੇ ਦੂਜਾ ਪਾਸਾ ਖਾਲੀ ਛੱਡ ਕੇ ਭਾਰਤੀ ਕਿਸਾਨ ਯੂਨੀਅਨ ਦੇ ਕਾਰਕੁਨ ਟ੍ਰੈਫਿਕ ਨੂੰ ਬਾਕਾਇਦਾ ਕੰਟਰੋਲ ਕਰ ਰਹੇ ਹਨ। ਲੰਘਣ ਵਾਲਿਆਂ ਨੂੰ ਕਿਸੇ ਕਿਸਮ ਦੀ ਕੋਈ ਤਕਲੀਫ ਨਹੀਂ ਹੋ ਰਹੀ। ਹਾਦਸੇ ਦਾ ਕੋਈ ਖਤਰਾ ਨਹੀਂ।

"ਲਓ ਬਈ ਇਧਰ ਨੂੰ ਆਜੋ ਹੁਣ, ਚਾਹ ਵੱਲ ਨੂੰ ਨਾ ਜਾਓ, ਚਾਹ ਇੱਥੇ ਬੈਠਿਆਂ ਨੂੰ ਹੀ ਵਰਤਾਈ ਜਾਊ।" ਜਥੇਬੰਦੀ ਦੇ ਬੈਨਰਾਂ ਅਤੇ ਸ਼ਹੀਦ ਕਿਸਾਨਾਂ ਦੀਆਂ ਤਸਵੀਰਾਂ ਨਾਲ ਜੜੀ ਹੋਈ ਸਟੇਜ ਤੋਂ ਐਲਾਨ ਹੁੰਦਾ ਹੈ, ਜੈਕਾਰੇ ਤੇ ਨਾਹਰੇ ਲਗਦੇ ਹਨ, ਪੰਡਾਲ ਵਿਚ ਤਣੇ ਹੋਏ ਮੁੱਕੇ ਅਤੇ ਝੰਡੇ ਉੱਪਰ ਉੱਠਦੇ ਹਨ। ਦੋਹਾਂ ਹੱਥਾਂ ਵਿਚ ਫੜੇ ਹੋਏ ਗਰਮ ਚਾਹ ਵਾਲੇ ਗਲਾਸ ਠਰਦੇ ਹੱਥਾਂ ਨੂੰ ਨਿੱਘਾ ਕਰਦੇ ਹਨ। ਲੋਕ ਆਪ ਮੁਹਾਰੇ ਆ ਰਹੇ ਹਨ, ਇਕੱਠ ਵਧਦਾ ਜਾ ਰਿਹਾ ਹੈ। ਸ਼ਹੀਦ ਊਧਮ ਸਿੰਘ ਦੀ ਵਾਰ ਨਾਲ ਸ਼ੁਰੂਆਤ ਹੁੰਦੀ ਹੈ। ਵਾਰ ਦੇ ਸਮਾਪਤ ਹੋਣ 'ਤੇ ਸਟੇਜ ਸਕੱਤਰ ਦੀ ਆਵਾਜ਼ ਆਉਂਦੀ ਹੈ, "ਹੁਣ ਇੱਕ ਛੋਟੀ ਬੱਚੀ ਗੀਤ ਪੇਸ਼ ਕਰੇਗੀ।" ਬੱਚੀ ਦੇ ਗਲ ਵਿਚ ਸੰਤ ਰਾਮ ਉਦਾਸੀ ਦੀ ਕਵਿਤਾ ਦੀਆਂ ਸਤਰਾਂ ਲਿਖ ਕੇ ਪੋਸਟਰ ਪਾਇਆ ਹੋਇਐ। ਛੋਟੀ ਬੱਚੀ ਦੀ ਬਰੀਕ ਤੇ ਤਿੱਖੀ ਆਵਾਜ਼ ਗੂੰਜਦੀ ਹੈ, "ਅਸੀਂ ਨਾਨਕ ਦੇ ਪੁੱਤ ਹਾਂ, ਖੇਤੀ ਨਹੀਂ ਛੱਡਾਂਗੇ।" ਨਾਹਰੇ ਤੇ ਜੈਕਾਰੇ ਫੇਰ ਗੂੰਜਦੇ ਨੇ।




"ਆਹ ਬਈ ਲੰਗਰ ਵਾਲੇ ਵੀਰਾਂ ਨੂੰ ਬੇਨਤੀ ਹੈ ਕਿ ਪ੍ਰਧਾਨ ਜੀ ਕਹਿੰਦੇ ਨੇ ਕਿ ਅੱਜ ਦੁੱਧ 'ਚ ਹੀ ਪੱਤੀ ਪਾ ਲਿਓ, ਦੁੱਧ ਸੁੱਖ ਨਾਲ ਅੱਜ ਬਹੁਤਾ 'ਕੱਠਾ ਹੋ ਗਿਆ।" ਸਟੇਜ ਤੋਂ ਆਵਾਜ਼ ਆਉਂਦੀ ਹੈ। ਫਿਰ ਪ੍ਰਧਾਨ ਜੀ ਦੀ ਵਾਰੀ ਲੱਗਦੀ ਹੈ ਅਤੇ ਉਹ ਘੋਲ ਬਾਰੇ ਤੇ ਜਥੇਬੰਦੀ ਦੇ ਅਗਲੇ ਪ੍ਰੋਗਰਾਮ ਬਾਰੇ ਦੱਸ ਕੇ ਇੱਕ ਤਾਕੀਦ ਕਰਦੇ ਹਨ, "ਤੁਹਾਡੇ ਸਾਰਿਆਂ ਨਾਲ ਇੱਕ ਸਭ ਤੋਂ ਜਰੂਰੀ ਗੱਲ ਕਰਨੀ ਹੈ ਕਿ ਜਿਹੜੇ ਬੰਦੇ ਦਿੱਲੀ ਨੂੰ ਜਾਂਦੇ ਨੇ, ਉਹ ਏਥੇ ਵਾਲੀ ਕਮੇਟੀ ਦੀ ਇਜਾਜ਼ਤ ਤੋਂ ਬਿਨਾ ਨਾ ਜਾਣ। ਕੋਈ ਵੀ ਬੰਦਾ ਇਕੱਲਾ-ਕਹਿਰਾ ਮੋਟਰ ਸਾਈਕਲ 'ਤੇ ਨਾ ਜਾਵੇ। ਜਿਹੜੇ ਬੰਦੇ ਜਾਂਦੇ ਨੇ, ਉਹ ਪੂਰੇ ਜਬਤ ਵਿਚ ਰਹਿਣ। ਲੜਾਈ ਲੰਮੀ ਐ, ਜਿੱਤਣ ਵਾਸਤੇ ਸਬਰ, ਮੜਕ ਤੇ ਜਬਤ ਰੱਖਣੇ ਬਹੁਤ ਜਰੂਰੀ ਨੇ।"

ਸਟੇਜ ਸਕੱਤਰ ਫਿਰ ਮਾਈਕ 'ਤੇ ਹੈ, "ਹਾਂ ਬਈ ਇਕ ਹੋਰ ਸੂਚਨਾ ਐ ਕਿ ਅੱਜ ਰੋਟੀ ਘੱਟ ਖਾਇਓ, ਕਿਉਂਕਿ ਅੱਜ ਲਾਗਲੇ ਪਿੰਡੋਂ ਪ੍ਰਸ਼ਾਦ ਤੇ ਪਕੌੜਿਆਂ ਦਾ ਲੰਗਰ ਵੀ ਪਹੁੰਚ ਗਿਐ, ਕੱਲ੍ਹ ਨੂੰ ਕਹਿੰਦੇ ਐ ਬਈ ਖੀਰ ਤੇ ਕੇਲੇ ਆਉਣੇ ਨੇ ਮੰਡੀ ਆਲਿਆਂ ਵੱਲੋਂ।" ਹੈ ਕੋਈ ਜਵਾਬ ਏਸ ਜਜ਼ਬੇ ਦਾ? ਕੌਣ ਹਰਾਊ ਇਨ੍ਹਾਂ ਨੂੰ? ਅੱਡ ਅੱਡ ਪਿੰਡਾਂ ਵਿਚੋਂ ਪਹੁੰਚੇ ਦੁੱਧ, ਚਾਹ-ਪੱਤੀ, ਗੁੜ, ਲੌਂਗ-ਇਲੈਚੀਆਂ, ਸਰਫ, ਪਾਣੀ ਦੀਆਂ ਬੋਤਲਾਂ, ਆਦਿ ਦਾ ਵੇਰਵਾ ਬੋਲਿਆ ਜਾਂਦਾ ਹੈ। ਮਾਇਆ ਦੇ ਰੂਪ ਵਿਚ ਇਕੱਠੇ ਹੋ ਰਹੇ ਦਾਨ ਦਾ ਵੇਰਵਾ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਦੱਸਿਆ ਜਾਂਦਾ ਹੈ।

ਸਟੇਜ ਤੋਂ ਫੇਰ ਆਵਾਜ਼ ਆਉਂਦੀ ਹੈ, "ਹਾਂ ਜੀ, ਇੱਕ ਜਰੂਰੀ ਬੇਨਤੀ ਐ ਕਿ ਅੱਜ ਬੁਲਾਰੇ ਬਹੁਤੇ ਹੋ'ਗੇ, ਏਸ ਕਰਕੇ ਸਮੇਂ ਦਾ ਧਿਆਨ ਰੱਖਿਆ ਜਾਵੇ। ਹੁਣ ਇੱਕ ਛੋਟਾ ਜਿਹਾ ਬੱਚਾ ਨਾਹਰੇ ਲਾਏਗਾ, ਗੱਜ ਵੱਜ ਕੇ ਜਵਾਬ ਦਿਓ।" ਨਾਹਰਿਆਂ ਦਾ ਜਵਾਬ ਦੇਣ ਲਈ ਸਾਰਾ ਪੰਡਾਲ ਸਤਰਕ ਹੋ ਜਾਂਦਾ ਹੈ। ਬਾਰੀਕ ਜਿਹੀ ਆਵਾਜ਼ ਨੂੰ ਗਰਜਵਾਂ ਹੁੰਗਾਰਾ ਮਿਲਦਾ ਹੈ। ਫਿਰ ਦਿੱਲੀ ਤੋਂ ਪਰਤੇ ਯੋਧੇ ਯੁੱਧ ਦੇ ਮੈਦਾਨ ਦੀਆਂ ਗੱਲਾਂ ਸਟੇਜ ਤੋਂ ਸੁਣਾਉਂਦੇ ਨੇ ਤਾਂ ਪੰਡਾਲ ਵਿਚ ਸੁੰਨ ਵਰਤ ਜਾਂਦੀ ਹੈ।

ਖੁਦ ਸਮਾਂ ਮੰਗ ਕੇ ਇੱਕ ਬਜ਼ੁਰਗ ਬੋਲਣ ਲੱਗਦਾ ਹੈ, "ਮੈਂ ਕਦੇ ਬੋਲਿਆ ਤਾਂ ਹੈ ਨ੍ਹੀਂ ਭਾਈ, ਪਰ ਅੱਜ ਰਿਹਾ ਨ੍ਹੀਂ ਗਿਆ। ਆਹ ਵੋਟਾਂ ਆਲਿਆਂ ਮਗਰ ਹੀ ਲੱਗਿਆ ਰਿਹਾਂ, ਸਾਰੀ ਉਮਰ ਕੱਢ'ਤੀ, ਪਰ ਹੁਣ ਨ੍ਹੀਂ। ਜਿੰਨੀ ਕੁ ਰਹਿੰਦੀ ਐ, ਉਹ ਥੋੜੇ ਨਾਲ ਕੱਢੂੰਗਾ।" ਤਜਰਬੇਕਾਰ, ਕੱਚ-ਘਰੜ ਤੇ ਬਿਲਕੁਲ ਅਣਜਾਣ ਬੁਲਾਰਿਆਂ ਦਾ ਸੁਮੇਲ, ਪ੍ਰੋਗਰਾਮ ਨੂੰ ਹੋਰ ਵੀ ਰੌਚਕ ਬਣਾਉਂਦਾ ਹੈ।

ਇੱਕ ਅੱਧਖੜ ਉਮਰ ਦਾ ਸਿੱਖੀ-ਸਰੂਪ ਵਿਅਕਤੀ ਮਾਈਕ ਸਾਹਮਣੇ ਆਉਂਦਾ ਹੈ, "ਮੈਂ ਭਾਈ ਕੀਰਤਨ ਤਾਂ ਹਰ ਰੋਜ਼ ਈ ਕਰਦਾਂ, ਪਰ ਖੜ੍ਹ ਕੇ ਪਹਿਲੀ ਵਾਰ ਬੋਲਣ ਲੱਗਿਆਂ। ਆਹ ਜਿਹੜੇ ਕੇਂਦਰ ਆਲੇ ਨੇ, ਇਹ ਭਾਈ ਪੰਜਾਬ ਦਾ ਖਾਤਮਾ ਈ ਲੋੜਦੇ ਐ। ਮੈਂ ਤਾਂ ਭਾਈ ਹਰ ਰੋਜ਼ ਸਵੇਰੇ ਸਪੀਕਰ 'ਚ ਐਸ ਚਲਦੇ ਘੋਲ ਬਾਰੇ ਕੁਸ ਨਾ ਕੁਸ ਜਰੂਰ ਬੋਲਦਾਂ।"

ਇੱਕ ਹੋਰ ਬੁਲਾਰਾ ਮਾਈਕ ਉੱਤੇ ਹੈ, "ਮੈਂ ਤਾਂ ਭਰਾਵੋ ਮਿਸਤਰੀ ਆਂ। ਦਿਹਾੜੀ ਕਰਦਾਂ। ਕਦੇ ਸਟੇਜ 'ਤੇ ਬੋਲਿਆ ਵੀ ਨਹੀਂ, ਪਰ ਅਖਬਾਰ ਜਰੂਰ ਪੜ੍ਹ ਲੈਨਾਂ। ਜਿੰਨਾ ਪੰਜਾਬ ਨਾਲ ਧੱਕਾ ਹੋ ਰਿਹੈ, ਇਹ ਬਹੁਤ ਨਾਜਾਇਜ਼ ਐ। ਜੇ ਜੱਟ ਮਰ ਗਿਆ ਤਾਂ ਮੰਨੋ ਆਪਾਂ ਸਾਰੇ ਮਰ'ਗੇ।"

ਫਿਰ ਜਥੇਬੰਦੀ ਦੇ ਝੰਡਿਆਂ ਬਾਰੇ ਅਨਾਊਂਸਮੈਂਟ ਹੁੰਦੀ ਹੈ, "ਜਥੇਬੰਦੀ ਦੇ ਝੰਡਿਆਂ ਦੀ ਮੰਗ ਬਹੁਤ ਵਧ ਗਈ ਹੈ। ਭਰਾਵੋ, ਅਸੀਂ ਬਹੁਤ ਛੇਤੀ ਹੋਰ ਝੰਡੇ ਤਿਆਰ ਕਰਵਾ ਰਹੇ ਹਾਂ, ਪਰ ਬਣ ਚੁੱਕੀਆਂ ਪਿੰਡ ਇਕਾਈਆਂ ਦੇ ਜਿੰਮੇਵਾਰ ਆਗੂਆਂ ਨੂੰ ਹੀ ਝੰਡੇ ਤੇ ਬੈਜ ਦਿੱਤੇ ਜਾਣਗੇ। ਝੰਡਿਆਂ ਦੀ ਗਲਤ ਵਰਤੋਂ ਕਰਨ ਵਾਲਿਆਂ ਨਾਲ ਸਖਤ ਕਾਰਵਾਈ ਕੀਤੀ ਜਾਵੇਗੀ।"





ਪੌਣੇ ਤਿੰਨ ਕੁ ਵੱਜਣ ਲਗਦੇ ਨੇ ਤਾਂ ਤਿੰਨ ਜਾਂ ਚਾਰ ਪਿੰਡਾਂ ਦੇ ਨਾਂ ਬੋਲੇ ਜਾਂਦੇ ਹਨ, ਜਿਨ੍ਹਾਂ ਦੀ ਰਾਤ ਦੀ ਡਿਊਟੀ ਲਾਈ ਹੁੰਦੀ ਹੈ। ਉਨ੍ਹਾਂ ਨੂੰ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ ਅਤੇ ਨਾਹਰੇ, ਜੈਕਾਰਿਆਂ ਨਾਲ ਸਮਾਪਤੀ ਕੀਤੀ ਤਾਂ ਜਾਂਦੀ ਹੈ, ਪਰ ਕਿਸੇ ਦਾ ਮਨ ਉਥੋਂ ਜਾਣ ਨੂੰ ਨਹੀਂ ਕਰਦਾ। ਤਾਂ ਵੀ "ਕੱਲ੍ਹ ਨੂੰ ਫੇਰ ਆਵਾਂਗੇ" ਧਾਰ ਕੇ ਸਾਰੇ ਤੁਰ ਪੈਂਦੇ ਹਨ। 'ਨਹੀਂ ਰੀਸਾਂ' ਕੌਣ ਹਰਾਊ ਇਨ੍ਹਾਂ ਨੂੰ?

# ਪੰਜਾਬ ਸਰਕਾਰ ਦੀ ਕਿਸਾਨਾਂ ਪ੍ਰਤੀ ਪਹੁੰਚ ਤੇ ਪ੍ਰਤੀਬੱਧਤਾ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com

ਇਹ ਚੰਗੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਕਾਰਜ ਕਾਲ ਦੇ ਚਾਰ ਸਾਲ ਪੂਰੇ ਹੋਣ ਉਤੇ ਹੋਰਨਾਂ ਗੱਲਾਂ ਤੋਂ ਬਿਨਾ ਕਿਸਾਨਾਂ ਨਾਲ ਭਰਵੀਂ ਸਹਿਮਤੀ ਪ੍ਰਗਟ ਕੀਤੀ ਹੈ। ਇਥੋਂ ਤੱਕ ਕਿ ਜੇ ਪੰਜਾਬ ਦੇ ਰਾਜਪਾਲ ਪੰਜਾਬ ਸਰਕਾਰ ਵਲੋਂ ਸੁਝਾਈਆਂ ਤਜਵੀਜ਼ਾਂ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਨਹੀਂ ਭੇਜਦੇ ਤਾਂ ਉਹ ਸੁਪਰੀਮ ਕੋਰਟ ਦਾ ਬੂਹਾ ਖੜਕਾਉਣ ਤੋਂ ਪ੍ਰਹੇਜ਼ ਨਹੀਂ ਕਰਨਗੇ। ਦੇਸ਼ ਭਰਦੇ ਕਿਸਾਨ ਦਿੱਲੀ ਬਾਰਡਰ ਉੱਤੇ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਡਟੇ ਹੋਏ ਹਨ। ਇਹ ਗੱਲ ਜਗ ਜਾਹਰ ਹੈ ਕਿ ਅਜਿਹਾ ਬਾਨ੍ਹਣੂੰ ਬੰਨ੍ਹਣ ਵਿਚ ਵੀ ਪਹਿਲਕਦਮੀ ਪੰਜਾਬ ਦੇ ਕਿਸਾਨਾਂ ਹੀ ਕੀਤੀ ਸੀ।

ਹੁਣ ਮੁੱਖ ਮੰਤਰੀ ਦਾ ਸੱਜਰਾ ਫੈਸਲਾ ਦੇਸ਼ ਦੇ ਬਾਕੀ ਰਾਜਾਂ ਦੇ ਕਿਸਾਨਾਂ ਲਈ ਵੀ ਰਾਹ ਦਿਸੇਰਾ ਹੋ ਸਕਦਾ ਹੈ। ਸਾਡਾ ਦੇਸ਼ ਅਨੇਕਤਾ ਵਿਚ ਏਕਤਾ ਲਈ ਜਾਣਿਆ ਜਾਂਦਾ ਹੈ। ਸਾਰੇ ਦੇਸ਼ ਦੀ ਆਰਥਿਕਤਾ ਮੁੱਖ ਤੌਰ 'ਤੇ ਖੇਤੀ ਉੱਤੇ ਨਿਰਭਰ ਹੈ, ਪਰ ਸਾਰੇ ਰਾਜਾਂ ਦਾ ਪੌਣ ਪਾਣੀ ਤੇ ਮਿੱਟੀ ਵੱਖਰੇ ਹੋਣ ਕਾਰਨ ਕਿਸੇ ਰਾਜ ਵਿਚ ਧਾਨ ਬਹੁਤੇ ਹੁੰਦੇ ਹਨ, ਕਿਸੇ ਵਿਚ ਕਣਕ ਤੇ ਕਪਾਹ ਅਤੇ ਕਿਸੇ ਹੋਰ ਵਿਚ ਨਾਰੀਅਲ ਜਾਂ ਫਲ। ਸੰਵਿਧਾਨ ਵਿਚ ਵੀ ਖੇਤੀ ਦਾ ਵਿਸ਼ਾ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਰੱਖਿਆ ਗਿਆ ਹੈ, ਤਾਂ ਕਿ ਹਰ ਰਾਜ ਆਪੋ ਆਪਣੀ ਫਸਲ ਵਿਚ ਵਾਧਾ ਕਰਕੇ ਦੇਸ਼ ਦੀ ਸਮੁੱਚੀ ਵਸੋਂ ਨੂੰ ਸੰਤੁਸ਼ਟ ਰਖਣ ਲਈ ਆਪੋ-ਆਪਣੇ ਢੰਗ ਤਰੀਕੇ ਵਰਤਣ। ਕੇਂਦਰ ਦਾ ਇਸ ਵਿਚ ਦਖਲ ਕਿਸੇ ਤਰ੍ਹਾਂ ਵੀ ਵਾਜਬ ਨਹੀਂ। ਸਭ ਧਿਰਾਂ ਨੂੰ ਇਸ ਉੱਤੇ ਪਹਿਰਾ ਦੇਣ ਦਾ ਯਤਨ ਕਰਨਾ ਚਾਹੀਦਾ ਹੈ। ਮੁੱਖ ਮੰਤਰੀ ਪੰਜਾਬ ਦੀ ਪਹੁੰਚ ਸੰਵਿਧਾਨ ਦੀ ਪਾਲਣਾ ਕਰਨ ਦੇ ਨਾਲ ਨਾਲ ਬਾਕੀ ਰਾਜਾਂ ਲਈ ਵੀ ਦਿਸ਼ਾ ਨਿਰਦੇਸ਼ ਜਾਰੀ ਕਰਦੀ ਹੈ। ਇਹ ਗੱਲ ਦੁਹਰਾਉਣ ਦੀ ਲੋੜ ਨਹੀਂ ਕਿ ਕਿਸਾਨੀ ਹਿੱਤਾਂ ਨੂੰ ਵੱਡੇ ਧਨੀਆਂ ਜਾਂ ਕਾਰਪੋਰੇਟਾਂ ਦੇ ਪੱਲੇ ਪਾਉਣਾ ਕਿਸਾਨੀ ਤੇ ਇਹਦੇ ਨਾਲ ਸੰਬੰਧਤ ਬਾਕੀ ਕਾਰੋਬਾਰੀਆਂ ਤੇ ਕਿਰਤੀਆਂ ਨਾਲ ਅਨਿਆਂ ਕਰਨਾ ਹੈ। ਅਜੋਕੀ ਸਥਿਤੀ ਤਾਂ ਜਗਵਿੰਦਰ ਜੋਧਾ ਦੇ ਸ਼ਿਅਰ ਵਰਗੀ ਹੈ:

ਛਣਕ ਪਏ ਸਿੱਕੇ ਕਈ
ਸੌਦਾਗਰਾਂ ਦੀ ਜੇਬ ਵਿਚ,
ਤਾਕ 'ਤੇ ਧਰਿਆ ਵਿਕਾਊ ਵੇਖ ਕੇ
ਮੁਫਲਸ ਦਾ ਮਾਲ।

ਇਥੇ ਸੌਦਾਗਰਾਂ ਦਾ ਭਾਵ ਅਡਾਨੀ-ਅੰਬਾਨੀ ਹਨ ਤੇ ਮੁਫਲਸ ਦਾ ਕਿਸਾਨ-ਮਜ਼ਦੂਰ। ਸਿਰਫ ਡਟੇ ਰਹਿਣ ਦੀ ਲੋੜ ਹੈ, ਜੇ ਇਕ ਸੌ ਦਸ ਸਾਲ ਪਹਿਲਾਂ ਗੋਰੀ ਸਰਕਾਰ ਵਲੋਂ ਪਾਸ ਕੀਤੇ ਅਜਿਹੇ ਕਾਨੂੰਨਾਂ ਨੂੰ ਖਟਕੜ ਕਲਾਂ ਦਾ ਅਜੀਤ ਸਿੰਘ ਕਿਸਾਨਾਂ ਦਾ ਮੋਰਚਾ ਲਵਾ ਕੇ ਰੱਦ ਕਰਵਾ ਸਕਦਾ ਸੀ ਤਾਂ ਅੱਜ ਦੇ ਕਿਸਾਨ ਕੁਰਾਹੇ ਤੁਰੀ ਆਪਣੀ ਸਰਕਾਰ ਤੋਂ ਕਿਉਂ ਨਹੀਂ ਕਰਵਾ ਸਕਦੇ? ਪੰਜਾਬ ਦੇ ਮੁੱਖ ਮੰਤਰੀ ਦਾ ਐਲਾਨ ਦੂਜੇ ਰਾਜਾਂ ਦੇ ਮੁੱਖ ਮੰਤਰੀਆਂ ਦਾ ਮਾਰਗ ਦਰਸ਼ਕ ਬਣੇਗਾ। ਪੰਜਾਬੀ ਪਹਿਲਕਦਮੀ ਜ਼ਿੰਦਾਬਾਦ।

**ਮੋਟਰਕਾਰਾਂ ਵਿਚ ਜੀ. ਪੀ. ਐਸ. ਪ੍ਰਣਾਲੀ:** ਆਵਾਜਾਈ ਤੇ ਸ਼ਾਹਰਾਹ ਮੰਤਰੀ ਨਿਤਿਨ ਗਡਕਰੀ ਨੇ ਇਕ ਸਾਲ ਦੇ ਅੰਦਰ ਭਾਰਤ ਵਿਚ ਚਲ ਰਹੇ ਟੋਲ ਪਲਾਜ਼ਿਆਂ ਨੂੰ ਖਤਮ ਕਰਕੇ ਜੀ. ਪੀ. ਐਸ. ਪ੍ਰਣਾਲੀ ਦੁਆਰਾ ਟੋਲ ਕੱਟਣ ਦੀ ਵਿਧੀ ਚਾਲੂ ਕੀਤੇ ਜਾਣ ਦਾ ਐਲਾਨ ਕੀਤਾ ਹੈ। ਇਸ ਐਲਾਨ ਨੇ ਮੈਨੂੰ ਆਪਣੀ ਪੱਛਮੀ ਦੇਸ਼ਾਂ ਦੀ ਯਾਤਰਾ ਚੇਤੇ ਕਰਵਾ ਦਿੱਤੀ ਹੈ। ਮੈਂ 1980 ਵਿਚ ਅਮਰੀਕਾ ਫੇਰੀ ਉੱਤੇ ਗਿਆ ਤਾਂ ਕਾਰ ਡਰਾਈਵਰ ਦੀ ਆਗਿਆ ਨਾਲ ਆਪਣੀ ਸੀਟ ਉੱਤੇ ਸੌਂ ਗਿਆ। ਜਦ ਮੇਰੀ ਅੱਖ ਖੁੱਲ੍ਹੀ ਤਾਂ ਡਰਾਈਵਰ ਕਿਸੇ ਨਾਲ ਗੱਲਾਂ ਕਰ ਰਿਹਾ ਸੀ। ਕਾਰ ਵਿਚ ਸਿਰਫ ਮੈਂ ਤੇ ਮੇਰਾ ਡਰਾਈਵਰ ਸਾਂ। ਮੈਂ ਭੁਚਲਾ ਗਿਆ। ਉਸ ਨੇ ਦੱਸਿਆ ਕਿ ਉਹ ਆਪਣੇ ਤੋਂ ਤਿੰਨ ਗੱਡੀਆਂ ਅੱਗੇ ਵਾਲੇ ਡਰਾਈਵਰ ਨਾਲ ਗੱਲਾਂ ਕਰ ਰਿਹਾ ਹੈ। ਉਨ੍ਹਾਂ ਦੀ ਗੱਲਬਾਤ ਖਤਮ ਹੋਣ 'ਤੇ ਮੈਨੂੰ ਆਪਣੀ ਗੁੰਝਲ ਦਾ ਉੱਤਰ ਮਿਲਿਆ। ਉਸ ਦੀ ਕਾਰ ਵਿਚ ਅਜਿਹਾ ਯੰਤਰ ਸੀ, ਜਿਸ ਨਾਲ ਉਹ ਕਿਸੇ ਅੱਧਾ ਮੀਲ ਅੱਗੇ ਜਾਂ ਪਿੱਛੇ ਵਾਲੀ ਕਾਰ ਦੇ ਡਰਾਈਵਰ ਨਾਲ ਵਾਰਤਾਲਾਪ ਕਰ ਸਕਦਾ ਸੀ। ਉਸ ਨੇ ਤਿੰਨ ਗੱਡੀਆਂ ਅੱਗੇ ਵਾਲਾ ਡਰਾਈਵਰ ਇਸ ਲਈ ਚੁਣਿਆ ਸੀ ਕਿ ਵਿਚਕਾਰਲੀਆਂ ਦੋ ਕਾਰਾਂ ਦੇ ਡਰਾਈਵਰ ਪਹਿਲਾਂ ਹੀ ਆਪਣੀ ਪਸੰਦ ਦੇ ਸੰਪਰਕ ਬਣਾ ਚੁਕੇ ਸਨ। ਅਜਿਹਾ ਸੰਪਰਕ ਇਸ ਲਈ ਬਣਾਇਆ ਜਾਂਦਾ ਹੈ ਕਿ ਕਾਰ ਚਲਾਉਂਦੇ ਸਮੇਂ ਨੀਂਦ ਨਾ ਆਵੇ ਤੇ ਗੱਲਾਂਬਾਤਾਂ ਵਿਚ ਦਿਲ ਵੀ ਲੱਗਾ ਰਹੇ। ਉਦੋਂ ਮੈਨੂੰ ਚੇਤੇ ਆਇਆ ਕਿ ਮੈਨੂੰ ਮੇਰੇ ਨਾਨਕਿਆਂ ਤੋਂ ਆਪਣੇ ਸਹੁਰੇ ਲਿਜਾਂਦੀ ਮੇਰੀ ਮਾਂ ਨੇ ਜਿੰਨਾ ਵੀ ਪੈਂਡਾ ਤੁਰ ਕੇ ਜਾਣਾ ਹੁੰਦਾ, ਕਿਸੇ ਨਾ ਕਿਸੇ ਰਾਹੀ ਨਾਲ ਗੱਲਾਂ ਕਰਨ ਦੀ ਵਿਧੀ ਬਣਾ ਲੈਂਦੀ ਸੀ। ਮੇਰੀ ਮਾਂ ਨੇ ਆਪਣੇ ਮਾਪਿਆਂ ਦੇ ਪਿੰਡ ਤੋਂ ਖੰਨਾ ਮੰਡੀ ਤੱਕ ਤੇ ਫਿਰ ਬੰਗਾ ਤੋਂ ਸਹੁਰੇ ਪਿੰਡ ਤੱਕ ਤੁਰ ਕੇ ਜਾਣਾ ਹੁੰਦਾ ਸੀ। ਅਮਰੀਕਾ ਵਾਲਿਆਂ ਨੇ ਸਾਡੇ ਦਾਦੇ-ਦਾਦੀਆਂ ਦੀ ਨਕਲ ਮਾਰੀ ਹੈ!

ਜੀ. ਪੀ. ਐਸ ਪ੍ਰਣਾਲੀ ਲੱਭਣ ਵਿਚ ਪੱਛਮੀ ਦੇਸ਼ ਹੋਰ ਅੱਗੇ ਵਧ ਰਹੇ ਹਨ। ਇਹ ਅਜਿਹੀ ਪ੍ਰਣਾਲੀ ਹੈ, ਜਿਸ ਦੇ ਕਾਰ ਵਿਚ ਲੱਗੀ ਹੋਣ ਨਾਲ ਲੰਮੇ ਪੈਂਡੇ ਜਾਂਦਿਆਂ ਡਰਾਈਵਰ ਨੂੰ ਕਿਸੇ ਤੋਂ ਰਸਤਾ ਪੁੱਛਣ ਦੀ ਲੋੜ ਨਹੀਂ ਪੈਂਦੀ। ਕਾਰ ਵਾਲਾ ਯੰਤਰ ਆਪਣੇ ਆਪ ਹੀ ਮਾਰਗ ਦਰਸ਼ਕ ਦਾ ਕੰਮ ਕਰਦਾ ਹੈ। ਇਹਦੇ ਰਾਹੀਂ ਟੋਲ ਕੱਟਣਾ ਨਵੀਂ ਵਿਧੀ ਹੈ। ਇਸ ਦਾ ਸਵਾਗਤ ਕਰਨਾ ਬਣਦਾ ਹੈ, ਕਿਉਂਕਿ ਇਸ ਨਾਲ ਟੋਲ ਪਲਾਜ਼ੇ ਉੱਤੇ ਇੰਤਜ਼ਾਰ ਕਰਨ ਦਾ ਸਮਾਂ ਤੇ ਖਜਾਲਤ ਨਹੀਂ ਹੁੰਦੀ। ਸਪਸ਼ਟ ਹੈ ਕਿ ਨਵੀਆਂ ਕਾਰਾਂ ਵਿਚ ਕੰਪਨੀਆਂ ਵਾਲੇ ਇਹ ਵਿਧੀ ਵੇਚਣ ਤੋਂ ਪਹਿਲਾਂ ਹੀ ਲਵਾ ਕੇ ਦੇਣਗੇ ਤੇ ਪੁਰਾਣੀਆਂ ਕਾਰਾਂ ਵਾਲਿਆਂ ਨੂੰ ਖੁਦ ਲਵਾਉਣੀ ਪਵੇਗੀ। ਇਹ ਵੀ ਹੋ ਸਕਦਾ ਹੈ ਕਿ ਭਾਰਤ ਦੀ ਸਰਕਾਰ ਨੂੰ ਇਸ ਵਿਧੀ ਦੇ ਰਾਹ ਤੋਰਨ ਵਾਲਾ ਅਜੋਕਾ ਕਿਸਾਨ ਅੰਦੋਲਨ ਹੋਵੇ, ਕਿਉਂਕਿ ਇਸ ਨੇ ਟੋਲ ਪਲਾਜ਼ੇ ਪਹਿਲਾਂ ਹੀ ਖਤਮ ਕਰਵਾ ਛੱਡੇ ਹਨ। ਕੱਲ ਨੂੰ ਇਹ ਵੀ ਸੰਭਵ ਹੈ ਕਿ ਕੇਂਦਰ ਦੀ ਸਰਕਾਰ ਨੂੰ ਜੀ. ਪੀ. ਐਸ. ਵਰਗੀ ਸੁਮੱਤ ਬਖਸ਼ਣ ਵਾਲਾ ਚਾਨਣ ਖੇਤੀ ਦੇ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਵਿਚ ਵੀ ਕੰਮ ਆਵੇ। ਕਿਸਾਨ ਅੰਦੋਲਨ ਜ਼ਿੰਦਾਬਾਦ!

**ਅੰਤਿਕਾ: (ਦੀਵਾਨ ਸਿੰਘ)**
ਜਦੋਂ ਤੱਕ ਦਮ 'ਚ ਦਮ ਬਾਕੀ ਰਹੇਗਾ,
ਮੇਰੇ ਨੈਣ 'ਚ ਨਮ ਬਾਕੀ ਰਹੇਗਾ।
ਮਿਲੇਗੀ ਲਾਸ਼ ਮੰਜ਼ਿਲ ਕੋਲ ਮੇਰੀ,
ਕੋਈ ਇੱਕ ਅੱਧ ਕਦਮ ਬਾਕੀ ਰਹੇਗਾ।

# ਮਾਨਵ ਪੱਖੀ ਇਨਕਲਾਬ ਵੱਲ ਵਧਦਾ ਕਿਸਾਨ ਅੰਦੋਲਨ

'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ ਤੇ ਭਿਖਿਆ ਗੰਵਾਰ' ਕਹਾਵਤ ਸਾਡੇ ਪੁਰਾਤਨ ਭਾਰਤੀ ਸਭਿਆਚਾਰ ਨੂੰ ਦਰਸਾਉਂਦੀ ਹੈ। ਹਜਾਰਾਂ ਸਾਲਾਂ ਤੋਂ ਇਸ ਦੇ ਬਾਸ਼ਿੰਦੇ ਆਪਣੇ ਆਪ ਵਿਚ ਆਤਮ ਨਿਰਭਰ ਰਹਿੰਦੇ ਰਹੇ ਹਨ। ਕਿਸੇ ਵੇਲੇ ਸਮੁੱਚਾ ਭਾਰਤ ਛੋਟੇ ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ ਤੇ ਇਹ ਹਾਕਮ ਇੱਕ ਦੂਜੇ ਦਾ ਰਾਜ ਖੋਹਣ ਵਾਸਤੇ ਲੜਾਈਆਂ ਵੀ ਕਰਦੇ ਰਹਿੰਦੇ ਸਨ। ਹਾਰਨ ਵਾਲੇ ਦੀ ਜਨਤਾ ਦੀ ਲੁੱਟ-ਘਸੁੱਟ ਵੀ ਹੁੰਦੀ ਰਹਿੰਦੀ ਸੀ। ਕਈ ਵਾਰ ਬਾਹਰਲੇ ਲੁਟੇਰੇ ਵੀ ਲੁੱਟ-ਮਾਰ ਕਰਕੇ ਧਨ-ਮਾਲ ਲੁੱਟ ਕੇ ਲੈ ਜਾਂਦੇ ਸਨ। ਇਹੀ ਨਹੀਂ, ਇਥੇ ਹਰ ਪੰਜਾਂ-ਸੱਤਾਂ ਸਾਲਾਂ ਬਾਅਦ ਭਿਆਨਕ ਕਾਲ ਵੀ ਪੈਂਦੇ ਰਹੇ ਹਨ। ਐਨੇ ਮਾੜੇ ਹਾਲਾਤਾਂ ਵਿਚ ਵੀ ਅਸੀਂ ਭਾਰਤ ਵਿਚੋਂ ਉੱਜੜ ਕੇ ਨਹੀਂ ਗਏ, ਸਗੋਂ ਇਥੇ ਹੀ ਕਾਇਮ ਰਹਿੰਦੇ ਰਹੇ ਹਾਂ, ਕਿਉਂਕਿ ਖੇਤੀਬਾੜੀ ਇੱਕ ਅਜਿਹਾ ਸਾਧਨ ਹੈ, ਜਿਸ ਨਾਲ ਨਵਾਂ ਸਰਮਾਇਆ ਪੈਦਾ ਹੁੰਦਾ ਹੈ। ਇਸੇ ਕਰਕੇ ਅਸੀਂ

**ਨੰਦ ਸਿੰਘ ਬਰਾੜ**
ਫੋਨ: 916-501-3974
nandsbrar@gmail.com

ਭਾਰਤੀ ਲੋਕ ਵਾਰ ਵਾਰ ਲੁੱਟੇ-ਪੁੱਟੇ ਜਾਣ ਤੋਂ ਬਾਅਦ ਵੀ ਇਥੇ ਹੀ ਪੈਰਾਂ ਸਿਰ ਹੁੰਦੇ ਰਹੇ ਹਾਂ।

ਅੰਗਰੇਜ਼ੀ ਹਕੂਮਤ ਤੋਂ ਪਹਿਲਾਂ ਰਾਜ ਭਾਵੇਂ ਦੇਸੀ ਰਾਜਿਆਂ ਦਾ ਰਿਹਾ ਜਾਂ ਵਿਦੇਸ਼ੀਆਂ ਦਾ, ਉਨ੍ਹਾਂ ਇਸ ਦੇ ਉੱਤਮ ਖੇਤੀ ਵਾਲੇ ਸਭਿਆਚਾਰ ਵਿਚ ਕੋਈ ਦਖਲ-ਅੰਦਾਜ਼ੀ ਨਹੀਂ ਕੀਤੀ, ਪਰ ਅੰਗਰੇਜ਼ਾਂ ਨੇ ਆ ਕੇ ਜਾਗ੍ਰਿਤੀ ਅਤੇ ਵਿਕਾਸ ਦੇ ਨਾਂ 'ਤੇ ਸਾਡੇ ਆਤਮ ਨਿਰਭਰ ਤੇ ਖੇਤੀ ਪ੍ਰਧਾਨ ਸਭਿਆਚਾਰ ਨੂੰ ਮੰਡੀ ਸਭਿਆਚਾਰ ਅਤੇ ਉਦਯੋਗਿਕ ਵਿਕਾਸ ਵੱਲ ਤੋਰ ਦਿੱਤਾ। ਮਨੁੱਖ ਦੀ ਵਰਤੋਂ ਅਤੇ ਸੁੱਖ ਸਹੂਲਤਾਂ ਦੀਆਂ ਵਸਤਾਂ ਮਿਲਣ ਕਰਕੇ ਇਹ ਵਿਕਾਸ ਵੇਖਣ ਨੂੰ ਵਧੀਆ ਲਗਦਾ ਸੀ, ਪਰ ਇਸ ਵਿਕਾਸ ਪਿਛੇ ਛੁਪੇ ਸੱਚ ਬਹੁਤ ਕੌੜੇ ਤੇ ਭਿਆਨਕ ਸਨ। ਇਸ ਅਖੌਤੀ ਉਦਯੋਗਿਕ ਵਿਕਾਸ ਨੇ ਸਾਡੇ ਅਮੀਰ ਸਭਿਆਚਾਰ ਨੂੰ ਤਹਿਸ-ਨਹਿਸ ਕਰਨਾ ਸ਼ੁਰੂ ਕਰ ਦਿੱਤਾ।

ਇਸ ਉਦਯੋਗਿਕ 'ਵਿਕਾਸ' ਵਾਸਤੇ ਸਸਤੀ ਮਜ਼ਦੂਰੀ ਜਰੂਰੀ ਹੁੰਦੀ ਹੈ, ਜੋ ਤਾਂ ਹੀ ਮਿਲ ਸਕਦੀ ਐ, ਜੇ ਮਜ਼ਦੂਰਾਂ ਦੀ ਗਿਣਤੀ ਲੋੜ ਨਾਲੋਂ ਜ਼ਿਆਦਾ ਹੋਵੇ। ਮਜ਼ਦੂਰਾਂ ਦੀ ਫੌਜ ਤਿਆਰ ਕਰਨ ਵਾਸਤੇ ਉਨ੍ਹਾਂ ਕਿਸਾਨੀ ਨਾਲ ਸਬੰਧਤ ਧੰਦਿਆਂ ਨੂੰ ਘਾਟੇ ਵਾਲੇ ਕਿੱਤਾ ਬਣਾਉਣ ਦੀਆਂ ਯੋਜਨਾਵਾਂ ਬਣਾਈਆਂ। ਇਸਦਾ ਪਹਿਲਾ ਅਸਰ ਖੇਤ ਮਜ਼ਦੂਰਾਂ ਅਤੇ ਪਿੰਡਾਂ ਵਿਚ ਰਹਿੰਦੇ ਹੋਰ ਸਹਾਇਕ ਕਿੱਤੇਕਾਰਾਂ ਤੇ ਪਿਆ ਤੇ ਉਹ ਚੰਗੀ ਮਜ਼ਦੂਰੀ ਵਾਸਤੇ ਸ਼ਹਿਰਾਂ ਵੱਲ ਜਾਣੇ ਸ਼ੁਰੂ ਹੋਏ। ਹੌਲੀ ਹੌਲੀ ਛੋਟੇ-ਮੋਟੇ ਕਿਸਾਨ ਵੀ ਆਪਣੀ ਜ਼ਮੀਨ ਵੇਚ ਕੇ ਜਾਂ ਠੇਕੇ ਆਦਿ 'ਤੇ ਦੇ ਕੇ ਚੰਗੀ ਮਜ਼ਦੂਰੀ ਵਾਸਤੇ ਸ਼ਹਿਰਾਂ ਵੱਲ ਆਕਰਸ਼ਿਤ ਹੋਏ। ਸ਼ੁਰੂ ਸ਼ੁਰੂ ਵਿਚ ਉਹ ਸਿਰਫ ਮਜ਼ਦੂਰੀ ਵਾਸਤੇ ਸ਼ਹਿਰ ਜਾਂਦੇ, ਪਰ ਰਹਿੰਦੇ ਆਪ-ਆਪਣੇ ਪਿੰਡਾਂ ਵਿਚ ਹੀ ਸਨ। ਹੌਲੀ ਹੌਲੀ ਆਉਣ-ਜਾਣ ਦਾ ਸਮਾਂ ਬਚਾਉਣ ਵਾਸਤੇ ਉਨ੍ਹਾਂ ਵਿਚੋਂ ਹੀ ਕਈ ਸਸਤੇ ਕਿਰਾਏ ਦੇ ਮਕਾਨਾਂ ਵਿਚ ਜਾਂ ਕਿਸੇ ਸ਼ਾਮਲਾਟ ਵਾਲੀ ਥਾਂ 'ਤੇ ਝੁੱਗੀ ਝੋਪੜੀ ਆਦਿ ਬਣਾ ਕੇ ਰਹਿਣ ਵੀ ਲੱਗ ਪਏ। ਸ਼ਹਿਰਾਂ ਵਿਚਲੀਆਂ ਅਜੋਕੀਆਂ ਝੋਪੜ-ਪੱਟੀਆਂ ਇਸੇ ਤਰ੍ਹਾਂ ਹੀ ਹੋਂਦ ਵਿਚ ਆਈਆਂ ਹਨ ਤੇ ਇਨ੍ਹਾਂ ਵਿਚ ਰਹਿਣ ਵਾਲੇ ਬਹੁਤੇ ਲੋਕ ਉਦਯੋਗਿਕ ਵਿਕਾਸ ਦੀ ਚਮਕ-ਦਮਕ ਦੇਖ-ਸੁਣ ਕੇ ਚੰਗੇ ਭਵਿੱਖ ਵਾਸਤੇ ਪਿੰਡਾਂ ਤੋਂ ਸ਼ਹਿਰਾਂ ਵੱਲ ਆਏ ਸਨ, ਪਰ ਕਿਸ ਤਰ੍ਹਾਂ ਦੀ ਵਿਕਸਿਤ ਤੇ ਖੁਸ਼ਹਾਲ ਜ਼ਿੰਦਗੀ ਜਿਓਂ ਰਹੇ ਹਨ, ਕਹਿਣ ਦੀ ਲੋੜ ਨਹੀਂ।

ਅੰਗਰੇਜ਼ਾਂ ਦੇ ਇਸ 'ਵਿਕਾਸ' ਕਾਰਨ ਖੇਤੀ ਦੇ ਧੰਦੇ ਦਾ ਦਰਜਾ ਘਟਦਾ ਘਟਦਾ ਉੱਤਮ ਖੇਤੀ ਤੋਂ ਨਖਿੱਧ ਖੇਤੀ ਬਣ ਗਿਆ ਸੀ। ਦੇਸ਼ ਆਜ਼ਾਦ ਹੋਣ ਤੋਂ ਪਿਛੋਂ ਬਹੁਤ ਸਮੇਂ ਤੱਕ ਇਸ ਵਿਚ ਕੋਈ ਸੁਧਾਰ ਨਾ ਹੋਣ ਕਰਕੇ ਦੇਸ਼ ਭੁੱਖਮਰੀ ਦਾ ਪੂਰੀ ਤਰ੍ਹਾਂ ਸ਼ਿਕਾਰ ਬਣ ਗਿਆ। ਹਾਲਾਤ ਅਜਿਹੇ ਹੋ ਗਏ ਕਿ ਅਮਰੀਕਾ ਵਰਗੇ ਦੇਸ਼ ਤੋਂ ਅਨੇਕਾਂ ਸਖਤ ਸ਼ਰਤਾਂ ਅਧੀਨ ਅਨਾਜ ਮੰਗਵਾਉਣਾ ਪੈਂਦਾ ਸੀ। ਸੁਣਦੇ ਹਾਂ ਕਿ ਉਹ ਅਨਾਜ ਐਨਾ ਘਟੀਆ ਹੁੰਦਾ ਸੀ ਕਿ ਪਸ਼ੂਆਂ ਦੇ ਲਾਇਕ ਵੀ ਨਹੀਂ ਸੀ ਹੁੰਦਾ, ਪਰ ਭੁੱਖ ਦੇ ਸਤਾਏ ਮਨੁੱਖਾਂ ਨੂੰ ਖਾਣਾ ਪੈਂਦਾ ਸੀ। ਉਸ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸ਼ਤਰੀ ਨੇ ਖੇਤੀ ਮਾਹਿਰਾਂ ਨਾਲ ਮਿਲ ਕੇ ਇਸ ਭੁੱਖ ਮਰੀ ਦੇ ਹੱਲ ਵਾਸਤੇ ਯੋਜਨਾ ਬਣਾਈ, ਜਿਸ ਨੂੰ ਹਰਾ ਇਨਕਲਾਬ ਦਾ ਨਾਂ ਦਿੱਤਾ ਗਿਆ। ਇਸ ਯੋਜਨਾ ਨਾਲ ਕੁਝ ਹੀ ਸਮੇਂ ਵਿਚ ਦੇਸ਼ ਖੁਰਾਕ ਦੇ ਮਸਲੇ ਵਿਚ ਆਤਮ ਨਿਰਭਰ ਹੋ ਗਿਆ ਅਤੇ ਕਿਸਾਨਾ ਦੀ ਹਾਲਤ ਵੀ ਕੁਝ ਸੁਧਰੀ, ਪਰ ਜਿਉਂ ਹੀ ਅੰਨ ਦੀ ਸਮੱਸਿਆ ਹੱਲ ਹੋ ਗਈ, ਕਿਸਾਨਾਂ ਦੀ ਹਾਲਤ ਫੇਰ ਨਿੱਘਰਨੀ ਸ਼ੁਰੂ ਹੋ ਗਈ।

ਨੱਬੇ ਦੇ ਦਹਾਕੇ ਦੇ ਸ਼ੁਰੂ ਵਿਚ ਕੌਮੀ ਤੇ ਕੌਮਾਂਤਰੀ ਧਨਾਢਾਂ (ਕਾਰਪੋਰੇਟਾਂ) ਦੇ ਦਬਾ ਥੱਲੇ ਸਾਡੀ ਸਰਕਾਰ ਵਲੋਂ ਖੁੱਲ੍ਹੀ ਮੰਡੀ ਦਾ ਸਿਧਾਂਤ ਪ੍ਰਵਾਨ ਕਰ ਲਿਆ ਗਿਆ। ਖੁੱਲ੍ਹੀ ਮੰਡੀ ਦਾ ਮਤਲਬ ਹੈ ਕਿ ਕੋਈ ਵੀ ਆਪਣਾ ਸਮਾਨ ਵੇਚ ਕੇ ਖਰੀਦਣ ਵਾਲਿਆਂ ਦੇ ਮੁਕਾਬਲੇ ਦਾ ਲਾਭ ਲੈ ਸਕਦਾ ਹੈ। ਇਹ ਸਮਾਨ ਘਰੇਲੂ ਉਦਯੋਗ ਦਾ ਹੋ ਸਕਦਾ ਹੈ, ਕਿਸੇ ਉਦਯੋਗਿਕ ਇਕਾਈ ਦਾ ਹੋ ਸਕਦਾ ਹੈ ਜਾਂ ਕਿਸਾਨੀ ਜਿਨਸ ਦਾ ਵੀ ਹੋ ਸਕਦਾ ਹੈ। ਸਮਾਨ ਲਿਆਉਣ ਵਾਲਾ ਮੰਡੀ ਦੀ ਲੋੜ ਮੁਤਾਬਕ ਸਮਾਨ ਲਿਆਵੇਗਾ ਅਤੇ ਮੁਕਾਬਲੇ ਦਾ ਫਾਇਦਾ ਲਵੇਗਾ, ਪਰ ਖੇਤੀ ਮਾਹਰ ਵਿਦਵਾਨਾਂ ਅਤੇ ਜਾਗ੍ਰਿਤ ਕਿਸਾਨਾਂ ਦਾ ਮੰਨਣਾ ਹੈ ਕਿ ਖੁੱਲ੍ਹੀ ਮੰਡੀ ਕਿਸਾਨਾਂ ਵਾਸਤੇ ਲਾਭਕਾਰੀ ਤਾਂ ਕੀ, ਸਹਾਇਕ ਵੀ ਨਹੀਂ ਹੋ ਸਕਦੀ। ਇਹ ਤਾਂ ਸਗੋਂ ਉਨ੍ਹਾਂ ਵਾਸਤੇ ਘਾਤਕ ਹੀ ਹੋ ਸਕਦੀ ਹੈ। ਜਿਵੇਂ ਹਰ ਕੋਈ ਜਾਣਦਾ ਹੈ ਕਿ ਮੰਡੀ, ਮੰਗ ਅਤੇ ਸਪਲਾਈ ਉੱਪਰ ਨਿਰਭਰ ਕਰਦੀ ਹੈ, ਜੇ ਸਪਲਾਈ ਜ਼ਿਆਦਾ ਤੇ ਮੰਗ ਘੱਟ ਹੈ ਤਾਂ ਸਸਤੀ ਤੇ ਜੇ ਉਲਟ ਹੋਵੇ ਤਾਂ ਮਹਿੰਗੀ। ਹਰ ਆਮ ਸਮਝ ਵਾਲੇ ਨੂੰ ਵੀ ਪਤਾ ਹੈ ਕਿ ਕਿਸਾਨ ਆਪਣੀ ਜਿਨਸ ਦੀ ਸਪਲਾਈ ਨੂੰ ਕੰਟਰੋਲ ਨਹੀਂ ਕਰ ਸਕਦਾ। ਉਸ ਦੀ ਹਰ ਜਿਨਸ ਆਮ ਤੌਰ 'ਤੇ ਪੰਜ ਛੇ ਮਹੀਨੇ ਵਿਚ ਤਿਆਰ ਹੁੰਦੀ ਹੈ। ਇਸ ਸਮੇਂ ਦੌਰਾਨ ਫਸਲ ਪਾਲਣ ਉੱਪਰ ਉਸ ਦਾ ਕਾਫੀ ਖਰਚ ਹੁੰਦਾ ਹੈ ਤੇ ਬਹੁਤੀ ਵਾਰ ਕਰਜ ਦੇ ਰੂਪ ਵਿਚ ਹੀ ਹੁੰਦਾ ਹੈ। ਇਸ ਉੱਪਰ ਲਗਾਤਾਰ ਉਸ ਦੀ ਮਿਹਨਤ ਵੀ ਲਗਦੀ ਹੈ, ਪਰ ਆਮਦਨ ਕੋਈ ਨਹੀਂ ਹੁੰਦੀ। ਜਦੋਂ ਫਸਲ ਜਿਨਸ ਦੇ ਰੂਪ ਵਿਚ ਤਿਆਰ ਹੁੰਦੀ ਹੈ ਤਾਂ ਉਸ ਨੂੰ ਛੇਤੀ ਤੋਂ ਛੇਤੀ ਵੇਚਣਾ ਪੈਂਦਾ ਹੈ ਤਾਂ ਕਿ ਉਹ ਆਪਣਾ ਕਰਜ ਉਤਾਰ ਸਕੇ ਤੇ ਬਾਕੀ ਦੀਆਂ ਲੋੜਾਂ ਵੀ ਪੂਰੀਆਂ ਕਰ ਸਕੇ।

ਇਹੀ ਨਹੀਂ, ਬਾਕੀ ਸਾਰੇ ਕਿਸਾਨਾਂ ਦੀ ਜਿਨਸ ਵੀ ਉਸੇ ਸਮੇਂ ਮੰਡੀ ਵਿਚ ਆਉਣ ਕਰਕੇ ਉਸ ਜਿਨਸ ਦੀ ਭਰਮਾਰ ਹੋ ਜਾਂਦੀ ਹੈ। ਕਹਿਣ ਦਾ ਭਾਵ ਹੈ ਕਿ ਕਿਸਾਨ ਜਿਨਸ ਦੀ ਸਪਲਾਈ ਕਰਨ ਦੇ ਸਮਰੱਥ ਨਹੀਂ ਹੋ ਸਕਦਾ। ਇਸ ਲਈ ਸਪਸ਼ਟ ਹੀ ਹੈ ਕਿ ਕਿਸਾਨ ਵਾਸਤੇ ਖੁੱਲ੍ਹੀ ਮੰਡੀ ਲਾਭਕਾਰੀ ਹੋਣ ਦੀ ਥਾਂ ਘਾਤਕ ਹੀ ਹੋਵੇਗੀ। ਹਾਂ, ਇਹ ਖੁੱਲ੍ਹੀ ਮੰਡੀ ਧਨਾਢ ਵਪਾਰੀਆਂ ਤੇ ਕਾਰਪੋਰੇਟ ਘਰਾਣਿਆਂ ਵਾਸਤੇ ਅੰਨ੍ਹੀ ਕਮਾਈ ਦਾ ਮੌਕਾ ਪੈਦਾ ਜ਼ਰੂਰ ਕਰ ਸਕਦੀ ਹੈ। ਜਿਵੇਂ ਫਸਲ ਆਉਣ 'ਤੇ ਜਦੋਂ ਕਿਸਾਨਾਂ ਨੂੰ ਆਪਣੀ ਫਸਲ ਕਿਸੇ ਵੀ ਕੀਮਤ 'ਤੇ ਸੁੱਟਣ ਲਈ ਮਜਬੂਰ ਹੋਣਾ ਪਵੇ ਤਾਂ ਇਹ ਕੌਡੀਆਂ ਦੇ ਭਾਅ ਖਰੀਦ ਕੇ ਆਪਣੇ ਭੰਡਾਰੇ ਭਰ ਲੈਣ ਤੇ ਕੁਝ ਸਮੇਂ ਬਾਅਦ ਥੁੜ ਪੈਣ 'ਤੇ ਜਾਂ ਬਨਾਉਟੀ ਥੁੜ ਪੈਦਾ ਕਰਕੇ ਮੂੰਹ ਮੰਗੇ ਮੁੱਲ 'ਤੇ ਵੇਚ ਕੇ ਅੰਨ੍ਹੀ ਕਮਾਈ ਕਰ ਲੈਣ।

ਭਾਰਤ ਭਰ ਦੀਆਂ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਚੇਤੰਨ ਨੇਤਾ ਖੁੱਲ੍ਹੀ ਮੰਡੀ ਦੇ ਕਿਸਾਨ ਮਾਰੂ ਨਤੀਜਿਆਂ ਤੋਂ ਭਲੀ ਭਾਂਤ ਜਾਣੂ ਸਨ। ਇਸੇ ਵਾਸਤੇ ਉਹ ਸਰਕਾਰ ਵਲੋਂ ਖੁੱਲ੍ਹੀ ਮੰਡੀ ਅਪਨਾਉਣ ਦਾ ਵਿਰੋਧ ਕਰਦੇ ਰਹੇ ਅਤੇ ਕਿਸਾਨਾਂ ਨੂੰ ਇਸ ਦੇ ਮਾਰੂ ਨਤੀਜਿਆਂ ਤੋਂ ਜਾਣੂ ਵੀ ਕਰਵਾਉਂਦੇ ਰਹੇ। ਕਿਸਾਨ ਜਥੇਬੰਦੀਆਂ ਦੇ ਵਿਰੋਧ ਕਰਕੇ ਪਿਛਲੇ ਤੀਹ ਸਾਲਾਂ ਵਿਚ ਵੱਖ ਵੱਖ ਸਰਕਾਰਾਂ ਇਸ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦਾ ਹੌਸਲਾ ਤਾਂ ਨਹੀਂ ਕਰ ਸਕੀਆਂ, ਪਰ ਫਿਰ ਵੀ ਉਨ੍ਹਾਂ ਆਪਣੀ ਕੋਸ਼ਿਸ਼ ਨਹੀਂ ਛੱਡੀ ਤੇ ਕਿਸਾਨੀ ਨੂੰ ਖੂੰਜੇ ਲਾਉਣ ਦਾ ਹਰ ਹਰਬਾ ਵਰਤਿਆ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਜਾ ਰਹੇ ਹਨ। ਪਿਛਲੇ ਕੁਝ ਕੁ ਸਾਲਾਂ ਵਿਚ ਹੀ ਕਿਸਾਨੀ ਦੇ ਧੰਦੇ ਦਾ ਰੁਤਬਾ ਸਾਡੇ ਪੁਰਾਤਨ ਸਭਿਆਚਾਰ ਦੀ ਕਹਾਵਤ ਦੇ ਆਖਰੀ ਪੜਾਅ ਯਾਨਿ 'ਭਿਖਿਆ ਗੰਵਾਰ' ਦੇ ਨੇੜੇ ਪਹੁੰਚ ਚੁਕਾ ਹੈ। ਅਸੀਂ ਦੇਖਦੇ ਹਾਂ ਕਿ ਅੱਜ ਕਿਸਾਨ ਸਰਕਾਰ ਦੀਆਂ ਵੱਖ ਵੱਖ ਰਿਆਇਤਾਂ, ਸਬਸਿਡੀਆਂ ਤੇ ਥੋੜ੍ਹੀ ਬਹੁਤ ਨਕਦ ਸਹਾਇਤਾ ਆਦਿ ਤੇ ਇੱਕ ਤਰ੍ਹਾਂ ਦੇ ਸਰਕਾਰੀ ਦਾਨ (ਭਿਖਿਆ) 'ਤੇ ਹੀ ਨਿਰਭਰ ਹੋਇਆ ਪਿਆ ਹੈ। ਕਰਜੇ ਅਤੇ ਮੰਦਵਾੜੇ ਦੇ ਮਾਰੇ ਲੋਕ ਖੁਦਕੁਸ਼ੀਆਂ ਵੀ ਕਰਨ ਲੱਗੇ ਹਨ।

ਕਿਸਾਨੀ ਦੀ ਇਸ ਮੰਦੀ ਹਾਲਤ ਨੂੰ ਸੁਧਾਰਨ ਵਾਸਤੇ ਸਰਕਾਰ ਨੇ ਇਸ ਸਦੀ ਦੇ ਸ਼ੁਰੂ ਵਿਚ ਡਾ. ਸਵਾਮੀਨਾਥਨ ਦੀ ਪ੍ਰਧਾਨਗੀ ਹੇਠ ਇਕ ਕਮਿਸ਼ਨ ਕਾਇਮ ਕੀਤਾ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਓਹੀ ਸਵਾਮੀਨਾਥਨ ਹਨ, ਜਿਨ੍ਹਾਂ ਦੀ ਅਗਵਾਈ ਵਿਚ ਹਰੀ ਕ੍ਰਾਂਤੀ ਆਈ ਸੀ ਤੇ ਅਸੀਂ ਖੁਰਾਕ ਪੱਖੋਂ ਆਤਮ ਨਿਰਭਰ ਹੋ ਸਕੇ ਸਾਂ। ਡਾ. ਸਵਾਮੀਨਾਥਨ ਨੇ ਰਿਪੋਰਟ ਵਿਚ ਲਿਖਿਆ ਹੈ ਕਿ ਕਿਸਾਨੀ ਨੂੰ ਬਚਾਉਣਾ ਸਮੇਂ ਦੀ ਅਣਸਰਦੀ ਤੇ ਅਹਿਮ ਲੋੜ ਹੈ ਅਤੇ ਨਾਲ ਹੀ ਉਨ੍ਹਾਂ ਇਕ ਤਰ੍ਹਾਂ ਚਿਤਾਵਨੀ ਵੀ ਦਿੱਤੀ ਹੈ ਕਿ ਕਿਸਾਨੀ ਨੂੰ ਪੈਰਾਂ ਸਿਰ ਕਰੇ ਬਿਨਾ ਦੇਸ਼ ਦੀ ਸੁਰੱਖਿਆ ਤੇ ਆਜ਼ਾਦੀ ਨੂੰ ਬਣਾਈ ਰੱਖਣਾ ਅਸੰਭਵ ਹੋ ਜਾਵੇਗਾ। ਉਨ੍ਹਾਂ ਦੀ ਸੁਰੱਖਿਆ ਸਬੰਧੀ ਚਿਤਾਵਨੀ ਦੀ ਸੱਚਾਈ ਤਾਂ ਪਹਿਲਾਂ ਹੀ 1971 ਵਾਲੇ ਯੁੱਧ ਦੀ ਕਾਮਯਾਬੀ ਤੋਂ ਹੀ ਸਹੀ ਸਾਬਤ ਹੋ ਗਈ ਸੀ। ਯੁੱਧ ਦੀ ਕਾਮਯਾਬੀ ਭਾਵੇਂ ਬਹੁਤਾ ਕਰਕੇ ਫੌਜ 'ਤੇ ਨਿਰਭਰ ਹੁੰਦੀ ਹੈ, ਪਰ ਉਸ ਵੇਲੇ ਦੁਨੀਆਂ ਦੀ ਸੱਭ ਤੋਂ ਵੱਡੀ ਤਾਕਤ ਅਮਰੀਕਾ ਪੂਰੀ ਤਰ੍ਹਾਂ ਦੁਸ਼ਮਨ ਦੇਸ਼ ਦੀ ਹਮਾਇਤ 'ਤੇ ਸੀ ਤੇ ਉਹ ਆਪਣਾ ਦਬਾਅ ਵੀ ਵਰਤ ਰਿਹਾ ਸੀ, ਪਰ ਉਸ ਸਮੇਂ ਤੱਕ ਸਫਲ ਹਰੀ ਕ੍ਰਾਂਤੀ ਕਾਰਨ ਦੇਸ਼ ਦੇ ਖੁਰਾਕ ਪੱਖੋਂ ਆਤਮ ਨਿਰਭਰ ਹੋਣ ਕਾਰਨ ਅਸੀਂ ਅਮਰੀਕਾ ਦੇ ਦਬਾਅ ਦੀ ਪ੍ਰਵਾਹ ਨਹੀਂ ਕੀਤੀ, ਜਦੋਂ ਕਿ ਕੁਝ ਸਾਲ ਪਹਿਲਾਂ ਤੱਕ ਖੁਰਾਕ ਵਾਸਤੇ ਅਸੀਂ ਉਸ ਉੱਪਰ ਪੂਰੀ ਤਰ੍ਹਾਂ ਨਿਰਭਰ ਸਾਂ। ਜੇ ਉਸ ਸਮੇਂ ਤੱਕ ਵੀ ਉਸ ਉੱਪਰ ਨਿਰਭਰ ਹੁੰਦੇ ਤਾਂ ਕੀ ਹੁੰਦਾ?

ਸਵਾਮੀਨਾਥਨ ਰਿਪੋਰਟ ਬਹੁਤ ਵਿਸ਼ਾਲ ਹੈ, ਜਿਸ ਦੁਆਰਾ ਉਨ੍ਹਾਂ ਨੇ ਕਿਸਾਨੀ ਨੂੰ ਬਚਾਉਣ ਵਾਸਤੇ ਅਨੇਕਾਂ ਸਿਫਾਰਸ਼ਾਂ ਕੀਤੀਆਂ ਹਨ। ਕਿਸਾਨੀ ਨੂੰ ਪੈਰਾਂ ਸਿਰ ਕਰਨ ਵਾਸਤੇ ਡਾ. ਸਵਾਮੀਨਾਥਨ ਨੇ ਪਹਿਲਾ ਤੇ ਜਲਦੀ ਤੋਂ ਜਲਦੀ ਲਾਗੂ ਕਰਨ ਵਾਸਤੇ ਜਿਹੜਾ ਸੁਝਾ ਦਿੱਤਾ ਹੈ, ਉਸ ਅਨੁਸਾਰ ਫਸਲਾਂ ਦੇ ਬੀਜਣ ਤੋਂ ਪਹਿਲਾਂ ਉਨ੍ਹਾਂ ਦਾ ਘੱਟੋ ਘੱਟ ਸਮਰਥਨ ਮੁੱਲ ਨਿਸ਼ਚਿਤ ਕੀਤਾ ਜਾਵੇ ਤੇ ਮੰਡੀ ਵਿਚ ਆਉਣ 'ਤੇ ਕਿਸਾਨ ਨੂੰ ਉਹ ਮੁੱਲ ਮਿਲਣਾ ਯਕੀਨੀ ਬਣਾਇਆ ਜਾਵੇ। ਇਹ ਮੁੱਲ ਐਮ. ਐਸ. ਪੀ. ਦੇ ਨਾਂ ਨਾਲ ਅੱਜ ਕੱਲ੍ਹ ਹਰ ਇੱਕ ਦੀ ਜੁਬਾਨ 'ਤੇ ਹੈ। ਇਸ ਮੁੱਲ ਨੂੰ ਨਿਸ਼ਚਿਤ ਕਰਨ ਦਾ ਫਾਰਮੂਲਾ ਵੀ ਉਨ੍ਹਾਂ ਸਪਸ਼ਟ ਦੱਸਿਆ ਹੈ। ਉਨ੍ਹਾਂ ਅਨੁਸਾਰ ਇਸ ਦੇ ਲਾਗੂ ਹੋਣ ਨਾਲ ਖੇਤੀ ਲਾਹੇਵੰਦਾ ਧੰਦਾ ਬਣਨ ਵੱਲ ਚੱਲ ਪਵੇਗੀ ਅਤੇ ਹੌਲੀ ਹੌਲੀ ਬਾਕੀ ਸਿਫਾਰਸ਼ਾਂ ਲਾਗੂ ਕਰਨ ਨਾਲ ਖੇਤੀ ਫਿਰ ਤੋਂ ਉੱਤਮ ਖੇਤੀ ਦਾ ਦਰਜਾ ਪ੍ਰਾਪਤ ਕਰ ਲਵੇਗੀ। ਇਸ ਵਿਚ ਵੀ ਕੋਈ ਅਤਿਕਥਨੀ ਨਹੀਂ ਲਗਦੀ ਕਿ ਖੇਤੀ ਦੇ ਲਾਹੇਵੰਦਾ ਬਣਨ ਨਾਲ ਸ਼ਹਿਰਾਂ ਦੀਆਂ ਝੋਪੜ ਪੱਟੀਆਂ ਵਿਚ ਨਰਕ ਵਰਗੀ ਜ਼ਿੰਦਗੀ ਬਸਰ ਕਰਦੇ ਲੋਕ ਵੀ ਛੇਤੀ ਹੀ ਆਪਣੇ ਪੁਰਾਣੇ ਪੇਂਡੂ ਜੀਵਨ ਵੱਲ ਪਰਤ ਆਉਣਗੇ।

ਭਾਰਤ ਦੀਆਂ ਕਿਸਾਨ ਜਥੇਬੰਦੀਆਂ ਉਦੋਂ ਤੋਂ ਹੀ ਸਵਾਮੀਨਾਥਨ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ ਵਾਸਤੇ ਸਮੇਂ ਸਮੇਂ ਤੇ ਆਪੋ ਆਪਣੇ ਰਾਜਾਂ ਵਿਚ ਸੰਘਰਸ਼ ਕਰਦੀਆਂ ਰਹੀਆਂ ਹਨ। ਉਹ ਆਪਣੇ ਸੰਘਰਸ਼ ਨੂੰ ਇਕੱਠਿਆਂ ਹੋ ਕੇ ਸਮੁੱਚੇ ਭਾਰਤ ਵਿਚ ਫੈਲਾ ਕੇ ਸਰਕਾਰ 'ਤੇ ਦਬਾ ਨਹੀਂ ਬਣਾ ਸਕੀਆਂ। ਇਸ ਤਰ੍ਹਾਂ ਕਿਸਾਨੀ ਨੂੰ ਪੈਰਾਂ ਸਿਰ ਕਰਨ ਵਾਲੀਆਂ ਸਵਾਮੀਨਾਥਨ ਦੀਆਂ ਬਹੁਮੁੱਲੀਆਂ ਸਿਫਾਰਸ਼ਾਂ ਫਾਈਲਾਂ ਵਿਚ ਹੀ ਦਬੀਆਂ ਰਹੀਆਂ ਅਤੇ ਕਿਸਾਨੀ ਦੀ ਦਸ਼ਾ ਬਦ ਤੋਂ ਬਦਤਰ ਹੁੰਦੀ ਗਈ। ਇਹੀ ਨਹੀਂ, ਕਿਸਾਨੀ ਦੀ ਦੁਰਦਸ਼ਾ ਕਾਰਨ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਲੋਕ ਮਜ਼ਦੂਰੀ ਵਾਸਤੇ ਪਿੰਡਾਂ ਤੋਂ ਸ਼ਹਿਰਾਂ ਵੱਲ ਕੂਚ ਕਰ ਗਏ ਹਨ। ਐਸ ਵੇਲੇ ਸਾਡੇ ਦੇਸ਼ ਦੀ ਸੱਤਰ ਪ੍ਰਤੀਸ਼ਤ ਜਨਸੰਖਿਆ ਗਰੀਬੀ ਦਰਜੇ ਤੋਂ ਹੇਠਾਂ ਅਤੇ ਇਸ ਵਿਚੋਂ ਲਗਪਗ ਤੀਹ ਪ੍ਰਤੀਸ਼ਤ ਅੰਤਾਂ ਦੀ ਗਰੀਬੀ ਵਿਚ ਰਹਿ ਰਹੀ ਹੈ। ਜੇ ਕਿਸਾਨੀ ਦੀ ਹਾਲਤ ਵਿਚ ਸੁਧਾਰ ਨਾ ਕੀਤਾ ਗਿਆ ਅਤੇ ਇਸੇ ਤਰ੍ਹਾਂ ਨਿੱਘਰਦੀ ਰਹਿਣ ਦਿੱਤਾ ਗਿਆ ਤਾਂ ਕੁਝ ਹੀ ਸਮੇਂ ਵਿਚ ਸਾਡੀ ਜਨਸੰਖਿਆ ਦਾ ਨੱਬੇ ਪ੍ਰਤੀਸ਼ਤ ਤੋਂ ਵੀ ਵੱਧ ਹਿੱਸਾ ਗਰੀਬੀ ਦੀ ਰੇਖਾ ਤੋਂ ਥੱਲੇ ਜਾਣ ਦਾ ਡਰ ਹੈ।

ਭਾਰਤ ਵਿਚ ਐਨੀ ਗਰੀਬੀ ਹੋਣ 'ਤੇ ਵੀ ਵੱਡੇ ਵੱਡੇ ਕੌਮਾਂਤਰੀ ਤੇ ਕੌਮੀ ਧਨਾਢਾਂ (ਕਾਰਪੋਰੇਟਰਾਂ) ਨੂੰ ਸਬਰ ਨਹੀਂ ਸੀ ਆ ਰਿਹਾ। ਨੱਬੇ ਦੇ ਦਹਾਕੇ ਤੋਂ ਹੀ ਉਹ ਕੋਈ ਸਖਤ, ਸੰਵੇਦਨਹੀਣ ਤੇ ਦਲਾਲ ਕਿਸਮ ਦੇ ਹਾਕਮ ਭਾਲਦੇ ਰਹੇ ਹੋਣੇ ਐਂ ਤਾਂ ਕਿ 'ਮੁਰਦਿਆਂ ਦੇ ਮੂੰਹਾਂ 'ਚੋਂ, ਪੈਸੇ ਸਨ ਕਾਰੂ ਨੇ ਕੱਢੇ' ਵਾਲੇ ਇਤਿਹਾਸ ਨੂੰ ਮਾਤ ਪਾ ਕੇ ਸਭ ਕੁਝ ਆਪਣੇ ਕਬਜੇ ਵਿਚ ਕਰ ਸਕਣ। ਆਖਰ ਅਜਿਹੇ ਹਾਕਮ ਜੋ ਧੁਨ ਦੇ ਪੱਕੇ, ਪਰ ਸੰਵੇਦਨਸ਼ੀਲਤਾ, ਨੈਤਿਕਤਾ ਤੇ ਵਿਵੇਕ ਤੋਂ ਕੋਹਾਂ ਦੂਰ ਹਨ, ਮਿਲ ਹੀ ਗਏ। ਪ੍ਰਚਾਰ ਸਾਧਨ ਟੀ. ਵੀ. ਆਦਿ ਉੱਪਰ ਇਨ੍ਹਾਂ ਧਨਾਢਾਂ ਦੀ ਮਾਲਕੀ ਹੈ। ਪ੍ਰਚਾਰ ਦੇ ਇਨ੍ਹਾਂ ਸਾਧਨਾਂ ਦੀ ਪਹੁੰਚ ਘਰ ਘਰ ਦੇ ਹਰ ਜੀਅ ਤੱਕ ਹੈ। ਇਨ੍ਹਾਂ ਸਾਧਨਾਂ ਦੁਆਰਾ ਨਵੇਂ ਆਉਣ ਵਾਲੇ ਹਾਕਮਾਂ ਦੇ ਹੱਕ ਵਿਚ ਐਨਾ ਤੇ ਇਸ ਤਰ੍ਹਾਂ ਦਾ ਪ੍ਰਚਾਰ ਕੀਤਾ ਗਿਆ, ਹਰੇਕ ਨੂੰ ਇਉਂ ਲੱਗਣ ਲਗਿਆ ਕਿ ਇਨ੍ਹਾਂ ਨਵੇਂ ਹਾਕਮਾਂ ਨਾਲ ਤਾਂ ਸਾਡਾ ਭਾਰਤ ਸਵਰਗ ਰੂਪ ਹੀ ਬਣ ਜਾਵੇਗਾ। ਇਸ ਦੇ ਨਤੀਜੇ ਵਜੋਂ ਇਹ ਨਵੇਂ ਹਾਕਮ ਪੂਰਨ ਬਹੁਮਤ ਨਾਲ ਸਰਕਾਰ ਤੇ ਕਾਬਜ ਹੋ ਗਏ।

ਸਰਕਾਰ 'ਤੇ ਕਾਬਜ ਹੋਣ ਸਾਰ ਇਨ੍ਹਾਂ ਨੇ ਪਾੜੋ ਤੇ ਰਾਜ ਕਰੋ ਦਾ ਪੁਰਾਣਾ ਹੁਨਰ ਵਰਤਣ ਵਾਸਤੇ ਧਰਮ ਨੂੰ ਕਾਮਯਾਬੀ ਨਾਲ ਵਰਤਣਾ ਸ਼ੁਰੂ ਕੀਤਾ ਅਤੇ ਪੰਜ ਸਾਲਾਂ ਵਿਚ ਸਮੁੱਚੀ ਜਨਤਾ ਨੂੰ ਖੱਖੜੀਆਂ ਕਰੇਲੇ ਕਰ ਦਿੱਤਾ। ਦੂਜਾ ਕੰਮ ਉਨ੍ਹਾਂ ਆਪਣੇ ਪੰਜ ਸਾਲ ਦੇ ਕਾਰਜ ਕਾਲ ਵਿਚ ਆਪਣੇ ਪ੍ਰਤੀ ਮਾਮੂਲੀ ਤੋਂ ਮਾਮੂਲੀ ਮਜ਼ਾਕ ਜਾਂ ਟਿੱਪਣੀ ਕਰਨ ਤੋਂ ਹੀ ਜੇਲ੍ਹਾਂ ਵਿਚ ਡੱਕ ਡੱਕ ਕੇ ਭੈਅ ਦਾ ਮਾਹੌਲ ਸਿਰਜ ਦਿੱਤਾ। ਇਹ ਭੈਅ ਸਿਰਫ ਆਮ ਲੋਕਾਂ ਵਿਚ ਹੀ ਨਹੀਂ, ਸਗੋਂ ਉੱਪਰਲੀ ਬਿਊਰੋਕ੍ਰੇਸੀ, ਜੱਜ, ਬਹੁਤ ਸਾਰੇ ਰਾਜ ਨੇਤਾ ਇਥੋਂ ਤੱਕ ਕਿ ਸਮਾਜਿਕ ਜੀਵਨ ਵਿਚਲੀਆਂ ਬਹੁਤ ਸਾਰੀਆਂ ਉਘੀਆਂ ਸ਼ਖਸੀਅਤਾਂ ਵੀ ਖੌਫਜ਼ਦਾ ਕਰ ਦਿੱਤੀਆਂ ਗਈਆਂ। ਡਰ ਦੇ ਇਸ ਮਾਹੌਲ ਦੇ ਹੁੰਦੇ ਹੋਏ ਉਨ੍ਹਾਂ ਆਪਣੀ ਪੂਰਨ ਬਹੁਸੰਮਤੀ ਵਾਲੀ ਦੂਜੀ ਟਰਮ ਦੌਰਾਨ ਅਨੇਕਾਂ ਸੰਵਿਧਾਨ ਤੇ ਲੋਕ ਵਿਰੋਧੀ ਕਾਨੂੰਨ ਬਣਾਉਣੇ ਸ਼ੁਰੂ ਕਰ ਦਿੱਤੇ, ਪਰ ਭੈਅ ਗ੍ਰਸੇ ਲੋਕ ਕੋਈ ਵਿਰੋਧ ਨਹੀਂ ਕਰ ਸਕੇ। ਭਾਵੇਂ ਸੀ. ਏ. ਏ. ਵਾਲੇ ਕਾਨੂੰਨ ਦੇ ਵਿਰੋਧ ਵਿਚ ਸ਼ਾਹੀਨ ਬਾਗ ਵਾਲਾ ਸ਼ਾਂਤੀਪੂਰਨ ਅੰਦੋਲਨ ਹੋਇਆ ਵੀ ਤੇ ਉਮੀਦ ਵੀ ਸੀ ਕਿ ਉਹ ਅੰਦੋਲਨ ਜਨ ਅੰਦੋਲਨ ਬਣ ਜਾਵੇਗਾ, ਪਰ ਕਰੋਨਾ ਮਹਾਂਮਾਰੀ ਉਸ ਅੰਦੋਲਨ ਨੂੰ ਵੀ ਬਿਨਾ ਕਿਸੇ ਪ੍ਰਾਪਤੀ ਦੇ ਸਮਾਪਤ ਕਰਨ ਦਾ ਕਾਰਨ ਬਣ ਗਈ। ਇਉਂ ਲਗਦਾ ਹੈ ਜਿਵੇਂ ਕੁਦਰਤ ਵੀ ਇਨ੍ਹਾਂ ਦੇ ਪਾਪਾਂ ਦਾ ਘੜਾ ਹੋਰ ਭਰਨ 'ਚ ਲੱਗੀ ਹੋਈ ਸੀ।

ਪਿਛਲੇ ਸਾਲ ਤੋਂ ਕਰੋਨਾ ਮਹਾਂਮਾਰੀ ਕਾਰਨ ਸਮੁੱਚੀ ਲੋਕਾਈ ਘਰਾਂ ਵਿਚ ਬੰਦ ਭੁੱਖਾਂ ਦੁੱਖਾਂ ਦੀ ਸਤਾਈ ਅਤੇ ਸਹਿਮੀ ਪਈ ਸੀ। ਅਜਿਹੇ ਸਮੇਂ ਲੋਕ ਪੱਖੀ ਹਾਕਮ ਆਪਣੇ ਨਾਗਰਿਕਾਂ ਦੀ ਮਦਦ ਵਿਚ ਅੱਗੇ ਆਉਂਦੇ ਹਨ, ਪਰ ਸਾਡੇ ਹਾਕਮਾਂ ਨੇ ਇਸ ਮੁਸੀਬਤ ਦੇ ਸਮੇਂ ਨੂੰ ਆਪਣੀਆਂ ਅਤੇ ਆਪਣੇ ਕਾਰਪੋਰੇਟ ਆਕਾਵਾਂ ਦੀਆਂ ਕੋਝੀਆਂ ਤੇ ਲਾਲਚੀ ਇੱਛਾਵਾਂ ਪੂਰੀਆਂ ਕਰਨ ਵਾਸਤੇ ਸੁਨਹਿਰੀ ਮੌਕਾ ਸਮਝਿਆ। ਇਸੇ ਵਾਸਤੇ ਇਨ੍ਹਾਂ ਔਕੜਾਂ ਭਰੇ ਦਿਨਾਂ ਦੌਰਾਨ ਉਨ੍ਹਾਂ ਨੇ ਅਨੇਕਾਂ ਮਜ਼ਦੂਰ ਵਿਰੋਧੀ ਤੇ ਲੋਕ ਵਿਰੋਧੀ ਕਾਨੂੰਨ ਪਿਛਲੇ ਦਰਵਾਜਿਓਂ (ਆਰਡੀਨੈਂਸ ਜਾਰੀ ਕਰਕੇ) ਪਾਰਲੀਮੈਂਟ ਤੋਂ ਪਾਸ ਕਰਵਾ ਲਏ। ਘਰਾਂ ਵਿਚ ਬੰਦ ਅਤੇ ਭੁੱਖਾਂ ਤੇ ਦੁੱਖਾਂ ਦੇ ਸਤਾਏ ਲੋਕ ਇਨ੍ਹਾਂ ਕਾਨੂੰਨਾਂ ਦਾ ਕੋਈ ਵੀ ਵਿਰੋਧ ਨਾ ਕਰ ਸਕੇ।




ਅਜਿਹੀਆਂ ਨਿਰਵਿਰੋਧ ਕਾਮਯਾਬੀਆਂ ਅਤੇ ਕਾਰਪੋਰੇਟ ਜਗਤ ਦੀ ਹੱਲਾ ਸ਼ੇਰੀ ਨੇ ਸਾਡੇ ਹਾਕਮਾਂ ਨੂੰ ਐਨਾ ਬੇਪਰਵਾਹ ਕਰ ਦਿੱਤਾ ਕਿ ਉਨ੍ਹਾਂ ਨੱਬੇ ਪ੍ਰਤੀਸ਼ਤ ਤੋਂ ਵੱਧ ਜਨਤਾ ਨੂੰ ਨੁਕਸਾਨ ਕਰਨ ਵਾਲਾ ਤਿੰਨ ਮਦਾਂ ਵਾਲਾ ਆਰਡੀਨੈਂਸ ਜਾਰੀ ਕਰਨ ਦਾ ਵੀ ਜੇਰਾ ਕੱਢ ਵਿਖਾਇਆ। ਉਨ੍ਹਾਂ ਨੇ ਕੌੜੀ ਗੋਲੀ ਨੂੰ ਖੰਡ 'ਚ ਲਪੇਟਣ ਵਾਂਗ ਇਸ ਦੀਆਂ ਕਿਸਾਨ ਤੇ ਲੋਕ ਵਿਰੋਧੀ ਮਦਾਂ ਨੂੰ ਉਨ੍ਹਾਂ ਦੇ ਭਲੇ ਵਾਲੀਆਂ ਦਸਣ ਵਾਸਤੇ ਅਨੇਕਾਂ ਢੰਗ ਤਰੀਕੇ ਵਰਤੇ, ਪਰ ਉਹ ਪੰਜਾਬ ਦੇ ਚੇਤੰਨ ਕਿਸਾਨ ਆਗੂਆਂ ਤੋਂ ਇਨ੍ਹਾਂ ਕਾਨੂੰਨਾਂ ਦੇ ਨੁਕਤਿਆਂ ਅਤੇ ਇਨ੍ਹਾਂ ਤੋਂ ਨਿਕਲਣ ਵਾਲੇ ਘਾਤਕ ਨਤੀਜਿਆਂ ਨੂੰ ਲੁਕੋ ਨਹੀਂ ਸਕੇ। ਪੰਜਾਬ ਦੇ ਕਿਸਾਨ ਆਗੂਆਂ ਦੇ ਵਿਰੋਧ ਤੋਂ ਉਹ ਸ਼ਸ਼ੋਪੰਜ ਵਿਚ ਤਾਂ ਪਏ ਹੋਣਗੇ, ਪਰ ਉਨ੍ਹਾਂ ਨੇ ਕਿਸੇ ਵੀ ਵਿਰੋਧ ਨੂੰ ਅਣਗੌਲਿਆ ਕਰਨ ਦੇ ਆਪਣੇ ਪੁਰਾਣੇ ਤਜਰਬਿਆਂ ਵਾਂਗ ਇਨ੍ਹਾਂ ਕਿਸਾਨ ਆਗੂਆਂ ਨੂੰ ਵੀ ਅਣਗੌਲਿਆ ਕਰਨ ਦਾ ਹਰ ਯਤਨ ਕੀਤਾ। ਫਿਰ ਵੀ ਲਗਦਾ ਹੈ ਕਿ ਸਾਡੇ ਹਾਕਮ ਇਨ੍ਹਾਂ ਆਗੂਆਂ ਦੀ ਚੇਤਨਤਾ ਤੋਂ ਘਬਰਾਏ ਜਰੂਰ ਹੋਣੇ ਐ ਤਾਂ ਹੀ ਤਾਂ ਇਨ੍ਹਾਂ ਨੇ ਆਰਡੀਨੈਂਸਾਂ ਨੂੰ ਛੇਤੀ ਤੋਂ ਛੇਤੀ ਕਾਨੂੰਨਾਂ ਵਿਚ ਬਦਲਣ ਦਾ ਹਰੇਕ ਜਾਇਜ਼-ਨਜਾਇਜ਼ ਤਰੀਕਾ ਅਪਨਾਇਆ ਹੈ।

ਇਹ ਕਾਨੂੰਨ, ਭਾਰਤ ਦੀ ਪਹਿਲਾਂ ਹੀ ਤਰਸਯੋਗ ਹਾਲਤ ਨੂੰ ਹੋਰ ਵੀ ਡਰਾਉਣੀ ਹਾਲਤ ਲਿਆਉਣ ਵਾਲੇ ਲਗਦੇ ਹਨ। ਪਹਿਲਾਂ ਕਿਸਾਨੀ ਦੀ ਦੁਰਗਤੀ ਨਾਲ ਸਬੰਧਤ ਲੋਕ ਕਿਸਾਨੀ ਛੱਡ ਕੇ ਕਾਰਖਾਨਿਆਂ ਵਿਚ ਮਜ਼ਦੂਰੀ ਵਾਸਤੇ ਸ਼ਹਿਰਾਂ ਵਿਚ ਆ ਜਾਂਦੇ ਸਨ। ਅੱਜ ਕੱਲ੍ਹ ਉਦਯੋਗਾਂ ਵਿਚ ਬਹੁਤੇ ਕੰਮ ਸਵੈਚਾਲਕ ਹੋ ਰਹੇ ਹਨ। ਫਿਰ ਇਹ ਕਿਸਾਨੀ ਤੋਂ ਵਿਹਲੇ ਹੋਏ ਲੋਕ ਕੀ ਕਰਨਗੇ? ਬੇਰੁਜ਼ਗਾਰੀ ਤਾਂ ਪਹਿਲਾਂ ਹੀ ਹੱਦਾਂ ਬੰਨੇ ਟੱਪ ਚੁਕੀ ਹੈ। ਇਸ ਵਾਸਤੇ ਹੁਣ ਤਾਂ ਫਿਰ ਇਹ ਸਰਕਾਰੀ ਮੰਗਤਿਆਂ ਦੀ ਜਮਾਤ ਵਿਚ ਹੀ ਬਦਲਣਗੇ। ਇਉਂ ਲਗਦਾ ਹੈ, ਜਿਵੇਂ ਸਰਕਾਰ ਨੇ ਲੋਕਾਂ ਨੂੰ ਸਰਕਾਰੀ ਦਾਨ 'ਤੇ ਨਿਰਭਰ ਕਰਨਾ ਸ਼ੁਰੂ ਕਰ ਵੀ ਦਿੱਤਾ ਹੈ-ਜਿਵੇਂ ਹਰ ਮਹੀਨੇ ਕੁਝ ਲੋਕਾਂ ਨੂੰ ਖਾਣ ਨੂੰ ਦੇ ਦਿੱਤਾ ਜਾਂਦਾ ਹੈ, ਕੁਝ ਕਿਸਾਨਾਂ ਨੂੰ ਸਾਲ ਦੇ ਛੇ ਛੇ ਹਜਾਰ ਰੁਪਏ ਦੇ ਦਿੱਤੇ ਜਾਂਦੇ ਹਨ ਤੇ ਕੁਝ ਕੁ ਨੂੰ ਬੇਰੁਜ਼ਗਾਰੀ ਭੱਤੇ ਦੇ ਨਾਂ 'ਤੇ ਹੱਥ ਝਾੜ ਦਿੱਤਾ ਜਾਂਦਾ ਹੈ, ਆਦਿ-ਆਦਿ। ਇਸ ਵਾਸਤੇ ਕਈ ਵਾਰ ਤਾਂ ਇਹ ਡਰ ਨਿਰਮੂਲ ਨਹੀਂ ਲਗਦਾ ਕਿ ਕਿਤੇ ਸਾਡਾ ਦੇਸ਼ ਦੁਨੀਆਂ ਵਿਚ ਸਾਰਿਆਂ ਤੋਂ ਵੱਧ

*(ਬਾਕੀ ਅਗਲੇ ਸਫੇ 'ਤੇ)*

# ਮਾਨਵ ਪੱਖੀ ਇਨਕਲਾਬ ਵੱਲ ਵਧਦਾ ਕਿਸਾਨ ਅੰਦੋਲਨ

*(ਪਿਛਲੇ ਸਫੇ ਦੀ ਬਾਕੀ)*

ਸਰਕਾਰੀ ਦਾਨ 'ਤੇ ਨਿਰਭਰ ਵਸੋਂ (ਮੰਗਤਿਆਂ ਵਾਲਾ) ਵਾਲਾ ਦੇਸ਼ ਹੀ ਨਾ ਬਣ ਜਾਵੇ।

ਅਜਿਹੇ ਬਹੁਤ ਸਾਰੇ ਖਦਸ਼ਿਆਂ ਨੂੰ ਭਾਂਪਦਿਆਂ ਆਰਡੀਨੈਂਸ ਦੇ ਜਾਰੀ ਹੋਣ ਤੋਂ ਹੀ ਪੰਜਾਬ ਦੀਆਂ ਢਾਈ ਦਰਜਨ ਤੋਂ ਵੱਧ ਵੱਖ ਵੱਖ ਕਿਸਾਨ ਜਥੇਬੰਦੀਆਂ ਨੇ ਆਪਸ ਵਿਚ ਏਕਾ ਕਰਕੇ ਆਪੋ ਆਪਣੇ ਵਾਲੰਟੀਅਰਾਂ ਰਾਹੀਂ ਪਿੰਡ ਪਿੰਡ ਦੇ ਕਿਸਾਨਾਂ ਨੂੰ ਇਨ੍ਹਾਂ ਆਰਡੀਨੈਂਸਾਂ ਦੇ ਕਿਸਾਨ ਅਤੇ ਲੋਕ ਮਾਰੂ ਨਤੀਜਿਆਂ ਤੋਂ ਪੂਰੀ ਤਰ੍ਹਾਂ ਜਾਗਰੂਕ ਕਰ ਦਿੱਤਾ। ਇਸ ਸਭ ਕਾਸੇ ਦਾ ਨਤੀਜਾ ਇਹ ਹੋਇਆ ਕਿ ਆਰਡੀਨੈਂਸਾਂ ਦੇ ਕਾਨੂੰਨੀ ਰੂਪ ਲੈਂਦੇ ਹੀ ਪੰਜਾਬ ਦਾ ਹਰ ਵਿਅਕਤੀ ਜਾਨ ਹੂਲ ਕੇ ਅੰਦੋਲਨ ਦਾ ਹਿੱਸਾ ਬਣਨ ਲਈ ਤਤਪਰ ਹੋ ਗਿਆ। ਕਿਸਾਨ ਨੇਤਾਵਾਂ ਨੇ ਘੋਲ ਨੂੰ ਦੇਸ਼ ਵਿਆਪੀ ਬਣਾਉਣ ਵਾਸਤੇ ਭਾਰਤ ਦੀਆਂ ਸਮੂਹ ਜਥੇਬੰਦੀਆਂ ਨਾਲ ਵੀ ਸੰਪਰਕ ਜਾਰੀ ਰਖਿਆ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਸ਼ਾਂਤੀਪੂਰਨ ਤੇ ਸਫਲ ਅੰਦੋਲਨ ਨੂੰ ਵੇਖਦਿਆਂ ਗੁਆਂਢੀ ਸੂਬੇ ਅੰਦੋਲਨ ਵੱਲ ਵਧਣ ਲੱਗ ਪਏ ਤੇ ਇਸ ਦੇ ਦਿੱਲੀ ਵੱਲ ਆਉਣ ਵੇਲੇ ਸਰਕਾਰ ਦੀਆਂ ਗੈਰ ਇਖਲਾਕੀ ਤੇ ਕੋਝੀਆਂ ਹਰਕਤਾਂ ਨੇ ਸਮੁੱਚੇ ਭਾਰਤ ਵਾਸੀਆਂ ਦਾ ਧਿਆਨ ਅੰਦੋਲਨ ਵੱਲ ਖਿਚਿਆ ਤੇ ਉਹ ਹੌਲੀ ਹੌਲੀ ਇਸ ਨਾਲ ਜੁੜਨ ਲੱਗ ਪਏ। ਹੁਣ ਇਹ ਅੰਦੋਲਨ ਪੂਰੀ ਤਰ੍ਹਾਂ ਸਮੁੱਚੀ ਲੋਕਾਈ ਦਾ ਅੰਦੋਲਨ ਬਣ ਕੇ ਵਿਕਾਸ ਦੇ ਮਾਨਵ ਪੱਖੀ ਇਨਕਲਾਬ ਵੱਲ ਵਧ ਰਿਹਾ ਹੈ।

ਵਿਕਾਸ ਨੂੰ ਅਸੀਂ ਦੋ ਕਿਸਮਾਂ ਵਿਚ ਵੰਡ ਸਕਦੇ ਹਨ-ਇੱਕ 'ਅਖੌਤੀ' ਉਦਯੋਗਿਕ ਵਿਕਾਸ ਤੇ ਦੂਜਾ ਮਾਨਵ ਪੱਖੀ ਵਿਕਾਸ। ਇਸ ਕਹੇ ਜਾਂਦੇ ਉਦਯੋਗਿਕ ਵਿਕਾਸ ਨਾਲ ਸਰਮਾਇਆ ਕੁਝ ਹੱਥਾਂ ਵਿਚ ਇਕੱਠਾ ਹੋਈ ਜਾਂਦਾ ਹੈ ਤੇ ਬਾਕੀ ਜਨਤਾ ਗਰੀਬ ਤੋਂ ਗਰੀਬ ਹੋਈ ਜਾਂਦੀ ਹੈ। ਸਰਮਾਇਆ ਇਕੱਠਾ ਹੋਣ ਕਰਕੇ ਉਨ੍ਹਾਂ ਦੀ ਭੁੱਖ ਹੋਰ ਵਧਦੀ ਜਾਂਦੀ ਹੈ ਤੇ ਉਨ੍ਹਾਂ ਦਾ ਆਪਸ ਵਿਚ ਮੁਕਾਬਲਾ ਸ਼ੁਰੂ ਹੋ ਜਾਂਦਾ ਹੈ। ਪਿਛਲੇ ਥੋੜ੍ਹੇ ਸਮੇਂ ਵਿਚ ਹੋਏ ਦੋ ਸੰਸਾਰ ਯੁੱਧ ਇਸੇ ਮੁਕਾਬਲੇ ਕਰਕੇ ਹੋਏ ਹਨ। ਇਨ੍ਹਾਂ ਸੰਸਾਰ ਯੁੱਧਾਂ ਵਿਚ ਮਾਨਵਤਾ ਦਾ ਜੋ ਘਾਣ ਹੋਇਆ, ਕਿਸੇ ਅੰਦਾਜ਼ੇ ਤੋਂ ਵੀ ਪਰ੍ਹੇ ਹੈ। ਇਸ ਵਾਸਤੇ ਇਹ ਵਿਕਾਸ ਮਾਨਵਤਾ ਦੇ ਭਲੇ ਲਈ ਨਹੀਂ, ਸਗੋਂ ਉਸ ਦੇ ਵਿਨਾਸ਼ ਦਾ ਕਾਰਨ ਬਣਦਾ ਹੈ। ਇਸੇ ਲਈ ਇਸ ਵਿਕਾਸ ਨੂੰ ਅਖੌਤੀ ਵਿਕਾਸ ਕਹਿਣਾ ਬਣਦਾ ਹੈ।

ਮਾਨਵ ਪੱਖੀ ਵਿਕਾਸ ਨਾਲ ਸਮੁੱਚੀ ਮਨੁੱਖਤਾ ਦਾ ਵਿਕਾਸ ਹੁੰਦਾ ਹੈ, ਜਿਸ ਨਾਲ ਸਾਰਿਆਂ ਨੂੰ ਚੰਗੀਆਂ ਸਿਹਤ ਸਹੂਲਤਾਂ, ਉੱਚ ਪਾਏ ਦੀ ਸਿੱਖਿਆ, ਸਨਮਾਨਯੋਗ ਰੁਜ਼ਗਾਰ ਅਤੇ ਆਪਸੀ ਭਾਈਚਾਰਕ ਸਾਂਝ ਬਣੀ ਰਹਿੰਦੀ ਹੈ। ਇਹ ਸਭ ਕੁਝ ਭਾਰਤ ਵਰਗੇ ਖੇਤੀ ਪ੍ਰਧਾਨ ਦੇਸ਼ ਵਿਚ ਖੇਤੀ ਨੂੰ ਲਾਹੇਵੰਦਾ ਧੰਦਾ ਬਣਾ ਕੇ ਹੀ ਸੰਭਵ ਹੋ ਸਕਦਾ ਹੈ। ਖੇਤੀ ਨਾਲ ਕੁਦਰਤ ਵਿਚੋਂ ਨਵਾਂ ਸਰਮਾਇਆ ਪੈਦਾ ਹੁੰਦਾ ਹੈ। ਕਿਸਾਨ ਇਸੇ ਸਰਮਾਏ ਵਿਚੋਂ ਆਪਣੇ ਨਾਲ ਕੰਮ ਅਤੇ ਸਹਾਇਤਾ ਕਰਨ ਵਾਲਿਆਂ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਦਿੰਦਾ ਹੈ। ਕਿਸਾਨ ਜ਼ਿੰਦਗੀ ਦੀਆਂ ਆਪਣੀਆਂ ਹੋਰ ਲੋੜਾਂ ਪੂਰੀਆਂ ਕਰਨ ਵਾਸਤੇ ਬਾਜ਼ਾਰ ਵਿਚੋਂ ਖਰੀਦ ਕਰਦਾ ਹੈ। ਬਾਜ਼ਾਰ ਦੀਆਂ ਅਨੇਕਾਂ ਵਸਤਾਂ ਉਦਯੋਗਾਂ ਵਿਚ ਪੈਦਾ ਹੁੰਦੀਆਂ ਹਨ, ਇਸ ਲਈ ਕਿਸਾਨ ਦੁਆਰਾ ਪੈਦਾ ਕੀਤੇ ਸਰਮਾਏ ਵਿਚੋਂ ਕੁਝ ਹਿੱਸਾ ਉਦਯੋਗਾਂ ਨੂੰ ਵੀ ਮਿਲਦਾ ਹੈ। ਇਸ ਤਰ੍ਹਾਂ ਖੇਤੀ ਦੁਆਰਾ ਪੈਦਾ ਹੋਇਆ ਸਰਮਾਇਆ ਕਿਸੇ ਇੱਕ ਦੇ ਹੱਥਾਂ ਵਿਚ ਇਕੱਠਾ ਹੋਣ ਦੀ ਥਾਂ ਇਸ ਦੀ ਸਮੁੱਚੇ ਸਮਾਜ ਵਿਚ ਸੁਯੋਗ ਵੰਡ ਹੁੰਦੀ ਹੈ ਅਤੇ ਸਮੁੱਚੇ ਸਮਾਜ ਦੀ ਖਰੀਦ ਸ਼ਕਤੀ ਵਧਦੀ ਹੈ। ਇਸ ਵੇਰਵੇ ਤੋਂ ਸਪਸ਼ਟ ਹੁੰਦਾ ਹੈ ਕਿ ਅਸਲ ਵਿਚ ਖੇਤੀ ਨੂੰ ਉੱਤਮ ਖੇਤੀ ਦਾ ਦਰਜਾ ਪ੍ਰਾਪਤ ਕਰਨ ਨਾਲ ਹੀ ਮਹਾਂਪੁਰਖਾਂ ਵਲੋਂ ਸੁਝਾਇਆ ਇੱਕ ਸਭਿਆ ਤੇ ਵਿਕਸਿਤ ਸਮਾਜ ਦਾ ਸਿਧਾਂਤ ਕਿਰਤ ਕਰੋ ਤੇ ਵੰਡ ਛਕੋ ਲਾਗੂ ਹੋ ਸਕਦਾ ਹੈ। ਇਹ ਹੀ ਮਾਨਵ ਵਿਕਾਸ ਦੀ ਨਿਸ਼ਾਨੀ ਹੈ।

ਸਾਡੀਆਂ ਕਿਸਾਨ ਜਥੇਬੰਦੀਆਂ ਨੇ ਪਹਿਲੀ ਵਾਰ ਕਿਸਾਨੀ ਮਸਲੇ ਦੀ ਅਸਲ ਜੜ੍ਹ ਨੂੰ ਫੜਿਆ ਹੈ। ਮੈਨੂੰ ਇਹ ਮੰਨਣ ਵਿਚ ਝਿਜਕ ਨਹੀਂ ਲਗਦੀ ਕਿ ਸਰਕਾਰ ਨੇ ਤਿੰਨ ਕਾਨੂੰਨਾਂ ਵਾਲੀ ਛਿੜ ਛੇੜ ਕੇ ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ ਅਨੁਸਾਰ ਕਿਸਾਨਾਂ ਨੂੰ ਜਗਾ ਦਿੱਤਾ, ਨਹੀਂ ਤਾਂ ਪਤਾ ਨਹੀਂ ਹੋਰ ਕਿੰਨਾ ਸਮਾਂ ਇਵੇਂ ਲੰਘ ਜਾਂਦਾ। ਹੁਣ ਕਿਸਾਨਾਂ ਨੇ ਆਪਣੇ ਸੰਗਰਸ਼ ਨੂੰ ਦੋ ਮੁੱਖ ਮੰਗਾਂ-ਸਵਾਮੀਨਾਥਨ ਦੀਆਂ ਸਿਫਾਰਸ਼ਾਂ ਅਨੁਸਾਰ ਐਮ. ਐੱਸ. ਪੀ. ਨੂੰ ਕਾਨੂੰਨੀ ਮਾਨਤਾ ਦਿਵਾਉਣਾ ਅਤੇ ਕਿਸਾਨੀ ਨੂੰ ਤਬਾਹ ਕਰਨ ਵਾਲੇ ਤਿੰਨਾਂ ਕਾਲੇ ਕਾਨੂੰਨਾਂ ਦੀ ਵਾਪਸੀ ਨੂੰ ਪ੍ਰਮੁੱਖਤਾ ਦੇ ਕੇ ਠੀਕ ਰਾਹ ਚੁਣਿਆ ਹੈ।

ਹੁਣ ਤੱਕ ਇਸ ਅੰਦੋਲਨ ਨੇ ਮਾਨਵ ਪੱਖੀ ਵਿਕਾਸ ਦੀ ਆਪਸੀ ਭਾਈਚਾਰੇ ਵਾਲੀ ਬਹੁਤ ਵੱਡੀ ਤੇ ਅਹਿਮ ਸਫਲਤਾ ਤਾਂ ਪ੍ਰਾਪਤ ਕਰ ਵੀ ਲਈ ਹੈ। ਪਿਛਲੇ ਸਮੇਂ ਤੋਂ ਸਾਡੇ ਹਾਕਮਾਂ, ਬਹੁਤੇ ਸਿਆਸਤਦਾਨਾਂ ਤੇ ਅਖੌਤੀ ਧਾਰਮਿਕ ਆਗੂਆਂ ਨੇ ਆਪਸੀ ਭਾਈਚਾਰੇ ਨੂੰ ਤਾਰ ਤਾਰ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਹੁਣ ਇਨ੍ਹਾਂ ਅੰਦੋਲਨਕਾਰੀਆਂ ਵਿਚ ਅਜਿਹਾ ਕੋਈ ਆਪਸੀ ਮਤਭੇਦ ਨਹੀਂ ਦਿਸਦਾ। ਹਰੇਕ ਅੰਦੋਲਨਕਾਰੀ ਆਪੋ ਆਪਣਾ ਕੰਮ ਕਰਕੇ, ਇਹ ਕੰਮ ਭਾਵੇਂ ਸਫਾਈ ਕਰਨ ਦਾ ਹੋਵੇ, ਜੁੱਤੀਆਂ ਪਾਲਿਸ਼ ਕਰਨ ਦਾ ਹੋਵੇ, ਖਾਣਾ ਆਦਿ ਬਣਾਉਣ ਦਾ ਹੋਵੇ ਜਾਂ ਸਟੇਜ ਸੰਭਾਲਣ ਦਾ ਹੋਵੇ, ਆਪੋ ਆਪਣਾ ਫਰਜ਼ ਨਿਭਾ ਕੇ ਸੰਤੁਸ਼ਟ ਅਤੇ ਮਾਣ ਮਹਿਸੂਸ ਕਰਦਾ ਹੈ। ਹਰੇਕ ਅੰਦੋਲਨਕਾਰੀ ਨੂੰ ਪੂਰਾ ਪੂਰਾ ਮਾਣ ਸਨਮਾਨ ਵੀ ਮਿਲ ਰਿਹਾ ਹੈ। ਦੇਖਣ 'ਤੇ ਇਉਂ ਲਗਦਾ ਹੈ ਜਿਵੇਂ ਭਰੀ ਗਈ ਨਫਰਤ ਦੀ ਜ਼ਹਿਰ ਨੇ ਹਰੇਕ ਮਨੁੱਖ ਨੂੰ ਅੰਦਰ ਤੱਕ ਸਾੜਿਆ ਪਿਆ ਸੀ ਅਤੇ ਸਾਰੇ ਮਾਨਸਿਕ ਠੰਡ ਵਾਸਤੇ ਤਰਸੇ ਪਏ ਸਨ, ਇਹ ਠੰਡ ਇਸ ਅੰਦੋਲਨ ਨਾਲ ਵਰਤ ਗਈ। ਅਸੀਂ ਦੇਖਦੇ ਹਾਂ ਕਿ ਬਾਰਡਰਾਂ 'ਤੇ ਧਰਨੇ ਵਿਚ ਬੈਠੇ ਅੰਦੋਲਨਕਾਰੀਆਂ ਵਿਚਲੇ ਇਸ ਆਪਸੀ ਪ੍ਰੇਮ ਦਾ ਸੁਨੇਹਾ ਸਮੁੱਚੇ ਭਾਰਤ ਵਿਚ ਫੈਲ ਰਿਹਾ ਹੈ ਤੇ ਹੋ ਰਹੇ ਵੱਡੇ ਵੱਡੇ ਇਕੱਠਾਂ ਵਿਚ ਲੋਕ ਆਪਸੀ ਵਖਰੇਵਿਆਂ ਨੂੰ ਭੁੱਲ ਭੁਲਾ ਕੇ ਮਨੁੱਖੀ ਏਕਤਾ ਦਾ ਸੁਨੇਹਾ ਦੇ ਰਹੇ ਹਨ। ਉਮੀਦ ਬੱਝਦੀ ਹੈ ਕਿ ਇਹ ਅੰਦੋਲਨ ਸਮੁੱਚੇ ਸਮਾਜਿਕ ਤਾਣੇ-ਬਾਣੇ ਵਿਚ ਇਹ ਭਾਈਚਾਰਕ ਸਾਂਝ ਪੱਕੀ ਕਰੇਗਾ।




ਇਹ ਅੰਦੋਲਨ ਜਿਸ ਤਰ੍ਹਾਂ ਸ਼ਾਂਤੀਪੂਰਵਕ ਅਤੇ ਅਨੁਸ਼ਾਸਿਤ ਤਰੀਕੇ ਨਾਲ ਅੱਗੇ ਵੱਧ ਰਿਹਾ ਹੈ, ਇਸ ਤੋਂ ਇਸ ਦੇ ਆਪਣੇ ਮਿਸ਼ਨ ਵਿਚ ਸਫਲ ਹੋਣ ਦੀ ਪੂਰੀ ਪੂਰੀ ਸੰਭਾਵਨਾ ਹੈ, ਭਾਵੇਂ ਇਸ ਦਾ ਵਾਹ ਸਾਡੀ ਇੱਕ ਵਿਲੱਖਣ ਲੋਕਤੰਤਰੀ ਸਰਕਾਰ ਨਾਲ ਪੈ ਰਿਹਾ ਹੈ। ਕੋਈ ਵੀ ਲੋਕਤੰਤਰੀ ਸਰਕਾਰ ਆਪਣੇ ਲੋਕਾਂ ਦੀ ਦੁਸ਼ਮਣ ਨਹੀਂ ਹੁੰਦੀ, ਪਰ ਸਾਡੀ ਅਜੋਕੀ ਸਰਕਾਰ ਤਾਂ ਸਗੋਂ ਕਿਸੇ ਸੰਵੇਦਨਹੀਣ ਤੇ ਇਖਲਾਕਹੀਣ ਦੁਸ਼ਮਣ ਵਰਗਾ ਬਣਨ ਤੋਂ ਵੀ ਨਹੀਂ ਕਤਰਾਉਂਦੀ। ਅਜਿਹੇ ਦੁਸ਼ਮਣ ਬਾਰੇ ਹੀ ਕਿਹਾ ਜਾਂਦਾ ਹੈ, "ਦੁਸ਼ਮਣ ਬਾਤ ਕਰੇ ਅਣਹੋਣੀ", ਕਿਉਂਕਿ ਅਜਿਹੇ ਦੁਸ਼ਮਣ ਨੂੰ ਆਪਣੇ ਗਲਤ ਤੋਂ ਗਲਤ ਕੀਤੇ ਕੰਮ 'ਤੇ ਨਾ ਕੋਈ ਸ਼ਰਮਿੰਦਗੀ ਹੁੰਦੀ ਹੈ ਤੇ ਨਾ ਹੀ ਕਿਸੇ ਨੂੰ ਕੋਝੇ ਤੋਂ ਕੋਝੇ ਤਰੀਕੇ ਨਾਲ ਸਜ਼ਾ ਦੇਣ ਤੋਂ ਹੱਟਣ ਵਾਸਤੇ ਕੋਈ ਸੰਵੇਦਨਾ ਦਾ ਅਹਿਸਾਸ ਹੁੰਦਾ ਹੈ। ਅੰਦੋਲਨਕਾਰੀਆਂ ਦਾ ਵਾਹ ਵੀ ਅਜਿਹੀ ਸਰਕਾਰ ਨਾਲ ਹੀ ਪਿਆ ਲਗਦਾ ਹੈ। ਅੰਦੋਲਨ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਅੰਦੋਲਨਕਾਰੀਆਂ ਨਾਲ ਵਰਤਾਅ ਦੀਆਂ ਕਿੰਨੀਆਂ ਹੀ ਅਜਿਹੀਆਂ ਸ਼ਰਮਨਾਕ ਮਿਸਾਲਾਂ ਦੇਖੀਆਂ ਜਾ ਸਕਦੀਆਂ ਹਨ। ਛੱਬੀ ਜਨਵਰੀ ਤੋਂ ਪਿੱਛੋਂ ਤਾਂ ਉਨ੍ਹਾਂ ਹੱਦ ਹੀ ਕਰ ਦਿੱਤੀ ਜਦੋਂ ਅੰਦੋਲਨਕਾਰੀਆਂ ਨੂੰ, ਜਿਨ੍ਹਾਂ ਵਿਚ ਔਰਤਾਂ, ਬੱਚੇ ਤੇ ਬੁੱਢੇ ਵੀ ਸ਼ਾਮਲ ਹਨ, ਨੂੰ ਅੰਦੋਲਨ ਛੱਡਣ ਲਈ ਮਜਬੂਰ ਕਰਨ ਵਾਸਤੇ ਬਿਜਲੀ-ਪਾਣੀ ਤਾਂ ਬੰਦ ਕੀਤਾ ਹੀ, ਆਰਜੀ ਪਖਾਨੇ ਵੀ ਚੁਕਵਾ ਦਿੱਤੇ। ਕੀ ਕਿਸੇ ਥੋੜ੍ਹੀ ਜਿਹੀ ਸੰਵੇਦਨਾ ਰੱਖਣ ਵਾਲੇ ਤੋਂ ਅਜਿਹੀ ਹਰਕਤ ਦੀ ਤਵੱਕੋਂ ਕੀਤੀ ਜਾ ਸਕਦੀ ਹੈ? ਅਜੇ ਵੀ ਪਤਾ ਨਹੀਂ ਇਨ੍ਹਾਂ ਕੀ ਕੁਝ ਹੋਰ ਕਰਨਾ ਹੈ ਅਤੇ ਕਈ ਵਾਰ ਤਾਂ ਇਹ ਵੀ ਲਗਦਾ ਹੈ, ਜਿਵੇਂ ਇਨ੍ਹਾਂ 'ਦੁਸ਼ਮਣ ਬਾਤ ਕਰੇ ਅਣਹੋਣੀ' ਨੂੰ ਵੀ ਮਾਤ ਪਾਉਣ ਦੀ ਠਾਣੀ ਹੋਈ ਹੈ। ਇਸ ਤਰ੍ਹਾਂ ਦੇ ਦੁਸ਼ਮਣ ਦਾ ਟਾਕਰਾ ਸਾਡੇ ਕਿਸਾਨ ਨੇਤਾ ਤੇ ਅੰਦੋਲਨਕਾਰੀ ਪੂਰੇ ਸੰਜਮ, ਸ਼ਾਂਤੀ ਅਤੇ ਅਨੁਸ਼ਾਸਨ ਨਾਲ ਕਰ ਰਹੇ ਹਨ ਤੇ ਜਿੱਤ ਵੀ ਪਾਉਣਗੇ।

ਸਰਕਾਰ ਨੇ ਬਾਈ ਜਨਵਰੀ ਤੋਂ ਪੂਰੀ ਢੀਠਤਾਈ ਨਾਲ ਚੁੱਪ ਵੱਟੀ ਹੋਈ ਹੈ। ਸਰਕਾਰ ਸੋਚਦੀ ਹੈ ਕਿ ਹਾੜ੍ਹੀ ਕਾਰਨ ਕਿਸਾਨ ਕਣਕ ਨੂੰ ਸੰਭਾਲਣ ਵਾਸਤੇ ਪਿੰਡਾਂ ਨੂੰ ਜਾਣ ਲੱਗ ਪੈਣਗੇ ਤੇ ਅੰਦੋਲਨ ਆਪਣੇ ਆਪ ਕਮਜ਼ੋਰ ਪੈ ਜਾਵੇਗਾ। ਸਰਕਾਰ ਦੀ ਇਹ ਸੋਚ ਬਹੁਤ ਹੀ ਅਨਾੜੀਆਂ ਵਾਲੀ ਲਗਦੀ ਹੈ। ਕਿਸਾਨ ਪਹਿਲਾਂ ਹੀ ਇਹ ਐਲਾਨ ਕਰ ਚੁਕੇ ਹਨ ਕਿ ਉਹ ਆਪਸੀ ਸਹਿਯੋਗ ਨਾਲ ਹਾੜ੍ਹੀ ਵੀ ਸੰਭਾਲ ਲੈਣਗੇ, ਪਰ ਮੋਰਚੇ ਨੂੰ ਵੀ ਢਿੱਲ੍ਹਾ ਨਹੀਂ ਪੈਣ ਦੇਣਗੇ। ਕਿਸਾਨ ਆਗੂਆਂ ਨੇ ਦਿੱਲੀ ਦੇ ਬਾਰਡਰਾਂ 'ਤੇ ਧਰਨਾ ਕਾਇਮ ਰੱਖਣ ਦੇ ਨਾਲ ਨਾਲ ਆਪਣਾ ਸੰਘਰਸ਼ ਤੇਜ ਕਰਨ ਵਾਸਤੇ ਭਾਰਤ ਦੇ ਕੋਨੇ ਕੋਨੇ ਵਿਚ ਜਾ ਕੇ ਸਮੁੱਚੇ ਭਾਰਤ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੇ ਏਸ ਕਦਮ ਦਾ ਬਹੁਤ ਹੀ ਹਾਂ ਪੱਖੀ ਹੁੰਗਾਰਾ ਮਿਲ ਰਿਹਾ ਹੈ ਅਤੇ ਇਹ ਅੰਦੋਲਨ ਦਿਨੋਂ ਦਿਨ ਵਿਸ਼ਾਲ ਹੋ ਕੇ ਆਪਣੇ ਨਿਸ਼ਾਨੇ ਦੀ ਪੂਰਤੀ ਵੱਲ ਕਾਮਯਾਬੀ ਨਾਲ ਅੱਗੇ ਵੱਧ ਰਿਹਾ ਹੈ।

ਹੁਣ ਇਹ ਅੰਦੋਲਨ ਪੱਕੇ ਪੈਰੀਂ ਹੋ ਕੇ ਇੱਕ ਨਿਵੇਕਲੇ ਮਾਨਵਪੱਖੀ ਇਨਕਲਾਬ ਵੱਲ ਵੱਧ ਰਿਹਾ ਹੈ। ਇਸ ਨਿਵੇਕਲੇ ਇਨਕਲਾਬ ਨਾਲ ਕਿਰਤੀਆਂ ਤੇ ਕਿਸਾਨਾਂ ਦੀ ਲੁੱਟ ਤਾਂ ਬੰਦ ਹੋਵੇਗੀ, ਪਰ ਕਿਸੇ ਤੋਂ ਕੁਝ ਵੀ ਖੋਹਿਆ ਨਹੀਂ ਜਾਵੇਗਾ। ਇਸ ਨਾਲ ਅਜੋਕੇ ਅਖੌਤੀ ਉਦਯੋਗਿਕ ਵਿਕਾਸ ਵਾਲੇ ਅਰਥਚਾਰੇ, ਜਿਸ ਅਨੁਸਾਰ ਕਿਸਾਨਾਂ ਤੇ ਹੋਰ ਮਿਹਨਤਕਸ਼ਾਂ ਦੀ ਲੁੱਟ ਕਰਕੇ ਸਰਮਾਇਆ ਕੁਝ ਧਨਾਢਾਂ ਕੋਲ ਇਕੱਠਾ ਹੁੰਦਾ ਜਾਂਦਾ ਹੈ, ਨੂੰ ਖਤਮ ਕਰਕੇ ਖੇਤੀਬਾੜੀ ਦੁਆਰਾ ਪੈਦਾ ਹੋਏ ਸਰਮਾਏ ਦੀ ਸੁਚੱਜੀ ਵੰਡ ਵਾਲਾ ਅਰਥਚਾਰਾ ਸਥਾਪਤ ਕਰਨਾ ਹੈ। ਇਸ ਤਰ੍ਹਾਂ ਦੇ ਅਰਥਚਾਰੇ ਨਾਲ ਸਮੁੱਚੇ ਸਮਾਜ ਦੀ ਖਰੀਦ ਸ਼ਕਤੀ ਵਧੇਗੀ, ਜਿਸ ਨਾਲ ਉਦਯੋਗਾਂ ਦਾ ਵੀ ਸਹੀ ਅਰਥਾਂ ਵਿਚ ਵਿਕਾਸ ਹੋਵੇਗਾ।



ਐਸ ਵੇਲੇ ਕਿਸਾਨ ਅੰਦੋਲਨ ਅਨੇਕਾਂ ਰੁਕਾਵਟਾਂ, ਔਕੜਾਂ ਤੇ ਸਾਜਿਸ਼ਾਂ ਉੱਪਰ ਜਿੱਤ ਪਾ ਕੇ ਨਿਰਣਾਇਕ ਮੋੜ 'ਤੇ ਪਹੁੰਚ ਚੁਕਾ ਹੈ। ਅਜੇ ਵੀ ਅੰਦੋਲਨ ਦਾ ਅਗਲਾ ਰਾਹ ਐਨਾ ਸੌਖਾ ਨਹੀਂ ਹੈ, ਕਿਉਂਕਿ ਜਿਹੜੇ ਲੋਕਾਂ ਨੂੰ ਲੁੱਟ ਦੀ ਕਮਾਈ ਦਾ ਲਹੂ ਮੂੰਹ ਲੱਗਿਆ ਹੈ, ਉਹ ਹਰ ਤਰ੍ਹਾਂ ਦੇ ਅੜਿਕੇ ਡਾਹੁੰਦੇ ਰਹਿਣਗੇ। ਇਹ ਸਾਡੀ ਖੁਸ਼ਮਤੀ ਹੈ ਕਿ ਸਾਡੇ ਕਿਸਾਨ ਆਗੂ ਇਸ ਬਾਰੇ ਪੂਰੀ ਤਰ੍ਹਾਂ ਚੇਤੰਨ ਹਨ ਅਤੇ ਉਹ ਅੰਦੋਲਨ ਨੂੰ ਪੂਰਨ ਸਫਲਤਾ ਤੱਕ ਪਹੁੰਚਾਉਣ ਵਾਸਤੇ ਪੂਰੀ ਤਰ੍ਹਾਂ ਸਮਰੱਥ ਵੀ ਹਨ। ਉਹ ਨਾਲੋਂ ਨਾਲ ਆਪਣੇ ਕੇਡਰ ਨੂੰ ਇਸ ਬਾਰੇ ਜਾਗ੍ਰਿਤ ਵੀ ਕਰਦੇ ਰਹਿੰਦੇ ਹਨ।

ਕਿਸਾਨਾਂ ਦੀਆਂ ਮੰਗਾਂ ਦੇ ਨਿਪਟਾਰੇ ਵਿਚ ਸਭ ਤੋਂ ਵੱਡਾ ਅੜਿੱਕਾ ਸਿਰੇ ਦੇ ਵੱਡੇ ਕੌਮਾਂਤਰੀ ਤੇ ਕੌਮੀ ਧਨਾਢ (ਕਾਰਪੋਰੇਟਸ) ਹਨ। ਕਿਸਾਨ ਅੰਦੋਲਨ ਨਾਲ ਆਮ ਲੋਕ ਇਸ ਗੱਲ ਤੋਂ ਭਲੀਭਾਂਤ ਜਾਣੂ ਹੋ ਗਏ ਹਨ ਕਿ ਬਹੁਤ ਸਮੇਂ ਤੋਂ ਲਗਪਗ ਸਾਰੇ ਦੇਸ਼ਾਂ ਦੀਆਂ ਹਕੂਮਤਾਂ ਉਥੋਂ ਦੇ ਕਾਰਪੋਰੇਟ ਘਰਾਣਿਆਂ ਦੀ ਮਰਜੀ ਅਨੁਸਾਰ ਹੀ ਚੱਲ ਰਹੀਆਂ ਹਨ। ਇਨ੍ਹਾਂ ਕਾਰਪੋਰਟਸ ਨੇ ਚੋਣਾਂ ਐਨੀਆਂ ਮਹਿੰਗੀਆਂ ਕਰ ਦਿੱਤੀਆਂ ਗਈਆਂ ਹਨ ਕਿ ਹਰ ਦੇਸ਼ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਚੋਣਾਂ ਵਾਸਤੇ ਫੰਡਾਂ ਲਈ ਇਨ੍ਹਾਂ 'ਤੇ ਨਿਰਭਰ ਹੋ ਗਈਆਂ ਹਨ ਅਤੇ ਸਰਕਾਰ ਬਣਨ 'ਤੇ ਉਹ ਇਨ੍ਹਾਂ ਦੀ ਮਰਜੀ ਤੋਂ ਪਾਸੇ ਨਹੀਂ ਜਾ ਸਕਦੀਆਂ। ਇਨ੍ਹਾਂ ਕਾਰਪੋਰੇਟਰਾਂ ਨੇ ਆਪਣੀਆਂ ਕੌਮਾਂਤਰੀ ਜਥੇਬੰਦੀਆਂ ਬਣਾ ਕੇ ਹਿਟਲਰ ਦੀ ਸੋਚ ਵਾਂਗ ਸਾਰੀ ਦੁਨੀਆਂ ਨੂੰ ਆਪਣੀ ਮੁੱਠੀ ਵਿਚ ਕਰਨ ਦੀ ਧਾਰੀ ਹੋਈ ਹੈ ਤੇ ਉਹ ਕਾਫੀ ਹੱਦ ਤੱਕ ਆਪਣੇ ਮਿਸ਼ਨ ਵਿਚ ਸਫਲ ਵੀ ਹੋ ਰਹੇ ਹਨ। ਸਮੁੱਚੀ ਦੁਨੀਆਂ ਦੀ ਆਮ ਲੋਕਾਈ ਦੀ ਲੁੱਟ ਕਰ ਕਰਕੇ ਉਨ੍ਹਾਂ ਨੂੰ ਕੰਧ ਤੱਕ ਧੱਕ ਦਿੱਤਾ ਗਿਆ ਹੈ ਤੇ ਹੁਣ ਵਿਰੋਧ ਦੀਆਂ ਆਵਾਜ਼ਾਂ ਉੱਠਣ ਵੀ ਲੱਗੀਆਂ ਹਨ। ਇਨ੍ਹਾਂ ਕਾਰਪੋਰੇਟਰਾਂ ਨੂੰ ਫਿਕਰ ਹੈ ਕਿ ਜੇ ਭਾਰਤ ਦੇ ਕਿਸਾਨਾਂ ਦੀ ਮੰਗ ਮੰਨ ਲਈ ਗਈ ਤਾਂ ਕਿਤੇ ਬਾਕੀ ਦੇ ਮੁਲਕਾਂ ਵਿਚ ਅੰਦੋਲਨ ਉੱਠ ਕੇ ਉਨ੍ਹਾਂ ਦੇ ਸਾਮਰਾਜ ਨੂੰ ਹੀ ਢਹਿ ਢੇਰੀ ਨਾ ਕਰ ਦੇਣ। ਇਸੇ ਕਰਕੇ ਉਹ ਆਪਣੇ ਦਲਾਲ ਹਾਕਮਾਂ ਨੂੰ ਗੱਲ ਸਿਰੇ ਨਹੀਂ ਲਾਉਣ ਦੇ ਰਹੇ, ਪਰ ਕਿਸਾਨ ਅੰਦੋਲਨ ਹੁਣ ਇੱਕ ਜਨ ਅੰਦੋਲਨ ਬਣ ਕੇ ਇਨ੍ਹਾਂ ਦੀਆਂ ਕੋਝੀਆਂ ਇੱਛਾਵਾਂ ਪੂਰੀਆਂ ਨਹੀਂ ਹੋਣ ਦੇਵੇਗਾ। ਕਾਰਪੋਰੇਟਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਸ ਅੰਦੋਲਨ ਦੀਆਂ ਮੰਗਾਂ ਕਿਸਾਨਾਂ, ਕਿਰਤੀਆਂ ਤੇ ਆਮ ਲੋਕਾਂ ਦੀ ਹੋ ਰਹੀ ਲੁੱਟ ਨੂੰ ਰੋਕਣਾ ਹੈ, ਨਾ ਕਿ ਕਿਸੇ ਕਾਰਪੋਰੇਟ ਤੋਂ ਕੁਝ ਖੋਹਣਾ। ਪਰ ਇਹ ਗੱਲਾਂ ਇਨ੍ਹਾਂ ਕਾਰਪੋਰੇਟਰਾਂ ਦੇ ਪੱਲੇ ਨਹੀਂ ਪੈਂਦੀਆਂ, ਕਿਉਂਕਿ ਮਾਇਆਧਾਰੀ ਅੰਨਾ ਬੋਲਾ ਤਾਂ ਹੁੰਦਾ ਹੀ ਹੈ ਅਤੇ ਹੁਣ ਤਾਂ ਇਨ੍ਹਾਂ ਅੰਦਰ ਹਿਟਲਰ ਦੀ ਰੂਹ ਵੀ ਸਮਾਈ ਹੋਈ ਹੈ।

ਉਪਰੋਕਤ ਤੋਂ ਇਲਾਵਾ ਸਾਡੇ ਦੇਸ਼ ਦੇ ਉਪਰਲੇ ਪੰਜ ਪ੍ਰਤੀਸ਼ਤ ਲੋਕ, ਜਿਨ੍ਹਾਂ ਵਿਚ ਉੱਪਰਲੀ ਬਿਊਰੋਕ੍ਰੇਸੀ, ਸਿਆਸੀ ਪਾਰਟੀਆਂ ਦੇ ਬਹੁਤੇ ਵਿਧਾਨਕਾਰ, ਅਮੀਰ ਵਪਾਰੀ ਤੇ ਬਹੁਤ ਵੱਡੇ ਜ਼ਿਮੀਂਦਾਰ ਸ਼ਾਮਲ ਹਨ, ਇਨ੍ਹਾਂ ਕਾਨੂੰਨਾਂ ਨੂੰ ਆਪਣੇ ਹਿਤ ਵਿਚ ਸਮਝਦੇ ਹਨ, ਕਿਉਂਕਿ ਲੁੱਟ ਵਿਚੋਂ ਉਨ੍ਹਾਂ ਨੂੰ ਬਣਦਾ ਹਿੱਸਾ ਮਿਲਦਾ ਰਹਿੰਦਾ ਹੈ। ਸਰਕਾਰ ਵਿਚ ਵੀ ਇਨ੍ਹਾਂ ਦਾ ਪੂਰਾ ਪ੍ਰਭਾਵ ਹੈ। ਇਹ ਲੋਕ ਮਨਾਂ ਦੀ ਹਮਦਰਦੀ ਜਿੱਤਣ ਵਾਸਤੇ ਭਾਵੇਂ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਦੇ ਹਨ, ਪਰ ਅੰਦਰੋਂ ਇਹ ਉਨ੍ਹਾਂ ਦੇ ਹਮਾਇਤੀ ਹੀ ਹਨ। ਇਨ੍ਹਾਂ 'ਤੇ ਭਰੋਸਾ ਕਰਕੇ ਇਨ੍ਹਾਂ ਤੋਂ ਉਮੀਦ ਰੱਖਣੀ ਕੋਈ ਸਿਆਣਪ ਨਹੀਂ ਹੈ। ਇਸੇ ਕਰਕੇ ਕਿਸਾਨ ਮੁਖੀਆਂ ਨੇ ਇਨ੍ਹਾਂ ਅਤੇ ਸਿਆਸੀ ਪਾਰਟੀਆਂ ਨੂੰ ਆਪਣੇ ਅੰਦੋਲਨ ਤੋਂ ਹਰ ਸੰਭਵ ਯਤਨ ਕਰਕੇ ਦੂਰ ਹੀ ਰੱਖਿਆ ਹੈ।

ਸਾਨੂੰ ਸਾਰੇ ਭਾਰਤਵਾਸੀਆਂ ਨੂੰ ਅੰਦੋਲਨਕਾਰੀਆਂ ਦੇ ਸ਼ੁਕਰਗੁਜਾਰ ਹੋਣਾ ਚਾਹੀਦਾ ਹੈ, ਜਿਨ੍ਹਾਂ ਨੇ ਅਨੇਕਾਂ ਰੁਕਾਵਟਾਂ ਨੂੰ ਆਪਣੀ ਮਿਹਨਤ, ਲਗਨ ਤੇ ਸਿਆਣਪ ਨਾਲ ਪਾਰ ਕਰਦਿਆਂ ਅੰਦੋਲਨ ਨੂੰ ਇਸ ਉਚੇ ਪੱਧਰ 'ਤੇ ਲੈ ਆਂਦਾ ਹੈ। ਸਾਨੂੰ ਇਹ ਵੀ ਭੁਲਣਾ ਨਹੀਂ ਚਾਹੀਦਾ ਕਿ ਅਸਲ ਵਿਚ ਅੱਜ ਅਸੀਂ ਆਜ਼ਾਦੀ ਅਤੇ ਗੁਲਾਮੀ ਦੇ ਦੋਰਾਹੇ 'ਤੇ ਹਾਂ, ਜਿਥੋਂ ਜੇ ਅੰਦੋਲਨ ਸਫਲ ਹੁੰਦਾ ਹੈ ਤਾਂ ਸਾਡੀ ਆਜ਼ਾਦੀ ਕਾਇਮ ਰਹਿ ਸਕਦੀ ਹੈ, ਪਰ ਜੇ ਅਸਫਲ ਹੁੰਦੇ ਤਾਂ ਸਾਨੂੰ ਗੁਲਾਮੀ ਤੋਂ ਕੋਈ ਬਚਾ ਨਹੀਂ ਸਕਦਾ। ਸਾਡੀ ਪਹਿਲਾਂ ਵਾਲੀ ਗੁਲਾਮੀ ਈਸਟ ਇੰਡੀਆ ਕੰਪਨੀ ਦੇ ਕਾਰਨ ਆਈ ਸੀ, ਪਰ ਹੁਣ ਤਾਂ ਕਾਰਪੋਰੇਟਰਾਂ ਦੀਆਂ ਸਾਂਝੀਆਂ ਜਥੇਬੰਦੀਆਂ ਸਾਨੂੰ ਗੁਲਾਮ ਬਣਾਉਣਗੀਆਂ ਤੇ ਇਸ ਗੁਲਾਮੀ ਤੋਂ ਖਹਿੜਾ ਛੁਡਾਉਣਾ ਅਨੰਤ ਕਾਲ ਤੱਕ ਸੰਭਵ ਨਹੀਂ ਹੋ ਸਕੇਗਾ। ਇਹ ਇੱਕ ਸੱਚਾਈ ਹੈ ਕਿ ਗੁਲਾਮੀ ਦੇ ਦੁੱਖ ਆਮ ਲੋਕਾਂ ਨੂੰ ਹੀ ਝੱਲਣੇ ਪੈਂਦੇ ਹਨ, ਇਨ੍ਹਾਂ ਉਪਰਲੇ ਪੰਜ ਪ੍ਰਤੀਸ਼ਤ ਲੋਕਾਂ ਨੂੰ ਨਹੀਂ। ਇਸ ਵਾਸਤੇ ਸਾਨੂੰ ਸਮੁੱਚੇ ਭਾਰਤ ਵਾਸੀਆਂ ਨੂੰ ਹੁਣ ਪੂਰੇ ਤਨ ਮਨ ਨਾਲ ਅੰਦੋਲਨਕਾਰੀਆਂ ਨਾਲ ਜੁੜ ਕੇ ਸਫਲਤਾ ਦਾ ਰਾਹ ਪੱਧਰਾ ਕਰਨਾ ਚਾਹੀਦਾ ਹੈ, ਨਹੀਂ ਤਾਂ ਇਹ ਮੌਕਾ ਫੇਰ ਛੇਤੀ ਕੀਤੇ ਨਹੀਂ ਮਿਲਣਾ।

ਅਜਿਹੇ ਮੌਕੇ ਪ੍ਰਧਾਨ ਮੰਤਰੀ ਮੋਦੀ ਕੋਲ ਵੀ ਦੋ ਰਾਹ ਹਨ। ਇੱਕ ਤਾਂ ਉਹ ਕਾਰਪੋਰੇਟਰਾਂ ਦੀ ਹਮਾਇਤ ਨਾਲ ਹਿਟਲਰੀ ਰਸਤੇ 'ਤੇ ਚੱਲ ਕੇ ਤਾਕਤ ਦੀ ਵਰਤੋਂ ਕਰਕੇ ਇਸ ਅੰਦੋਲਨ ਨੂੰ ਖਤਮ ਕਰ ਸਕਦੇ ਹਨ, ਜੋ ਚੱਲ ਰਹੇ ਹਾਲਤ ਅਨੁਸਾਰ ਬਹੁਤ ਹੀ ਮੁਸ਼ਕਿਲ ਤੇ ਘਾਤਕ ਹੋਵੇਗਾ। ਸਮੁੱਚੇ ਭਾਰਤ ਦੀ ਜਨਤਾ ਦੀ ਸ਼ਮੂਲੀਅਤ ਵਾਲੇ ਅੰਦੋਲਨ ਨੂੰ ਜ਼ੋਰ ਜਬਰ ਨਾਲ ਖਤਮ ਕਰਾਉਣਾ ਲਗਪਗ ਅਸੰਭਵ ਹੈ। ਇਥੇ ਮੈਂ ਇੱਕ ਇਤਿਹਾਸਕ ਘਟਨਾ ਦਸਣੀ ਚਾਹਾਂਗਾ। ਸਿਕੰਦਰ ਮਹਾਨ ਬਾਰੇ ਆਪਾਂ ਸਾਰਿਆਂ ਨੇ ਸੁਣਿਆ ਹੀ ਹੈ। ਇਸ ਨੂੰ ਸਾਰੀ ਦੁਨੀਆਂ 'ਤੇ ਰਾਜ ਕਰਨ ਦਾ ਸੁਪਨਾ ਆਇਆ ਸੀ ਤੇ ਸੁਪਨੇ ਨੂੰ ਸੱਚ ਕਰਨ ਵਾਸਤੇ ਗੁਆਂਢੀ ਰਾਜਾਂ 'ਤੇ ਹਮਲਾ ਕਰਕੇ ਕਬਜ਼ਾ ਕਰ ਲਿਆ। ਇਸ ਨਾਲ ਉਸ ਦੀ ਤਾਕਤ ਹੋਰ ਵਧ ਗਈ ਤੇ ਉਹ ਅੱਗੇ ਤੋਂ ਅੱਗੇ ਵਧਦਾ ਗਿਆ। ਪੰਜਾਬ 'ਚ ਆ ਕੇ ਉਸ ਨੇ ਕਿਸਾਨਾਂ ਨਾਲ ਪੰਗਾ ਲੈਣਾ ਸ਼ੁਰੂ ਕਰ ਦਿੱਤਾ। ਕਿਸਾਨ ਆਮ ਤੌਰ 'ਤੇ ਛੋਟੇ ਮੋਟੇ ਨੁਕਸਾਨ ਜਰ ਲੈਂਦਾ ਹੈ ਅਤੇ ਛੇਤੀ ਕੀਤੇ ਉਨ੍ਹਾਂ ਵਿਚ ਏਕਤਾ ਵੀ ਨਹੀਂ ਹੁੰਦੀ; ਪਰ ਸਿਕੰਦਰ ਹੱਦੋਂ ਵਧਣ ਲਗ ਪਿਆ ਤਾਂ ਕਿਸਾਨਾਂ ਨੇ ਇਕੱਠੇ ਹੋ ਕੇ ਦੇਸੀ ਟੰਬਿਆਂ ਨਾਲ ਹੀ ਫੌਜ ਦੀ ਭਾਜੜ ਪਵਾ ਦਿੱਤੀ। ਓਹੀ ਸਿਕੰਦਰ, ਜੋ ਵੱਡੇ ਵੱਡੇ ਰਾਜਿਆਂ ਨੂੰ ਹਰਾ ਕੇ ਲਗਾਤਾਰ ਅੱਗੇ ਵਧੀ ਜਾਂਦਾ ਸੀ, ਕਿਸਾਨਾਂ ਤੋਂ ਕੁੱਟ ਖਾ ਕੇ ਅੱਗੇ ਨਹੀਂ ਸੀ ਵਧ ਸਕਿਆ। ਹੁਣ ਟੰਬਿਆਂ ਦਾ ਜ਼ਮਾਨਾ ਤਾਂ ਨਹੀਂ ਰਿਹਾ, ਹੁਣ ਵੋਟਾਂ ਦਾ ਜ਼ਮਾਨਾ ਹੈ। ਜਿਸ ਤਰ੍ਹਾਂ ਸਮੁੱਚੇ ਭਾਰਤ ਦੇ ਕਿਸਾਨਾਂ ਵਿਚ ਏਕਤਾ ਹੋਈ ਹੈ ਤੇ ਉਨ੍ਹਾਂ ਨੂੰ ਜਿਸ ਤਰ੍ਹਾਂ ਆਮ ਜਨਤਾ ਦੀ ਹਮਾਇਤ ਮਿਲੀ ਹੈ, ਉਨ੍ਹਾਂ ਦਾ ਮੁਕਾਬਲਾ ਕਰਨਾ ਬੇਸਮਝੀ ਤੋਂ ਵੀ ਅੱਗੇ ਵੱਧ ਕੇ ਮੂਰਖਤਾ ਹੀ ਕਿਹਾ ਜਾ ਸਕਦਾ ਹੈ।

ਦੂਸਰਾ ਰਾਹ ਮੋਦੀ ਕੋਲ ਸਹੀ ਅਰਥਾਂ ਵਿਚ ਸੰਤ ਬਣਨ ਦਾ ਹੈ। ਇਸ ਵਾਸਤੇ ਉਨ੍ਹਾਂ ਕੋਲ ਸੁਨਹਿਰੀ ਮੌਕਾ ਵੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਅੰਦੋਲਨਕਾਰੀਆਂ ਦਾ ਮਾਣ ਰੱਖਦਿਆਂ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰ ਦੇਣ। ਇਸ ਵਾਸਤੇ ਉਹ ਪੂਰੀ ਤਰ੍ਹਾਂ ਸਮਰੱਥ ਵੀ ਹਨ, ਕਿਉਂਕਿ ਸਮੁੱਚਾ ਦੇਸ਼ ਉਨ੍ਹਾਂ ਨਾਲ ਹੋਵੇਗਾ ਤੇ ਪਾਰਲੀਮੈਂਟ ਵਿਚ ਵੀ ਉਨ੍ਹਾਂ ਦਾ ਕੋਈ ਵਿਰੋਧ ਨਹੀਂ ਕਰ ਸਕੇਗਾ। ਜੇ ਉਹ ਮੰਗਾਂ ਮੰਨ ਕੇ ਖੇਤੀ ਨੂੰ ਉੱਤਮ ਦਰਜਾ ਦਿਵਾਉਣ ਵਿਚ ਸਫਲ ਹੁੰਦੇ ਹਨ ਤਾਂ ਭਾਰਤ ਦੀ ਆਜ਼ਾਦੀ ਤਾਂ ਕਾਇਮ ਰਹੇਗੀ ਹੀ, ਨਾਲ ਦੀ ਨਾਲ ਥੋੜ੍ਹੇ ਹੀ ਸਾਲਾਂ ਵਿਚ ਸਮੁੱਚਾ ਭਾਰਤ ਆਤਮ ਨਿਰਭਰ ਹੋ ਜਾਵੇਗਾ। ਇਸ ਤਰ੍ਹਾਂ ਕਰਨ ਨਾਲ ਉਹ ਸਿਰਫ ਭਾਰਤ 'ਤੇ ਹੀ ਰਾਜ ਨਹੀਂ ਕਰਨਗੇ, ਸਗੋਂ ਲੋਕਾਂ ਦੇ ਦਿਲਾਂ 'ਤੇ ਸਦਾ ਸਦਾ ਲਈ ਰਾਜ ਕਰਨਗੇ। ਆਰ. ਐੱਸ. ਐੱਸ., ਜੋ ਸਵੈਮ ਸੇਵਕ ਸੰਸਥਾ ਹੈ, ਉਸ ਨੂੰ ਵੀ ਇਸ ਕੰਮ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਪੂਰੀ ਪੂਰੀ ਮਦਦ ਕਰਨੀ ਚਾਹੀਦੀ ਹੈ। ਇਹੀ ਇੱਕ ਰਸਤਾ ਹੈ, ਜਿਸ ਨਾਲ ਭਾਰਤ ਫਿਰ ਤੋਂ ਸੋਨੇ ਦੀ ਚਿੜੀ ਤੇ ਉਨ੍ਹਾਂ ਦੀ ਮਨੋਂ ਇੱਛਾ ਅਨੁਸਾਰ ਵਿਸ਼ਵ ਗੁਰੂ ਬਣ ਸਕਦਾ ਹੈ।

ਜੇ ਉਹ ਇਹ ਆਖਰੀ ਸੁਨਹਿਰੀ ਮੌਕਾ ਨਾ ਸੰਭਾਲ ਸਕੇ ਤਾਂ ਫੇਰ ਉਨ੍ਹਾਂ ਕੋਲ ਪਛਤਾਉਣ ਦਾ ਸਮਾਂ ਵੀ ਮੁਸ਼ਕਿਲ ਨਾਲ ਬਚੇਗਾ। ਆਮ ਦੇਖਿਆ ਜਾ ਰਿਹਾ ਹੈ ਕਿ ਉਨ੍ਹਾਂ ਦਾ ਕੇਡਰ ਉਨ੍ਹਾਂ ਤੋਂ ਨਿਰਾਸ਼ ਹੋ ਕੇ ਕਿਰਨਾ ਸ਼ੁਰੂ ਹੋ ਗਿਆ ਹੈ। ਕਿਸੇ ਨੂੰ ਵੀ ਗੱਪਾਂ ਨਾਲ ਸਬਜ਼ ਬਾਗ ਦਿਖਾ ਕੇ ਜਾਂ ਨਫਰਤ ਫੈਲਾ ਕੇ ਬਹੁਤਾ ਚਿਰ ਬੁੱਧੂ ਨਹੀਂ ਬਣਾਇਆ ਜਾ ਸਕਦਾ। ਇਸ ਲਈ ਉਨ੍ਹਾਂ ਨੂੰ ਸਮੇਂ ਦੀ ਸਹੀ ਨਬਜ਼ ਪਛਾਣ ਕੇ ਸਹੀ ਦਿਸ਼ਾ ਵਿਚ ਅੱਗੇ ਵਧਣਾ ਚਾਹੀਦਾ ਹੈ। ਇਸੇ ਵਿਚ ਹੀ ਉਨ੍ਹਾਂ ਦਾ ਤੇ ਸਮੁੱਚੇ ਦੇਸ਼ ਦਾ ਭਲਾ ਹੋ ਸਕਦਾ ਹੈ।

# ਕਿਸਾਨੀ ਸੰਘਰਸ਼ ਅਤੇ ਮਾਅਰਕੇਬਾਜ਼ਾਂ ਦੀ ਕੋਝੀ ਸਿਆਸਤ

ਮੌਜੂਦਾ ਕਿਸਾਨੀ ਸੰਘਰਸ਼ ਲੰਮਾ ਹੋਣ ਦੇ ਬਾਵਜੂਦ ਅਜੇ ਵੀ ਕਿਸਾਨ ਜਥੇਬੰਦੀਆਂ ਵਲੋਂ ਉਸੇ ਜਜ਼ਬੇ ਨਾਲ ਲੜਿਆ ਜਾ ਰਿਹਾ ਹੈ, ਜਿਸ ਜੋਸ਼ ਨਾਲ ਸ਼ੁਰੂ ਹੋਇਆ ਸੀ। ਇਹ ਸੰਘਰਸ਼ ਦੁਨੀਆਂ ਭਰ ਵਿਚ ਸ਼ਾਂਤੀਪੂਰਵਕ ਢੰਗ ਨਾਲ ਲੜੇ ਗਏ ਵੱਡੇ ਲੋਕ ਸੰਘਰਸ਼ਾਂ ਵਿਚ ਆਪਣੀ ਨਿਵੇਕਲੀ ਥਾਂ ਬਣਾ ਚੁੱਕਾ ਹੈ। ਇਤਨੇ ਵੱਡੇ ਲੋਕਾਂ ਦੇ ਇਕੱਠ ਨੂੰ ਆਪਣੀ ਸਟੇਟ ਤੋਂ ਬਾਹਰ 4 ਮਹੀਨੇ ਤੋਂ ਪੂਰੇ ਜ਼ਾਬਤੇ ਵਿਚ ਰੱਖਣਾ ਤੇ ਸੜਕਾਂ 'ਤੇ ਹੀ ਘਰ ਬਣਾ ਕੇ ਬੈਠ ਜਾਣਾ ਅਤੇ ਖਾਣ-ਪੀਣ ਜਾਂ ਰਹਿਣ ਦੀ ਕੋਈ ਦਿੱਕਤ ਨਾ ਆਉਣ ਦੇਣਾ, ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ। ਜਿਥੇ ਮੋਦੀ ਸਰਕਾਰ ਪਹਿਲਾਂ ਪੂਰੇ ਦਬਾਅ ਵਿਚ ਸੀ ਤੇ ਕਿਸੇ ਵੀ ਕੀਮਤ ਤੇ ਮਸਲਾ ਲੈ ਦੇ ਕੇ ਹੱਲ ਕਰਨ ਦੇ ਰੌਅ ਵਿਚ ਸੀ ਪਰ 26 ਜਨਵਰੀ ਦੀਆਂ ਘਟਨਾਵਾਂ ਤੋਂ ਬਾਅਦ ਸਰਕਾਰ ਸੰਘਰਸ਼ ਨੂੰ ਤਾਰਪੀਡੋ ਕਰਨ, ਲੋਕਾਂ ਵਿਚ ਭੜਕਾਹਟ ਪੈਦਾ ਕਰਨ, ਹਿੰਸਾ ਭੜਕਾਉਣ, ਬੇਚੈਨੀ ਪੈਦਾ ਕਰਨ ਦੇ ਨਾਲ-ਨਾਲ ਅਜਿਹਾ ਦਿਖਾਵਾ ਵੀ ਕਰ ਰਹੀ ਹੈ ਕਿ ਜਿਸ ਤਰ੍ਹਾਂ ਉਸਨੂੰ ਹੁਣ ਸੜਕਾਂ ਤੇ ਬੈਠੇ ਲੱਖਾਂ ਲੋਕ ਦਿਖਾਈ ਨਹੀਂ ਦਿੰਦੇ? ਅਜਿਹੇ ਤੱਤਾਂ ਨੂੰ ਉਭਾਰਿਆ ਜਾ ਰਿਹਾ

**ਹਰਚਰਨ ਸਿੰਘ ਪਰਹਾਰ**
**ਫੋਨ: 403-681-8689**
**ਈਮੇਲ: hp8689@gmail. com**

ਹੈ, ਜੋ ਕਿਸੇ ਵੀ ਢੰਗ ਨਾਲ ਹਿੰਸਾ ਨੂੰ ਉਤਸ਼ਾਹਿਤ ਕਰਨ। ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿਚ ਹੋ ਰਹੀਆਂ ਚੋਣਾਂ ਦੇ ਮੱਦੇਨਜ਼ਰ ਸੰਘਰਸ਼ ਨੂੰ ਬਿਲਕੁਲ ਅੱਖੋਂ ਪਰੋਖੇ ਕਰਨ ਦਾ ਡਰਾਮਾ ਵੀ ਕੀਤਾ ਜਾ ਰਿਹਾ ਹੈ। ਅਜਿਹੇ ਮੌਕੇ ਜਦੋਂ ਸੰਘਰਸ਼ ਵਿਚ ਜੋਸ਼ ਦੇ ਨਾਲ ਹੋਸ਼ ਦੀ ਵੱਧ ਜਰੂਰਤ ਹੈ ਤਾਂ ਕੁਝ ਸਿੱਖ ਬੁੱਧੀਜੀਵੀ ਤੇ ਉਨ੍ਹਾਂ ਦੇ ਦੇਸ਼-ਵਿਦੇਸ਼ ਵਿਚ ਬੈਠੇ ਭਗਤ, ਮੋਦੀ ਸਰਕਾਰ ਤੋਂ ਵੀ ਅੱਗੇ ਲੰਘ ਕੇ ਵੱਖ-ਵੱਖ ਢੰਗਾਂ ਨਾਲ ਸੰਘਰਸ਼ ਨੂੰ ਢਾਅ ਲਾਉਣ ਲਈ ਸੋਸ਼ਲ ਮੀਡੀਆ ਤੇ ਵੀ ਪੂਰੀ ਤਰ੍ਹਾਂ ਸਰਗਰਮ ਹਨ। ਉਹ ਕਿਸਾਨੀ ਸੰਘਰਸ਼ ਨੂੰ ਮਜ਼ਬੂਤੀ ਦੇਣ ਦੀ ਥਾਂ ਬਾਹਰੋਂ ਨਾਅਰਾ ਤਾਂ ਕਿਸਾਨੀ ਦੇ ਹੱਕ ਵਿਚ ਦੇ ਰਹੇ ਹਨ ਪਰ ਕਿਸਾਨ ਜਥੇਬੰਦੀਆਂ ਤੇ ਆਗੂਆਂ ਨੂੰ ਬਦਨਾਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ।

ਇਸ ਸਬੰਧੀ ਪਿਛਲੇ ਦਿਨਾਂ ਤੋਂ ਪੰਜਾਬ ਵਿਚ ਮਹਿਰਾਜ, ਮਸਤੂਆਣੇ ਤੇ ਹੁਣ ਜੰਡਿਆਲੇ ਕਾਨਫਰੰਸਾਂ ਵੀ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿਚ ਇੱਕ ਹੀ ਰਾਗ ਅਲਾਪਿਆ ਜਾ ਰਿਹਾ ਹੈ ਕਿ ਨੌਜਵਾਨਾਂ ਨੂੰ ਨਾਲ ਲਉ, ਜਦਕਿ ਇਹ ਨਹੀਂ ਦੱਸਿਆ ਜਾ ਰਿਹਾ ਕਿ ਉਹ ਕੌਣ ਨੌਜਵਾਨ ਹਨ, ਜਿਨ੍ਹਾਂ ਨੂੰ ਨਾਲ ਲਿਆ ਜਾਵੇ ਜਾਂ ਉਹ ਅਜਿਹੇ ਕਿਹੜੇ ਖਾਸ ਨੌਜਵਾਨ ਹਨ ਜਿਨ੍ਹਾਂ ਨੂੰ ਪੈਰਾਸ਼ੂਟ ਰਾਹੀਂ ਲੀਡਰ ਬਣ ਕੇ ਹੀ ਸਟੇਜ ਕੇ ਉਤਾਰਿਆ ਜਾ ਸਕਦਾ ਹੈ? ਕੀ ਉਨ੍ਹਾਂ ਨੌਜਵਾਨਾਂ ਦੀ ਕੋਈ ਕਿਸਾਨ ਜਥੇਬੰਦੀ ਹੈ ਜਿਸ ਨੂੰ ਨਾਲ ਨਹੀਂ ਲਿਆ ਗਿਆ? ਜੇ ਉਹ ਨੌਜਵਾਨ ਲੀਡਰ ਲੋਕਾਂ ਲਈ ਜਾਂ ਕਿਸਾਨਾਂ ਲਈ ਕੰਮ ਕਰ ਰਹੇ ਹਨ ਤਾਂ ਲੋਕਾਂ ਨੂੰ ਸਟੇਜਾਂ ਤੋਂ ਬਿਨਾਂ ਕਿਉਂ ਨਜ਼ਰ ਨਹੀਂ ਆ ਰਹੇ? ਕਿਸਾਨੀ ਸੰਘਰਸ਼ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਦੀ ਪੰਜਾਬ ਜਾਂ ਕਿਸਾਨਾਂ ਲਈ ਕੀ ਦੇਣ ਹੈ? ਪਰ ਸ. ਅਜਮੇਰ ਸਿੰਘ ਵਰਗੇ ਬੇਚੈਨ ਬੁੱਧੀਜੀਵੀ ਨੌਜਵਾਨੀ ਨੂੰ ਭਟਕਾਉਣ ਤੇ ਹਿੰਸਾ ਦੇ ਰਾਹ ਤੋਰਨ ਲਈ ਭੜਕਾਊ ਪ੍ਰਵਚਨ ਸਿਰਜ ਰਹੇ ਹਨ? ਬੇਸ਼ਕ ਉਨ੍ਹਾਂ ਨੂੰ ਸਭ ਪਤਾ ਹੈ ਕਿ ਇਹ ਸੰਘਰਸ਼, ਕਿਸਾਨ ਜਥੇਬੰਦੀਆਂ ਵਲੋਂ ਸਿਰਫ ਤੇ ਸਿਰਫ ਤਿੰਨ ਕਿਸਾਨ ਵਿਰੋਧੀ ਕਨੂੰਨ ਰੱਦ ਕਰਾਉਣ ਲਈ ਸ਼ੁਰੂ ਹੋਇਆ ਸੀ ਤੇ ਉਨ੍ਹਾਂ ਨੂੰ ਰੱਦ ਕਰਾਉਣ ਲਈ ਹੀ ਜਾਰੀ ਹੈ ਅਤੇ ਲੱਖਾਂ ਲੋਕ ਸੜਕਾਂ ਤੇ ਕਾਨੂੰਨ ਰੱਦ ਕਰਾਉਣ ਲਈ ਹੀ ਬੈਠੇ ਹਨ।

ਇਸ ਸੰਘਰਸ਼ ਦਾ ਕਿਸਾਨੀ ਤੋਂ ਇਲਾਵਾ ਕਿਸੇ ਵਰਗ, ਧਰਮ, ਕੌਮ, ਸੂਬੇ ਆਦਿ ਦੀਆਂ ਵੱਖਰੀਆਂ ਮੰਗਾਂ ਨਾਲ ਕੋਈ ਸਬੰਧ ਨਹੀਂ? ਪਰ ਇਹ ਧੜੇ ਹਰ ਯਤਨ ਨਾਲ ਕਿਸਾਨੀ ਸੰਘਰਸ਼ ਨੂੰ ਆਪਣੀਆਂ ਮੁੱਖ ਮੰਗਾਂ ਤੋਂ ਭਟਕਾ ਕੇ ਸਿੱਖ ਸੰਘਰਸ਼ ਬਣਾਉਣ, ਸਿੱਖ-ਕਾਮਰੇਡ ਮੁੱਦਾ ਬਣਾਉਣ ਜਾਂ ਆਪਣੀਆਂ ਰਾਜਨੀਤਕ ਇਛਾਵਾਂ ਦੀ ਪੂਰਤੀ ਲਈ ਵਰਤਣਾ ਚਾਹੁੰਦੇ ਹਨ। ਇਸ ਨਾਲ ਇਨ੍ਹਾਂ ਨੇ ਕਿਸਾਨ ਆਗੂਆਂ ਅੱਗੇ ਉਸੇ ਤਰ੍ਹਾਂ ਦਾ ਧਰਮ ਸੰਕਟ ਖੜ੍ਹਾ ਕਰ ਦਿੱਤਾ ਹੈ ਜਿਸ ਤਰ੍ਹਾਂ ਇਨ੍ਹਾਂ ਹੀ ਧਿਰਾਂ ਨੇ 80ਵਿਆਂ ਵਿਚ ਰਵਾਇਤੀ ਅਕਾਲੀਆਂ ਦੇ ਸ਼ਾਤੀਪੂਰਵਕ ਚੱਲ ਰਹੇ, 'ਧਰਮ ਯੁੱਧ ਮੋਰਚੇ' ਮੌਕੇ ਅਕਾਲੀਆਂ ਅੱਗੇ ਖੜ੍ਹਾ ਕਰ ਦਿੱਤਾ ਸੀ ਜਿਸ ਦਾ ਨਤੀਜਾ ਜੂਨ 84, ਨਵੰਬਰ 84 ਤੇ ਫਿਰ 10 ਸਾਲ ਪੰਜਾਬ ਵਿਚ ਕਾਲਾ ਦੌਰ ਨਿਕਲਿਆ?

ਹੁਣ ਜਦੋਂ ਅਸੀਂ ਮੌਜੂਦਾ ਕਿਸਾਨੀ ਸੰਘਰਸ਼ ਵਿਚ ਚੱਲ ਰਹੇ ਇਸ ਧਰਮ ਸੰਕਟ ਨੂੰ ਸਮਝਣਾ ਹੈ ਤਾਂ ਜੇ ਇਸ ਨੂੰ ਵਕਤੀ ਵਰਤਾਰੇ ਦੇ ਤੌਰ 'ਤੇ ਦੇਖਾਂਗੇ ਤਾਂ ਨਾ ਕਿਸੇ ਨਤੀਜੇ ਤੇ ਪਹੁੰਚ ਸਕਾਂਗੇ ਅਤੇ ਨਾ ਹੀ ਇਸ ਦੇ ਕਾਰਨਾਂ ਨੂੰ ਜਾਣ ਸਕਾਂਗੇ? ਕਿਸਾਨੀ ਸੰਘਰਸ਼ ਨਾ ਪੰਜਾਬ ਦਾ ਪਹਿਲਾ ਸੰਘਰਸ਼ ਹੈ ਤੇ ਨਾ ਇਹ ਕੋਈ ਆਖਰੀ ਸੰਘਰਸ਼ ਹੈ। ਮੌਜੂਦਾ ਕਿਸਾਨੀ ਸੰਘਰਸ਼ ਦੇ ਸੰਕਟ ਨੂੰ ਸਮਝਣ ਲਈ ਸਾਨੂੰ ਘੱਟੋ-ਘੱਟ ਪਿਛਲੇ 100 ਸਾਲਾਂ ਤੋਂ ਸਿੱਖਾਂ ਵਲੋਂ ਲਾਏ ਮੋਰਚਿਆਂ ਤੇ ਸੰਘਰਸ਼ਾਂ ਦੀ ਮਾਨਸਿਕਤਾ ਤੇ ਢੰਗ ਤਰੀਕਿਆਂ ਨੂੰ ਜਾਨਣਾ ਤੇ ਸਮਝਣਾ ਬੜਾ ਜ਼ਰੂਰੀ ਹੈ। ਜੇ ਅਸੀਂ ਬਹੁਤ ਜ਼ਿਆਦਾ ਪਿਛੇ ਨਾ ਵੀ ਜਾਈਏ ਤਾਂ ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਸਿੱਖਾਂ ਦੀ ਰਵਾਇਤੀ ਲੀਡਰਸ਼ਿਪ ਵਲੋਂ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਦਰਿਆਈ ਪਾਣੀਆਂ ਦੀ ਮੁਨਾਸਿਬ ਵੰਡ ਕਰਨ, ਚੰਡੀਗੜ੍ਹ ਸਮੇਤ ਪੰਜਾਬੀ ਸੂਬਾ ਬਣਾਉਣ ਵੇਲੇ ਪੰਜਾਬ ਤੋਂ ਬਾਹਰ ਰੱਖੇ ਗਏ ਪੰਜਾਬੀ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਿਲ ਕਰਨ, ਰਾਜਾਂ ਨੂੰ ਵੱਧ ਅਧਿਕਾਰ ਦੇਣ ਅਤੇ ਕੁਝ ਧਾਰਮਿਕ ਮੰਗਾਂ ਅਧਾਰਿਤ 'ਧਰਮ ਯੁੱਧ ਮੋਰਚਾ' ਲਗਾਇਆ ਗਿਆ ਸੀ ਜੋ ਬਿਲਕੁਲ ਸ਼ਾਂਤਮਈ ਸੀ ਪਰ ਹੌਲੀ-ਹੌਲੀ ਕਈ ਤਰ੍ਹਾਂ ਦੇ ਮਾਅਰਕੇਬਾਜ਼ਾਂ ਨੇ ਸੰਘਰਸ਼ ਨੂੰ ਹਿੰਸਾ ਦੇ ਰਾਹ ਤੋਰ ਦਿੱਤਾ ਜਿਸ ਦਾ ਸੰਤਾਪ ਸਾਰੇ ਪੰਜਾਬ ਨੇ ਤਕਰੀਬਨ 20-25 ਸਾਲ ਸਿੱਧੇ ਰੂਪ ਵਿਚ ਹੰਢਾਇਆ ਤੇ ਪਿਛਲੇ 20-25 ਸਾਲ ਤੋਂ ਅਸਿੱਧੇ ਰੂਪ ਵਿਚ ਹੰਢਾ ਰਿਹਾ ਹੈ। ਉਸ ਸਮੇਂ ਵੀ ਸ. ਦਲਬੀਰ ਸਿੰਘ ਤੇ ਸ. ਸੁਖਦੇਵ ਸਿੰਘ ਵਰਗੇ ਪੱਤਰਕਾਰਾਂ ਅਤੇ ਚੰਡੀਗੜ੍ਹ ਦੇ ਸ. ਗੁਰਤੇਜ ਸਿੰਘ ਵਰਗੇ ਬੁੱਧੀਜੀਵੀਆਂ, ਡਾ. ਸੋਹਣ ਸਿੰਘ ਵਰਗੇ ਸਾਬਕਾ ਨੌਕਰਸ਼ਾਹਾਂ, ਜਨਰਲ ਸੁਬੇਗ ਸਿੰਘ ਵਰਗੇ ਸਾਬਕਾ ਫੌਜੀਆਂ ਨੇ ਗਰਮ ਖਿਆਲੀ ਅੱਲੜ ਨੌਜਵਾਨਾਂ ਨੂੰ ਹਿੰਸਾ ਦੇ ਰਾਹ ਤੋਰ ਕੇ ਅਕਾਲੀਆਂ ਦੇ ਸ਼ਾਂਤਮਈ ਸੰਘਰਸ਼ ਨੂੰ ਵਿਨਾਸ਼ਕਾਰੀ ਮੋੜਾ ਦਿੱਤਾ ਸੀ ਜਿਸ ਦਾ ਪਹਿਲਾ ਵੱਡਾ ਟਰੇਲਰ ਲੋਕਾਂ ਨੇ 25 ਅਪਰੈਲ, 1983 ਨੂੰ ਦਰਬਾਰ ਸਾਹਿਬ ਅੰਦਰ ਮੱਥਾ ਟੇਕ ਕੇ ਬਾਹਰ ਨਿਕਲ ਰਹੇ ਪੰਜਾਬ ਪੁਲਿਸ ਦੇ ਡੀ. ਆਈ. ਜੀ. ਅਵਤਾਰ ਸਿੰਘ ਅਟਵਾਲ ਦੇ ਕਤਲ ਦੇ ਰੂਪ ਵਿਚ ਦੇਖਿਆ ਸੀ। ਇਸ ਤੋਂ ਬਾਅਦ ਹਿੰਸਾ ਤੇ ਹਤਿਆਵਾਂ ਦਾ ਅਜਿਹਾ ਦੌਰ ਚੱਲਿਆ ਜਿਸ ਨੇ ਸਰਕਾਰ ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਮੌਕਾ ਦਿੱਤਾ? ਹੁਣ ਇਹੀ ਲੋਕ ਸ਼ਾਂਤਮਈ ਚੱਲ ਰਹੇ ਕਿਸਾਨੀ ਸੰਘਰਸ਼ ਨੂੰ ਕੋਈ ਅਜਿਹਾ ਮੋੜਾ ਦੇਣ ਦੀ ਤਾਕ ਵਿਚ ਹਨ।

ਇਸ ਦਾ ਤਾਜ਼ਾ ਸਬੂਤ ਸਿੱਖ ਵਿਦਵਾਨ ਸ. ਅਜਮੇਰ ਸਿੰਘ ਵਲੋਂ ਮਸਤੂਆਣੇ ਅਤੇ ਜੰਡਿਆਲੇ ਕਾਨਫਰੰਸਾਂ ਵਿਚ ਦਿੱਤੀਆਂ ਤਕਰੀਰਾਂ ਹਨ ਜਿਨ੍ਹਾਂ ਵਿਚ ਉਹ ਕਹਿ ਰਹੇ ਹਨ ਕਿ ਸ਼ਹੀਦੀ ਪਾਉਣੀ ਤਾਂ ਬੜੇ ਸੁਭਾਗ ਦੀ ਗੱਲ ਹੈ, ਸਿੱਖ ਲਈ ਇਸ ਤੋਂ ਵੱਡੀ ਮਾਣ ਦੀ ਗੱਲ ਕੀ ਹੋ ਸਕਦੀ ਹੈ, ਕਿਉਂਕਿ ਉਹ ਸ਼ਹੀਦੀ ਪਾ ਕੇ ਗੁਰੂ ਦੀ ਗੋਦ ਵਿਚ ਜਾ ਬੈਠਦਾ ਹੈ! ਪਰ ਉਸ ਦੇ ਆਪਣੇ ਮਨ ਵਿਚ 70 ਸਾਲ ਤੋਂ ਵੱਧ ਉਮਰ ਹੰਢਾ ਕੇ ਵੀ ਪਤਾ ਨਹੀਂ ਕਿਉਂ 'ਸ਼ਹੀਦੀ' ਪਾਉਣ ਦਾ ਚਾਅ ਨਹੀਂ ਉਮੜਦਾ, ਜਦਕਿ ਉਸ ਦੇ ਆਪਣੇ ਅਨੇਕਾਂ ਗੁਰੀਲਾ ਸਾਥੀ 90ਵਿਆਂ ਦੇ ਖਾੜਕੂ ਸੰਘਰਸ਼ ਦੌਰਾਨ ਸ਼ਹੀਦੀਆਂ ਪਾ ਗਏ ਸਨ!!

ਕਿਸਾਨੀ ਸੰਘਰਸ਼ ਵਿਚ ਵੀ ਅਜਿਹਾ ਹੀ ਹੋ ਰਿਹਾ ਹੈ। ਕਿਸਾਨੀ ਸੰਘਰਸ਼ ਵਿਚ ਕਿਸਾਨ ਜਥੇਬੰਦੀਆਂ ਅਤੇ ਆਮ ਲੋਕਾਂ ਵਲੋਂ ਸ਼ੁਰੂ ਵਿਚ ਹੀ ਭਾਰਤੀ ਸਟੇਟ ਨਾਲ ਰਲ ਕੇ ਚੱਲਣ ਵਾਲੀਆਂ ਵੋਟ ਬਟੋਰੂ ਪਾਰਟੀਆਂ ਨੂੰ ਨਕਾਰ ਦਿੱਤਾ ਗਿਆ



ਸੀ ਪਰ ਮਾਅਰਕੇਬਾਜ਼ ਧਿਰਾਂ ਜੋ 1984 ਤੋਂ 1994 ਤੱਕ ਚੱਲੇ ਖਾੜਕੂ ਸੰਘਰਸ਼ ਤੋਂ ਬਾਅਦ ਪਹਿਲਾਂ ਹੀ ਨਕਾਰੀਆਂ ਗਈਆਂ ਸਨ ਤੇ ਉਨ੍ਹਾਂ ਦੀ ਪਿਛਲੇ 25 ਸਾਲਾਂ ਤੋਂ ਕਿਸੇ ਵੀ ਮਸਲੇ ਤੇ ਕਾਰਗੁਜ਼ਾਰੀ ਨਾ-ਮਾਤਰ ਸੀ ਤੇ ਉਹ ਲੋਕਾਂ ਵਿਚ ਆਪਣਾ ਆਧਾਰ ਗੁਆ ਚੁੱਕੀਆਂ ਸਨ (ਬੇਸ਼ਕ ਉਹ ਛੋਟੇ-ਮੋਟੇ ਧਾਰਮਿਕ ਮੁੱਦਿਆਂ ਰਾਹੀਂ ਆਪਣੀ ਹੋਂਦ ਸਥਾਪਿਤ ਕਰਨ ਜਾਂ ਹੋਂਦ ਕਾਇਮ ਰੱਖਣ ਲਈ ਯਤਨਸ਼ੀਲ ਰਹੀਆਂ ਸਨ), ਉਹ ਇਸ ਕਿਸਾਨੀ ਸੰਘਰਸ਼ ਵਿਚ ਆਪਣੀ ਖੁਸ ਚੁੱਕੀ ਹੋਂਦ ਸਥਾਪਿਤ ਕਰਨ ਲਈ ਇੱਕਦਮ ਸਰਗਰਮ ਹੋ ਗਈਆਂ। ਉਨ੍ਹਾਂ ਨੂੰ ਲਗਦਾ ਸੀ ਕਿ ਪੰਜਾਬ ਦੇ ਲੋਕਾਂ (ਖਾਸ ਕਰ ਹਰ ਵਰਗ ਦੇ ਸਿੱਖਾਂ) ਦੀ ਸਮੂਹਿਕ ਚੇਤਨਾ ਵਿਚ ਜਜ਼ਬਾਤੀਪਨ ਤੇ ਜੁਝਾਰੂਪਨ ਦੇ ਜੋ ਅੰਸ਼ ਮੌਜੂਦ ਹਨ, ਉਨ੍ਹਾਂ ਨੂੰ ਉਭਾਰ ਕੇ

> ***ਇਸ ਸੰਘਰਸ਼ ਦਾ ਕਿਸਾਨੀ ਤੋਂ ਇਲਾਵਾ ਕਿਸੇ ਵਰਗ, ਧਰਮ, ਕੌਮ, ਸੂਬੇ ਆਦਿ ਦੀਆਂ ਵੱਖਰੀਆਂ ਮੰਗਾਂ ਨਾਲ ਕੋਈ ਸਬੰਧ ਨਹੀਂ? ਪਰ ਇਹ ਧੜੇ ਹਰ ਯਤਨ ਨਾਲ ਕਿਸਾਨੀ ਸੰਘਰਸ਼ ਨੂੰ ਆਪਣੀਆਂ ਮੁੱਖ ਮੰਗਾਂ ਤੋਂ ਭਟਕਾ ਕੇ ਸਿੱਖ ਸੰਘਰਸ਼ ਬਣਾਉਣ, ਸਿੱਖ-ਕਾਮਰੇਡ ਮੁੱਦਾ ਬਣਾਉਣ ਜਾਂ ਆਪਣੀਆਂ ਰਾਜਨੀਤਕ ਇਛਾਵਾਂ ਦੀ ਪੂਰਤੀ ਲਈ ਵਰਤਣਾ ਚਾਹੁੰਦੇ ਹਨ। ਇਸ ਨਾਲ ਇਨ੍ਹਾਂ ਨੇ ਕਿਸਾਨ ਆਗੂਆਂ ਅੱਗੇ ਉਸੇ ਤਰ੍ਹਾਂ ਦਾ ਧਰਮ ਸੰਕਟ ਖੜ੍ਹਾ ਕਰ ਦਿੱਤਾ ਹੈ ਜਿਸ ਤਰ੍ਹਾਂ ਇਨ੍ਹਾਂ ਹੀ ਧਿਰਾਂ ਨੇ 80ਵਿਆਂ ਵਿਚ ਰਵਾਇਤੀ ਅਕਾਲੀਆਂ ਦੇ ਸ਼ਾਤੀਪੂਰਵਕ ਚੱਲ ਰਹੇ, 'ਧਰਮ ਯੁੱਧ ਮੋਰਚੇ' ਮੌਕੇ ਅਕਾਲੀਆਂ ਅੱਗੇ ਖੜ੍ਹਾ ਕਰ ਦਿੱਤਾ ਸੀ ਜਿਸ ਦਾ ਨਤੀਜਾ ਜੂਨ 84, ਨਵੰਬਰ 84 ਤੇ ਫਿਰ 10 ਸਾਲ ਪੰਜਾਬ ਵਿਚ ਕਾਲਾ ਦੌਰ ਨਿਕਲਿਆ?***

ਉਹ ਆਪਣੇ ਮਕਸਦ ਵਿਚ ਕਾਮਯਾਬ ਹੋ ਸਕਦੀਆਂ ਹਨ।

ਇਸੇ ਰਾਜਨੀਤੀ ਤਹਿਤ ਇਨ੍ਹਾਂ ਧਿਰਾਂ ਦੀ ਤਰਜਮਾਨੀ ਕਰ ਰਹੇ ਸਿੱਖ ਵਿਦਵਾਨਾਂ ਸ. ਅਜਮੇਰ ਸਿੰਘ, ਪੱਤਰਕਾਰ ਸ. ਕਰਮਜੀਤ ਸਿੰਘ, ਪੱਤਰਕਾਰ ਸ. ਸੁਖਦੇਵ ਸਿੰਘ ਆਦਿ ਦੀ ਸਿੱਧੀ ਜਾਂ ਅਸਿੱਧੀ ਪ੍ਰੇਰਨਾ ਨਾਲ ਗਰਮ ਖਿਆਲੀ ਨੌਜਵਾਨਾਂ ਵਲੋਂ ਕਿਸਾਨ ਮੋਰਚੇ ਦੇ ਬਰਾਬਰ ਦੀਪ ਸਿੱਧੂ ਰਾਹੀਂ ਸ਼ੰਭੂ ਬਾਰਡਰ 'ਤੇ ਮੋਰਚਾ ਲਗਾ ਲਿਆ ਸੀ। ਜਿਥੋਂ ਕਿਸਾਨੀ ਸੰਘਰਸ਼ ਦੀ ਆੜ ਵਿਚ ਪੰਜਾਬ ਦੀ ਹੋਂਦ, ਸਿੱਖੀ ਦੀ ਹੋਂਦ, ਸਿੱਖ ਹੋਣੀ, ਫੈਡਰਲ ਢਾਂਚਾ, ਆਨੰਦਪੁਰ ਦਾ ਮਤਾ, ਸਿੱਖ ਸੰਘਰਸ਼, ਵੱਖਰੇ ਸਿੱਖ ਰਾਜ, ਰਾਜਾਂ ਨੂੰ ਵੱਧ ਅਧਿਕਾਰ ਆਦਿ ਅਨੇਕਾਂ ਤਰ੍ਹਾਂ ਦੇ ਭੰਬਲਭੂਸੇ ਪਾ ਕੇ ਲੋਕਾਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਆਮ ਜਜ਼ਬਾਤੀ ਨੌਜਵਾਨਾਂ ਨੂੰ ਵਰਗਲਾਇਆ ਗਿਆ ਤਾਂ ਕਿ ਉਨ੍ਹਾਂ ਨੂੰ ਮੌਕਾ ਆਉਣ 'ਤੇ ਕਿਸਾਨੀ ਸੰਘਰਸ਼ ਤੇ ਕਬਜ਼ਾ ਕਰਨ ਲਈ ਵਰਤਿਆ ਜਾ ਸਕੇ ਜਿਸ ਤਰ੍ਹਾਂ ਰਵਾਇਤੀ ਅਕਾਲੀਆਂ ਦੇ 'ਧਰਮ ਯੁੱਧ ਮੋਰਚੇ' ਵੇਲੇ ਕੀਤਾ ਗਿਆ ਸੀ।

ਜਿਵੇਂ ਹੀ ਕਿਸਾਨੀ ਮੋਰਚਾ ਪੰਜਾਬ ਤੋਂ ਦਿੱਲੀ ਦੇ ਬਾਰਡਰਾਂ 'ਤੇ ਪਹੁੰਚ ਗਿਆ ਤਾਂ ਬੜੀ ਚਲਾਕੀ ਨਾਲ ਅਗਵਾਈ ਕਰ ਰਹੀਆਂ ਕਿਸਾਨ ਜਥੇਬੰਦੀਆਂ ਵਿਚ ਪਾੜ ਪਾਉਣ ਲਈ ਸਿੱਖ-ਕਾਮਰੇਡ ਮੁੱਦਾ ਉਭਾਰਿਆ ਗਿਆ। ਸਿੱਖੀ ਦੇ ਜੁਝਾਰੂ ਜਜ਼ਬੇ, ਲੰਗਰਾਂ ਤੇ ਸੇਵਾ ਦੇ ਪੱਖ ਨੂੰ ਹਰ ਢੰਗ ਨਾਲ ਆਪਣੇ ਉਭਾਰ ਲਈ ਵਰਤਿਆ ਗਿਆ। ਉਨ੍ਹਾਂ ਸੋਚਿਆ ਸੀ ਕਿ ਅਕਾਲੀਆਂ ਵਾਂਗ ਕਾਮਰੇਡ ਵੀ ਭੱਜ ਜਾਣਗੇ ਜਾਂ ਸਾਡੀ ਅਗਵਾਈ ਮੰਨ ਲੈਣਗੇ ਪਰ ਕਿਸਾਨ ਜਥੇਬੰਦੀਆਂ ਨੇ ਅਜਿਹਾ ਹੋਣ ਨਹੀਂ ਦਿੱਤਾ ਤਾਂ ਪਹਿਲਾਂ 25 ਜਨਵਰੀ ਦੀ ਸ਼ਾਮ ਨੂੰ ਕਿਸਾਨ ਆਗੂਆਂ ਦੀ ਖਾਲੀ ਸਟੇਜ 'ਤੇ ਕਬਜ਼ਾ ਕਰ ਕੇ ਨੌਜਵਾਨਾਂ ਨੂੰ ਦਿੱਲੀ ਲਾਲ ਕਿਲ੍ਹੇ ਜਾਣ ਲਈ ਭੜਕਾਇਆ ਗਿਆ ਅਤੇ ਫਿਰ 26 ਜਨਵਰੀ ਨੂੰ ਲਾਲ ਕਿਲ੍ਹੇ ਤੇ ਝੰਡੇ ਝੁਲਾਉਣ ਦੀਆਂ ਘਟਨਾਵਾਂ ਕਰਵਾ ਕੇ ਸੰਘਰਸ਼ ਨੂੰ ਖਤਮ ਕਰਨ ਦਾ ਪੈਂਤੜਾ ਖੇਡਿਆ ਗਿਆ ਜਿਸ ਨੇ ਸੰਘਰਸ਼ ਨੂੰ ਵੱਡੀ ਢਾਹ ਤਾਂ ਜ਼ਰੂਰ ਲਗਾਈ ਸੀ ਪਰ ਲੀਡਰਾਂ ਦੀ ਸਿਆਣਪ ਤੇ ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਸਥਿਤੀ ਸੰਭਾਲ ਲਈ। ਹੁਣ ਪਿਛਲੇ 2 ਮਹੀਨੇ ਤੋਂ ਕਿਸਾਨੀ ਸੰਘਰਸ਼ ਖਤਮ ਕਰਨ ਲਈ ਇਹ ਲੋਕ ਵੱਖ-ਵੱਖ ਪੈਂਤੜੇ ਬਦਲ ਰਹੇ ਹਨ, ਕਦੇ ਨੌਜਵਾਨਾਂ ਦੀ ਜੇਲ੍ਹਾਂ ਤੋਂ ਰਿਹਾਈ ਦਾ ਮੁੱਦਾ, ਕਦੇ ਮਹਿਰਾਜ ਤੇ ਮਸਤੂਆਣੇ ਦੀਆਂ ਕਾਨਫਰੰਸਾਂ ਰਾਹੀਂ ਨੌਜਵਾਨਾਂ ਨੂੰ ਅਗਵਾਈ ਸੌਂਪਣ, ਹੁਣ ਜੰਡਿਆਲਾ ਕਾਨਫਰੰਸ ਰਾਹੀਂ ਨਵਰੀਤ ਸਿੰਘ ਦੀ ਸ਼ਹੀਦੀ ਨੂੰ ਆਧਾਰ ਬਣਾ ਕੇ ਉਸ ਦੇ ਦਾਦੇ ਹਰਦੀਪ ਸਿੰਘ ਡਿਬਡਿਬਾ ਨੂੰ ਅੱਗੇ ਲਗਾ ਲਿਆ ਹੈ। ਸਾਨੂੰ ਡਿਬਡਿਬਾ ਸਾਹਿਬ ਦੀ ਸੁਹਿਰਦਤਾ 'ਤੇ ਕੋਈ ਸ਼ੱਕ ਨਹੀਂ ਪਰ ਉਨ੍ਹਾਂ ਦੀ ਹਾਜ਼ਰੀ ਵਿਚ ਜੰਡਿਆਲਾ ਕਾਨਫਰੰਸ ਵਿਚ ਸਾਬਕਾ ਖਾੜਕੂ ਬਾਬਾ ਬਖਸ਼ੀਸ਼ ਸਿੰਘ ਅਤੇ ਸਾਬਕਾ ਖਾੜਕੂ ਭਾਈ ਨਰਾਇਣ ਸਿੰਘ ਚੌੜਾ ਵਲੋਂ ਸ਼ਬਦਾਂ ਦਾ ਜੋ ਗੱਤਕਾ ਖੇਡਿਆ ਗਿਆ ਹੈ, ਉਸ ਨੂੰ ਨਾ ਹੀ ਅੱਖੋਂ-ਪਰੋਖੇ ਕੀਤਾ ਜਾ ਸਕਦਾ ਹੈ ਤੇ ਨਾ ਹੀ ਉਸ ਵਿਚੋਂ ਨਿਕਲਣ ਵਾਲੇ ਨਤੀਜਿਆਂ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ। ਜਦੋਂ ਬਾਬਾ ਬਖਸ਼ੀਸ਼ ਸਿੰਘ ਕਹਿੰਦਾ ਹੈ: 'ਹੁਣ ਕਿਸਾਨ ਆਗੂਆਂ ਦੇ ਅੱਗੇ ਸਮੁੰਦਰ ਹੈ ਤੇ ਪਿਛੇ ਸਾਡੀ ਡਾਂਗ', ਜਿਸ ਦੀ ਵਿਆਖਿਆ ਦੀ ਕਿਸੇ ਨੂੰ ਲੋੜ ਨਹੀਂ ਹੈ। ਸਿਰਫ ਇਹ ਕੁਝ ਵਿਅਕਤੀ ਹੀ ਨਹੀਂ ਸਗੋਂ ਖੱਬੇ ਪੱਖੀ ਕਿਸਾਨ ਆਗੂ ਸੁਰਜੀਤ ਫੂਲ ਅਤੇ ਕਨੂੰ ਪ੍ਰਿਯਾ ਤੇ ਰਮਨ ਦੇ ਨੌਜਵਾਨ ਧੜੇ ਦਾ ਰੋਲ, ਕਿਸਾਨ ਆਗੂਆਂ ਲਈ ਵੱਡਾ ਧਰਮ ਸੰਕਟ ਹੀ ਨਹੀਂ ਖੜ੍ਹਾ ਕਰ ਰਿਹਾ ਸਗੋਂ ਮੋਦੀ ਹਕੂਮਤ ਨੂੰ ਭਵਿੱਖ ਵਿਚ ਕਿਸਾਨੀ ਸੰਘਰਸ਼ ਸਖਤੀ ਨਾਲ ਖਤਮ ਕਰਨ ਲਈ ਬਹਾਨਾ ਮੁਹੱਈਆ ਕਰ ਰਿਹਾ ਹੈ।

ਦੂਜੇ ਪਾਸੇ ਪੱਤਰਕਾਰ ਸ. ਕਰਮਜੀਤ ਸਿੰਘ ਜੀ ਦਾ 'ਪੰਜਾਬ ਟਾਈਮਜ਼' ਦੇ 23 ਮਾਰਚ ਦੇ ਅੰਕ ਵਿਚ ਲੇਖ ਛਪਿਆ ਸੀ: 'ਮਸਤੂਆਣਾ ਸਾਹਿਬ ਦੇ ਇਕੱਠ ਵਿਚ ਵਿਚਾਰਾਂ ਦੀ ਮੂਸਲਾਧਾਰ ਬਾਰਸ਼' ਜਿਸ ਵਿਚ ਕੁਝ ਬੁਲਾਰਿਆਂ ਦੀਆਂ ਤਾਰੀਫਾਂ ਕਰਦੇ ਉਹ ਇਤਨੇ ਜਜ਼ਬਾਤੀ ਹੋ ਜਾਂਦੇ ਹਨ ਕਿ ਆਪਣੀ ਸਾਰੀ ਉਮਰ ਦੀ ਪੱਤਰਕਾਰੀ 'ਤੇ ਵੀ ਪੋਚਾ ਮਾਰ ਜਾਂਦੇ ਹਨ। ਉਨ੍ਹਾਂ ਨੂੰ ਸਤਿਕਾਰ ਸਹਿਤ ਸਵਾਲ ਪੁੱਛਣਾ ਬਣਦਾ ਹੈ ਕਿ ਉਸ ਕਾਨਫਰੰਸ ਵਿਚ ਅਜਮੇਰ ਸਿੰਘ ਤੇ ਸਾਥੀਆਂ ਨੇ ਜਿਸ ਤਰ੍ਹਾਂ ਦੀ ਜਜ਼ਬਾਤੀ ਭੜਕਾਹਟ ਅਤੇ ਇਤਿਹਾਸ ਬਾਰੇ ਗਲਤ ਬਿਆਨੀ ਕਰਨ ਦੀ ਕੋਸ਼ਿਸ਼ ਕੀਤੀ ਸੀ, ਕੀ ਉਹ ਘੱਟ ਸੀ ਕਿ ਹੁਣ ਕਰਮਜੀਤ ਸਿੰਘ ਜੀ ਨੂੰ ਇੱਕ ਹੋਰ ਆਰਟੀਕਲ ਲਿਖਣਾ ਪਿਆ। ਇਥੇ ਇਹ ਵੀ ਵਰਨਣਯੋਗ ਹੈ ਕਿ ਸੁਖਪ੍ਰੀਤ ਸਿੰਘ ਊਧੋਕੇ, ਦਿੱਲੀ ਵਿਚ ਨੌਜਵਾਨ ਨਵਰੀਤ ਸਿੰਘ ਦੇ ਸ਼ਹੀਦ ਹੋਣ ਬਾਰੇ ਬੋਲਦਿਆਂ ਸਿੱਖ ਇਤਿਹਾਸ ਵਿਚੋਂ ਹਵਾਲੇ ਨਾਲ ਕਹਿੰਦੇ ਹਨ ਕਿ ਜਦੋਂ 18ਵੀਂ ਸਦੀ ਵਿਚ ਮੁਗਲੀਆ ਹਕੂਮਤ ਦੇ ਅਹਿਲਕਾਰ ਲਖਪਤ ਰਾਏ ਦੇ ਭਰਾ ਸੂਬੇਦਾਰ ਜਸਪਤ ਰਾਏ ਦਾ ਨਿਗਾਹੂ ਸਿੰਘ ਵਲੋਂ ਹਾਥੀ 'ਤੇ ਸਵਾਰ ਦਾ ਸਿਰ ਵੱਢ ਦਿੱਤਾ ਸੀ ਤਾਂ ਬੇਸ਼ਕ ਨਿਗਾਹੂ ਸਿੰਘ ਦੇ ਇਸ ਕੌਤਕ ਕਰ ਕੇ ਗੁੱਸੇ ਵਿਚ ਲੱਖਪਤ ਰਾਏ ਨੇ 'ਪਹਿਲਾ ਵੱਡਾ ਘੱਲੂਘਾਰਾ' ਵਰਤਾਇਆ ਸੀ ਅਤੇ ਇੱਕੋ ਦਿਨ ਵਿਚ 15 ਹਜ਼ਾਰ ਸਿੱਖ ਮਾਰ ਦਿੱਤੇ ਸਨ, ਇਤਨੀ ਵੱਡੀ ਗਲਤੀ ਦੇ ਬਾਵਜੂਦ ਸਿੱਖ ਇਤਿਹਾਸ ਨੇ ਨਿਗਾਹੂ ਸਿੰਘ ਨੂੰ ਕਦੇ ਗਲਤ ਨਹੀਂ ਕਿਹਾ ਸਗੋਂ ਹੀਰੋ ਮੰਨਿਆ ਹੈ ਤਾਂ ਕਿਸਾਨ ਆਗੂ, ਦੀਪ ਸਿੱਧੂ ਤੇ ਸਾਥੀ ਨੌਜਵਾਨਾਂ ਨੂੰ ਲਾਲ ਕਿਲ੍ਹੇ ਝੰਡੇ ਝੁਲਾਉਣ ਲਈ ਗਲਤ ਕਿਵੇਂ ਕਹਿ ਰਹੇ ਹਨ?

ਇਥੇ ਤਾਂ ਸਿਰਫ ਇੱਕ ਨੌਜਵਾਨ ਹੀ ਸ਼ਹੀਦ ਹੋਇਆ ਹੈ? ਭਾਵ, ਅਸੀਂ ਨਾ ਇਤਿਹਾਸ ਤੋਂ ਸਬਕ ਸਿੱਖਣਾ ਹੈ ਤੇ ਨਾ ਹੀ ਗਲਤੀਆਂ ਤੋਂ ਕੁਝ ਸਿੱਖਣਾ ਹੈ? ਪਰ ਸ. ਕਰਮਜੀਤ ਸਿੰਘ ਜੀ ਨੂੰ ਪਤਾ ਨਹੀਂ ਕਿਉਂ ਪਹਿਲਾਂ ਮਸਤੂਆਣੇ ਵਿਚ ਤੇ ਹੁਣ ਜੰਡਿਆਲੇ ਕਾਨਫਰੰਸ ਵਿਚ ਸਿਰਜੇ ਗਏ ਵਿਨਾਸ਼ਕਾਰੀ ਬਿਰਤਾਂਤ ਨਹੀਂ ਦਿਸ ਰਹੇ। ਇਸੇ ਤਰ੍ਹਾਂ ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਨੇ ਆਪਣੀ ਫੇਸਬੁੱਕ 'ਤੇ ਪੋਸਟ ਪਾਈ ਹੈ ਜਿਸ ਵਿਚ ਉਹ ਆਪਣੇ ਪੁਰਾਣੇ ਸੀਨੀਅਰ ਪੱਤਰਕਾਰ ਸਾਥੀ ਜਸਪਾਲ ਸਿੰਘ ਸਿੱਧੂ ਵਲੋਂ ਉਠਾਏ ਸਵਾਲ ਕਿ 'ਕਿਸਾਨ ਆਗੂਆਂ ਨੇ ਜਦੋਂ ਕੋਈ ਗਲਤੀ ਕੀਤੀ ਹੀ ਨਹੀਂ ਤਾਂ ਮੁਆਫੀ ਕਿਸ ਤੋਂ, ਕਿਸ ਗੱਲ ਲਈ ਮੰਗਣ' ਦੇ ਜਵਾਬ ਵਿਚ ਲਿਖਦੇ ਹਨ: 'ਕਿਸਾਨ ਆਗੂ ਮੁਆਫੀ ਕਿਉਂ ਮੰਗਣ?' ਉਹ ਇਸ ਸਬੰਧੀ ਕੁਝ ਬੇਤੁਕੇ ਸਵਾਲ ਉਠਾਉਂਦੇ ਹਨ ਜਿਸ ਦੇ ਜਵਾਬ ਕਿਸਾਨ ਮੋਰਚੇ ਦੇ ਪ੍ਰਵਚਨੀ ਬਾਗ ਦੇ ਰਾਖੇ ਮਲਵਿੰਦਰ ਸਿੰਘ ਮਾਲੀ ਨੇ ਬਾਖੂਬੀ ਸਵਾਲ-ਦਰ-ਸਵਾਲ ਦਿੱਤੇ ਹਨ ਪਰ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਭਲੇਮਾਣਸਾਂ 'ਤੇ ਕੋਈ ਅਸਰ ਨਹੀਂ ਹੋ ਰਿਹਾ? ਜਿਵੇਂ ਇਨ੍ਹਾਂ ਨੇ ਗਰਮ ਖਿਆਲੀ ਨੌਜਵਾਨਾਂ ਨੂੰ ਪੁੱਠੇ ਰਾਹ ਪਾਉਣ ਦੀ ਸਹੁੰ ਹੀ ਖਾਧੀ ਹੋਈ ਹੈ।

ਸਾਨੂੰ ਸਮਝ ਨਹੀਂ ਆ ਰਹੀ ਕਿ ਜਦੋਂ ਸਾਰੀ ਦੁਨੀਆ ਸੰਘਰਸ਼ ਦੀ ਬਿਨਾਂ ਸ਼ਰਤ ਹਮਾਇਤ ਕਰ ਰਹੀ ਹੈ ਤਾਂ ਸ. ਅਜਮੇਰ ਸਿੰਘ, ਸ. ਕਰਮਜੀਤ ਸਿੰਘ ਤੇ ਸ. ਸੁਖਦੇਵ ਸਿੰਘ ਵਰਗੇ ਹੰਢੇ ਵਰਤੇ ਅਤੇ ਸੰਘਰਸ਼ਾਂ ਵਿਚੋਂ ਲੰਘੇ ਬਜ਼ੁਰਗ ਵਿਦਵਾਨਾਂ ਵਲੋਂ ਸੰਘਰਸ਼ ਨੂੰ ਕਮਜ਼ੋਰ ਤੇ ਦਿਸ਼ਾਹੀਣ ਕਰ ਕੇ ਨੌਜਵਾਨੀ ਨੂੰ ਹਿੰਸਾ ਦੇ ਰਾਹ ਤੋਰਨ ਵੱਲ ਕਿਉਂ ਪ੍ਰੇਰਿਆ ਜਾ ਰਿਹਾ ਹੈ। ਕੀ ਪੰਜਾਬ ਦੀ ਪਹਿਲੀ ਤਬਾਹੀ ਸਾਨੂੰ ਭੁੱਲ ਗਈ ਹੈ? ਪਤਾ ਨਹੀਂ ਇਹ ਲੋਕ ਹਰ ਮਸਲੇ ਦਾ ਹੱਲ ਹਿੰਸਾ ਵਿਚੋਂ ਹੀ ਕਿਉਂ ਤਲਾਸ਼ਦੇ ਹਨ? ਇਨ੍ਹਾਂ ਨੂੰ ਕਿਉਂ ਭੁੱਲ ਜਾਂਦਾ ਹੈ ਕਿ ਹੁਣ ਸਿੱਖ 17ਵੀਂ-18ਵੀਂ ਸਦੀ ਵਿਚ ਨਹੀਂ ਸਗੋਂ 21ਵੀਂ ਸਦੀ ਵਿਚ ਸਾਰੀ ਦੁਨੀਆ ਵਿਚ ਵਸ

***(ਬਾਕੀ ਅਗਲੇ ਸਫੇ 'ਤੇ)***

# ਆਪਸੀ ਖਿੱਚੋਤਾਣ ਵਿਚ ਖੁੰਝੇ ਸਰਕਾਰ ਨੂੰ ਸੁਆਲ ਕਰਨ ਅਤੇ ਚੁਣੌਤੀ ਦੇਣ ਦੇ ਮੌਕੇ

ਸੁਆਲਾਂ ਅਤੇ ਚੁਣੌਤੀਆਂ ਦੇ ਉੱਠਦੇ ਰਹਿਣ ਨਾਲ ਘੋਲਾਂ, ਸੰਘਰਸ਼ਾਂ ਅਤੇ ਅੰਦੋਲਨਾਂ ਨਾਲ ਸਬੰਧਤ ਧਿਰਾਂ ਦੀਆਂ ਕਿਰਿਆਵਾਂ ਤੇ ਪ੍ਰਤੀਕਿਰਿਆਵਾਂ ਆਉਂਦੀਆਂ ਰਹਿੰਦੀਆਂ ਹਨ, ਜਿਨ੍ਹਾਂ ਨਾਲ ਪਿੜ ਵਿਚ ਤੀਬਰਤਾ ਬਣੀ ਰਹਿੰਦੀ ਹੈ। ਜਿਸ ਤਰ੍ਹਾਂ ਸਮੁੱਚੇ ਤੌਰ 'ਤੇ ਖੇਤੀ ਦੀ ਗੱਲ ਕਰਦਿਆਂ ਇਸ ਨੂੰ ਸਿਰਫ ਫਸਲਾਂ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ, ਸਗੋਂ ਖੇਤੀ ਨਾਲ ਜੁੜੇ ਹਰ ਮਸਲੇ ਨੂੰ ਇਸ ਦਾ ਹਿੱਸਾ ਮੰਨਿਆ ਜਾਂਦਾ ਹੈ, ਬਿਲਕੁਲ ਉਸੇ ਤਰ੍ਹਾਂ ਕਿਸਾਨ ਅੰਦੋਲਨ ਦੀ ਪੂਰਨ ਤੌਰ 'ਤੇ ਗੱਲ ਕਰਦਿਆਂ ਇਸ ਨੂੰ ਸਿਰਫ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਤੱਕ ਸੀਮਤ ਕਰਕੇ ਨਹੀਂ ਸੰਕੋਚਿਆ ਜਾ ਸਕਦਾ। ਇਸ ਅੰਦੋਲਨ ਨਾਲ ਜੁੜੇ ਅਤੇ ਇਸ ਵਿਚੋਂ ਉਪਜੇ ਹਰ ਮੁੱਦੇ ਨੂੰ ਵਾਚਿਆ ਜਾਣਾ ਜਰੂਰੀ ਹੈ। ਇਹ ਠੀਕ ਹੈ ਕਿ ਅੰਦੋਲਨ ਖੇਤੀ ਸਬੰਧੀ ਕੇਂਦਰ ਸਰਕਾਰ ਵਲੋਂ ਲਿਆਂਦੇ ਕਿਸਾਨ ਮਾਰੂ ਕਾਨੂੰਨਾਂ ਨੂੰ ਰੱਦ ਕਰਵਾਉਣ ਦਾ ਮਕਸਦ ਲੈ ਕੇ ਅਰੰਭ ਕੀਤਾ ਗਿਆ ਅਤੇ ਇਸ ਅੰਦੋਲਨ ਦਾ ਮੁੱਖ ਮਕਸਦ ਵੀ ਤਿੰਨਾਂ ਕਾਲੇ ਕਾਨੂੰਨਾਂ ਨੂੰ ਵਾਪਿਸ ਕਰਵਾਉਣਾ ਹੀ ਹੋਣਾ ਚਾਹੀਦਾ ਹੈ।



**ਸੁਖਵੀਰ ਸਿੰਘ ਕੰਗ**
ਕੋਟਲਾ ਸ਼ਮਸ਼ਪੁਰ, ਲੁਧਿਆਣਾ
ਫੋਨ: 91-85678-72291

ਜਦੋਂ ਕਿਤੇ ਇਨ੍ਹਾਂ ਕਾਨੂੰਨਾਂ ਦੀ ਗੱਲ ਹੁੰਦੀ ਹੈ ਜਾਂ ਇਨ੍ਹਾਂ ਬਾਰੇ ਬਹਿਸ ਹੁੰਦੀ ਹੈ ਤਾਂ ਅਸੀਂ ਇਨ੍ਹਾਂ ਦੇ ਰਾਜਾਂ ਦੇ ਅਧਿਕਾਰ ਉਲੰਘ ਕੇ ਬਣਾਏ ਹੋਣ ਨੂੰ ਵੀ ਮੁੱਖ ਦਲੀਲ ਬਣਾਉਂਦੇ ਹਾਂ। ਇਸੇ ਤਰ੍ਹਾਂ ਕਿਸਾਨ ਅੰਦੋਲਨ ਦੀਆਂ ਸਰਗਰਮੀਆਂ ਤੇ ਪ੍ਰਾਪਤੀਆਂ ਬਾਰੇ ਗੱਲ ਕਰਦਿਆਂ ਇਸ ਦੀ ਸਰਕਾਰ ਤੱਕ ਪਹੁੰਚ, ਸਰਕਾਰ 'ਤੇ ਪੈ ਰਿਹਾ ਪ੍ਰਭਾਵ ਅਤੇ ਸਰਕਾਰ ਦੇ ਰਵੱਈਏ ਨੂੰ ਵੱਖ ਨਹੀਂ ਰੱਖਿਆ ਜਾ ਸਕਦਾ। ਪਿਛਲੇ ਕਈ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ 'ਤੇ ਸਾਰੇ ਦੇਸ਼ ਦੇ ਕਿਸਾਨਾਂ ਵਲੋਂ ਬਹੁਤ ਸਾਰੇ ਹੋਰ ਵਰਗਾਂ ਦੀ ਹਮਾਇਤ ਨਾਲ ਚੱਲ ਰਹੇ ਅੰਦੋਲਨ ਦੇ ਘਟਨਾਕ੍ਰਮ ਦੌਰਾਨ ਸਰਕਾਰ ਨੂੰ ਠਿੱਬੀ ਲਾਉਣ ਦੇ ਬਹੁਤ ਮੌਕੇ ਮਿਲੇ, ਪਰ ਕਿਸਾਨ ਅਗਵਾਈ ਦੀ ਆਪਸੀ ਖਿੱਚੋਤਾਣ ਕਾਰਨ ਖੁੰਝ ਗਏ ਜਦੋਂ ਕਿ ਸੰਘਰਸ਼ ਦੇ ਵਰਤਾਰੇ ਵਿਚੋਂ ਬਹੁਤ ਸਾਰੇ ਵਜ਼ਨਦਾਰ ਅਤੇ ਤਰਕਸੰਗਤ ਸੁਆਲ ਸਿਰਜੇ ਜਾ ਸਕਦੇ ਸਨ, ਜਿਨ੍ਹਾਂ ਨਾਲ ਸਰਕਾਰ ਨੂੰ ਵੱਡੀ ਚੁਣੌਤੀ ਦਿੱਤੀ ਜਾ ਸਕਦੀ ਸੀ, ਪਰ ਕਿਸਾਨ ਤਰਜਮਾਨੀ ਕਰਦੀਆਂ ਧਿਰਾਂ ਵਿਚ ਆਪਸੀ ਇੱਕਸੁਰਤਾ ਦੀ ਘਾਟ ਕਾਰਨ ਅਜਿਹਾ ਨਹੀਂ ਹੋ ਸਕਿਆ।

ਇਸ ਸੰਘਰਸ਼ ਦੌਰਾਨ, ਸੰਘਰਸ਼ ਰਾਹੀਂ ਤੇ ਸੰਘਰਸ਼ ਦੁਆਰਾ ਪੈਦਾ ਹੋਏ ਹਾਲਾਤ ਅਤੇ ਮਸਲਿਆਂ ਦੇ ਕਾਰਨਾਂ ਤੇ ਸਿੱਟਿਆਂ ਨੂੰ ਵਿਚਾਰਦਿਆਂ ਜਾਂ ਸ੍ਵੈ-ਪੜਚੋਲ ਕਰਦਿਆਂ ਜਿੱਥੇ ਸੁਧਾਰ ਕਰਨੇ ਜਰੂਰੀ ਹਨ, ਉੱਥੇ ਕੁਤਾਹੀ, ਵਧੀਕੀ ਜਾਂ ਗਲਤ ਨੀਤੀ ਲਈ ਸਰਕਾਰ ਨਾਲ ਨਜਿੱਠਣਾ ਵੀ ਸੰਘਰਸ਼ ਦਾ ਹੀ ਹਿੱਸਾ ਹੁੰਦਾ ਹੈ। ਜੇ ਅਸੀਂ ਸਰਕਾਰ ਦੇ ਕੂਟਨੀਤਿਕ, ਦਮਨਕਾਰੀ, ਗੁੰਮਰਾਹਕੁੰਨ ਜਾਂ ਅਣ-ਅਧਿਕਾਰਕ ਕੰਮਾਂ ਨੂੰ ਨਹੀਂ ਉਭਾਰਦੇ ਅਤੇ ਸੁਆਲ ਖੜ੍ਹੇ ਨਹੀਂ ਕਰਦੇ ਤਾਂ ਸਰਕਾਰ ਦਾ ਭਾਰੂ ਪੈ ਜਾਣਾ ਕੁਦਰਤੀ ਹੈ। ਘੋਲ ਦੀ ਸਫਲਤਾ ਲਈ ਮੁੱਖ ਟੀਚੇ ਦੇ ਨਾਲ-ਨਾਲ ਸਰਕਾਰ ਦੇ ਗਲਤ ਰਵੱਈਏ ਅਤੇ ਨਜਾਇਜ਼ ਧੱਕੇਸ਼ਾਹੀ ਨੂੰ ਚੁਣੌਤੀ ਦੇ ਕੇ ਰੱਖਣਾ ਵੀ ਘੋਲ ਦਾ ਹਿੱਸਾ ਹੀ ਹੁੰਦਾ ਹੈ।

ਸਭ ਤੋਂ ਪਹਿਲਾਂ ਤਾਂ ਅਸੀਂ ਸਰਕਾਰ ਦੇ ਅਨੇਕਾਂ ਮੀਟਿੰਗਾਂ ਵਿਚ ਬਹਿਸ ਦੌਰਾਨ ਅਤੇ ਦਲੀਲਾਂ ਦੀ ਜੰਗ ਵਿਚ ਤਰਕਹੀਣ ਹੋ ਕੇ ਬੁਰੀ ਤਰ੍ਹਾਂ ਹਾਰ ਜਾਣ 'ਤੇ ਵੀ ਸਰਕਾਰ ਦੀ ਇਸ ਵੱਡੀ ਅਸਫਲਤਾ ਨੂੰ ਦੇਸ਼ ਵਿਚ ਅਤੇ ਵਿਸ਼ਵ ਪੱਧਰ 'ਤੇ ਓਨਾ ਨਹੀਂ ਉਭਾਰ ਸਕੇ, ਜਿੰਨਾ ਉਭਾਰਨਾ ਚਾਹੀਦਾ ਸੀ। ਆਪਣੀਆਂ ਖੋਜੀ ਦਲੀਲਾਂ ਨਾਲ ਸਰਕਾਰ ਨੂੰ ਝੁਕਾਅ ਲੈਣ ਤੋਂ ਬਾਦ ਸ੍ਵੈ-ਸਿਫਤੀ, ਨਿੱਜ ਨੂੰ ਚਮਕਾਉਣ ਅਤੇ ਦਮਗਜਿਆਂ ਦਾ ਰਸਤਾ ਅਪਨਾਉਣ ਦੀ ਥਾਂ ਜੇ ਸਰਕਾਰ ਨੂੰ ਝੁਕਾਈ ਰੱਖਣ ਲਈ ਨਵੇਂ-ਨਵੇਂ ਪੈਂਤੜਿਆਂ ਨੂੰ ਅਪਨਾਉਣ 'ਤੇ ਜੋਰ ਦਿੱਤਾ ਹੁੰਦਾ ਤਾਂ ਅੱਜ ਅੰਦੋਲਨ, ਮੋਰਚਿਆਂ ਅਤੇ ਕਿਸਾਨ ਆਗੂਆਂ ਦਾ ਰੋਅਬ ਕੁਝ ਹੋਰ ਹੋਣਾ ਸੀ। ਦਿੱਲੀ ਦੀਆਂ ਹੱਦਾਂ ਉੱਪਰ ਮੋਰਚਿਆਂ 'ਤੇ ਡੱਟ ਜਾਣ ਦੇ ਜੋਸ਼ ਵਿਚ ਅਸੀਂ ਕੂਚ ਦੇ ਰਸਤੇ ਵਿਚ ਹਰਿਆਣਾ ਅਤੇ ਕੇਂਦਰ ਸਰਕਾਰ ਵਲੋਂ ਰਲ ਕੇ ਲੋਕ ਹਿਤਾਂ ਦੇ ਉਲਟ, ਸਰਕਾਰੀ ਸੰਪੱਤੀ ਨੂੰ ਨੁਕਸਾਨ ਕਰਕੇ ਅਤੇ ਗੈਰ-ਕਾਨੂੰਨੀ ਢੰਗ ਨਾਲ ਪਾਈਆਂ ਗਈਆਂ ਰੁਕਾਵਟਾਂ ਦੌਰਾਨ ਕੀਤੀ ਗਈ ਸਾਧਨਾਂ ਤੇ ਅਧਿਕਾਰਾਂ ਦੀ ਦੁਰਵਰਤੋਂ ਨੂੰ ਕੌਮਾਂਤਰੀ ਤੌਰ 'ਤੇ ਪੂਰੀ ਤਰ੍ਹਾਂ ਉਭਾਰਨ ਅਤੇ ਸਰਕਾਰ ਨੂੰ ਬਣਦੀ ਚੁਣੌਤੀ ਦੇਣ ਤੋਂ ਖੁੰਝ ਗਏ।

ਫਿਰ 26 ਜਨਵਰੀ ਦੇ ਦਿੱਲੀ ਵਿਚ ਕੱਢੇ ਟਰੈਕਟਰ ਮਾਰਚ ਦੌਰਾਨ ਅਤੇ ਕਿਸਾਨਾਂ ਦੇ ਲਾਲ ਕਿਲ੍ਹੇ 'ਤੇ ਪਹੁੰਚ ਕੇ ਝੁਲਾਏ ਗਏ ਕੇਸਰੀ ਅਤੇ ਕਿਸਾਨੀ ਦੇ ਝੰਡੇ ਦੀਆਂ ਘਟਨਾਵਾਂ ਤੋਂ ਬਾਅਦ ਇੱਕ ਦਮ ਬਹੁਤ ਸਾਰੇ ਸੁਆਲ ਖੜ੍ਹੇ ਹੋਏ, ਜੋ ਸਰਕਾਰ ਵਾਸਤੇ ਚੁਣੌਤੀ ਅਤੇ ਗਲੇ ਦੀ ਫਾਹੀ ਬਣਾਏ ਜਾ ਸਕਦੇ ਸਨ। ਟਰੈਕਟਰ ਮਾਰਚ ਵਾਸਤੇ ਸਰਕਾਰ ਵਲੋਂ ਤੈਅ ਕੀਤੇ ਰੂਟਾਂ ਉੱਪਰ ਖੜ੍ਹੀਆਂ ਕੀਤੀਆਂ ਨਾਜਾਇਜ਼ ਰੁਕਾਵਟਾਂ ਦਾ ਪ੍ਰੈਸ ਮਿਲਣੀਆਂ ਜਾਂ ਲਾਈਵ ਵੀਡੀਓਜ਼ ਵਿਚ ਜ਼ਿਕਰ ਤਾਂ ਬਹੁਤ ਹੁੰਦਾ ਰਿਹਾ, ਪਰ ਇਸ ਬਾਰੇ ਸਰਕਾਰ ਤੋਂ ਜਵਾਬ ਮੰਗਣ ਲਈ ਕੀਤੀ ਕੋਈ ਵਿਧੀਵਤ ਕੋਸ਼ਿਸ਼ ਨਜ਼ਰ ਨਹੀਂ ਆਈ। ਬਹੁਤ ਸਾਰੇ ਕਿਸਾਨ ਆਗੂ ਅਤੇ ਆਮ ਕਿਸਾਨ ਅਨੇਕ ਵਾਰ ਇਹ ਜ਼ਿਕਰ ਕਰਦੇ ਸੁਣੇ ਗਏ ਕਿ ਦਿੱਲੀ ਦੀ ਪੁਲਿਸ ਜਾਣ-ਬੁੱਝ ਕੇ ਉਨ੍ਹਾਂ ਨੂੰ ਦਿੱਲੀ ਦੇ ਅੰਦਰ ਵੱਲ ਮੋੜ ਰਹੀ ਸੀ, ਪਰ ਕਿਸੇ ਨੇ ਵੀ ਬਣਦੇ ਢੰਗ ਨਾਲ ਇਹ ਸੁਆਲ ਪੁਲਿਸ ਅਧਿਕਾਰੀਆਂ ਜਾਂ ਸਰਕਾਰ ਅੱਗੇ ਨਹੀਂ ਰੱਖਿਆ ਕਿ ਇਸ ਵਰਤਾਰੇ ਲਈ ਆਦੇਸ਼ ਕਿਸ ਨੇ ਦਿੱਤੇ ਸਨ? ਦਿੱਲੀ ਵਿਚ ਰਸਤਾ ਭਟਕੇ ਆਮ ਕਿਸਾਨਾਂ ਅਤੇ ਨੌਜਵਾਨਾਂ ਨੂੰ ਲਾਲ ਕਿਲ੍ਹੇ ਵੱਲ ਜਾਂਦਿਆਂ ਕਿਸੇ ਨੇ ਨਹੀਂ ਰੋਕਿਆ,



ਜਦੋਂ ਕਿ ਅਸਲ ਰੂਟ ਦੁਆਲੇ ਭਾਰੀ ਫੋਰਸ ਤਾਇਨਾਤ ਸੀ। ਤੈਅ ਕੀਤੇ ਅਸਲ ਰੂਟ 'ਤੇ ਜਾਣ ਨਾਲੋਂ ਲਾਲ ਕਿਲ੍ਹੇ ਅੰਦਰ ਦਾਖਲ ਹੋਣ ਲਈ ਬਹੁਤ ਘੱਟ ਮੁਸ਼ੱਕਤ ਦੀ ਲੋੜ ਪਈ, ਇਸ ਵਰਤਾਰੇ ਵਿਚੋਂ ਆਉਂਦੀ ਸਾਜ਼ਿਸ਼ ਦੀ ਬੋਅ ਵੀ ਅਸੀਂ ਸਰਕਾਰ ਅਤੇ ਵਿਸ਼ਵ ਦੇ ਨੱਕ ਤੱਕ ਸੜਾਂਦ ਬਣਾ ਕੇ ਪਹੁੰਚਾਉਣ ਤੋਂ ਖੁੰਝ ਗਏ।

ਟਰੈਕਟਰ ਮਾਰਚ ਦੌਰਾਨ ਸ਼ਹੀਦ ਹੋਏ ਨਵਰੀਤ ਸਿੰਘ ਦੀ ਪੋਸਟ-ਮਾਰਟਮ ਰਿਪੋਰਟ ਨੇ ਸਾਫ ਕਰ ਦਿੱਤਾ ਕਿ ਉਸ ਦੀ ਮੌਤ ਗੋਲੀ ਵੱਜਣ ਨਾਲ ਹੋਈ ਹੈ। ਇਹ ਦੁਖਦਾਈ, ਮੰਦਭਾਗੀ ਅਤੇ ਅਣ-ਮਨੁੱਖੀ ਘਟਨਾਂ ਵੀ ਸਰਕਾਰ ਵਾਸਤੇ ਵੱਡੀ ਵੰਗਾਰ ਬਣਾਈ ਜਾ ਸਕਦੀ ਸੀ, ਪਰ ਗੱਲ ਸ਼ਰਧਾਂਜਲੀਆਂ, ਚਰਚਾਵਾਂ ਅਤੇ ਬਿਰਤਾਂਤਾਂ ਤੋਂ ਅੱਗੇ ਨਹੀਂ ਵਧ ਸਕੀ। ਕਿਸਾਨਾਂ ਦੇ ਲਾਲ ਕਿਲ੍ਹੇ ਵਿਚ ਜਾਣ ਨੂੰ ਸਰਕਾਰ ਹਿੰਸਾ ਅਤੇ ਦੇਸ਼ ਧਰੋਹੀ ਪ੍ਰਚਾਰਦੀ ਰਹੀ ਅਤੇ ਸਾਡੇ ਆਗੂ ਠੀਕ-ਗਲਤ ਦੇ ਭੰਬਲਭੂਸੇ ਪੈਦਾ ਕਰਨ ਵਿਚ ਰੁੱਝ ਗਏ ਅਤੇ ਇਸ ਦਰਮਿਆਨ ਕਿਸਾਨਾਂ ਉੱਪਰ ਹੋਏ ਤਸ਼ੱਦਦ ਤੇ ਦਮਨ ਦੇ ਫੱਟ ਇਨਸਾਫ ਦੀ ਮੱਲ੍ਹਮ ਲੈਣ ਤੋਂ ਵਾਂਝੇ ਰਹਿ ਗਏ; ਤੇ ਸਿਰਫ ਬੇਬਸੀ ਦੇ ਕਿੱਸੇ ਬਣਨ ਲਈ ਮਜ਼ਬੂਰ ਹੋ ਗਏ। ਸੜਕਾਂ 'ਤੇ ਪੈਦਲ ਜਾ ਰਹੇ ਕਿਸਾਨਾਂ, ਨੌਜਵਾਨਾਂ ਅਤੇ ਬਜੁਰਗਾਂ ਨੂੰ ਬਿਨਾ ਕਿਸੇ ਦੋਸ਼ ਤੋਂ ਹਿਰਾਸਤ ਵਿਚ ਲਿਆ ਗਿਆ, ਜੇਲ੍ਹਾਂ ਵਿਚ ਡੱਕ ਦਿੱਤਾ ਗਿਆ, ਮਾਰ-ਕੁੱਟ ਕੀਤੀ ਗਈ ਅਤੇ 80 ਸਾਲ ਤੋਂ ਵੀ ਵਡੇਰੀ ਉਮਰ ਦੇ ਸਾਬਕਾ ਸੈਨਿਕ ਬਜੁਰਗਾਂ ਦੀ ਬੇਇਜ਼ਤੀ ਕੀਤੀ ਗਈ। ਇਸ ਸਭ ਬਾਰੇ ਵੀ ਕਿਸਾਨ ਆਗੂ ਸਰਕਾਰ ਅੱਗੇ ਕੋਈ ਸੁਆਲ ਜਾਂ ਚੁਣੌਤੀ ਖੜ੍ਹੀ ਨਹੀਂ ਕਰ ਸਕੇ। ਇਸ ਵਿਰੁੱਧ ਵਾਵੇਲਾ ਤਾਂ ਕੀ ਖੜ੍ਹਾ ਕਰਨਾ ਸੀ, ਸਗੋਂ ਇਨ੍ਹਾਂ ਬੇਕਸੂਰਾਂ ਦੀ ਰਿਹਾਈ ਲਈ ਵੀ ਕਾਫੀ ਜੱਦੋ ਜਹਿਦ ਕਰਨੀ ਪਈ, ਜਦੋਂ ਕਿ ਇਨ੍ਹਾਂ ਉੱਪਰ ਜਬਰਦਸਤੀ ਥੋਪੀਆਂ ਗਈਆਂ ਜੁਰਮ ਧਾਰਾਵਾਂ ਬਾਰੇ ਸਰਕਾਰ ਨੂੰ ਘੇਰਿਆ ਜਾਣਾ ਚਾਹੀਦਾ ਸੀ।

ਕਿਸਾਨ ਅੰਦੋਲਨ ਨੂੰ ਸਮਰਪਿਤ ਪੱਤਰਕਾਰ ਮਨਦੀਪ ਪੂਨੀਆਂ 'ਤੇ ਤਸ਼ੱਦਦ ਦਾ ਮਾਮਲਾ ਅਤੇ ਉਸ ਦੁਆਰਾ ਦਲੇਰੀ ਨਾਲ ਤਿਆਰ ਕੀਤੀ ਰਿਪੋਰਟ ਵਿਚੋਂ ਸਰਕਾਰ ਵੱਲ ਉੱਠੀ ਉਂਗਲ ਨੂੰ ਮਜਬੂਤ ਬਣਾਉਣ ਲਈ ਵੀ ਕਿਸਾਨ ਆਗੂਆਂ ਦਾ ਕੋਈ ਯਤਨ ਨਜ਼ਰ ਨਹੀਂ ਆਇਆ। ਫਿਰ ਕੁੰਡਲੀ ਕਿਸਾਨ ਮੋਰਚੇ ਉੱਪਰ ਬੈਠੇ ਕਿਸਾਨਾਂ ਉੱਪਰ ਗੁੰਡਿਆਂ ਅਤੇ ਪੁਲਿਸ ਵਲੋਂ ਰਲ ਕੇ ਕੀਤੇ ਹਮਲੇ, ਹਮਲੇ ਵਿਚ ਸ਼ਾਮਿਲ ਫੋਟੋਆਂ ਦੇ ਆਧਾਰ 'ਤੇ ਪਛਾਣੇ ਗਏ ਲੋਕਾਂ ਦੇ ਸਥਾਨਕ ਨਾ ਹੋਣ ਦੇ ਸਬੂਤਾਂ ਅਤੇ ਹਮਲੇ ਵਿਚ ਅਗਵਾਈ ਕਰਨ ਵਾਲੇ ਚਿਹਰਿਆਂ ਦੇ ਸਰਕਾਰ ਦੀ ਰਾਜਨੀਤਿਕ ਪਾਰਟੀ ਤੇ ਉਸ ਦੇ ਸਹਾਇਕ ਵਿੰਗਾਂ ਨਾਲ ਜੁੜਦੇ ਤਾਰਾਂ ਨੂੰ ਯੋਜਨਾਬੱਧ ਤਰੀਕੇ ਨਾਲ ਉਛਾਲ ਕੇ ਆਪਣਾ ਪੱਖ ਮਜਬੂਤ ਬਣਾਉਣ ਤੋਂ ਕਿਸਾਨ ਨੇਤਾ ਇੱਕ ਵਾਰ ਫਿਰ ਪਿੱਛੇ ਰਹਿ ਗਏ, ਜਦੋਂ ਕਿ ਸਰਕਾਰ ਅਜਿਹੇ ਹੀ ਹੱਥ-ਕੰਡੇ ਅਪਨਾ ਕੇ ਕਿਸਾਨਾਂ ਅਤੇ ਮੋਰਚਿਆਂ 'ਤੇ ਸਿਕੰਜਾ ਕਸਦੀ ਰਹੀ। ਅਜਿਹੇ ਮੁੱਦਿਆਂ ਨੂੰ ਆਧਾਰ ਬਣਾ ਕੇ ਜੇ ਸਮੇਂ ਸਿਰ ਸਰਕਾਰ ਨੂੰ ਕਰੜੇ ਹੱਥੀਂ ਲਿਆ ਹੁੰਦਾ ਤਾਂ ਮੋਰਚਿਆਂ ਅਤੇ ਘਰਾਂ ਵਿਚ ਬੈਠੇ ਸੰਘਰਸ਼ ਨਾਲ ਜੁੜੇ ਬਹੁਤ ਸਾਰੇ ਲੋਕ ਸਰਕਾਰ ਦੇ ਤਸ਼ੱਦਦ ਅਤੇ ਧੱਕੇਸ਼ਾਹੀ ਦਾ ਸ਼ਿਕਾਰ ਸ਼ਾਇਦ ਨਾ ਹੁੰਦੇ।

ਟਰੈਕਟਰ ਮਾਰਚ ਦੀ ਸਰਕਾਰ ਵਲੋਂ ਦਿੱਤੀ ਇਜਾਜ਼ਤ, ਪੁਲਿਸ ਰਾਹੀਂ ਚਲਾਕੀ ਨਾਲ ਤਜਵੀਜ਼ ਕੀਤੇ ਰੂਟ, ਤੈਅ ਹੋਏ ਰੂਟ ਤੋਂ ਕਿਸਾਨਾਂ ਨੂੰ ਭਟਕਾਉਣ ਅਤੇ ਇਸ ਸਭ ਕਾਸੇ ਪਿੱਛੇ ਛੁਪਾ ਕੇ ਸਰਕਾਰ ਵਲੋਂ ਖੇਡੀ ਗਈ ਚਾਲ ਤੇ ਸਾਜ਼ਿਸ਼ ਦਾ ਜੇ ਸਮੇਂ ਸਿਰ ਭਾਂਡਾ ਭੰਨ ਦਿੱਤਾ ਜਾਂਦਾ ਤਾਂ ਸਰਕਾਰ ਦੇ ਦਾਗੀ ਮਨਸੂਬੇ ਅਤੇ ਕਰੂਪ ਚਿਹਰਾ ਛੇਤੀ ਨੰਗਾ ਕੀਤਾ ਜਾ ਸਕਦਾ ਸੀ। ਇਸ ਨਾਲ ਸਰਕਾਰ ਨੂੰ ਹੋਰ ਬੇਰਹਿਮ ਹਰਬੇ ਵਰਤਣ ਦਾ ਹੌਸਲਾ ਨਹੀਂ ਸੀ ਵਧਣਾ। 26 ਜਨਵਰੀ ਦੀ ਸ਼ਾਮ ਜੇ ਕਿਤੇ ਕਿਸਾਨ ਮੋਰਚਿਆਂ ਦੀਆਂ ਸਟੇਜਾਂ ਤੋਂ ਲਾਲ ਕਿਲ੍ਹੇ ਦੀ ਘਟਨਾ ਨੂੰ ਖੁਦ ਹੀ ਨਿੰਦ ਕੇ ਇਸ ਨੂੰ ਅੰਦੋਲਨ ਦੇ ਮੱਥੇ 'ਤੇ ਕਲੰਕ ਦੇ ਤੌਰ 'ਤੇ ਮੰਨ ਲੈਣ ਵਿਚ ਕਾਹਲੀ ਨਾ ਕੀਤੀ ਗਈ ਹੁੰਦੀ, ਸਗੋਂ ਇਸ ਘਟਨਾ, ਵਰਤਾਰੇ ਤੇ ਸਰਕਾਰ ਦੀ ਸਾਜ਼ਿਸ਼ੀ ਭੂਮਿਕਾ ਨੂੰ ਕੁਝ ਸਮਾਂ ਡੂੰਘਾਈ ਵਿਚ ਘੋਖ ਲਿਆ ਜਾਂਦਾ ਅਤੇ ਕੋਈ ਕੂਟਨੀਤਿਕ ਬਿਰਤਾਂਤ ਸਿਰਜ ਕੇ ਆਪਣਾ ਪੱਖ ਮਜ਼ਬੂਤ ਕਰ ਲਿਆ ਜਾਂਦਾ ਤਾਂ ਇਸੇ ਘਟਨਾ ਨੂੰ ਅੰਦੋਲਨ ਦੇ ਸਿਰ ਦਾ ਤਾਜ਼ ਬਣਾਇਆ ਜਾ ਸਕਦਾ ਸੀ।

ਵਿਸ਼ਵ ਪ੍ਰਸਿੱਧ ਹਸਤੀਆਂ ਸਮੇਤ ਬਹੁਤ ਸਾਰੇ ਦੇਸ਼ਾਂ ਦੇ ਲੋਕਾਂ ਤੇ ਸਰਕਾਰਾਂ ਵਲੋਂ ਦੇਸ਼ ਦੇ ਕਿਸਾਨ ਅੰਦੋਲਨ ਨੂੰ ਮਿਲੇ ਹਮਾਇਤ ਅਤੇ ਹੱਲਾਸ਼ੇਰੀ ਦੇ ਝੋਕਿਆਂ ਤੋਂ ਪੂਰਾ ਤਾਅ ਲੈ ਕੇ ਸੰਘਰਸ਼ ਨੂੰ ਹੋਰ ਕਾੜ੍ਹ ਲੈਣ ਵਿਚ ਵੀ ਕਿਸਾਨ ਅਗਵਾਈ ਫਾਡੀ ਰਹਿ ਗਈ। ਦੁਨੀਆਂ ਭਰ ਤੋਂ ਮਿਲੇ ਭਰਵੇਂ ਹੁੰਗਾਰੇ ਨੂੰ ਸੰਭਾਲਣ ਅਤੇ ਲਗਾਤਾਰ ਬਣਾਈ ਰੱਖਣ ਲਈ ਯਤਨ ਤੇਜ ਕਰਕੇ ਕੇ ਅੰਦੋਲਨ ਦੀ ਤਾਕਤ ਨੂੰ ਹੋਰ ਵਧਾਇਆ ਜਾ ਸਕਦਾ ਸੀ। ਵਿਦੇਸ਼ੀ ਲੋਕਾਂ, ਅਹਿਮ ਹਸਤੀਆਂ, ਦੇਸ਼ਾਂ ਤੇ ਸਰਕਾਰਾਂ ਨਾਲ ਰਾਬਤਾ ਬਣਾ ਕੇ ਇਸ ਹਮਾਇਤ ਨੂੰ ਬਰਕਰਾਰ ਰੱਖਣਾ ਬਹੁਤ ਜਰੂਰੀ ਸੀ ਤਾਂ ਕਿ ਹੋਰ ਹਮਾਇਤ ਹਾਸਿਲ ਕੀਤੀ ਜਾ ਸਕਦੀ, ਪਰ ਇਸ ਕਿਸਮ ਦੇ ਯਤਨਾਂ ਦੀ ਕਮੀ ਨੇ ਸਰਕਾਰ ਨੂੰ ਆਪਣੀ ਲਹਿਰ ਖੜ੍ਹੀ ਕਰਨ ਅਤੇ ਇਨ੍ਹਾਂ ਹਮਾਇਤੀ ਚਿਹਰਿਆਂ ਨੂੰ ਡਰਾ ਕੇ ਪਿੱਛੇ ਹਟਾਉਣ ਲਈ ਉਕਸਾਇਆ, ਤੇ ਕੁਝ ਹੱਦ ਤੱਕ ਉਹ ਕਾਮਯਾਬ ਵੀ ਰਹੀ। ਇਸ ਨਾਲ ਵਿਦੇਸ਼ੀ ਹਮਾਇਤ ਨੂੰ ਢਾਹ ਲੱਗੀ।

ਇਸ ਤਰ੍ਹਾਂ ਅੰਦੋਲਨ ਦੇ ਵਹਾਅ ਦੌਰਾਨ ਅਜਿਹੇ ਬਹੁਤ ਸਾਰੇ ਸੁਆਲ ਉੱਠੇ ਅਤੇ ਮੌਕੇ ਮਿਲੇ, ਜਿਨ੍ਹਾਂ ਨੂੰ ਗੰਭੀਰਤਾ ਅਤੇ ਉਤਸੁਕਤਾ ਨਾਲ ਉਭਾਰਿਆ ਜਾਣਾ ਚਾਹੀਦਾ ਸੀ, ਪਰ ਇਹ ਦਬ ਕੇ ਰਹਿ ਗਏ। ਇਸ ਕਰਕੇ ਕਿਸਾਨ ਅੰਦੋਲਨ ਦੀਆਂ ਤਰੁੱਟੀਆਂ ਸਾਹਮਣੇ ਲਿਆਉਣ, ਅਣਗੌਲੇ ਤੱਥ ਜਾਹਰ ਕਰਨ ਅਤੇ ਸੁਝਾਓ ਪੇਸ਼ ਕਰਨ ਵਾਲੀ ਆਲੋਚਨਾ ਨੂੰ ਹਮੇਸ਼ਾ ਕਿਸਾਨਾਂ ਜਾਂ ਕਿਸਾਨ ਆਗੂਆਂ ਪ੍ਰਤੀ ਹੇਠੀ ਵਾਲੀ, ਵਿਰੋਧੀ ਭਾਵਨਾ ਵਾਲੀ ਤੇ ਵੱਖਵਾਦੀ ਸੁਰਾਂ ਵਾਲੀ ਹੀ ਨਹੀਂ ਮੰਨਿਆ ਜਾਣਾ ਚਾਹੀਦਾ, ਸਗੋਂ ਅਜਿਹੇ ਸਭ ਪਾਸੇ ਤੋਂ ਆਉਣ ਵਾਲੇ ਸੁਝਾਵਾਂ ਤੇ ਨਿਚੋੜਾਂ ਵੱਲ ਗੌਰ ਕਰਨਾ ਚਾਹੀਦਾ ਹੈ। ਪੜਚੋਲ ਕਰਨੀ ਚਾਹੀਦੀ ਹੈ ਤਾਂ ਕਿ ਭਵਿੱਖ 'ਚ ਅਜਿਹੇ ਹਾਲਾਤ ਬਣਨ 'ਤੇ ਦੂਰ-ਅੰਦੇਸ਼ੀ ਤੋਂ ਕੰਮ ਲੈ ਕੇ ਸਹੀ ਨਿਰਣੇ ਲਏ ਜਾ ਸਕਣ।

ਦੇਸ਼ ਵਿਚ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਵੀ ਕਾਫੀ ਕੁਝ ਅਜਿਹਾ ਵਾਪਰਿਆ, ਜਿਸ ਲਈ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾਉਣਾ ਜਰੂਰੀ ਸੀ, ਪਰ ਕਿਸਾਨ ਅਗਵਾਈ ਇਸ ਤੋਂ ਖੁੰਝ ਕੇ ਆਪਸੀ ਖਹਿਬਾਜੀ ਦਾ ਹੀ ਸ਼ਿਕਾਰ ਬਣੀ ਹੋਈ ਦਿਖਾਈ ਦਿੰਦੀ ਰਹੀ ਹੈ। ਅੰਦੋਲਨ ਦੇ ਮੁੱਖ ਮਕਸਦ 'ਤੇ ਕੇਂਦਰਤ ਰਹਿੰਦਿਆਂ, ਆਪਸੀ ਮੱਤਭੇਦਾਂ ਨੂੰ ਭੁਲਾ ਕੇ ਅਤੇ ਇੱਕ ਦੂਜੇ ਦੀ ਨਿੰਦਾ ਤੋਂ ਦੂਰ ਰਹਿ ਕੇ ਭਵਿੱਖ ਵਿਚ ਅੰਦੋਲਨ ਦੇ ਚੱਲ ਰਹੇ ਵਰਤਾਰੇ ਵਿਚੋਂ ਉਪਜੇ ਹਰ ਸੁਆਲ ਨੂੰ ਸਰਕਾਰ ਅੱਗੇ ਸ਼ਿੱਦਤ ਨਾਲ ਉਠਾਉਣਾ ਚਾਹੀਦਾ ਹੈ ਤਾਂ ਕਿ ਲੋਕ ਹਿਤਾਂ ਦੀ ਸਹੀ ਤੇ ਇਮਾਨਦਾਰ ਤਰਜਮਾਨੀ ਨੂੰ ਯਕੀਨੀ ਬਣਾ ਕੇ ਅੰਦੋਲਨ ਨੂੰ ਹੋਰ ਵੀ ਚੜ੍ਹਦੀ ਕਲਾ ਵੱਲ ਲਿਜਾਇਆ ਜਾ ਸਕੇ ਅਤੇ ਮੁੱਖ ਟੀਚਾ ਪ੍ਰਾਪਤ ਕੀਤਾ ਜਾ ਸਕੇ।

---

# ਕਿਸਾਨੀ ਸੰਘਰਸ਼ ਅਤੇ ਮਾਅਰਕੇਬਾਜ਼ਾਂ ਦੀ ਕੋਝੀ ਸਿਆਸਤ

*(ਪਿਛਲੇ ਸਫੇ ਦੀ ਬਾਕੀ)*

ਰਹੇ ਹਨ। ਹਿੰਸਾ ਦੀ ਵਕਾਲਤ ਸਾਡੀਆਂ ਅਗਲੀਆਂ ਪੀੜ੍ਹੀਆਂ ਲਈ ਦੇਸ਼ ਵਿਚ ਹੀ ਨਹੀਂ, ਵਿਦੇਸ਼ਾਂ ਵਿਚ ਵੀ ਕੰਡੇ ਬੀਜ ਰਹੀ ਹੈ।

ਜੇ ਕੁਝ ਪਲ ਲਈ ਇਨ੍ਹਾਂ ਦੀ ਸੁਹਿਰਦਤਾ ਤੇ ਸ਼ੱਕ ਕੀਤੇ ਬਿਨਾਂ ਸੋਚਿਆ ਜਾਵੇ ਤਾਂ ਕੀ ਇਸ ਧਿਰ ਨੂੰ ਪ੍ਰੇਰਨ ਦੀ ਕੋਸ਼ਿਸ਼ ਕਰ ਰਹੇ ਵਿਦਵਾਨ ਸ. ਅਜਮੇਰ ਸਿੰਘ, ਪੱਤਰਕਾਰ ਸ. ਕਰਮਜੀਤ ਸਿੰਘ, ਪੱਤਰਕਾਰ ਸ. ਸੁਖਦੇਵ ਸਿੰਘ ਤੇ ਇਨ੍ਹਾਂ ਵਰਗੇ ਕੁਝ ਹੋਰ ਬੁੱਧੀਜੀਵੀ ਦੱਸ ਸਕਦੇ ਹਨ ਕਿ ਕਿਸਾਨ ਆਗੂ ਉਨ੍ਹਾਂ ਕਿਹੜੇ ਨੌਜਵਾਨਾਂ ਨੂੰ ਅਗਵਾਈ ਸੌਂਪਣ ਜੋ ਅਗਵਾਈ ਕਰਨ ਦੇ ਸਮਰੱਥ ਹਨ? ਕੀ ਉਹ ਕੁਝ ਨੌਜਵਾਨਾਂ ਦੇ ਨਾਮ ਦੱਸ ਸਕਦੇ ਹਨ ਜਿਨ੍ਹਾਂ ਕੋਲ ਇਨ੍ਹਾਂ ਦੇ ਆਪਣੇ ਪ੍ਰਵਚਨਾਂ ਅਨੁਸਾਰ 'ਬਹੁਤ ਵੱਡੇ ਸੰਘਰਸ਼' ਦੀ ਅਗਵਾਈ ਕਰਨ ਦੀ ਸਮਰੱਥਾ ਤੇ ਯੋਗਤਾ ਹੈ ਜਾਂ ਫਿਰ ਉਪਰਲੇ 3-4 ਵਿਦਵਾਨ ਅਗਵਾਈ ਕਰਨਗੇ? ਸ. ਅਜਮੇਰ ਸਿੰਘ ਦੇ ਆਪਣੇ ਕਥਨਾਂ ਅਨੁਸਾਰ ਬੇਸ਼ਕ ਕਿਸਾਨ ਲੀਡਰ, ਛੋਟੇ-ਮੋਟੇ ਧਰਨੇ ਮੁਜ਼ਾਹਰੇ ਕਰਨ ਜੋਗੇ ਬੌਨੇ ਲੀਡਰ ਹਨ ਪਰ ਕੀ ਉਹ ਦੱਸ ਸਕਦੇ ਹਨ ਕਿ ਇਨ੍ਹਾਂ ਦੀਆਂ ਧਿਰਾਂ ਵਲੋਂ ਪਿਛਲੀ ਸਦੀ ਵਿਚ 1980-1994 ਤੱਕ ਲੜੇ ਸਭ ਤੋਂ ਵੱਡੇ 'ਸਿੱਖ ਸੰਘਰਸ਼' ਦੀ ਕੀ ਪ੍ਰਾਪਤੀ ਹੈ? ਇਨ੍ਹਾਂ ਹੀ ਧਿਰਾਂ ਵਲੋਂ ਜੂਨ, 1991 ਦੀਆਂ ਚੋਣਾਂ ਤੋਂ ਪਹਿਲਾਂ ਵਿਸਾਖੀ ਮੌਕੇ ਅਪਰੈਲ 1991 ਵਿਚ ਤਖਤ ਦਮਦਮਾ ਸਾਹਿਬ ਵਿਖੇ ਸ. ਅਜਮੇਰ ਸਿੰਘ ਦਾ ਪੰਥਕ ਕਮੇਟੀ ਦੇ ਨਾਮ ਹੇਠ ਹੱਥ ਲਿਖਤ ਇਸ਼ਤਿਹਾਰ ਹਜ਼ਾਰਾਂ ਦੀ ਗਿਣਤੀ ਵਿਚ ਵੰਡਿਆ ਗਿਆ ਸੀ।

ਇਸੇ ਨੀਤੀ ਤਹਿਤ ਚੋਣਾਂ ਨੂੰ ਰੋਕਣ ਲਈ ਮਈ ਤੋਂ ਜੂਨ, 1991 ਤੱਕ ਖਾੜਕੂਆਂ ਨੇ ਇਨ੍ਹਾਂ ਚੋਣਾਂ ਵਿਚ ਖੜ੍ਹੇ ਅਕਾਲੀ ਅਤੇ ਫੈਡਰੇਸ਼ਨ ਦੇ ਦੋ ਦਰਜਨ ਉਮੀਦਵਾਰਾਂ ਸਮੇਤ ਲੁਧਿਆਣੇ ਨੇੜੇ ਦੋ ਗੱਡੀਆਂ ਵਿਚੋਂ 126 ਬੇਗੁਨਾਹ ਮੁਸਾਫਿਰ ਮਾਰ ਕੇ ਅਤੇ 100 ਤੋਂ ਵੱਧ ਜ਼ਖਮੀ ਕਰਕੇ ਜੂਨ, 1991 ਦੀ ਚੋਣ ਰੁਕਵਾਈ ਸੀ। ਇਸ ਤੋਂ ਬਾਅਦ ਹੀ ਕੇ. ਪੀ. ਐਸ. ਗਿੱਲ ਵਾਪਿਸ ਪੰਜਾਬ ਲਿਆਂਦਾ ਗਿਆ ਸੀ ਜੋ ਪਹਿਲਾਂ ਪੰਜਾਬ ਤੋਂ ਬਾਹਰ ਭੇਜ ਦਿੱਤਾ ਗਿਆ ਸੀ। ਕੀ ਉਸ ਵਕਤ ਅਜਮੇਰ ਸਿੰਘ ਨੂੰ ਕੇਂਦਰ ਸਰਕਾਰ ਦੇ ਮਨਸੂਬਿਆਂ ਜਾਂ ਇਰਾਦਿਆਂ ਦਾ ਗਿਆਨ ਨਹੀਂ ਹੋ ਜਾਣਾ ਚਾਹੀਦਾ ਸੀ? ਪਰ ਉਸ ਨੇ ਫਿਰ ਵੀ ਫਰਵਰੀ, 1992 ਦੀਆਂ ਚੋਣਾਂ ਦੇ ਬਾਈਕਾਟ ਵਰਗਾ ਆਤਮਘਾਤੀ ਰਾਗ ਅਲਾਪਣਾ ਨਹੀਂ ਛੱਡਿਆ ਸੀ ਜਿਸ ਤਹਿਤ 'ਬੰਦੂਕ ਦੀ ਨੋਕ' ਤੇ 1992 ਦੀਆਂ ਚੋਣਾਂ ਦਾ ਬਾਈਕਾਟ ਕਰਾ ਕੇ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਲਈ ਰਾਹ ਪੱਧਰਾ ਹੋਇਆ ਸੀ ਜੋ ਸਿੱਖ ਸੰਘਰਸ਼ ਅਤੇ ਖਾੜਕੂ ਲਹਿਰ ਨੂੰ ਖਤਮ ਕਰਨ ਦਾ ਕਾਰਨ ਬਣਿਆ। ਇਸ ਦਾ ਸਬੂਤ ਉਸ ਵਕਤ ਅਜਮੇਰ ਸਿੰਘ ਗਰੁੱਪ ਵਲੋਂ ਕੱਢੇ ਜਾਂਦੇ ਮਾਸਿਕ ਪਰਚੇ 'ਜਨਤਕ ਪੈਗਾਮ' ਵਿਚ ਅਜਮੇਰ ਸਿੰਘ ਦਾ ਹਰਦਿਆਲ ਸਿੰਘ ਦੇ ਨਾਮ ਹੇਠ ਲੇਖ ਛਪਿਆ ਸੀ ਜੋ ਇਸ ਨੇ ਅਕਾਲੀ ਦਲ (ਕਾਬਲ ਸਿੰਘ) ਦੇ ਜਨਰਲ ਸਕੱਤਰ ਕੈਪਟਨ ਕੰਵਲਜੀਤ ਸਿੰਘ ਵਲੋਂ ਖਾੜਕੂਆਂ ਦੇ 1992 ਦੇ ਚੋਣ ਬਾਈਕਾਟ ਤੋਂ ਪੈਦਾ ਹੋਣ ਵਾਲੇ ਨਤੀਜਿਆਂ ਸਬੰਧੀ ਵਾਰਨਿੰਗ ਰੂਪ ਵਿਚ ਸੀ।

ਇਸ ਲੇਖ ਵਿਚ ਅਜਮੇਰ ਸਿੰਘ ਅੱਡੀਆਂ ਚੁੱਕ-ਚੁੱਕ ਕੇ ਨੁਕਤਾ-ਦਰ-ਨੁਕਤਾ ਚੋਣਾਂ ਦੇ ਬਾਈਕਾਟ ਦੀ ਵਕਾਲਤ ਕਰਦਾ ਹੈ ਪਰ ਜਦੋਂ ਇਸ ਫੈਸਲੇ ਨਾਲ 1992-1994 ਤੱਕ ਸਾਰੀ ਖਾੜਕੂ ਲਹਿਰ ਖਤਮ ਹੋ ਗਈ ਤਾਂ ਪਿਛਲੇ 25 ਸਾਲਾਂ ਤੋਂ ਇਸ ਧੜੇ ਨੇ ਨਾ ਕਦੇ ਉਸ ਦੀ ਜ਼ਿੰਮੇਵਾਰੀ ਲਈ ਅਤੇ ਨਾ ਹੀ ਹਜ਼ਾਰਾਂ ਨੌਜਵਾਨਾਂ ਦੇ ਮਰਨ ਦਾ ਅਫਸੋਸ ਪ੍ਰਗਟ ਕੀਤਾ। ਹੋਰ ਤਾਂ ਹੋਰ, ਅੱਜ ਨੌਜਵਾਨਾਂ ਨੂੰ ਸ਼ਹੀਦੀਆਂ ਦਾ ਪਾਠ ਪੜ੍ਹਾ ਰਹੇ ਸ. ਅਜਮੇਰ ਸਿੰਘ ਵਲੋਂ ਚੋਣਾਂ ਦੇ ਬਾਈਕਾਟ ਤੋਂ ਪਹਿਲਾਂ ਬਣਾਏ ਖਾੜਕੂ ਗਰੁੱਪ 'ਖਾਲਿਸਤਾਨ ਗੁਰੀਲਾ ਫੋਰਸ' ਦੇ ਕਮਾਂਡਰ ਭਾਈ ਕੇਸਰ ਸਿੰਘ ਛਾਜਲੀ ਅਤੇ ਉਸੇ ਗਰੁੱਪ ਦੇ ਮਾਰੇ ਗਏ ਹੋਰ ਅਨੇਕਾਂ ਨੌਜਵਾਨਾਂ ਦੇ ਪਰਿਵਾਰਾਂ ਦੀ ਅੱਜ ਤੱਕ ਇਨ੍ਹਾਂ ਨੇ ਕੋਈ ਸਾਰ ਨਹੀਂ ਲਈ, ਹੋਰ ਇਨ੍ਹਾਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ? ਹੈਰਾਨੀ ਦੀ ਗੱਲ ਇਹ ਵੀ ਹੈ ਕਿ ਸ. ਅਜਮੇਰ ਸਿੰਘ ਨੇ 'ਜਨਤਕ ਪੈਗਾਮ' ਫਰਵਰੀ 1992 ਚੋਣਾਂ ਦੇ ਬਾਈਕਾਟ ਵਾਲੇ ਅੰਕ ਤੋਂ ਬਾਅਦ ਪਰਚਾ ਇੱਕਦਮ ਬੰਦ ਕਰ ਦਿੱਤਾ ਅਤੇ ਫਿਰ ਉਤਨਾ ਚਿਰ ਗੁਪਤਵਾਸ ਹੋ ਗਿਆ, ਜਦੋਂ ਤੱਕ ਖਾੜਕੂ ਸੰਘਰਸ਼ ਨੂੰ ਕੀ. ਪੀ. ਐਸ. ਗਿੱਲ ਨੇ 1992-94 ਤੱਕ ਖਤਮ ਨਹੀਂ ਕਰ ਦਿੱਤਾ; ਤੇ ਫਿਰ ਅਚਾਨਕ 1994 ਵਿਚ ਸਿੱਖ ਸਫਾਂ ਅੰਦਰ ਜੁਝਾਰੂ ਤੋਂ ਵਿਦਵਾਨ ਬਣ ਕੇ ਪ੍ਰਗਟ ਹੋ ਗਿਆ।

ਕੀ ਸ. ਅਜਮੇਰ ਸਿੰਘ ਜਾਂ ਕਿਸਾਨੀ ਸੰਘਰਸ਼ 'ਤੇ ਕਾਬਿਜ਼ ਹੋਣ ਲਈ ਤਰਲੋਮੱਛੀ ਹੋ ਰਹੀਆਂ ਧਿਰਾਂ ਕਦੇ ਪਿਛਲੇ 25 ਸਾਲਾਂ ਦੀ ਸਿੱਖਾਂ ਜਾਂ ਪੰਜਾਬ ਲਈ ਕੋਈ ਕਾਰਗੁਜ਼ਾਰੀ ਜਾਂ ਕੋਈ ਕਾਮਯਾਬੀ ਬਾਰੇ ਚਾਨਣਾ ਪਾਉਣਗੀਆਂ? ਇਨ੍ਹਾਂ ਨੂੰ ਕਿਸ ਆਧਾਰ 'ਤੇ ਇਤਨੇ ਵੱਡੇ ਲੋਕ ਸੰਘਰਸ਼ ਦੀ ਅਗਵਾਈ ਫੜਾ ਦਿੱਤੀ ਜਾਵੇ? ਸਿੱਖਾਂ ਅਤੇ ਪੰਜਾਬ ਉਪਰ ਆਪਣੀ ਸਰਦਾਰੀ ਸਥਾਪਿਤ ਕਰਨ ਦੀ ਦੌੜ ਵਿਚ ਲੱਗੀਆਂ ਹੋਈਆਂ ਇਨਾਂ ਧਿਰਾਂ ਨੇ ਪਿਛਲੇ 35-40 ਸਾਲਾਂ ਵਿਚ ਪੰਜਾਬ, ਪੰਜਾਬੀਆਂ ਤੇ ਸਿੱਖਾਂ ਦਾ ਆਪਣੀ 'ਸਰਦਾਰੀ' ਦੀ 'ਸੌੜੀ ਤੇ ਲੋਕ ਵਿਰੋਧੀ ਰਾਜਨੀਤੀ' ਵਿਚ ਮੋਰਚਿਆਂ, ਸੰਘਰਸ਼ਾਂ ਰਾਹੀਂ ਬੇਤਹਾਸ਼ਾ ਨੁਕਸਾਨ ਕਰਾਇਆ ਹੈ ਪਰ ਪ੍ਰਾਪਤੀ ਜ਼ੀਰੋ ਹੈ? ਜਦੋਂ ਤੱਕ ਪੰਜਾਬ ਦੀਆਂ ਸੈਕੂਲਰ, ਮਨੁੱਖਤਾਵਾਦੀ, ਲੋਕ ਪੱਖੀ ਧਿਰਾਂ ਪੰਜਾਬ ਵਿਚ ਲਾਮਬੰਦ ਹੋ ਕੇ ਇਨ੍ਹਾਂ ਹਿੰਸਕ, ਹਮਲਾਵਰ ਧਿਰਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਨਹੀਂ ਕਰਦੀਆਂ, ਆਮ ਪੰਜਾਬੀਆਂ ਦੀ ਸਮੂਹਿਕ ਚੇਤਨਾ ਵਿਚ ਪਏ ਹਿੰਸਾ ਤੇ ਜਜ਼ਬਾਤੀਪੁਣੇ ਦੇ ਲੱਛਣਾਂ ਨੂੰ ਪਛਾਣ ਕੇ ਸੋਚ ਨੂੰ ਨਹੀਂ ਬਦਲਦੀਆਂ, ਲੋਕਾਂ ਵਿਚ ਜਮਹੂਰੀ ਤੇ ਸੈਕੂਲਰ ਕਦਰਾਂ-ਕੀਮਤਾਂ ਵਿਕਸਤ ਨਹੀਂ ਕਰਦੀਆਂ, ਉਦੋਂ ਤੱਕ ਇਹ ਧਿਰਾਂ ਗਰਮ ਖਿਆਲੀ ਤੇ ਜਜ਼ਬਾਤੀ ਨੌਜਵਾਨਾਂ ਨੂੰ ਹਿੰਸਾ ਦੇ ਰਾਹ ਤੋਰ ਕੇ ਧਰਮ, ਜਾਤ, ਕੌਮ, ਨਸਲ, ਫਿਰਕੇ ਦੇ ਆਧਾਰ 'ਤੇ ਵੰਡਦੀਆਂ ਰਹਿਣਗੀਆਂ ਅਤੇ ਪੰਜਾਬ, ਪੰਜਾਬੀਆਂ, ਸਿੱਖਾਂ ਦਾ ਦੁਨੀਆਂ ਭਰ ਵਿਚ ਨੁਕਸਾਨ ਕਰਦੀਆਂ ਰਹਿਣਗੀਆਂ।

ਪੰਜਾਬ ਵਿਚ ਵੱਸਦੇ ਬਾਕੀ ਭਾਈਚਾਰਿਆਂ, ਜਾਤਾਂ, ਧਰਮਾਂ, ਕੌਮਾਂ, ਫਿਰਕਿਆਂ, ਵਰਗਾਂ ਦੇ ਚੇਤੰਨ ਲੋਕਾਂ ਨੂੰ ਪੰਜਾਬ ਵਿਚ ਇਨ੍ਹਾਂ ਧਿਰਾਂ ਵਲੋਂ 'ਪੰਜਾਬ ਵੱਸਦਾ ਗੁਰਾਂ ਦੇ ਨਾਮ ਤੇ' ਦੇ ਨਾਮ ਹੇਠ ਉਸਾਰੇ ਗਏ ਦਾਬੇ, ਉਲਾਰ, ਸਹਿਮ, ਫੁਕਰੇ, ਲੱਚਰ, ਹਿੰਸਕ ਸਭਿਆਚਾਰ ਵਿਚੋਂ ਕੱਢਣ ਤੇ ਲੋਕ ਪੱਖੀ, ਸੈਕੂਲਰ ਤੇ ਜਮਹੂਰੀ ਸਭਿਆਚਾਰ ਸਿਰਜਣ ਲਈ ਨਵੇਂ ਸਿਰਿਉਂ ਸੁਹਿਰਦ ਯਤਨ ਕਰਨੇ ਚਾਹੀਦੇ ਹਨ, ਜਨ ਚੇਤਨਾ ਲਹਿਰ ਚਲਾਉਣੀ ਚਾਹੀਦੀ ਹੈ ਤਾਂ ਹੀ ਅਸੀਂ ਮਾਣ ਨਾਲ ਕਹਿ ਸਕਾਂਗੇ ਕਿ 'ਪੰਜਾਬ ਵੱਸਦਾ ਗੁਰਾਂ ਦੇ ਨਾਮ ਤੇ'।

###

# ਚੋਣ ਘੁਲਾਟੀਏ ਬਨਾਮ ਕਿਸਾਨ ਮਜ਼ਦੂਰ ਅੰਦੋਲਨ

ਭਾਰਤ ਦੇ ਪੰਜ ਰਾਜਾਂ ਵਿਚ ਚੋਣ ਸਰਗਰਮੀਆਂ ਜੋਰਾਂ 'ਤੇ ਹਨ। ਸੰਯੁਕਤ ਕਿਸਾਨ ਮੋਰਚੇ ਵਲੋਂ ਸਾਰੇ ਥਾਂਵਾਂ 'ਤੇ ਟੀਮਾਂ ਭੇਜ ਕੇ ਭਾਜਪਾ ਨੂੰ ਵੋਟ ਨਾ ਦੇਣ ਦੀ ਅਪੀਲ ਕੀਤੀ ਜਾ ਰਹੀ ਹੈ। ਕਿਸਾਨ ਆਗੂਆਂ ਦਾ ਇਥੇ ਭਰਵਾਂ ਸੁਆਗਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਗੱਲ ਨੂੰ ਲੋਕ ਨਿੱਠ ਕੇ ਸੁਣਦੇ ਹਨ ਤੇ ਭਾਜਪਾ ਨੂੰ ਹਰਾਉਣ ਦਾ ਦਮ ਭਰਦੇ ਹਨ। ਸਾਰੇ ਦੇਸ਼ ਵਿਚ ਕਿਸਾਨ ਮਜ਼ਦੂਰ ਉਠ ਖੜੇ ਹਨ ਤੇ ਦਿੱਲੀ ਦੇ ਕਿਸਾਨ ਸੰਯੁਕਤ ਮੋਰਚਾ ਉਨ੍ਹਾਂ ਦੀ ਢਾਲ ਬਣ ਕੇ ਮਹਾਂ ਪੰਚਾਇਤਾਂ ਦੀ ਲੜੀ ਨੂੰ ਅੱਗੇ ਤੋਰ ਰਿਹਾ ਹੈ। ਪਰ ਹਕੂਮਤ ਅਜੇ ਤਕ ਸੱਤਾ ਦੇ ਨਸ਼ੇ ਤੋਂ ਬਾਹਰ ਨਹੀਂ ਆਈ। ਉਸ ਨੇ ਇਨ੍ਹਾਂ ਪੰਜ ਰਾਜਾਂ ਦੀਆਂ ਚੋਣਾਂ ਨੂੰ ਜਿੱਤਣ ਲਈ ਅੱਡੀ ਚੋਟੀ ਦਾ ਜੋਰ ਲਾਇਆ ਹੋਇਆ ਹੈ।

ਹਾਲ ਦੀ ਘੜੀ ਉਸ ਨੇ ਕਿਸਾਨਾਂ ਦੇ ਮਸਲੇ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਹੈ। ਦੂਜੇ ਪਾਸੇ ਪੰਜਾਬ ਵਿਚ ਅਜੇ ਚੋਣਾਂ ਫਰਵਰੀ 2022 ਵਿਚ ਹੋਣੀਆਂ ਨੇ, ਪਰ ਚੋਣ ਘੁਲਾਟੀਆਂ ਨੇ ਸੂਬੇ ਵਿਚ ਚੋਣ ਰੈਲੀਆਂ ਰਾਹੀਂ ਪਰ ਤੋਲਣੇ ਸ਼ੁਰੂ ਕਰ ਦਿੱਤੇ ਹਨ। ਭਾਜਪਾ ਨੇ ਚੰਡੀਗੜ੍ਹ ਮੀਟਿੰਗ ਕਰਕੇ ਪੰਜਾਬ ਦੀਆਂ 117 ਸੀਟਾਂ 'ਤੇ ਇਕੱਲਿਆਂ ਲੜਨ ਦਾ ਐਲਾਨ ਕੀਤਾ ਹੈ, ਭਾਵੇਂ ਅੱਜ ਉਸ ਦੀ ਹਾਲਤ ਇਹ ਹੈ ਕਿ ਲੋਕ ਉਨ੍ਹਾਂ ਨੂੰ ਘਰਾਂ ਤੋਂ ਨਹੀਂ ਨਿਕਲਣ ਦੇ ਰਹੇ। ਕਾਂਗਰਸ ਕਹਿੰਦੀ ਕਿ ਉਸ ਨੇ 86 ਫੀਸਦੀ ਵਾਅਦੇ ਪੂਰੇ ਕਰ ਦਿੱਤੇ ਹਨ, ਬਾਕੀ ਰਹਿੰਦੇ ਜਲਦੀ ਹੀ ਪੂਰੇ ਕਰ ਦਿੱਤੇ ਜਾਣਗੇ। ਆਮ ਆਦਮੀ ਪਾਰਟੀ ਦਾ ਕਹਿਣਾ ਹੈ ਕਿ ਦਿੱਲੀ ਪੈਟਰਨ 'ਤੇ ਜੋ ਵਾਅਦੇ ਲੋਕਾਂ ਨਾਲ ਕਰਨਗੇ, ਉਹ ਪੂਰੇ ਕੀਤੇ ਜਾਣਗੇ। ਇਸੇ ਤਰ੍ਹਾਂ ਅਕਾਲੀ ਦਲ ਦਾ ਵੀ ਇਹੋ ਜਿਹਾ ਹੀ ਪ੍ਰਸਤਾਵ ਹੈ। ਸਾਰੀਆਂ ਧਿਰਾਂ ਹੀ 'ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ' ਦਾ ਨਾਹਰਾ ਇੱਕ ਦੂਜੇ ਤੋਂ ਵਧ ਕੇ ਬੁਲੰਦ ਕਰ ਰਹੀਆਂ ਹਨ, ਪਰ ਕਿਸਾਨ ਦਿੱਲੀ ਦੀਆਂ ਬਰੂਹਾਂ 'ਤੇ ਆਪਣੇ ਹੱਕ-ਸੱਚ ਦੀ ਲੜਾਈ ਵਿੱਢੀ ਬੈਠਾ ਹੈ। ਉਸ ਵੱਲ ਕਿਸੇ ਦਾ ਧਿਆਨ ਨਹੀਂ। ਉਸ ਨੂੰ ਇਸ ਜਿਲ੍ਹਣ ਵਿਚੋਂ ਕੱਢਣ ਲਈ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ, ਇਨ੍ਹਾਂ 'ਕੁਰਸੀ ਦੇ ਯੋਧਿਆਂ' ਵਲੋਂ।



ਸੁਕੰਨਿਆਂ ਭਾਰਦਵਾਜ ਨਾਭਾ
ਫੋਨ: 815-307-3112

ਉਮਰ ਦੇ ਸਾਢੇ ਛੇ ਦਹਾਕੇ ਹੰਢਾਉਣ 'ਤੇ ਵੀ ਨਹੀਂ ਚੇਤੇ ਕਿ ਕਦੇ ਕਿਸੇ ਨੇ ਅੰਨਦਾਤੇ ਦੀ ਭਲਾਈ ਤੇ ਉਸ ਦੀ ਖੂਨ ਪਸੀਨੇ ਨਾਲ ਪੈਦਾ ਕੀਤੀ ਜਿਣਸ ਦਾ ਕੋਈ ਗੁਜਾਰੇ ਜੋਗਾ ਵੀ ਮੁੱਲ ਪਾਇਆ ਹੋਵੇ। ਵਿਆਜਖੋਰਾਂ ਨੇ ਉਸ ਨੂੰ ਨਪੀੜ ਕੇ ਰੱਖ ਦਿੱਤਾ। ਭਾਖੜੇ ਦੇ ਪਾਣੀ 'ਤੇ ਨਵੇਂ ਨਵੇਂ ਟਿਊਬਵੈਲਾਂ ਨੇ ਕੁਝ ਦੇਰ ਤਕ ਖੇਤਾਂ ਦੇ ਪੁੱਤਰ ਦਾ ਸਾਥ ਨਿਭਾਇਆ। ਹਰੀ ਕ੍ਰਾਂਤੀ ਨਾਲ ਵੀ ਕੁਝ ਸਮੇਂ ਲਈ ਪੰਜਾਬ ਵਿਚ ਲਹਿਰ ਬਹਿਰ ਆਈ ਸੀ। ਖੇਤੀਬਾੜੀ ਯੂਨੀਵਰਸਿਟੀਆਂ, ਖੇਤੀਬਾੜੀ ਵਿਭਾਗ ਤੇ ਖੇਤੀ ਮਾਹਰਾਂ ਨੇ ਵਿਸ਼ਵ ਵਪਾਰ ਸੰਸਥਾ ਅਤੇ ਭਾਰਤ ਸਰਕਾਰ ਦੀ ਇਸ ਕੂਟਨੀਤੀ ਵਿਚ ਪੂਰਾ ਸਾਥ ਦਿੱਤਾ। ਪੰਜਾਬ ਦਾ ਕਿਸਾਨ ਬਾਗੋਬਾਗ ਸੀ। ਚਾਰੇ ਪਾਸੇ ਪੈਸੇ ਦਾ ਵਹਾਅ ਦਿਖਾਈ ਦੇ ਰਿਹਾ ਸੀ। ਨਵੇਂ ਨਵੇਂ ਖਾਦ ਬੀਜ ਮਸ਼ੀਨਰੀ ਤੇ ਸਸਤੇ ਭਾਅ ਮਿਲਦੇ ਕਰਜ਼ਿਆਂ ਨੇ ਜਿਵੇਂ ਪੰਜਾਬ ਦੀ ਕਾਇਆ ਕਲਪ ਕਰ ਦਿੱਤੀ ਸੀ। ਭਾਰਤ ਦੀ ਦੋ ਪ੍ਰਤੀਸ਼ਤ ਵਾਲੇ ਸੂਬੇ ਨੇ 70 ਪ੍ਰਤੀਸ਼ਤ ਕਣਕ ਚਾਵਲ ਪੈਦਾ ਕਰਕੇ ਦੇਸ਼ ਦੇ ਅੰਨ ਭੰਡਾਰ ਭਰਪੂਰ ਕਰ ਦਿੱਤੇ। ਅੰਨਦਾਤੇ ਦੇ ਉਸ ਨਿਸ਼ਚੇ ਕਿ 'ਅੱਧੀ ਖਾ ਕੇ ਗੁਜ਼ਾਰਾ ਕਰ ਲਵਾਂਗੇ, ਪਰ ਲਹਿਣੇਦਾਰ ਨੂੰ ਦਰਾਂ 'ਤੇ ਨਹੀਂ ਆਉਣ ਦੇਣਾ' ਨੂੰ ਵੀ ਦਰਕਿਨਾਰ ਕਰ ਦਿੱਤਾ। ਸ਼ਾਹੂਕਾਰਾਂ ਤੇ ਬੈਂਕਾਂ ਦੇ ਕਰਜ਼ਿਆਂ ਨੇ ਉਸ ਨੂੰ ਸਿਖਰ ਚੜ੍ਹਾ ਕੇ ਪੌੜੀ ਖਿੱਚ ਲਈ, ਉਹ ਧੜੰਮ ਹੇਠਾਂ ਆ ਡਿਗਿਆ। ਲੱਗਾ ਖੁਦਕਸ਼ੀਆਂ ਦੇ ਰਾਹ ਨਾਪਣ। ਨਹੀਂ ਸੀ ਪਤਾ ਕਿ ਇਸ ਕ੍ਰਾਂਤੀ ਦੀ ਇੰਨੀ ਵੱਡੀ ਕੀਮਤ ਚੁਕਾਉਣੀ ਪਵੇਗੀ।

ਸਮੇਂ ਸਮੇਂ 'ਤੇ ਇਸ ਖੇਤਾਂ ਦੇ ਪੁੱਤਰ ਨੂੰ ਜ਼ਮੀਨ ਖੇਤ ਬਚਾਉਣ ਲਈ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਬਾਬਾ ਬੰਦਾ ਸਿੰਘ ਬਹਾਦਰ ਸਿੰਘ ਦੀ ਜ਼ਮੀਨ ਵੰਡ, ਜ਼ਗੀਰਦਾਰੀ ਪ੍ਰਥਾ, ਸਰ ਛੋਟੂ ਰਾਮ ਦੀ ਜਾਟ ਸਭਾ, ਮੁਜਾਰਾ ਲਹਿਰ, ਪ੍ਰਜਾਤੰਤਰ ਲਹਿਰ, ਅਜੀਤ ਸਿੰਘ ਦੀ ਪਗੜੀ ਸੰਭਾਲ ਜੱਟਾ, ਚੌਧਰੀ ਦੇਵੀ ਲਾਲ, ਚੌਧਰੀ ਮਹਿੰਦਰ ਸਿੰਘ ਟਿਕੈਤ, ਚੌਧਰੀ ਚਰਨ ਸਿੰਘ ਦੇ ਕਿਸਾਨ ਅੰਦੋਲਨ ਸਮੇਤ ਅਨੇਕਾਂ ਘੋਲ ਲੜੇ ਗਏ, ਪਰ ਖੇਤਾਂ ਦੇ ਪੁੱਤਰ ਨੂੰ ਆਪਣੀ ਜਿਣਸ ਦਾ ਵਾਜਬ ਮੁੱਲ ਤੇ ਘੱਟੋ-ਘੱਟ ਜਿਊਣ ਹਾਲਤ ਨਸੀਬ ਨਾ ਹੋਏ। ਉਹ ਹਕੂਮਤਾਂ ਦੇ ਰਹਿਮੋ-ਕਰਮ 'ਤੇ ਹੀ ਜਿਊਣ ਲਈ ਮਜਬੂਰ ਰਿਹਾ।

ਇਥੇ ਮੈਂ ਆਪਣੇ ਬਚਪਨ ਦੀ ਇੱਕ ਵਿਆਜਖੋਰੀ ਦੀ ਘਟਨਾ, ਜਿਸ ਦੀ ਮੈਂ ਚਸ਼ਮਦੀਦ ਗਵਾਹ ਹਾਂ, ਬਿਆਨ ਕਰਨ ਲੱਗੀ ਹਾਂ, ਜੋ ਚੇਤਿਆਂ ਵਿਚ ਜਿਉਂ ਦੀ ਤਿਉਂ ਪਈ ਹੈ ਤੇ ਅੱਜ ਵੀ ਉਸੇ ਤਰ੍ਹਾਂ ਬਦਲੇ ਹੋਏ ਰੂਪ ਵਿਚ ਵਾਪਰਦੀ ਵਿਖਾਈ ਦਿੰਦੀ ਹੈ। ਮੇਰਾ ਬਚਪਨ ਨਾਨਕੇ ਪਿੰਡ ਬ੍ਰਾਹਮਣਮਾਜਰੇ ਉਰਫ ਜੁਆਲਾਪੁਰ ਵਿਖੇ ਬੀਤਿਆ ਹੈ। ਇਹ ਪਿੰਡ ਪਟਿਆਲਾ-ਪਾਤੜਾਂ ਸੜਕ ਸਥਿਤ ਪਿੰਡ ਘੱਗਾ ਤੋਂ ਕੋਈ ਚਾਰ ਕੁ ਕਿਲੋਮੀਟਰ 'ਤੇ ਨਿਰੋਲ ਖੇਤੀ ਕਰੂ ਬ੍ਰਾਹਮਣਾਂ ਦਾ ਪਿੰਡ ਹੈ। ਮੇਰੇ ਦਾਦਕੇ ਖੇਤੀ ਨਹੀਂ ਸਨ ਕਰਦੇ।

ਨਾਲ ਦੇ ਪਿੰਡ ਸਿਹਾਲ ਦਾ ਇੱਕ ਵਿਆਜਖੋਰ ਸੀ, ਜਿਸ ਕੋਲ ਮੇਰੇ ਨਾਨਾ, ਜੋ ਕੋਈ ਨਸ਼ਾ ਕਰਦਾ ਸੀ, ਨੇ ਜ਼ਮੀਨ ਗਹਿਣੇ ਕਰ ਦਿੱਤੀ ਸੀ। ਜਦੋਂ ਵੱਡਾ ਮਾਮਾ ਥੋੜ੍ਹਾ ਵੱਡਾ ਹੋਇਆ ਤਾਂ ਨਾਨੀ ਤੇ ਮਾਮੇ ਨੇ ਉਸ ਦਾ ਮਿੰਨਤ ਤਰਲਾ ਕੀਤਾ ਕਿ ਜੇ ਉਹ ਉਨ੍ਹਾਂ ਨੂੰ ਉਨ੍ਹਾਂ ਦੀ ਜ਼ਮੀਨ 'ਤੇ ਖੇਤੀ ਕਰਨ ਦੀ ਇਜਾਜ਼ਤ ਦੇ ਦੇਵੇ ਤਾਂ ਉਹ ਰਕਮ ਦਾ ਵਿਆਜ ਤਾਂ ਅਦਾ ਕਰਨਗੇ ਹੀ, ਨਾਲ ਮੂਲ ਨੂੰ ਵੀ ਵਾਪਸ ਕਰਨ ਦਾ ਉਪਰਾਲਾ ਕਰਨਗੇ। ਕਿਉਂਕਿ ਹੋਰ ਕੋਈ ਵਸੀਲਾ ਨਹੀਂ ਸੀ ਉਸ ਨੂੰ ਮੂਲ ਜਾਂ ਵਿਆਜ ਮੋੜਨ ਦਾ, ਉਹਨੇ ਹਾਂ ਕਰ ਦਿੱਤੀ। ਸਿਹਾਲ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਉਹਦਾ ਜ਼ਮੀਨਾਂ ਗਹਿਣੇ ਤੇ ਵਿਆਜ ਦਾ ਕਾਰੋਬਾਰ ਚਲਦਾ ਸੀ। ਵਿਆਜ ਉਗਰਾਹੁਣ ਦਾ ਉਸ ਦਾ ਤਰੀਕਾ ਬਹੁਤ ਕੁਰੱਖਤ ਸੀ। ਹਾੜੀ-ਸਾਉਣੀ ਆਉਣ ਤੋਂ ਪਹਿਲਾਂ ਹੀ ਉਹ ਕਰਜ਼ਦਾਰਾਂ ਦੇ ਘਰ ਗੇੜੇ ਮਾਰਨੇ ਸ਼ੁਰੂ ਕਰ ਦਿੰਦਾ। ਜੇ ਉਸ ਨੂੰ ਅਗਲੇ ਦੇ ਘਰ ਚੰਗਾ ਪਸ਼ੂ ਇਥੋਂ ਤਕ ਕਿ ਪੀਹਣਾ, ਪਸ਼ੂਆਂ ਦਾ ਦਾਣਾ ਨੀਰਾ ਚਾਰਾ ਪਿਆ ਨਜ਼ਰੀ ਪੈ ਜਾਂਦਾ, ਉਹ ਵੀ ਉਹ ਚੁਕਾ ਕੇ ਲੈ ਜਾਂਦਾ। ਇੱਕ ਦਿਨ ਉਹ ਮਾਮੇ ਦੇ ਬਾਹਰਲੇ ਘਰ ਆਇਆ ਤੇ ਵਿਆਜ ਦੀ ਮੰਗ ਕੀਤੀ। ਮਾਮੇ ਦੇ ਬੱਚੇ ਅੰਦਰਲੇ ਹਵੇਲੀ ਵਾਲੇ ਘਰੋਂ ਨਾਨੀ ਨੂੰ ਬੁਲਾ ਕੇ ਲੈ ਗਏ, ਜਿਸ ਨੂੰ ਸਾਰੇ ਬੇਬੇ ਕਹਿੰਦੇ ਸਨ; ਤੇ ਮੈਂ ਵੀ ਨਾਲੇ ਚਲੀ ਗਈ। ਬੇਬੇ ਨੇ ਤਿੰਨ ਗਜ਼ ਦੀ ਡੰਡੀ ਵਾਲੀ ਖੱਦਰ ਦੀ ਚਾਦਰ ਵਿਚ ਆਪਣੇ ਆਪ ਨੂੰ ਲਪੇਟ ਕੇ ਮਾਮੇ ਦੇ ਵਿਹੜੇ ਵਿਚ ਬੈਠੇ ਉਸ ਸੂਦਖੋਰ ਦੇ ਜਾ ਪੈਰੀਂ ਹੱਥ ਲਾਇਆ।

"ਭਾਈ ਖਾਨੇਆਲੀਏ ਅਜੇ ਤਕ ਛੇ ਮਹੀਨਿਆਂ ਦਾ ਬਣਦਾ ਸੂਦ ਨਹੀਂ ਪਹੁੰਚਿਆ, ਫਸਲ ਤੁਸੀਂ ਭੜੋਲੇ ਪਾ ਲਈ ਹੈ।" ਉਸ ਪਿੰਡ ਵਿਚ ਰਿਵਾਜ ਸੀ ਕਿ ਔਰਤਾਂ ਨੂੰ ਨਾਂ ਦੀ ਥਾਂ ਉਸ ਦੇ ਪੇਕੇ ਪਿੰਡ ਦੇ ਨਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ। ਕੋਈ ਅਸੀਸ ਦੇਣ ਦੀ ਥਾਂ ਉਹਨੇ ਪੈਂਦੀ ਸੱਟੇ ਇਹ ਪ੍ਰਸ਼ਨ ਦਾਗ ਦਿੱਤਾ।

ਬੇਬੇ ਨੇ ਧਰਤੀ 'ਤੇ ਬੈਠਦਿਆਂ ਕਿਹਾ, "ਜੀ ਐਤਕੀਂ ਮਾਰੂ ਫਸਲ ਨੂੰ ਚਾਨਣੀ ਮਾਰ ਗਈ, ਜਿਸ ਕਾਰਨ ਝਾੜ ਘਟ ਗਿਆ, ਮਸੀਂ ਖਾਣ ਜੋਗੇ ਦਾਣੇ ਹੋਏ ਨੇ।"

"ਐਂ ਟਾਲੇ ਨਾ ਲਾਓ ਸੂਦ 'ਤੇ ਸੂਦ ਲੱਗ ਰਿਹਾ ਹੈ, ਜਿਹੜੇ ਘਰੇ ਰੱਖੇ ਨੇ ਉਨ੍ਹਾਂ ਵਿਚੋਂ ਅੱਧ ਪਚੱਧ ਤਾਂ ਮੋੜੋ। ਮੈਂ ਰਕਮ ਦਿੱਤੀ ਹੋਈ ਹੈ, ਕੋਈ ਸੀਂਦ (ਮੁਫਤ) ਵਿਚ ਨੀ ਮੰਗ ਰਿਹਾ। ਪਹਿਲੀ ਛਿਮਾਹੀ ਦਾ ਵੀ ਅਜੇ ਖੜ੍ਹਾ ਹੈ, ਜੇ ਕੱਲ ਤਕ ਨਾ ਪਹੁੰਚਿਆ, ਮੈਂ ਸਰਕਾਰੇ ਦਰਬਾਰੇ ਅਰਜੀ ਪਰਚਾ ਕਰਾਂਗਾ।" ਤੇ ਚਿਤਾਵਨੀ ਦਿੱਤੀ, "ਅੱਗੋਂ ਲਈ ਵਾਹਣ ਵਿਚ ਪੈਰ ਨਾ ਧਰਿਓ, ਮੈਂ ਕਿਸੇ ਹੋਰ ਨੂੰ ਵਟਾਈ 'ਤੇ ਦੇਵਾਂਗਾ।" ਪੈਂਦੇ ਸਟੇ ਸਾਰੇ ਫੈਸਲੇ ਸੁਣਾ ਦਿੱਤੇ।

ਬੇਬੇ ਨੇ ਨਿਆਣੇ ਬੱਚਿਆਂ ਦਾ ਵਾਸਤਾ ਪਾਇਆ। ਬੇਬੇ ਦੀ ਅਧੀਨਗੀ ਦਾ ਉਸ ਉਤੇ ਕੋਈ ਅਸਰ ਨਹੀਂ ਸੀ। ਉਹ ਤਾਂ ਆਪਣਾ ਵਿਆਜ ਹਰ ਹੀਲੇ ਉਗਰਾਹੁਣ ਦੇ ਮੂਡ ਵਿਚ ਸੀ। ਬੇਬੇ ਨੇ ਮਿੰਨਤ ਤਰਲਾ ਕਰਦਿਆਂ ਕਿਹਾ, "ਪੰਡਿਤ ਜੀ ਤੁਹਾਡੇ ਦੇਣਦਾਰ ਹਾਂ। ਸਾਨੂੰ ਦੋ ਦਿਨ ਦੀ ਮੋਹਲਤ ਦਿਓ, ਮੁੰਡਾ ਲਾਂਭੇ ਗਿਆ ਹੋਇਆ ਹੈ, ਜਿਉਂ ਹੀ ਆਇਆ, ਘਰੇ ਤੁਹਾਡੇ ਕੋਲ ਭੇਜਦੀ ਹਾਂ।"

ਬੇਬੇ ਦੀਆਂ ਅਰਜੋਈਆਂ ਦਾ ਉਹਦੇ 'ਤੇ ਕੋਈ ਅਸਰ ਨਹੀਂ ਸੀ। ਉਹਨੇ ਆਪਣੇ ਨਾਲ ਦੇ ਬੰਦੇ ਨੂੰ ਟੋਕਾ ਮਸ਼ੀਨ ਕੋਲ ਪਈ ਗਿੱਲੀ ਸੁੱਕੀ ਲੂਸਣ ਦੀ ਭਰੀ ਨੂੰ ਚੁੱਕਣ ਦਾ ਇਸ਼ਾਰਾ ਕੀਤਾ ਤੇ ਪੈਰ ਪਟਕਦਾ ਚਲਾ ਗਿਆ। ਬੇਬੇ ਨੇ ਸੁਖ ਦਾ ਸਾਹ ਲਿਆ, ਪਰ ਡੰਗਰਾਂ ਨੂੰ ਸੁੱਕੀ ਤੂੜੀ ਨਾਲ ਸਬਰ ਕਰਨਾ ਪਿਆ। ਦੂਜੇ ਦਿਨ ਹੀ ਭੜੋਲੇ ਵਿਚ ਖਾਣ ਲਈ ਰੱਖੇ ਦਾਣੇ ਉਹਦੇ ਕੋਲ ਪੁਜਦਾ ਕੀਤੇ। ਆਪ ਪਤਾ ਨਹੀਂ ਕਿਵੇਂ ਗੁਜ਼ਾਰਾ ਕੀਤਾ, ਕਿਵੇਂ ਨਹੀਂ? ਭਾਵੇਂ ਮੈਂ ਛੋਟੀ ਸਾਂ ਤੇ ਘਰ ਵਿਚੋਂ ਕੋਈ ਵੀ ਮੇਰੇ ਨਾਲ ਗੱਲ ਨਹੀਂ ਸੀ ਕਰਦਾ, ਪਰ ਮੈਂ ਸਮਝ ਰਹੀ ਸਾਂ ਕਿ ਕੁਝ ਗਲਤ ਹੋ ਰਿਹਾ ਹੈ, ਬੇਬੇ ਤੇ ਮਾਮੇ ਨਾਲ। ਪਿਛੋਂ ਨਕਸਲਵਾਦੀ ਲਹਿਰ ਦੇ ਪ੍ਰਭਾਵ ਹੇਠ ਨਾਲ ਦੇ ਪਿੰਡ ਬੁਰਾਸ ਦੇ ਇਕ ਨੌਜਵਾਨ ਨੇ ਉਸ ਸੂਦ ਖੋਰ ਦੀਆਂ ਵਧੀਕੀਆਂ ਤੋਂ ਤੰਗ ਆ ਕੇ ਉਸ ਨੂੰ ਕਤਲ ਕਰ ਦਿੱਤਾ ਸੀ।

ਅੱਜ ਭਾਵੇਂ ਸੂਦ ਤੇ ਸੂਦਖੋਰਾਂ ਦਾ ਸਰੂਪ ਬਦਲ ਗਿਆ ਹੈ, ਪਰ ਛੋਟੇ ਤੇ ਸੀਮਾਂਤ ਕਿਸਾਨ ਦੀ ਹੋਣੀ ਵਿਚ ਕੋਈ ਫਰਕ ਨਹੀਂ ਪਿਆ। ਕੁਦਰਤੀ ਖੇਤੀ ਦੀ ਥਾਂ ਕੈਮੀਕਲ ਖੇਤੀ ਨੇ ਲੈ ਲਈ ਹੈ। ਪਿੰਡ ਦੇ ਸੂਦਖੋਰਾਂ ਤੋਂ ਨਿਕਲ ਕੇ ਸਰਮਾਏਦਾਰੀ ਦੇ ਵਿਛਾਏ ਜਾਲ ਵਿਚ ਉਹ ਬੈਂਕਾਂ ਆੜਤੀਆਂ ਦਾ ਕਰਜ਼ਈ ਹੋ ਗਿਆ ਹੈ। ਗੱਲ ਕੀ, ਉਹਦੀ ਖੇਤੀ ਉਸ ਨੂੰ ਕਦੇ ਵੀ ਵਧੀਆ ਜਿਊਣ ਹਾਲਤਾਂ ਮੁਹੱਈਆ ਨਹੀਂ ਕਰਵਾ ਸਕੀ, ਪਰ ਫਿਰ ਵੀ ਉਹ ਜ਼ਮੀਨ ਨੂੰ ਆਪਣੇ ਤੋਂ ਜੁਦਾ ਨਹੀਂ ਕਰ ਸਕਿਆ। ਆਪਣੇ ਧੀਆਂ ਪੁੱਤਰਾਂ ਦੇ ਸਾਹੇ ਉਹ ਇਸ ਜ਼ਮੀਨ ਤੋਂ ਹੀ ਕਰਦਾ ਹੈ। ਧੀ ਦਾ ਰਿਸ਼ਤਾ ਕਰਨ 'ਤੇ ਉਹ ਚਾਰ ਵਿੱਘੇ ਜਰੂਰ ਦੇਖਦਾ ਹੈ। ਇਹੋ ਕਾਰਨ ਹੈ ਕਿ ਉਹ ਪਰਿਵਾਰਾਂ ਸਣੇ ਇਨ੍ਹਾਂ ਤਿੰਨੋ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਦਿੱਲੀ ਦੀਆਂ ਸਰਹੱਦਾਂ ਨੂੰ ਜਾਮ ਕਰੀ ਬੈਠਾ ਹੈ। ਜ਼ਮੀਨ ਤੋਂ ਬਿਨਾ ਉਹ ਆਪਣੀ ਹੋਣੀ ਨੂੰ ਤਸੱਵਰ ਨਹੀਂ ਕਰ ਸਕਦਾ। ਆਪਣੀ ਜ਼ਮੀਨ ਨੂੰ ਧਰਤੀ ਮਾਂ ਦਾ ਦਰਜਾ ਦੇਣ ਵਾਲੇ ਇਸ ਧਰਤੀ ਪੁੱਤਰ ਕੋਲ ਰੋਟੀ ਰੋਜ਼ੀ ਦਾ ਹੋਰ ਕੋਈ ਵਸੀਲਾ ਨਹੀਂ। ਥੋੜ੍ਹੀ ਜ਼ਮੀਨ ਵਾਲਾ ਇਸ ਦੇ ਆਸਰੇ ਬਹੁਤ ਸਾਰੇ ਸਹਾਇਕ ਧੰਦੇ ਵੀ ਕਰਦਾ ਹੈ, ਜਿਵੇਂ ਡੇਅਰੀ, ਸੂਰ, ਮੁਰਗੀਆਂ ਪਾਲਣ, ਖੁੰਬਾਂ, ਸਬਜੀਆਂ, ਫਲਾਂ ਦੀ ਖੇਤੀ ਨੂੰ ਵੀ ਅਪਨਾਉਂਦਾ ਹੈ ਤਾਂ ਜੋ ਘਰ ਦਾ ਗੁਜ਼ਾਰਾ ਚਲ ਸਕੇ, ਪਰ ਉਸ ਦੀ ਇਹ ਥੋੜ੍ਹੀ ਬਹੁਤੀ ਜ਼ਮੀਨ ਹੀ ਉਸ ਦਾ ਸਹਾਰਾ ਬਣਦੀ ਹੈ, ਜਿਸ 'ਤੇ ਉਹ ਕਰਜ਼ ਲੈ ਕੇ ਜਾਂ ਵਿਭਿੰਨ ਤਰ੍ਹਾਂ ਦੀ ਫਸਲ ਬਾੜੀ ਕਰਕੇ ਆਪਣਾ ਗੁਜਰ-ਬਸਰ ਕਰ ਸਕਦਾ ਹੈ।

ਕੇਂਦਰੀ ਹਕੂਮਤ ਨੇ ਕਿਸਾਨ ਅੰਦੋਲਨ ਨੂੰ ਸਾਬੋਤਾਜ ਕਰਨ ਲਈ ਕਈ ਤਰ੍ਹਾਂ ਦੇ ਨਵੇਂ ਫੁਰਮਾਨ ਜਾਰੀ ਕੀਤੇ ਹਨ। ਇਕ ਦਮ ਫੈਸਲਾ ਕਰ ਦਿੱਤਾ ਕਿ ਵਿਟਾਮਿਨ-ਯੁਕਤ ਚਾਵਲ ਹੀ ਕੇਂਦਰ ਨੂੰ ਭੇਜਿਆ ਜਾਵੇ, ਜਦੋਂ ਕਿ ਪੰਜਾਬ ਦੀਆਂ ਮਿਲਾਂ ਇਹ ਚਾਵਲ ਬਣਾਉਂਦੀਆਂ ਹੀ ਨਹੀਂ। ਜਦੋਂ ਉਨ੍ਹਾਂ ਦੇਸ਼ ਦੇ ਦੂਸਰੇ ਭਾਗਾਂ ਵਿਚ ਵਿਟਾਮਿਨ-ਯੁਕਤ ਚਾਵਲ ਬਣਾਉਣ ਲਈ ਸੰਪਰਕ ਕੀਤਾ ਤਾਂ ਉਨ੍ਹਾਂ ਦਾ ਜੁਆਬ ਸੀ ਕਿ ਉਹ ਜੂਨ ਤੋਂ ਪਹਿਲਾਂ ਇਹ ਚਾਵਲ ਨਹੀਂ ਦੇ ਸਕਦੇ। ਕੇਂਦਰ ਨੇ ਕਿਹਾ ਕਿ ਆਂਗਣਵਾੜੀ ਬੱਚਿਆਂ ਵਾਸਤੇ ਸਾਨੂੰ ਇਹ ਚਾਵਲ ਚਾਹੀਦਾ ਹੈ। ਜਦੋਂ ਕਿ ਪਿਛਲੇ ਸਾਲ ਇਹ ਦੱਸਿਆ ਜਾਣਾ ਚਾਹੀਦਾ ਸੀ, ਕਿਉਂਕਿ ਰਾਤੋ ਰਾਤ ਇਹ ਚਾਵਲ ਤਿਆਰ ਨਹੀਂ ਹੋ ਸਕਦਾ। ਹੁਣ ਇਸ ਬਹਾਨੇ ਕੇਂਦਰ ਪੰਜਾਬ ਦਾ ਚਾਵਲ ਨਹੀਂ ਚੁਕਣਗੇ ਤਾਂ ਅੱਗੋਂ ਜਿਹੜੀ ਫਸਲ ਆਉਣੀ ਹੈ, ਕਣਕ/ਝੋਨੇ ਦੀ ਉਸ ਲਈ ਜਿਹੜੀ ਕੈਸ਼ ਕਰੈਡਿਟ ਲਿਮਟ (ਸੀ. ਸੀ. ਐਲ.) ਹੈ, ਉਹ ਵੀ ਰੋਕ ਲੈਣਗੇ। ਵੱਡੀ ਸਮੱਸਿਆ ਨਾ ਸਿਰਫ ਸੈਲਰ ਮਾਲਕਾਂ ਲਈ ਹੈ, ਸਗੋਂ ਇਹ ਕਿਸਾਨਾਂ ਤੇ ਮੰਡੀਆਂ ਲਈ ਵੀ ਪੈਦਾ ਹੋਵੇਗੀ। ਜਦੋਂ ਨਵਾਂ ਮਾਲ ਰੱਖਣ-ਖਰੀਦਣ ਲਈ ਸਪੇਸ ਦਾ ਰੇੜਕਾ ਪਵੇਗਾ।

ਕੇਂਦਰ ਦੇ ਹਾੜੀ-ਸਾਉਣੀ ਦੀ ਫਸਲ ਦੀ ਅਦਾਇਗੀ ਦੀ ਰਕਮ ਸਿੱਧੀ ਕਿਸਾਨਾਂ ਦੇ ਖਾਤੇ ਵਿਚ ਪਾਉਣ ਦੇ ਫੁਰਮਾਨ ਨੇ ਵੀ ਨਵੀਆਂ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਇਸ ਨਾਲ ਜਿਥੇ ਆੜ੍ਹਤੀ-ਕਿਸਾਨ ਦਾ ਰੇੜਕਾ ਪਏਗਾ, ਉਥੇ ਠੇਕੇ ਵਟਾਈ 'ਤੇ ਜ਼ਮੀਨ ਲੈਣ ਵਾਲਿਆਂ ਨੂੰ ਵੀ ਅੜਿੱਕੇ ਖੜ੍ਹੇ ਹੋਣ ਦਾ ਖਦਸ਼ਾ ਹੈ। ਉਧਰ ਪਾਵਰ ਹਾਊਸ ਪੰਜਾਬ ਨੂੰ ਸਰਕਾਰ ਨੇ ਆਇਡੀਆ, ਵੋਡਾਫੋਨ ਬੰਦ ਕਰਕੇ ਜੀਓ ਦਾ ਪੈਕੇਜ ਲੈਣ ਦੇ ਅਦੇਸ਼ ਦਿੱਤੇ ਹਨ। ਹਰਿਆਣਾ ਸਰਕਾਰ ਲਵ-ਜਿਹਾਦ ਕਾਨੂੰਨ, ਸਰਕਾਰੀ ਪ੍ਰਾਪਰਟੀ ਨੂੰ ਨੁਕਸਾਨ ਦੀ ਭਰਪਾਈ ਅੰਦੋਲਨਕਾਰੀਆਂ ਤੋਂ ਕਰਾਉਣ ਵਰਗੇ ਕਾਨੂੰਨ ਲੈ ਕੇ ਆ ਰਹੀ ਹੈ। ਦਿੱਲੀ ਦੀ ਕੇਜਰੀਵਾਲ ਸਰਕਾਰ ਦੇ ਸਾਰੇ ਅਧਿਕਾਰ ਖੋਹ ਕੇ ਲੈਫਟੀਨੈਂਟ ਗਵਰਨਰ ਨੂੰ ਦੇਣ ਤੇ ਉਸ ਨੂੰ ਹੀ ਅਸਲੀ ਸਰਕਾਰ ਬਣਾਉਣ ਦੇ ਲਈ ਵੀ ਸੰਸਦ ਵਿਚ ਬਿਲ ਲਿਆਂਦਾ ਗਿਆ ਹੈ। ਮੋਦੀ ਸਰਕਾਰ ਦੀਆਂ ਸਾਰੀਆਂ ਨੀਤੀਆਂ ਕਿਸਾਨਾਂ, ਮਜ਼ਦੂਰਾਂ, ਛੋਟੇ ਵਪਾਰੀ ਤੇ ਆਮ ਲੋਕਾਂ ਦੇ ਵਿਰੁੱਧ ਹੀ ਜਾਂਦੀਆ ਹਨ, ਜੋ ਦੋ-ਚਾਰ ਲੋਕਾਂ ਨੂੰ ਹੀ ਮੁਖ ਰੱਖ ਕੇ ਬਣਾਈਆਂ ਜਾਂਦੀਆਂ ਹਨ।

ਹੁਣ ਕਿਸਾਨ ਜਿਵੇਂ ਸੰਘਰਸ਼ ਕਰ ਰਹੇ ਹਨ, ਉਸ ਨੂੰ ਸਲਾਮ ਹੈ। ਕਿਸਾਨਾਂ ਨੇ ਸੁਆਲ ਕੀਤਾ ਕਿ ਕਿਹੜੇ ਕਿਸਾਨਾਂ ਨੇ ਇਨ੍ਹਾਂ ਕਾਨੂੰਨਾਂ ਦੀ ਮੰਗ ਕੀਤੀ ਸੀ? ਤੇ ਬਣਾਉਣ ਸਮੇਂ ਕਿਹੜੀ ਕਿਸਾਨ ਜਥੇਬੰਦੀ ਸ਼ਾਮਲ ਸੀ? ਇਹ ਕਾਨੂੰਨ ਸਰਕਾਰ ਨੇ ਨਹੀਂ, ਸਗੋਂ ਇਨ੍ਹਾਂ ਕਾਰਪੋਰੇਟਾਂ ਨੇ ਬਣਵਾਏ ਹਨ। ਸੋ ਇਹ ਕਿਸਾਨਾਂ ਦੇ ਭਲੇ ਵਿਚ ਨਹੀਂ। ਸਾਫ ਪਤਾ ਲਗਦਾ ਹੈ ਕਿ ਇਹ ਕਾਨੂੰਨ ਕਿਸ ਨੇ ਕਿਸ ਲਈ ਬਣਾਏ ਹਨ। ਚੰਦ ਘਰਾਣੇ ਕਮਾਈ ਕਰ ਰਹੇ ਹਨ। ਲੋਕਾਂ ਨੂੰ ਰੁਜ਼ਗਾਰ ਨਹੀਂ। ਗਰੀਬ-ਅਮੀਰ ਦਾ ਪਾੜਾ ਵਧ ਰਿਹਾ ਹੈ। ਕਿਸਾਨਾਂ ਦੀ ਪਹਿਲੀ ਮੰਗ ਕਾਨੂੰਨ ਵਾਪਸ ਲੈਣ ਦੀ ਹੈ। ਔਕਸਫੈਮ ਦੀ ਇੰਟਰਨੈਸ਼ਨਲ ਰਿਪੋਰਟ (ਇੰਕੁਐਲਟੀ ਵਾਇਰਸ) ਵਰਲਡ ਇਕਨੌਮਿਕ ਅਨੁਸਾਰ ਕਿਵੇਂ ਕੋਵਿਡ ਵਾਇਰਸ ਨੇ ਵੱਡੇ-ਛੋਟੇ ਪਾੜੇ ਨੂੰ ਵਧਾਇਆ ਹੈ।

ਰਿਪੋਰਟ ਅਨੁਸਾਰ ਇੰਡੀਆ ਵਿਚ ਕਰੋਨਾ ਦੀ ਆੜ ਵਿਚ ਸਿਰਫ 9 ਮਹੀਨਿਆਂ ਵਿਚ (ਮਾਰਚ ਤੋਂ ਦਸੰਬਰ) 11 ਅਰਬਪਤੀਆਂ ਦੀ ਵਧੀ ਇਨਕਮ 13 ਕਰੋੜ 80 ਲੱਖ ਰੁਪਿਆ ਜੇ 14 ਕਰੋੜ ਗਰੀਬ ਕਿਸਾਨਾਂ ਵਿਚ ਵੰਡ ਦਿੱਤਾ ਜਾਂਦਾ ਤਾਂ 94 ਹਜ਼ਾਰ ਰੁਪਿਆ ਹਰ ਕਿਸਾਨ ਦੀ ਜੇਬ ਵਿਚ ਪਾਇਆ ਜਾ ਸਕਦਾ ਸੀ। ਜਦ ਕਿ ਬਹੁਗਿਣਤੀ ਕਿਸਾਨਾਂ ਦੀ ਇਨਕਮ 6 ਹਜ਼ਾਰ ਰੁਪਏ ਮਹੀਨਾ ਤੇ 72 ਹਜ਼ਾਰ ਰੁਪਏ ਪ੍ਰਤੀ ਸਾਲ ਹੈ। ਕਰੋਨਾ ਕਾਲ ਸਮੇਂ ਭਾਰਤ ਨੂੰ ਇੰਟਰਨੈਸ਼ਨਲ ਮੌਨੈਟਰੀ ਫੰਡ (ਆਈ. ਐਮ. ਐਫ.) ਤੋਂ 21 ਬਿਲੀਅਨ ਡਾਲਰ ਮਦਦ ਮਿਲੀ, ਜਿਸ ਵਿਚ 16 ਬਿਲੀਅਨ ਡਾਲਰ ਕਰਜ਼ਾ ਹੈ ਤੇ ਪੰਜ ਬਿਲੀਅਨ ਗਰਾਂਟ ਕਰੋਨਾ ਲਈ ਹੈ। ਕੇਂਦਰ ਸਰਕਾਰ ਨੇ ਉਸ ਰਕਮ ਦਾ ਵੀ ਕੋਈ ਉਪਯੋਗ ਗਰੀਬ ਮਜ਼ਦੂਰਾਂ ਜਾਂ ਕਿਸਾਨਾਂ ਲਈ ਨਹੀਂ ਕੀਤਾ। ਪੈਰ ਪੈਰ 'ਤੇ ਕਿਸਾਨੀ ਅੰਦੋਲਨ ਨੂੰ ਕੋਵਿਡ ਦੀ ਆੜ ਵਿਚ ਖਤਮ ਕਰਨ ਦੇ ਮਨਸੂਬੇ ਘੜੇ ਜਾ ਰਹੇ ਹਨ। ਆਪ ਭਾਵੇਂ ਚੋਣ ਵਾਲੇ ਰਾਜਾਂ ਵਿਚ ਵੱਡੀਆਂ ਵੱਡੀਆਂ ਰੈਲੀਆਂ ਕੀਤੀਆਂ ਜਾ ਰਹੀਆਂ ਹਨ।

ਸੋ, ਕਿਸੇ ਵੀ ਜੰਗ ਵਿਚੋਂ ਦੋ ਚੀਜਾਂ ਉਭਰ ਕੇ ਆਉਂਦੀਆਂ ਹਨ-ਜਿੱਤਣਾ ਤੇ ਸਿੱਖਣਾ। ਵਾਪਸ ਜਾ ਕੇ ਹੱਕ ਨਾ ਕਿਸੇ ਦਾ ਮਾਰਿਓ। ਏਕਾ ਇਸੇ ਤਰ੍ਹਾਂ ਬਣਾਈ ਰੱਖਿਓ। ਇਸ ਘੋਲ ਵਿਚੋਂ ਰਾਜਨੀਤਕ ਬਦਲਾਅ ਵੀ ਕੱਢਿਓ। ਵਾਤਾਵਰਣ ਪ੍ਰੇਮੀਆਂ ਦੀ ਗਰੀਨ ਪਾਰਟੀ ਬਣ ਸਕਦੀ ਹੈ ਤਾਂ ਸਾਡੀ ਕਿਉਂ ਨਹੀਂ ਬਣ ਸਕਦੀ। ਅਜਿਹਾ ਪਲੈਟਫਾਰਮ ਖੜ੍ਹਾ ਕਰਿਓ, ਅਜਿਹੀ ਕਾਬਲੀਅਤ ਆਪਣੇ ਵਿਚ ਪੈਦਾ ਕਰ ਲਿਓ, ਜਿਥੋਂ ਤੁਸੀਂ ਇਨ੍ਹਾਂ ਸਿਆਸੀ ਆਗੂਆਂ ਨੂੰ ਪੁੱਛ ਸਕੋਂ ਕਿ ਰਾਜ ਸਭਾ ਕਿਉਂ ਬਣਾਈ ਸੀ, ਜੇ ਪੇਸ਼ ਬਿਲਾਂ 'ਤੇ ਉਨ੍ਹਾਂ ਦੀ ਰਾਇ ਹੀ ਨਹੀਂ ਸੀ ਲੈਣੀ?

###

## ਕਾਵਿ-ਕਿਆਰੀ

### ਕਿਸਾਨ ਏਕਤਾ ਜ਼ਿੰਦਾਬਾਦ

ਕਹੇਂ ਕਿਸਾਨਾਂ ਨੂੰ ਪਰ ਜੀਵੀ ਸ਼ਰਮ ਜਰਾ ਤੂੰ ਕਰ ਵੇ ਮੋਦੀ,
ਅੰਨ ਦਾਤੇ ਨੂੰ ਕਹੇਂ ਪਰ ਜੀਵੀ ਰੱਬ ਦੇ ਕੋਲੋਂ ਡਰ ਵੇ ਮੋਦੀ।

ਨਿਮਾਣਿਆਂ ਦਾ ਮਾਣ ਬਣੇ ਜੋ ਓਸ ਗੁਰੂ ਦੇ ਸਿੱਖ ਅਸੀਂ ਹਾਂ,
ਨਿਤਾਣਿਆਂ ਦਾ ਤਾਣ ਬਣੇ ਜੋ ਓਸ ਗੁਰੂ ਦੇ ਸਿੱਖ ਅਸੀਂ ਹਾਂ।

ਨਿਗੱਤਿਆਂ ਦੀ ਗੱਤ ਬਣੇ ਜੋ ਓਸ ਗੁਰੂ ਦੇ ਸਿੱਖ ਅਸੀਂ ਹਾਂ,
ਨਿਪੱਤਿਆਂ ਦੀ ਪੱਤ ਬਣੇ ਜੋ ਓਸ ਗੁਰੂ ਦੇ ਸਿੱਖ ਅਸੀਂ ਹਾਂ।

ਨਿਓਟਿਆਂ ਦੀ ਓਟ ਬਣੇ ਜੋ ਓਸ ਗੁਰੂ ਦੇ ਸਿੱਖ ਅਸੀਂ ਹਾਂ,
ਨਿਆਸਰਿਆਂ ਦਾ ਬਣੇ ਆਸਰਾ ਓਸ ਗੁਰੂ ਦੇ ਸਿੱਖ ਅਸੀਂ ਹਾਂ।

ਤੇਰੇ ਜਹੇ ਲੱਖਾਂ ਪਰ ਜੀਵੀ ਦਰ ਉਹਦੇ 'ਤੇ ਆ ਕੇ ਮੰਗਦੇ,
ਭਾਂਡੇ ਮਾਂਜਣ, ਜੋੜੇ ਝਾੜਨ, ਗਲ ਵਿਚ ਪੱਲਾ ਪਾ ਕੇ ਮੰਗਦੇ।

ਕਹੇਂ ਕਿਸਾਨਾਂ ਨੂੰ ਪਰ ਜੀਵੀ, ਪਰ ਜੀਵੀ ਇਨਸਾਨ ਤਾਂ ਤੂੰ ਹੈਂ,
ਅੰਬਾਨੀ ਦੇ ਤਲਵੇ ਚੱਟਦਾ, ਪਰ ਜੀਵੀ ਬੇਈਮਾਨ ਤਾਂ ਤੂੰ ਹੈ।

ਨਾ ਔਰਤ, ਨਾ ਧੀ, ਨਾ ਪੁੱਤਰ, ਤੇਰਾ ਤਾਂ ਈਮਾਨ ਕੋਈ ਨਹੀਂ,
ਦਰ ਦਰ ਜਾ ਕੇ ਫਿਟਕਾਂ ਲੈਨੈਂ ਤੇਰੇ ਜਿਹਾ ਹੈਵਾਨ ਕੋਈ ਨਹੀਂ।

'ਪਾੜੋ ਤੇ ਰਾਜ ਕਰੋ' ਦੀ ਨੀਤੀ ਚਾਲ ਤੇਰੀ ਹੁਣ ਚੱਲਣੀ ਨਹੀਂ,
ਪੰਜਾਬ ਨਾਲੋਂ ਹਰਿਆਣਾ ਤੋੜੇਂ ਦਾਲ ਤੇਰੀ ਹੁਣ ਗਲਣੀ ਨਹੀਂ।

ਪੰਗਾ ਲਿਆ ਕਿਸਾਨਾਂ ਦੇ ਨਾਲ ਤੈਨੂੰ ਅਕਲ ਸਿਖਾ ਜਾਵਾਂਗੇ,
ਪਰ ਜੀਵੀ ਦਾ ਮਤਲਬ ਕੀ ਹੈ ਤੈਨੂੰ ਇਹ ਸਮਝਾ ਜਾਵਾਂਗੇ।

ਮੋਦੀ ਬੰਦਿਆ ਇਹ ਨਾ ਸਮਝੀਂ ਡਰ ਜਾਵਾਂਗੇ ਥੱਕ ਜਾਵਾਂਗੇ,
ਹੱਕ ਲੈਣ ਆਏ ਹਾਂ ਆਪਣੇ, ਲੈ ਕੇ ਆਪਣੇ ਹੱਕ ਜਾਵਾਂਗੇ।

### ਔਰਤ

ਰਾਤ ਹਨੇਰੀ ਬੱਦਲ ਗੜਕੇ,
ਕੜਕ ਕੜਕ ਕੜ ਬਿਜਲੀ ਕੜਕੇ।

ਡਾਢਾ ਸ਼ੋਰ ਹਵਾ ਨੇ ਪਾਇਆ
ਖੜ-ਖੜ ਖੜ-ਖੜ ਬੂਹਾ ਖੜਕੇ।

ਸਹਿਮੀ ਜਿਹੀ ਇਕ ਨਾਰ ਹੈ ਬੈਠੀ
ਹੱਥਾਂ ਵਿਚ ਕਲੇਜਾ ਫੜ ਕੇ।
ਤਨ ਤੰਦੂਰ ਚੋਂ ਸੇਕ ਨਿਕਲਦਾ
ਅੰਦਰ ਦੀ ਅੱਗ ਜਦ ਵੀ ਭੜਕੇ।

ਆਪਣੇ ਆਪੇ ਤੋਂ ਡਰ ਜਾਵੇ
ਦਿਲ ਉਹਦਾ ਜਦ ਜ਼ੋਰ ਦੀ ਧੜਕੇ।

ਇਹ ਕਿਸ ਨੇ ਬੂਹਾ ਖੜਕਾਇਆ
ਸੁਬ੍ਹਾ ਸਵੇਰੇ ਤੜਕੇ ਤੜਕੇ।

ਕਈ ਸਾਲਾਂ ਤੋਂ ਘਰ ਨਹੀਂ ਮੁੜਿਆ
ਪੁੱਤ ਗਿਆ ਸੀ ਮਾਂ ਨਾਲ ਲੜ ਕੇ।

ਮਰਦ ਤੁਰ ਗਿਆ ਦੇਸ ਪਰਾਏ
ਕਿਧਰੇ ਦੂਰ ਜਹਾਜੇ ਚੜ੍ਹ ਕੇ।

ਨਾ ਉਹ ਮੁੜਿਆ, ਨਾ ਉਹ ਆਇਆ
ਵਕਤ ਲੰਘਾਵੇ ਅੰਦਰ ਵੜ ਕੇ।

'ਕੱਲੀ-ਕਾਰੀ ਲੁਕ ਲੁਕ ਜਿਉਂਦੀ
ਅੱਖ ਸ਼ਰੀਕਾਂ ਦੀ ਵਿਚ ਰੜਕੇ।

ਦਿਨ ਚੜ੍ਹਿਆ ਪਏ ਲੋਕੀਂ ਆਖਣ
ਮਰ ਗਈ ਆਪਣੇ ਘਰ ਵਿਚ ਸੜ ਕੇ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਪੰਜਾਬੀ ਕੋਰੀਓਗ੍ਰਾਫੀ ਦੀ ਕਹਾਣੀ



## ਕਲਾ ਪਰਿਕਰਮਾ

ਪੰਜਾਬ ਦੇ ਪਿੰਡਾਂ ਕਸਬਿਆਂ 'ਚ ਹੁੰਦੇ ਨਾਟ ਮੇਲਿਆਂ ਦੌਰਾਨ ਨਾਟਕ ਦੇ ਨਾਲ-ਨਾਲ ਇਕ ਹੋਰ ਵੰਨਗੀ ਪ੍ਰਸਿੱਧ ਹੈ ਜਿਸ ਨੂੰ ਕੋਰੀਓਗ੍ਰਾਫੀ ਕਿਹਾ ਜਾਂਦਾ ਹੈ। ਕੋਈ ਰਿਕਾਰਡ ਕੀਤਾ ਗੀਤ ਵੱਜਦਾ ਹੈ ਤੇ ਕਲਾਕਾਰ ਇਹਦੇ ਨਾਲ ਢੁਕਵੇਂ ਐਕਸ਼ਨ ਕਰਦੇ ਹਨ। ਉਂਜ ਅੰਗਰੇਜ਼ੀ ਵਿਚ ਸਿਰਫ ਦੋ ਹੀ ਸ਼ਬਦ ਲੱਭਦੇ ਹਨ, ਕੋਰੀਓਗ੍ਰਾਫ ਤੇ ਕੋਰੀਓਗ੍ਰਾਫੀ। 'ਕੋਰੀਓਗ੍ਰਾਫੀਜ਼' ਨਾਮ ਦਾ ਬਹੁਵਚਨੀ ਸ਼ਬਦ ਕਿਤੇ ਨਹੀਂ ਮਿਲਦਾ। ਇਸ ਮਾਮਲੇ ਵਿਚ ਅਸੀਂ ਪੰਜਾਬੀ ਆਪਣੀ ਸੁੱਖ ਸਹੂਲਤ ਅਨੁਸਾਰ ਲਫਜ਼ ਘੜਨ ਦੇ ਮਾਹਿਰ ਹਾਂ। ਜਿਵੇਂ



ਡਾ. ਸਾਹਿਬ ਸਿੰਘ
ਫੋਨ: +91-98880-11096

ਕੈਨੇਡਾ ਅਮਰੀਕਾ ਵਿਚ ਸਾਮਾਨ ਜਾਂ ਬੰਦੇ ਢੋਣ ਵਾਲੀਆਂ ਪਿਕਅਪ ਗੱਡੀਆਂ ਨੂੰ ਅਸੀਂ 'ਪਿੱਕਾ' ਬਣਾ ਧਰਿਆ, ਉਸੇ ਤਰ੍ਹਾਂ ਇਸ ਵੰਨਗੀ ਦਾ ਨਾਂ ਕੋਰੀਓਗ੍ਰਾਫੀਆਂ ਰੱਖ ਲਿਆ। ਖੈਰ, ਇਹ ਵੰਨਗੀ ਕਿਵੇਂ ਅਤੇ ਕਦੋਂ ਪ੍ਰਵੇਸ਼ ਕੀਤੀ? ਇਪਟਾ ਦੇ ਸਮਾਗਮਾਂ 'ਚ ਓਪੇਰੇ ਪੇਸ਼ ਹੁੰਦੇ ਸਨ ਜਿਸ ਵਿਚ ਗੀਤ, ਸੰਗੀਤ, ਨ੍ਰਿਤ, ਸੰਵਾਦ ਅਦਾਇਗੀ ਦਾ ਸੁਮੇਲ ਹੁੰਦਾ ਸੀ। ਇਹ ਰੰਗਮੰਚ ਦਾ ਅਜਿਹਾ ਰੂਪ ਸੀ ਜਿਸ ਵਿਚ ਮੁੱਖ ਰੂਪ 'ਚ ਸੰਵਾਦ ਅਦਾਇਗੀ ਕਾਵਿਕ ਹੁੰਦੀ ਤੇ ਗੀਤ ਸੰਗੀਤ ਰਾਹੀਂ ਕਹਾਣੀ ਅੱਗੇ ਤੁਰਦੀ। ਹੌਲੀ-ਹੌਲੀ ਓਪੇਰੇ ਲੋਪ ਹੋ ਗਏ। ਪਿੰਡਾਂ ਤੇ ਕਸਬਿਆਂ 'ਚ ਹੋਣ ਵਾਲੇ ਨਾਟ ਸਮਾਗਮਾਂ ਦਾ ਖਾਸਾ ਸ਼ਹਿਰੀ ਨਾਟ ਘਰਾਂ 'ਚ ਹੋਣ ਵਾਲੀਆਂ ਪੇਸ਼ਕਾਰੀਆਂ ਤੋਂ ਅਲੱਗ ਹੁੰਦਾ ਹੈ। ਉਨ੍ਹਾਂ ਲਈ ਇਹ ਤਿੰਨ ਜਾਂ ਚਾਰ ਘੰਟੇ ਦਾ ਸਮਾਗਮ ਹੁੰਦਾ ਹੈ ਜਿਸ ਵਿਚ ਨਾਟਕ ਵੀ ਹੋਣਗੇ, ਗੀਤ ਸੰਗੀਤ ਵੀ, ਭਾਸ਼ਣ ਵੀ। ਗੀਤ ਸੰਗੀਤ ਦੀ ਤਾਕਤ ਅਤੇ ਲੋਕਾਂ ਦੇ ਦਿਲਾਂ ਤਕ ਸੌਖੀ ਰਸਾਈ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਹੈ। ਇਸ ਦਾ ਅਗਲਾ ਮੁੱਖ ਰੂਪ ਭਾਅ ਗੁਰਸ਼ਰਨ ਸਿੰਘ ਦੀ ਟੀਮ ਵੱਲੋਂ ਐਕਸ਼ਨ ਗੀਤ ਦੇ ਰੂਪ 'ਚ ਅਪਣਾਇਆ ਗਿਆ। ਨਾਟਕ ਟੀਮ ਦਾ ਹਿੱਸਾ ਬਣੀ ਸੰਗੀਤਕ ਟੀਮ ਕੋਈ ਇਨਕਲਾਬੀ ਗੀਤ ਗਾਉਂਦੀ ਤੇ ਰੰਗਮੰਚ ਦੇ ਕਲਾਕਾਰ ਆਪਣੀ ਸਰੀਰਕ ਅਦਾਇਗੀ ਤੇ ਹਾਵ ਭਾਵ ਨਾਲ ਇਸ ਗੀਤ ਦੇ ਅਰਥ ਉਜਾਗਰ ਕਰਦੇ। ਮਹਿੰਦਰ ਸਾਥੀ ਦਾ ਗੀਤ 'ਮਸ਼ਾਲਾਂ ਬਾਲ ਕੇ ਚੱਲਣਾ, ਜਦੋਂ ਤੱਕ ਰਾਤ ਬਾਕੀ ਹੈ', ਜਗਮੋਹਨ ਜੋਸ਼ੀ ਦਾ ਗੀਤ 'ਹਮ ਜੰਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ', ਬੱਲੀ ਸਿੰਘ ਚੀਮਾ ਦਾ ਗੀਤ 'ਲੇ ਮਸ਼ਾਲੇਂ ਚਲ ਪੜੇ ਹੈਂ ਲੋਗ ਮੇਰੇ ਗਾਓਂ ਕੇ' ਆਦਿ ਐਕਸ਼ਨ ਗੀਤਾਂ ਦੀ ਮਕਬੂਲੀਅਤ ਜੱਗ ਜ਼ਾਹਿਰ ਹੈ। ਪਰਮਜੀਤ ਸਿੰਘ ਦੁਆਰਾ ਗਾਏ ਅਨੇਕਾਂ ਗੀਤ ਉਸ ਦੌਰ ਦੀ ਕਹਾਣੀ ਕਹਿੰਦੇ ਹਨ।

ਫਿਰ ਵਕਤ ਦੇ ਗੁਜ਼ਰਨ ਨਾਲ ਇਹ ਐਕਸ਼ਨ ਗੀਤ ਵੀ ਲਗਭਗ ਲੋਪ ਹੋ ਗਏ। ਹੁਣ ਨਾਟਕ ਟੀਮ ਨਾਟਕ ਕਰਦੀ ਤੇ ਸੰਗੀਤ ਮੰਡਲੀਆਂ ਗੀਤ ਗਾਉਂਦੀਆਂ। ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ), ਲੋਕ ਸੰਗੀਤ ਮੰਡਲੀ ਛਾਜਲੀ (ਮਾਸਟਰ ਦੇਸ ਰਾਜ) ਅਤੇ ਲੋਕ ਸੰਗੀਤ ਮੰਡਲੀ ਧੌਲਾ (ਜੁਗਰਾਜ ਸਿੰਘ) ਨੇ ਦਹਾਕਿਆਂ ਬੱਧੀ ਪੰਜਾਬ ਦੇ ਨਾਟ ਸਮਾਗਮਾਂ 'ਚ ਆਪਣੇ ਇਨਕਲਾਬੀ ਗੀਤਾਂ ਨਾਲ ਭਰਪੂਰ ਹਾਜ਼ਰੀ ਲਵਾਈ ਤੇ ਇਤਿਹਾਸਕ ਭੂਮਿਕਾ ਅਦਾ ਕੀਤੀ। ਪੰਜਾਬ ਲੋਕ ਸਭਿਆਚਾਰਕ ਮੰਚ ਨੇ ਜਿੱਥੇ ਨਾਟਕ ਟੀਮਾਂ ਨੂੰ ਅਪਣਾਇਆ, ਉਥੇ ਸੰਗੀਤ ਮੰਡਲੀਆਂ ਨੂੰ ਵੀ ਆਪਣੀ ਛਾਤੀ ਨਾਲ ਲਗਾ ਕੇ ਰੱਖਿਆ। ਇਸ ਲੜੀ ਵਿਚ ਜਗਸੀਰ ਜੀਦਾ ਦੀ ਸੰਗੀਤ ਮੰਡਲੀ ਜੁੜੀ ਅਤੇ ਅੱਜ ਤਕ ਸਰਗਰਮ ਹੈ। ਰਸੂਲਪੁਰੀਆ ਦਾ ਕਵੀਸ਼ਰੀ ਜਥਾ ਆਪਣੀ ਲੋਕ ਪੱਖੀ ਕਵੀਸ਼ਰੀ ਨਾਲ ਖੂਬ ਰੰਗ ਬੰਨ੍ਹਦਾ ਹੈ। ਇਸ ਸਭ ਕੁਝ ਦੇ ਦਰਮਿਆਨ ਆਰਟ ਸੈਂਟਰ ਸਮਰਾਲਾ ਦੀ ਟੀਮ ਵਿਲੱਖਣ ਵੰਨਗੀ ਲੈ ਕੇ ਮੰਚ 'ਤੇ ਹਾਜ਼ਰ ਹੋਈ। ਪੰਜਾਬ ਦੇ ਦੁਖਾਂਤ ਨੂੰ ਬਿਆਨਦਾ ਗੁਰਦਾਸ ਮਾਨ ਦਾ ਗੀਤ 'ਮੈਂ ਧਰਤੀ ਪੰਜਾਬ ਦੀ, ਲੋਕੋ ਵਸਦੀ ਉਜੜ ਗਈ!' ਰਿਲੀਜ਼ ਹੋਇਆ ਤਾਂ ਹਰ ਦਰਦਮੰਦ ਪੰਜਾਬੀ ਦੀਆਂ ਅੱਖਾਂ ਨਮ ਹੋਈਆਂ। ਇਹ ਲੀਕ ਤੋਂ ਹਟਵਾਂ ਗੀਤ ਸੀ। ਗਾਇਨ ਰਸ ਦੇ ਨਾਲ ਨਾਲ ਇਸ ਵਿਚ ਖੂਬਸੂਰਤ ਤਰੀਕੇ ਨਾਲ ਕਹਾਣੀ ਕਹੀ ਜਾ ਰਹੀ ਸੀ ਤੇ ਸੁਣਨ ਵਾਲੇ ਦੀਆਂ ਅੱਖਾਂ 'ਚ ਦ੍ਰਿਸ਼ ਉਭਰਦੇ ਸਨ। ਗੀਤ ਦੀ ਇਸ ਤਾਕਤ ਨੂੰ ਮਾਸਟਰ ਤਰਲੋਚਨ ਸਿੰਘ ਨੇ ਪਛਾਣਿਆ ਤੇ ਫੈਸਲਾ ਕੀਤਾ ਕਿ ਇਸ ਗੀਤ ਦਾ ਮੰਚਨ ਕੀਤਾ ਜਾਵੇ। ਮਾਸਟਰ ਜੀ ਰੰਗਮੰਚ ਨਾਲ ਚਿਰਾਂ ਤੋਂ ਜੁੜੇ ਹੋਏ ਸਨ ਤੇ ਫਿਲਮ ਨਿਰਮਾਣ ਦੀ ਵਿਆਕਰਨ ਪ੍ਰਤੀ ਵੀ ਖਾਸੇ ਚੇਤੰਨ ਹਨ। ਇਸ ਲਈ ਉਨ੍ਹਾਂ ਆਸਾਨ ਰਾਹ ਨਾ ਚੁਣਿਆ, ਬਲਕਿ ਇਕ ਇਕ ਸ਼ਬਦ, ਇਕ ਇਕ ਵਾਕ ਦੀ ਤਸਵੀਰ ਵਾਹੁਣ ਦਾ ਯਤਨ ਕੀਤਾ। ਸਿਰਫ ਸ਼ਬਦਾਂ ਦੀ ਪੇਸ਼ਕਾਰੀ ਨਹੀਂ, ਉਨ੍ਹਾਂ ਅੰਤਰਿਆਂ ਦੇ ਵਿਚਕਾਰ ਖੱਪਾ ਭਰਦੇ ਸੰਗੀਤ ਦੀ ਪੇਸ਼ਕਾਰੀ ਲਈ ਵੀ ਦ੍ਰਿਸ਼ ਵਿਉਂਤੇ। ਜਿਵੇਂ ਫਿਲਮੀ ਗੀਤਾਂ ਦੇ ਕੋਰੀਓਗ੍ਰਾਫਰ ਢੁਕਵੀਂ ਅਦਾਇਗੀ ਵਾਲੇ ਐਕਸ਼ਨ ਉਲੀਕਦੇ ਹਨ, ਮਾਸਟਰ ਜੀ ਨੇ ਇਸ ਗੀਤ ਦੀ ਸਕ੍ਰਿਪਟ ਤਿਆਰ ਕਰ ਲਈ। ਜਦੋਂ ਇਹਦੀ ਪੇਸ਼ਕਾਰੀ ਮੰਚ ਦਾ ਸ਼ਿੰਗਾਰ ਬਣੀ ਤਾਂ ਦਰਸ਼ਕ ਨੂੰ ਨਾਟਕੀ ਸੁਹਜ ਵੀ ਨਜ਼ਰ ਆਇਆ ਤੇ ਕੋਰੀਓਗ੍ਰਾਫਰ ਤਰਲੋਚਨ ਸਿੰਘ ਦੀ ਕਲਾਕਾਰੀ ਦਾ ਅਹਿਸਾਸ ਵੀ ਹੋਇਆ।

ਕੋਰੀਓਗ੍ਰਾਫੀ ਦਾ ਆਗਾਜ਼ ਲੂੰ ਕੰਡੇ ਖੜ੍ਹੇ ਕਰਨ ਵਾਲਾ ਹੈ। ਸੰਗੀਤਕ ਉਭਾਰ ਬੁਲੰਦੀ ਵੱਲ ਵਧ ਰਿਹਾ ਹੈ; ਸ਼ਬਦਾਂ ਦੀ ਅਜੇ ਉਡੀਕ ਹੋ ਰਹੀ ਹੈ। ਖਿੱਲਰੇ ਵਾਲਾਂ ਵਾਲੀ ਇਕ ਕੁੜੀ ਦੀਆਂ ਦੋਵੇਂ ਬਾਹਵਾਂ ਨੂੰ ਉਲਟ ਦਿਸ਼ਾਵਾਂ ਵਿਚ ਖਿੱਚਿਆ ਜਾ ਰਿਹਾ ਹੈ, ਸੰਗੀਤਕ ਸਰਗਮ ਜਦੋਂ ਸਮ 'ਤੇ ਪਹੁੰਚਦੀ ਹੈ ਤਾਂ ਕੁੜੀ ਧੱਕਾ ਖਾ ਕੇ ਭੁੰਜੇ ਡਿੱਗਦੀ ਹੈ। ਉਸ ਦਾ ਚਿਹਰਾ ਜ਼ਮੀਨ 'ਤੇ ਗੱਡਿਆ ਹੋਇਆ ਹੈ। ਖਿੱਲਰੇ ਵਾਲ ਚਿਹਰੇ ਨੂੰ ਢੱਕ ਰਹੇ ਹਨ, ਪੰਜਾਬ ਦੀ ਮਿੱਟੀ ਆਪਣੇ ਧੀਆਂ ਪੁੱਤਾਂ ਨਾਲ ਸੰਵਾਦ ਰਚਾਉਣ ਤੋਂ ਪਹਿਲਾਂ ਇਕ ਸ਼ਰਮਸਾਰੀ 'ਚੋਂ ਗੁਜ਼ਰ ਰਹੀ ਹੈ ਤੇ ਗੱਲ ਆਰੰਭ ਕਰਨ ਲਈ ਤਾਕਤ ਜੁਟਾ ਰਹੀ ਹੈ। ਉਸ ਦੀ ਸਾਹੋ ਸਾਹੀ ਹੋਈ ਪਿੱਠ ਦੀ ਤੇਜ਼ ਗਤੀ ਅੰਦਰਲੀ ਕਸ਼ਮਕਸ਼ ਦਾ ਸਬੂਤ ਬਣ ਪੇਸ਼ ਹੋ ਰਹੀ ਹੈ। ਇਕ ਠਹਿਰਾਉ ਆਉਂਦਾ ਹੈ, ਛਿਣ ਭਰ ਦੀ ਚੁੱਪੀ! ਉਸ ਤੋਂ ਬਾਅਦ ਜਿਵੇਂ ਜਿਵੇਂ ਗੁਰਦਾਸ ਮਾਨ ਦੇ ਸ਼ਬਦ ਉਭਰਨੇ ਸ਼ੁਰੂ ਹੁੰਦੇ ਹਨ, ਅਦਾਕਾਰ ਕੁੜੀ ਦਾ ਸਿਰ ਉਪਰ ਉਠਣ ਲੱਗਦਾ ਹੈ। ਨਜ਼ਰਾਂ ਦਰਸ਼ਕਾਂ ਦੀਆਂ ਨਜ਼ਰਾਂ ਨਾਲ ਮਿਲਦੀਆਂ ਹਨ ਤੇ ਧਰਤੀ ਆਪਣੀ ਜਾਣ ਪਛਾਣ ਅਰੰਭਦੀ ਹੈ, 'ਮੈਂ ਧਰਤੀ ਪੰਜਾਬ ਦੀ' ਅਦਾਕਾਰ ਬਲਜਿੰਦਰ ਕੌਰ ਦੀਆਂ ਮਘਦੀਆਂ ਅੱਖ ਸਵਾਲ ਬਣ ਹਿੱਕ 'ਚ ਵੱਜਦੀਆਂ ਹਨ ਤੇ ਦਰਸ਼ਕ ਸੁੰਨ ਹੋਇਆ ਇਸ ਗੀਤ ਨੂੰ 'ਦੇਖ' ਰਿਹਾ ਹੈ। ਉਦੋਂ ਅਜੇ ਗਾਣਿਆਂ ਦੀਆਂ ਵੀਡੀਓਜ਼ ਬਣਨ ਦਾ ਰਿਵਾਜ ਅਜੋਕੀ ਤੇਜ਼ੀ ਵਾਲਾ ਨਹੀਂ ਸੀ। ਇਹ ਕੋਰੀਓਗ੍ਰਾਫੀ ਇਕ ਗੀਤ ਦੀ 'ਮੰਚ ਵੀਡੀਓ' ਸੀ।

ਫਿਰ ਕੋਰੀਓਗ੍ਰਾਫੀ ਤੋਂ ਕੋਰੀਓਗ੍ਰਾਫੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪ੍ਰਬੰਧਕਾਂ ਨੂੰ ਇਸ ਵੰਨਗੀ ਨੇ ਨਵੀਂ ਊਰਜਾ ਦਿੱਤੀ ਤੇ ਪੇਸ਼ਕਾਰਾਂ ਨੂੰ ਨਵੀਂ ਘਾੜਤ ਲੱਭੀ ਸੀ। ਕੁਝ ਨੇ ਮਿਹਨਤ ਕੀਤੀ, ਗੀਤ ਨੂੰ ਕੋਰੀਓਗ੍ਰਾਫ ਕਰਨ ਦੀ ਲੰਬੀ ਚੌੜੀ ਕਸਰਤ 'ਚ ਪੈਣ ਦਾ ਹੌਸਲਾ ਕੀਤਾ ਤੇ ਕੁਝ ਨੇ ਇਸ ਨੂੰ ਇਕ ਸੌਖਾ ਰਾਹ ਸਮਝਿਆ। ਇਹ ਵਰਤਾਰਾ ਕਿਸੇ ਵੀ ਕਲਾ 'ਚ ਵਾਪਰਦਾ ਹੈ। ਸੌ ਫੁੱਲ ਖਿੜਦੇ ਹਨ। ਕੁਝ ਬਗੀਚੀ ਦੀ ਸ਼ਾਨ ਬਣਦੇ ਹਨ, ਕੁਝ ਨੁੱਕਰ 'ਚ ਚੁੱਪਚਾਪ ਪਏ ਰਹਿੰਦੇ ਹਨ ਪਰ ਫੁੱਲ ਤਾਂ ਫੁੱਲ ਹੁੰਦਾ, ਖੁਸ਼ਬੂ ਰਹਿਤ ਨਹੀਂ ਹੋ ਸਕਦਾ। ਅੱਜ ਜਦੋਂ ਵੀ ਮੈਂ ਆਪਣੇ ਨਾਟਕਾਂ ਦੀਆਂ ਪੇਸ਼ਕਾਰੀਆਂ ਲਈ ਪਿੰਡਾਂ 'ਚ ਜਾਂਦਾ ਹਾਂ ਤਾਂ ਦੇਖਦਾ ਹਾਂ ਕਿ ਨਿੱਕੇ-ਨਿੱਕੇ ਪਿੰਡਾਂ 'ਚ ਰਹਿੰਦੇ ਚੇਤੰਨ ਅਧਿਆਪਕ ਜਾਂ ਸਮਰਪਤ ਸ਼ਖਸ ਬੱਚਿਆਂ ਨੂੰ ਜਾਂ ਪਿੰਡ ਦਿਆਂ ਮੁੰਡਿਆਂ ਕੁੜੀਆਂ ਨੂੰ ਲੈ ਕੇ ਕੋਰੀਓਗ੍ਰਾਫੀਆਂ ਤਿਆਰ ਕਰ ਕੇ ਮੰਚ 'ਤੇ ਪਹੁੰਚਦੇ ਹਨ। ਮੈਂ ਬੜੇ ਗਹੁ ਨਾਲ ਉਨ੍ਹਾਂ ਨੂੰ ਦੇਖਦਾ ਹਾਂ। ਕਈ ਵਾਰ 'ਵਾਹ' ਨਿਕਲਦੀ ਹੈ। ਕਈ ਵਾਰ ਉਨ੍ਹਾਂ ਦੀ ਮਾਸੂਮੀਅਤ ਦੇਖ ਕੇ ਸਿਰਫ ਮੁਸਕਰਾਹਟ ਆਉਂਦੀ ਹੈ ਪਰ ਮਾਣ ਜ਼ਰੂਰ ਹੁੰਦਾ ਹੈ ਕਿ ਹੇਠਲੇ ਪੱਧਰ 'ਤੇ ਅਵਾਮ ਨੂੰ ਚੇਤੰਨ ਕਰਨ ਲਈ ਕਲਾ ਦੀ ਵਰਤੋਂ ਕਰਨ ਵਾਲੇ ਯਤਨਸ਼ੀਲ ਹਨ ਤੇ ਹਰ ਤਰ੍ਹਾਂ ਦੀ ਵਿਆਕਰਨ ਤੋਂ ਉਪਰ ਉਠ ਕੇ ਡਟੇ ਹੋਏ ਹਨ। ਡਟੇ ਰਹੋ ਤੇ 'ਕੋਰੀਓਗ੍ਰਾਫੀਆਂ' ਕਰਦੇ ਰਹੋ।



## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਅਪਰੈਲ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-476



*ਫੋਟੋ ਖਿੱਚੀ ਹੈ ਭਾਵੇਂ ਰਤਾ ਜ਼ੋਰ ਲਾ ਕੇ, ਪਰ ਸੁਨੇਹੇ ਦਾ ਕੋਈ ਜਵਾਬ ਨਾਹੀਂ।*
*ਕਹਿੰਦੇ ਸਬਰ-ਸੰਜਮ ਦੀਆਂ ਬਰਕਤਾਂ ਨੇ, ਇਹਦੇ ਜਿਹਾ ਕੋਈ ਸਵਾਬ ਨਾਹੀਂ।*

### ਕੈਪਸ਼ਨ ਮੁਕਾਬਲਾ-474



ਵਿੱਸਰ ਰਹੇ ਵਿਰਸੇ ਦੀ
ਪਾਉਂਦੀ ਹੈ ਇਹ ਕਹਾਣੀ,
ਪਿੜਾਂ ਵਿਚ ਪਾਥੀਆਂ ਪੱਥਦੀ
ਸੀ ਹਰੇਕ ਸੁਆਣੀ।
ਮੀਂਹ ਕਿਣੀ ਦੇ ਬਾਲਣ ਦਾ
ਫਿਕਰ ਸਦਾ ਸਤਾਵੇ,
ਸੰਭਾਲ ਕਰਦੀ ਇੰਜ
ਚਿਣ ਚਿਣ ਗੁਹਾੜੀ ਲਾਵੇ।
*-ਸੇਵਾ ਸਿੰਘ ਨੂਰਪੁਰੀ*
*ਫੋਨ: 408-912-3438*

---

ਸੁੱਕੀਆਂ ਪਾਥੀਆਂ ਦਾ ਲਾਏ ਗੁਹਾਰਾ
ਚਿਣ ਚਿਣ ਰੀਝਾਂ ਨਾਲ ਟਿਕਾਵੇ।
ਬਲਦਾ ਚੁੱਲ੍ਹਾ, ਘਰ ਵਿਚ ਬਰਕਤ
ਕਰੇ ਮਿਹਨਤ ਨਾ ਜੀਅ ਚੁਰਾਵੇ।
ਸੁਹਜ, ਹੁਨਰ ਮੂੰਹੋਂ ਬੋਲਣ,
ਪਿੰਡ ਦੀ ਵਾਧੂ ਸ਼ਾਨ ਵਧਾਵੇ।
*-ਦਵਿੰਦਰ ਕੌਰ*

---

ਪਛਾਣ ਹੁੰਦੀ ਸੀ ਪਿੰਡ ਦੀ
ਪਿੰਡ ਦੇ ਬਾਹਰ ਬਣੇ ਮੁਹਾਰਿਆਂ ਤੋਂ।
ਜਿਵੇਂ ਬੰਦਾ ਪਰਖਿਆ ਜਾਂਦਾ
ਉਸ ਦੇ ਝੂਠ-ਸੱਚ ਦੇ ਲਾਰਿਆਂ ਤੋਂ।
ਮੁਹਾਰੇ ਭਰਦੇ ਸਨ ਹਾਮੀ
ਪਿੰਡ ਵਿਚ ਬਰਕਤ ਏ ਦੁੱਧ ਦੀ,
ਜਿਵੇਂ ਸਿਆਣੇ ਬੰਦੇ ਦੀ ਪਰਖ
ਹੁੰਦੀ ਉਸ ਦੇ ਬੁੱਧ ਦੀ।
ਹੁਣ ਟਾਂਵੇ ਟਾਵੇਂ ਨਜ਼ਰ ਆਉਣ
ਪਿੰਡਾਂ ਵਿਚ ਮੁਹਾਰੇ,
ਪੱਕੇ ਬਣ ਗਏ ਘਰ ਤੇ ਹਵੇਲੀਆਂ
ਨਾਲੇ ਪਸ਼ੂਆਂ ਲਈ ਪੱਕੇ ਢਾਰੇ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-640-6660*

---

ਆਦਿ ਕਾਲ ਤੋਂ ਬੰਦੇ ਦੀਆਂ
ਸੱਧਰਾਂ ਟੀਸੀ ਛੋਹਣਦੀਆਂ।
ਡਿਜ਼ੀਟਲ ਯੁਗ 'ਚ ਵੀ ਨਾ ਰੱਜੇ
ਬੰਦਿਆਂ ਦੀਆਂ ਆਦਤਾਂ ਖੋਹਣਦੀਆਂ।
ਪਹਿਲਾਂ ਪਛਾਣ ਹੁੰਦੀ ਸੀ
ਪਿੰਡਾਂ ਦੇ ਗਹਾਰਿਆਂ ਤੋਂ,
ਹੁਣ ਮਾਰਬਲ-ਟਾਈਲਾਂ ਵਾਲੀਆਂ
ਕੋਠੀਆਂ ਦੇ ਚੁਬਾਰਿਆਂ ਤੋਂ।
*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਬੀਬੀ ਤੇਰੀ ਮੁਸ਼ੱਕਤ ਦੇਖ
ਸਦਕੇ ਤੇਰੇ ਮੈਂ ਬਲਿਹਾਰੇ ਜਾਵਾਂ,
ਤੜਕੇ ਉੱਠ ਕੇ ਚੱਕੀਆਂ ਝੋਵੇਂ
ਦੁੱਧ ਰਿੜਕੇਂ ਪਾ ਮਧਾਣੀ ਚਾਟੀਆਂ ਤੂੰ।
ਦੁੱਧ ਚੋ ਕੇ ਲਿਆ ਲਵੇਰੀਆਂ ਦਾ
ਸ਼ਾਹ ਵੇਲਾ ਪੁੱਜਦਾ ਕਰੇਂ ਹਾਲੀਆਂ ਨੂੰ।
ਗੋਹਾ ਕੂੜਾ ਕਰ ਬੰਜਰ ਦੀ ਸਾਫ ਸਫਾਈ
ਸੁੱਕੀਆਂ ਪਾਥੀਆਂ ਦੇ ਗੁਹਾਰੇ ਲਾਵੇਂ ਇਉਂ,
ਭਾਵੇਂ ਬਾਤਾਂ ਇਹ ਲੱਗਣ ਸਮੇਂ ਬੀਤੇ ਦੀਆਂ
ਪਰ ਤੇਰੀ ਫੋਟੋ ਦੱਸਦੀ ਕਿ ਇਹ ਝੂਠ ਨਹੀਓਂ।
*-ਕਲਵੰਤ ਸਿੰਘ ਸਹੋਤਾ*
*ਫੋਨ: 604-589-5919*

---

ਥੱਪ-ਥੱਪ ਰਲਾ ਗੋਹਾ-ਤੂੜੀ
ਸੁੱਕਣੀ ਪਾਈ ਧੁੱਪੇ,
ਵਿਚ ਪਸੂਆਂ ਦੇ ਵਾੜੇ।
ਚਿਣ ਚਿਣ ਪਾਥੀਆਂ,
ਗੁੰਬਦ ਟੀਸੀ 'ਤੇ ਬਣਿਆ।
ਕੁੱਪ ਵਾਂਗ ਗੁਹਾਰਾ ਦੂਰੋਂ ਨਜ਼ਰੀਂ ਪੈਂਦਾ।
ਬਿਨਾ ਮੁੱਲ ਦੇ ਹੈ ਇਹ ਦਿਹਾਤੀ ਕਲਾ
ਚੀਸਾਂ ਅੰਦਰੋਂ ਅੰਦਰੀ ਪੀ ਜਾਂਦਾ
ਪੈਂਦਾ ਜਦ ਕਿਸੇ ਗੁਹਾਰੇ ਦਾ ਗੋਟਾ ਚੁੱਲ੍ਹੇ
ਟਾਪ ਫੁੱਲ ਫੁੱਲ ਕਮਲੀ ਹੋ ਜਾਂਦੀ।
*-ਦਰਸ਼ਨਪਾਲ ਦੋਸਾਂਝ*

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਿੱਗਰ ਵਿਚਾਰਾਂ 'ਤੇ ਝਾਤ

ਆਜ਼ਾਦੀ ਸਾਨੂੰ ਅੰਗਰੇਜ਼ਾਂ ਨੇ ਥਾਲੀ ਵਿਚ ਪਰੋਸ ਕੇ ਨਹੀਂ ਦਿਤੀ, ਸਗੋਂ ਇਸ ਦੀ ਪ੍ਰਾਪਤੀ ਲਈ ਲੰਬੇ ਸੰਘਰਸ਼ ਲੜੇ ਗਏ, ਜਿਸ ਵਿਚ ਨਰਮ ਦਲੀਏ ਅਤੇ ਗਰਮ ਦਲੀਏ ਯੋਧਿਆਂ ਨੇ ਭਰਪੂਰ ਯੋਗਦਾਨ ਪਾਇਆ। ਬਹੁਤ ਸਾਰੀਆਂ ਜਾਨਾਂ ਇਸ ਭਾਰਤ ਦੇਸ਼ ਦੇ ਲੇਖੇ ਲੱਗੀਆਂ। ਇਨ੍ਹਾਂ ਜਾਨਾਂ ਵਾਰਨ ਵਾਲਿਆਂ ਦੀ ਗਿਣਤੀ ਉਂਗਲਾਂ ਉਪਰ ਨਹੀਂ ਕੀਤੀ ਜਾ ਸਕਦੀ। 1857 ਦੇ ਗਦਰ ਵਿਚ ਹਿੱਸਾ ਲੈਣ ਵਾਲੇ ਯੋਧਿਆਂ ਨੇ ਇਸ ਸੰਘਰਸ਼ ਨੂੰ ਬਾਖ਼ੂਬੀ ਲੜਿਆ। ਅੰਗਰੇਜ਼ਾਂ ਨੂੰ ਸੁਖ ਦੀ ਨੀਂਦ ਨਹੀਂ ਸੌਣ ਦਿਤਾ। ਆਜ਼ਾਦੀ ਦੇ ਪ੍ਰਵਾਨਿਆਂ ਨੇ ਸੰਘਰਸ਼ ਦੌਰਾਨ ਆਪਣੇ ਪਰਿਵਾਰਾਂ ਨੂੰ ਛੱਡ ਆਪਣਾ ਸਾਰਾ ਧਿਆਨ ਦੇਸ਼ ਨੂੰ ਆਜ਼ਾਦ ਕਰਵਾਉਣ ਉਪਰ ਕੇਂਦਰਿਤ ਕੀਤਾ ਅਤੇ ਆਪਣੀਆਂ ਜ਼ਿੰਦਗੀਆਂ ਨੂੰ ਦੇਸ਼ ਦੇ ਲਈ ਵਾਰ ਦਿੱਤਾ। ਨੌਜੁਆਨਾਂ ਨੇ ਵੀ ਇਸ ਘੋਲ ਵਿਚ ਆਪਣੇ ਸੁਖ ਸਹੂਲਤਾਂ ਤਿਆਗ



**ਡਾ. ਅਜੀਤ ਸਿੰਘ ਕੋਟਕਪੂਰਾ**
ਫੋਨ: 585-305-0443

ਪੂਰੀ ਦਿਆਨਤਦਾਰੀ ਨਾਲ ਹਿੱਸਾ ਪਾਇਆ ਅਤੇ ਜ਼ਿੰਦਗੀ ਦੀ ਕੋਈ ਪ੍ਰਵਾਹ ਨਾ ਕੀਤੀ।

ਆਜ਼ਾਦੀ ਦੇ ਇਸ ਘੋਲ ਵਿਚ ਸ਼ਹੀਦੀ ਪ੍ਰਾਪਤ ਕਰਨ ਵਾਲੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਵਿਸ਼ੇਸ਼ ਸਥਾਨ ਹੈ, ਜਿਸ ਨੇ ਮਹਿਜ 24 ਸਾਲ ਦੀ ਉਮਰ ਵਿਚ ਆਪਣੇ ਦੋ ਸਾਥੀਆਂ-ਰਾਜਗੁਰੂ ਅਤੇ ਸੁਖਦੇਵ ਦੇ ਨਾਲ ਹੱਸ ਹੱਸ ਕੇ ਫਾਂਸੀ ਦੇ ਰਸੇ ਨੂੰ ਚੁੰਮਿਆ ਸੀ। 23 ਮਾਰਚ 1931 ਨੂੰ ਜਦੋਂ ਸੂਰਜ ਅਸਤ ਹੋ ਰਿਹਾ ਸੀ, ਉਸ ਸਮੇਂ ਅੰਗਰੇਜ਼ੀ ਸਰਕਾਰ ਨੇ ਤਿੰਨਾਂ ਹੀ ਸਾਥੀਆਂ ਤੋਂ ਉਨ੍ਹਾਂ ਦਾ ਜਨਮ ਸਿੱਧ ਸਾਹ ਲੈਣ ਦਾ ਅਧਿਕਾਰ ਖੋਹ ਆਪਣੇ ਅੰਦਰ ਬਲਦੀ ਬਦਲੇ ਦੀ ਅੱਗ ਨੂੰ ਠੰਡਾ ਕਰ ਲਿਆ ਅਤੇ ਬੇਇਨਸਾਫੀ ਤੇ ਲੁੱਟ-ਖਸੁੱਟ ਦੇ ਵਿਰੁੱਧ ਬਗਾਵਤੀ ਸੁਰਾਂ ਨੂੰ ਹਮੇਸ਼ਾ ਲਈ ਸ਼ਾਂਤ ਕਰਨ ਹਿੱਤ ਜੱਲਾਦ ਨੇ ਫਾਂਸੀ ਦੇ ਫੰਦੇ ਦਾ ਸਹਾਰਾ ਲੈ ਲਿਆ। ਫਾਂਸੀ ਦੇ ਫੰਦੇ ਉਪਰ ਜਾਂਦੇ ਹੋਏ ਭਗਤ ਸਿੰਘ ਨੇ ਅੰਗਰੇਜ਼ ਜੱਜ ਨੂੰ ਸੰਬੋਧਨ ਕਰ ਆਖਿਆ ਸੀ, ਮੈਜਿਸਟਰੇਟ ਸਾਹਿਬ ਤੁਸੀਂ ਭਾਗਾਂ ਵਾਲੇ ਹੋ, ਤੁਹਾਨੂੰ ਇਹ ਦੇਖਣ ਦਾ ਮੌਕਾ ਮਿਲਿਆ ਹੈ ਕਿ ਕਿਵੇਂ ਮਹਾਨ ਆਦਰਸ਼ ਦੀ ਖਾਤਿਰ ਕੋਈ ਭਾਰਤੀ ਇਨਕਲਾਬੀ ਹੱਸ ਹੱਸ ਕੇ ਮੌਤ ਨੂੰ ਗਲੇ ਲਾਉਂਦਾ ਹੈ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਮਾਤਾ ਆਗਿਆ ਵੰਤੀ ਦੀ ਕੁੱਖੋਂ ਸਰਦਾਰ ਕਿਸ਼ਨ ਸਿੰਘ ਦੇ ਘਰ ਸੰਨ 1907 ਦੇ ਸਤੰਬਰ ਮਹੀਨੇ ਦੀ 28 ਤਾਰੀਖ ਨੂੰ ਹੋਇਆ ਸੀ। ਉਸ ਦਾ ਸਾਰਾ ਪਰਿਵਾਰ ਹੀ ਆਜ਼ਾਦੀ ਦੇ ਘੋਲ ਨੂੰ ਸਮਰਪਿਤ ਸੀ। ਪਰਿਵਾਰ ਵਲੋਂ ਉਸ ਨੂੰ ਭਾਗਾਂ ਵਾਲਾ ਜਾਣ ਕੇ ਉਸ ਦਾ ਨਾਂ ਭਗਤ ਸਿੰਘ ਰਖਿਆ ਗਿਆ ਸੀ। ਦੇਸ਼ ਪ੍ਰੇਮ ਦੀ ਗੁੜ੍ਹਤੀ ਉਸ ਨੂੰ ਆਪਣੇ ਪਰਿਵਾਰ ਵਿਚੋਂ ਹੀ ਮਿਲੀ ਸੀ। ਛੋਟਾ ਹੁੰਦਾ ਹੀ ਉਹ ਖੇਤਾਂ ਵਿਚ ਬੰਦੂਕਾਂ ਬੀਜ ਕੇ ਬੰਦੂਕਾਂ ਦੀ ਖੇਤੀ ਕਰਨਾ ਚਾਹੁੰਦਾ ਸੀ ਤਾਂ ਜੋ ਹਥਿਆਰਾਂ ਦੀ ਮਦਦ ਨਾਲ ਆਜ਼ਾਦੀ ਦਾ ਘੋਲ ਲੜਿਆ ਜਾ ਸਕੇ ਅਤੇ ਦੇਸ਼ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਤੋੜੀਆਂ ਜਾ ਸਕਣ ਤੇ ਦੇਸ਼ਵਾਸੀ ਆਪੋ ਵਿਚ ਪ੍ਰੇਮ ਭਾਵਨਾ ਨਾਲ ਰਹਿ ਸਕਣ।

ਭਗਤ ਸਿੰਘ ਆਪਣਾ ਜ਼ਿਆਦਾ ਸਮਾਂ ਪੜ੍ਹਨ ਵਿਚ ਹੀ ਲਾਇਆ ਕਰਦਾ ਸੀ। ਉਸ ਦੇ ਮਹਿਬੂਬ ਲੇਖਕਾਂ ਵਿਚ ਤਾਲਸਤਾਏ, ਦਾਸਤੋਵਸਕੀ, ਹਾਲਕੇਨ, ਗੋਰਕੀ, ਵਿਕਟਰ ਹਿਊਗੋ, ਬਰਨਾਰਡ ਸ਼ਾਅ ਅਤੇ ਡਿਕਨਜ਼ ਆਦਿ ਸ਼ਾਮਿਲ ਸਨ। ਪੁਸਤਕਾਂ ਦੇ ਪੜ੍ਹਨ ਅਤੇ ਵਿਚਾਰ-ਵਟਾਂਦਰਾ ਕਰਦੇ ਰਹਿਣ ਕਾਰਨ ਉਸ ਦੇ ਵਿਚਾਰਾਂ ਵਿਚ ਪੂਰਨ ਸਪਸ਼ਟਤਾ ਝਲਕਦੀ ਸੀ। ਜਥੇਬੰਦੀ ਦੀ ਲੋੜ ਅਤੇ ਪ੍ਰਚਾਰ ਕਰਨ ਦੀ ਜ਼ਰੂਰਤ ਸੰਬਧੀ ਗਿਆਨ ਭਰਪੂਰ ਜਾਣਕਾਰੀ ਸਾਨੂੰ ਉਸ ਦੀਆਂ ਕੀਤੀਆਂ ਗੱਲਾਂ ਵਿਚੋਂ ਸਪਸ਼ਟ ਦਿਸ ਪੈਂਦੀ ਹੈ। ਉਸ ਦੇ ਸ਼ਬਦਾਂ ਵਿਚ ਪ੍ਰਗਟ ਹੈ ਕਿ ਦੇਸ਼ ਦੀ ਜਨਤਾ ਸਾਡੇ ਹੌਸਲੇ ਅਤੇ ਸਾਡੇ ਕੀਤੇ ਕੰਮਾਂ ਦੀ ਭਰਪੂਰ ਪ੍ਰਸ਼ੰਸਾ ਕਰਦੀ ਹੈ, ਪਰ ਜਨਤਾ ਸਾਡੇ ਨਾਲ ਆਪਣਾ ਸਿੱਧਾ ਸੰਪਰਕ ਬਣਾਉਣ ਵਿਚ ਅਸਮਰਥ ਹੈ। ਅਜੇ ਤਕ ਆਪਾਂ ਖੁੱਲ੍ਹੇ ਸ਼ਬਦਾਂ ਵਿਚ ਇਹ ਵੀ ਨਹੀਂ ਸਮਝ ਸਕੇ ਕਿ ਜਿਸ ਆਜ਼ਾਦੀ ਬਾਰੇ ਅਸੀਂ ਗੱਲਾਂ ਕਰਦੇ ਹਾਂ, ਉਸ ਦੀ ਰੂਪ ਰੇਖਾ ਕੀ ਹੋਵੇਗੀ? ਅੰਗਰੇਜ਼ਾਂ ਦੇ ਸਾਡੇ ਦੇਸ਼ ਨੂੰ ਛੱਡ ਜਾਣ ਤੋਂ ਬਾਅਦ ਜੋ ਸਰਕਾਰ ਬਣੇਗੀ, ਉਹ ਕਿਹੋ ਜਿਹੀ ਹੋਵੇਗੀ ਅਤੇ ਕਿਸ ਦੀ ਹੋਵੇਗੀ? ਆਪਣੇ ਸੰਘਰਸ਼ ਦਾ ਜਨਤਕ ਆਧਾਰ ਬਣਾਉਣ ਲਈ ਸਾਨੂੰ ਆਪਣਾ ਮਕਸਦ ਲੋਕਾਂ ਤਕ ਲੈ ਕੇ ਜਾਣਾ ਪਵੇਗਾ। ਆਮ ਲੋਕਾਂ ਦੀ ਮਦਦ ਤੋਂ ਬਿਨਾ ਅਸੀਂ ਥੋੜ੍ਹੇ ਬਹੁਤ ਅੰਗਰੇਜ਼ ਅਫਸਰਾਂ ਜਾਂ ਟਾਊਟਾਂ ਨੂੰ ਮਾਰ ਕੇ ਸਫਲ ਨਹੀਂ ਹੋ ਸਕਦੇ। ਹਾਲੇ ਤਕ ਅਸੀਂ ਜਥੇਬੰਦੀ ਅਤੇ ਪ੍ਰਚਾਰ ਦੀ ਤਰਫ ਧਿਆਨ ਨਹੀਂ ਦਿਤਾ ਤੇ ਅਜਿਹੇ ਐਕਸ਼ਨ ਹੀ ਕਰਦੇ ਅੱਗੇ ਵਧਦੇ ਰਹੇ ਹਾਂ।

ਅਸੀਂ ਸਾਰੇ ਹੀ ਫੌਜੀ ਹਾਂ ਅਤੇ ਹਰ ਫੌਜੀ ਦਾ ਸਭ ਤੋਂ ਵੱਧ ਪਿਆਰ ਯੁੱਧ-ਭੂਮੀ ਵਿਚ ਜਾਨ ਕੁਰਬਾਨ ਨਾਲ ਹੀ ਹੁੰਦਾ ਹੈ। ਐਕਸ਼ਨ ਦੀ ਗੱਲ ਸੁਣਨ ਸਾਰ ਹੀ ਸਾਰੇ ਉਤਾਵਲੇ ਹੋ ਜਾਂਦੇ ਹਨ ਤਾਂ ਵੀ ਸੰਘਰਸ਼ ਨੂੰ ਸੋਚ ਕੇ ਐਕਸ਼ਨਾਂ ਵਲ ਖਿੱਚ ਤਾਂ ਤਿਆਗਣੀ ਹੀ ਪਵੇਗੀ। ਭਾਵੇਂ ਇਹ ਬਿਲਕੁਲ ਦਰੁਸਤ ਹੈ ਕਿ ਸ਼ਹਾਦਤ ਦਾ ਸਿਹਰਾ ਐਕਸ਼ਨ ਵਿਚ ਜੂਝਣ ਵਾਲਿਆਂ ਸਿਰ ਜਾਂ ਫਾਂਸੀ ਦੇ ਫੰਦੇ ਨੂੰ ਚੁੰਮ ਲੈਣ ਵਾਲਿਆਂ ਸਿਰ ਹੀ ਬੱਝਦਾ ਰਿਹਾ ਹੈ ਅਤੇ ਬੱਝਦਾ ਰਹੇਗਾ; ਪਰ ਇਸ ਸਭ ਦੇ ਬਾਵਜੂਦ ਉਨ੍ਹਾਂ ਦੀ ਹਾਲਤ ਕਿਸੇ ਵੀ ਇਮਾਰਤ ਦੇ ਜੜੇ ਹੋਏ ਹੀਰੇ ਸਮਾਨ ਹੁੰਦੀ ਹੈ, ਜਿਸ ਦੀ ਕੀਮਤ, ਜਿਥੋਂ ਤਕ ਇਮਾਰਤ ਬਾਰੇ ਸੋਚਦੇ ਹਾਂ, ਉਸ ਦੀ ਨੀਂਹ ਵਿਚ ਦਬੇ ਹੋਏ ਪੱਥਰ ਦੇ ਮੁਕਾਬਲੇ ਵਿਚ ਬਹੁਤ ਹੀ ਥੱਲੇ ਹੁੰਦੀ ਹੈ। ਹੀਰੇ ਕਿਸੇ ਵੀ ਇਮਾਰਤ ਦੀ ਸੁੰਦਰਤਾ ਵਿਚ ਵਾਧਾ ਕਰਦੇ ਹਨ ਅਤੇ ਦੇਖਣ ਵਾਲਿਆਂ ਨੂੰ ਹੈਰਾਨ ਵੀ ਕਰਦੇ ਹਨ, ਪਰ ਉਹ ਹੀਰੇ ਕਦੇ ਵੀ ਬੁਨਿਆਦ ਨਹੀਂ ਬਣ ਸਕਦੇ ਅਤੇ ਕਿਸੇ ਵੀ ਹਾਲਤ ਵਿਚ ਇਮਾਰਤ ਦੀ ਉਮਰ ਵਿਚ ਵਾਧਾ ਨਹੀਂ ਕਰ ਸਕਦੇ। ਲੰਬੇ ਸਮੇਂ ਤਕ ਆਪਣੇ ਮਜ਼ਬੂਤ ਮੋਢਿਆਂ 'ਤੇ ਉਸ ਦੇ ਭਾਰ ਨੂੰ ਚੁੱਕ ਕੇ ਸਿਧਿਆਂ ਖੜ੍ਹੇ ਨਹੀਂ ਰੱਖ ਸਕਦੇ। ਹੁਣ ਤਕ ਦੇ ਕੀਤੇ ਕਾਰਜਾਂ ਰਾਹੀਂ ਅਸੀਂ ਸੰਘਰਸ਼ ਦੌਰਾਨ ਹੀਰਿਆਂ ਦੀ ਕਮਾਈ ਹੀ ਕੀਤੀ ਹੈ, ਪਰ ਬੁਨਿਆਦ ਦੇ ਪੱਥਰਾਂ ਵਲ ਧਿਆਨ ਹੀ ਨਹੀਂ ਦਿਤਾ। ਇਸੇ ਕਾਰਨ ਇੰਨੀਆਂ ਕੁਰਬਾਨੀਆਂ ਦੇ ਕੇ ਵੀ ਅਸੀਂ ਇਮਾਰਤ ਤਾਂ ਕਿ ਬਣਾਉਣੀ ਸੀ, ਢਾਂਚਾ ਵੀ ਨਹੀਂ ਸਿਰਜ ਸਕੇ।

ਭਗਤ ਸਿੰਘ ਤਿਆਗ ਅਤੇ ਕੁਰਬਾਨੀ ਦੇ ਦੋ ਰੂਪਾਂ ਬਾਰੇ ਲਿਖਦਾ ਹੈ ਕਿ ਇੱਕ ਹੈ, ਆਪਣੇ ਛਾਤੀ ਡਾਹ ਗੋਲੀ ਖਾਣੀ ਜਾਂ ਫਾਂਸੀ ਦੇ ਤਖਤੇ ਨੂੰ ਚੁੰਮ ਲੈਣਾ ਅਤੇ ਸ਼ਹੀਦ ਹੋ ਜਾਣਾ। ਇਸ ਕਾਰਜ ਵਿਚ ਤਕਲੀਫ ਘਟ ਹੈ ਅਤੇ ਚਮਕ ਦਮਕ ਬਹੁਤ ਹੈ। ਦੂਸਰਾ ਹੈ, ਪਿੱਛੇ ਰਹਿ ਕੇ ਸਾਰਾ ਜੀਵਨ ਹੀ ਇਮਾਰਤ ਦਾ ਬੋਝ ਲੈ ਕੇ ਚਲਦੇ ਰਹਿਣਾ। ਸੰਘਰਸ਼ ਦੇ ਅੰਦਰ ਚੰਗੇ ਮਾੜੇ ਹਾਲਾਤ ਅਜਿਹੇ ਵੀ ਆਇਆ ਕਰਦੇ ਹਨ, ਜਦੋਂ ਕੁਝ ਸਾਥੀ ਇੱਕ ਇੱਕ ਕਰ ਸਾਥ ਛੱਡਦੇ ਜਾਂਦੇ ਹਨ। ਉਸ ਸਮੇਂ ਕੋਈ ਹਮਦਰਦੀ ਲਈ ਵੀ ਕੋਲ ਨਹੀਂ ਹੁੰਦਾ। ਅਜਿਹੇ ਨਾ ਖੁਸ਼ਗਵਾਰ ਮੌਕਿਆਂ ਉਪਰ ਹੌਸਲਾ ਰੱਖ ਆਪਣੇ ਰਾਹ ਉਪਰ ਚਲਦੇ ਰਹਿਣਾ, ਖਸਤਾ ਹਾਲਤ ਹੋ ਰਹੀ ਇਮਾਰਤ ਦਾ ਭਾਰ ਚੁੱਕ ਪੈਰਾਂ ਨੂੰ ਸਥਿਰ ਰੱਖਣ ਲਈ ਯਤਨਸ਼ੀਲ ਰਹਿਣਾ ਅਤੇ ਮੋਢਿਆਂ ਨੂੰ ਝੁਕਣ ਤੋਂ ਬਚਾ ਕੇ ਰੱਖਦੇ ਹਨ। ਜਿਹੜੇ ਸਾਥੀ ਆਪਣੇ ਆਪ ਨੂੰ ਇਸ ਲਈ ਜਲਾ ਕੇ ਰੱਖਦੇ ਹਨ ਤਾਂ ਜੋ ਦੀਵੇ ਦੀ ਲੋਅ ਮੱਠੀ ਨਾ ਹੋ ਜਾਵੇ ਅਤੇ ਸੁਨਸਾਨ ਪਗਡੰਡੀ ਉਪਰ ਹਨੇਰਾ ਹੀ ਨਾ ਪਸਰ ਜਾਵੇ, ਅਜਿਹੇ ਲੋਕਾਂ ਦੀ ਕੁਰਬਾਨੀ ਵੀ ਕਿਸੇ ਤਰ੍ਹਾਂ ਵੀ ਘਟ ਨਹੀਂ ਹੁੰਦੀ। ਇਹ ਵੀ ਨਾ ਭੁਲਿਆ ਜਾਵੇ ਕਿ ਸਾਨੂੰ ਇਸ ਬਿਖੜੇ ਰਾਹ ਵਿਚ ਬਹੁਤ ਸਾਰੀਆਂ ਨਾਕਾਮੀਆਂ ਵੀ ਮਿਲਣਗੀਆਂ। ਇਨ੍ਹਾਂ ਨਾਕਾਮੀਆਂ ਦੇ ਸਾਹਮਣੇ ਸਿਰ ਝੁਕਾ ਕੇ ਉਦਾਸ ਹੋ ਜਾਣ ਨਾਲ ਸਾਡਾ ਪੈਂਡਾ ਹੋਰ ਵੀ ਮੁਸ਼ਕਿਲ ਭਰਿਆ ਹੋ ਜਾਵੇਗਾ। ਅਸੀਂ ਰਾਹ ਦੇ ਰੋੜੇ ਹਟਾ ਕੇ ਅੱਗੇ ਵਧਣ ਦੀ ਥਾਂ ਅਸੀਂ ਆਪ ਦੂਸਰਿਆਂ ਦੇ ਰਾਹ ਦਾ ਰੋੜਾ ਬਣ ਜਾਵਾਂਗੇ।

ਅੰਗਰੇਜ਼ੀ ਗੁਲਾਮੀ ਵਿਰੁੱਧ ਲੜਿਆ ਜਾਣ ਵਾਲਾ ਸੰਘਰਸ਼ ਸਾਡੇ ਯੁੱਧ ਦਾ ਪਹਿਲਾ ਪੜਾਅ ਹੈ, ਆਖਰੀ ਲੜਾਈ ਤਾਂ ਸਾਨੂੰ ਲੁੱਟ-ਖਸੁੱਟ ਦੇ ਵਿਰੁੱਧ ਹੀ ਲੜਨੀ ਹੈ। ਇਹ ਲੁੱਟ-ਖਸੁੱਟ ਭਾਵੇਂ ਮਨੁੱਖ ਦੁਆਰਾ ਮਨੁੱਖ ਦੀ ਹੋਵੇ ਜਾਂ ਕੌਮ ਦੁਆਰਾ ਦੂਸਰੀ ਕੌਮ ਦੀ ਹੋਵੇ, ਇਹ ਲੜਾਈ ਆਮ ਲੋਕਾਂ ਦੇ ਸਹਿਯੋਗ ਤੋਂ ਬਿਨਾ ਨਹੀਂ ਲੜੀ ਜਾ ਸਕਦੀ। ਇਸ ਲਈ ਹਰ ਸੰਭਵ ਕੋਸ਼ਿਸ਼ ਕਰ ਆਮ ਲੋਕਾਂ ਦੇ ਵੱਧ ਤੋਂ ਵੱਧ ਨੇੜੇ ਰਹਿਣ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ। ਪ੍ਰਚਾਰ ਦੇ ਦੋਵੇਂ ਮੁਖ ਸਾਧਨਾਂ-ਬੋਲਣਾ ਅਤੇ ਲਿਖਣਾ, ਵਿਚ ਭਗਤ ਸਿੰਘ ਮਾਹਿਰ ਸੀ। ਆਹਮਣੇ-ਸਾਹਮਣੇ ਦੀ ਗੱਲਬਾਤ ਵਿਚ ਵਧੀਆ ਹੋਣ ਦੇ ਨਾਲ ਨਾਲ ਉਹ ਇੱਕ ਬਹੁਤ ਹੀ ਚੰਗਾ ਬੁਲਾਰਾ ਸੀ। ਭਗਤ ਸਿੰਘ ਤੋਂ ਪਹਿਲਾਂ ਪ੍ਰਚਾਰ ਅਤੇ ਜਨਤਾ ਨਾਲ ਸਬੰਧ ਸਥਾਪਤ ਕਰਨ ਦੀ ਦਿਸ਼ਾ ਵਿਚ ਇੰਨਾ ਵੱਡਾ ਕਦਮ ਇਨਕਲਾਬੀਆਂ ਨੇ ਕਦੇ ਵੀ ਨਹੀਂ ਚੁੱਕਿਆ ਸੀ।



ਭਗਤ ਸਿੰਘ ਤੋਂ ਪਹਿਲਾਂ ਦੇ ਸੰਘਰਸ਼ ਕਰਨ ਵਾਲਿਆਂ ਦਾ ਮੁਖ ਮੰਤਵ ਮੁਲਕ ਨੂੰ ਆਜ਼ਾਦ ਕਰਾਉਣ ਤਕ ਹੀ ਸੀ, ਪਰ ਉਹ ਇਸ ਆਜ਼ਾਦੀ ਦੇ ਸਬੰਧ ਵਿਚ ਪੂਰਨ ਤੌਰ ਉਪਰ ਸਪਸ਼ਟ ਨਹੀਂ ਸਨ। ਮੁਖ ਸਵਾਲ ਇਹ ਸੀ ਕਿ ਕੀ ਅਸੀਂ ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਉਸ ਦੀ ਥਾਂ ਉਪਰ ਭਾਰਤੀਆਂ ਦੇ ਸੱਤਾ ਉਪਰ ਕਾਬਿਜ਼ ਹੋਣ ਨਾਲ ਆਜ਼ਾਦੀ ਮਿਲ ਜਾਵੇਗੀ? ਕੀ ਇਸ ਸਮਾਜ ਦੇ ਅੰਦਰ ਮਨੁੱਖ ਦੀ ਲੁੱਟ ਖਸੁੱਟ ਜਾਰੀ ਰਹੇਗੀ ਅਤੇ ਸਮਾਜਿਕ ਕਾਣੀ ਵੰਡ ਨੂੰ ਮੁਕਾ ਦੇਣ ਤੋਂ ਬਿਨਾ ਦੇਸ਼ ਵਾਸੀਆਂ ਵਲੋਂ ਆਜ਼ਾਦ ਫਿਜ਼ਾ ਨੂੰ ਮਾਣਿਆ ਜਾ ਸਕੇਗਾ?

ਆਜ਼ਾਦੀ ਮਿਲ ਜਾਣ ਉੱਪਰ ਸਰਕਾਰ ਕਿਸ ਦੀ ਹੋਵੇਗੀ ਅਤੇ ਭਵਿੱਖ ਵਿਚ ਕਿਹੋ ਜਿਹਾ ਸਮਾਜ ਉਸਰੇਗਾ? ਅਜਿਹੇ ਕੁਝ ਸਵਾਲ ਆਗੂਆਂ ਦੇ ਸਾਹਮਣੇ ਆਪਣਾ ਮੂੰਹ ਟੱਡ ਕੇ ਖੜ੍ਹੇ ਸਨ, ਜਿਨ੍ਹਾਂ ਦੇ ਉਤਰ ਲੱਭਣ ਦੀ ਲੋੜ ਮਹਿਸੂਸ ਹੋ ਰਹੀ ਸੀ।

ਭਗਤ ਸਿੰਘ ਦਾ ਮੰਨਣਾ ਸੀ ਕਿ ਦੇਸ਼ ਦੀ ਸਿਆਸੀ ਆਜ਼ਾਦੀ ਦੀ ਲੜਾਈ ਤਾਂ ਇਸ ਮਕਸਦ ਵਲ ਪਹਿਲਾ ਕਦਮ ਹੈ ਅਤੇ ਜੇ ਇਸ ਨੂੰ ਪ੍ਰਾਪਤ ਕਰ ਲੈਣ ਤੋਂ ਬਾਅਦ ਇਥੇ ਹੀ ਰੁਕ ਗਏ ਤਾਂ ਸਾਡੀ ਵਿਢੀ ਹੋਈ ਮੁਹਿੰਮ ਅਧੂਰੀ ਹੀ ਸਮਝੀ ਜਾਵੇਗੀ। ਇਸ ਲਈ ਸਮਾਜਿਕ ਅਤੇ ਆਰਥਿਕ ਆਜ਼ਾਦੀ ਪ੍ਰਾਪਤ ਕੀਤੇ ਬਿਨਾ ਅਸੀਂ ਆਪਣੇ ਮਿਥੇ ਨਤੀਜੇ ਤੋਂ ਪਛੜ ਜਾਵਾਂਗੇ। ਲੁੱਟ-ਖਸੁੱਟ ਅਤੇ ਸਮਾਜਿਕ ਕਾਣੀ ਵੰਡ ਨੂੰ ਖਤਮ ਕੀਤੇ ਬਿਨਾ ਉਸਾਰਿਆ ਹੋਇਆ ਸਮਾਜ ਫਿਰ ਖਿੰਡ-ਪੁੰਡ ਸਕਦਾ ਹੈ। ਸਮਾਜਵਾਦ ਉਸ ਸਮੇਂ ਯੁਗ ਦੀ ਆਵਾਜ਼ ਸੀ ਅਤੇ ਆਪਣੇ ਦੂਸਰੇ ਸਾਥੀਆਂ ਦੇ ਮੁਕਾਬਲੇ ਸਭ ਤੋਂ ਪਹਿਲਾਂ ਇਸ ਮਸਲੇ ਨੂੰ ਜਾਣ ਲਿਆ ਸੀ। ਇਸੇ ਕਾਰਨ ਉਸ ਨੇ ਇਨਕਲਾਬੀਆਂ ਦੀ ਮੁਲਕ ਵਿਆਪੀ ਜਥੇਬੰਦੀ ਦੀ ਅਣਹੋਂਦ ਨੂੰ ਮਹਿਸੂਸ ਕੀਤਾ। ਭਾਵੇਂ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਕੁਝ ਸੰਸਥਾਵਾਂ ਕੰਮ ਕਰ ਰਹੀਆਂ ਸਨ, ਪਰ ਉਨ੍ਹਾਂ ਦਾ ਆਪਸੀ ਤਾਲਮੇਲ ਨਾ ਦੇ ਬਰਾਬਰ ਹੀ ਸੀ। ਭਗਤ ਸਿੰਘ ਨੇ ਇਸ ਨੂੰ ਜਾਣ ਕੇ ਇਕ ਦੇਸ਼ ਵਿਆਪੀ ਸੰਗਠਨ ਬਣਾਉਣਾ ਚਾਹੁੰਦਾ ਸੀ।

ਭਗਤ ਸਿੰਘ ਇਨਕਲਾਬੀ ਸੀ, ਪਰ ਖ਼ੂਨ ਦਾ ਪਿਆਸਾ ਨਹੀਂ ਸੀ। ਉਸ ਦਾ ਮੁੱਖ ਮੰਤਵ ਤਾਂ ਸਾਰੀ ਮਨੁੱਖਤਾ ਨੂੰ ਸੁਖੀ ਬਣਾਉਣਾ ਸੀ, ਇਸ ਕਾਰਨ ਉਸ ਦਾ ਮਨੁੱਖ ਮਾਤਰ ਦੀ ਜ਼ਿੰਦਗੀ ਦਾ ਮੋਹ ਸੁਭਾਵਿਕ ਹੀ ਸੀ। ਇਨਕਲਾਬੀ ਹਤਿਆਰੇ ਨਾ ਹੋ ਕੇ ਮਨੁੱਖਤਾ ਦੇ ਪੁਜਾਰੀ ਸਨ। ਜਦੋਂ ਵੀ ਕਿਸੇ ਮਨੁੱਖ ਦੀ ਜਾਨ ਜਾਂਦੀ ਸੀ, ਉਹ ਦੁਖੀ ਮਹਿਸੂਸ ਹੁੰਦੇ ਸਨ। ਇਹ ਭਾਵਨਾ ਉਨ੍ਹਾਂ ਵਲੋਂ ਦਿੱਲੀ ਅਸੈਂਬਲੀ ਅੰਦਰ ਸੁੱਟੇ ਪਰਚਿਆਂ ਤੋਂ ਸਪਸ਼ਟ ਹੁੰਦੀ ਹੈ, ਜਿਸ ਵਿਚ ਲਿਖਿਆ ਸੀ, "ਅਸੀਂ ਮਨੁੱਖੀ ਜੀਵਨ ਨੂੰ ਪਵਿੱਤਰ ਸਮਝਦੇ ਹਾਂ ਅਤੇ ਅਜਿਹੇ ਉੱਜਲ ਭਵਿੱਖ ਵਿਚ ਵਿਸ਼ਵਾਸ ਰੱਖਦੇ ਹਾਂ, ਜਿਸ ਅੰਦਰ ਹਰ ਨਾਗਰਿਕ ਨੂੰ ਪੂਰਨ ਸ਼ਾਂਤੀ ਅਤੇ ਆਜ਼ਾਦੀ ਦਾ ਮੌਕਾ ਪ੍ਰਾਪਤ ਹੋ ਸਕੇ। ਅਸੀਂ ਇਨਸਾਨ ਦਾ ਖ਼ੂਨ ਵਹਾਉਣ ਦੀ ਆਪਣੀ ਮਜ਼ਬੂਰੀ 'ਤੇ ਬਹੁਤ ਹੀ ਦੁਖੀ ਹਾਂ, ਪਰ ਇਨਕਲਾਬ ਰਾਹੀਂ ਸਾਰਿਆਂ ਨੂੰ ਆਜ਼ਾਦੀ ਲੈ ਕੇ ਦੇਣ ਸਮੇਂ ਅਤੇ ਮਨੁੱਖ ਦੀ ਮਨੁੱਖ ਦੁਆਰਾ ਲੁੱਟ-ਖਸੁੱਟ ਖਤਮ ਕਰਨ ਲਈ ਕੁਝ ਨਾ ਕੁਝ ਖ਼ੂਨ ਵਹਾਇਆ ਜਾਣਾ ਜ਼ਰੂਰੀ ਹੋ ਜਾਂਦਾ ਹੈ।"

ਇਨਕਲਾਬੀਆਂ ਦੀ ਮੀਟਿੰਗ ਵਿਚ ਭਗਤ ਸਿੰਘ ਦੇ ਸੁਝਾਅ 'ਤੇ ਹੀ ਕੇਂਦਰੀ ਕਮੇਟੀ ਨੇ ਅਸੈਂਬਲੀ ਅੰਦਰ ਟਰੇਡ ਡਿਸਪਿਊਟਸ ਬਿੱਲ ਉਪਰ ਵੋਟਿੰਗ ਹੋ ਜਾਣ ਤੋਂ ਬਾਅਦ ਅਤੇ ਇਸ ਦੇ ਨਤੀਜੇ ਦੇ ਐਲਾਨ ਤੋਂ ਐਨ ਪਹਿਲਾਂ ਸਰਕਾਰੀ ਬੈਂਚਾਂ ਵਲ ਦਰਸ਼ਕ ਗੈਲਰੀ ਵਿਚੋਂ ਬੰਬ ਸੁੱਟਣ ਦਾ ਫੈਸਲਾ ਕੀਤਾ। ਇਨ੍ਹਾਂ ਬੰਬਾਂ ਦਾ ਮੰਤਵ ਬੋਲਿਆਂ ਦੇ ਕੰਨ ਖੋਲ੍ਹਣਾ ਸੀ ਅਤੇ ਵਿਚਾਰੇ ਜਾਣ ਵਾਲੇ ਬਿੱਲਾਂ ਦੇ ਵਿਰੁੱਧ ਤਿੱਖੇ ਵਿਰੋਧ ਨੂੰ ਪ੍ਰਦਰਸ਼ਿਤ ਕਰਨਾ ਸੀ। ਕਿਸੇ ਨੂੰ ਵੀ ਜਾਨੀ ਨੁਕਸਾਨ ਪਹੁੰਚਾਉਣ ਦਾ ਬਿਲਕੁਲ ਵੀ ਇਰਾਦਾ ਨਹੀਂ ਸੀ। ਕਮੇਟੀ ਦਾ ਇਹ ਫੈਸਲਾ ਸੀ ਕਿ ਬੰਬ ਸੁੱਟਣ ਤੋਂ ਬਾਅਦ ਉਥੇ ਹੀ ਗੈਲਰੀ ਵਿਚ ਪਰਚੇ ਸੁੱਟ ਆਪਣੇ ਉਦੇਸ਼ ਨੂੰ ਸਪਸ਼ਟ ਕਰ ਦਿੱਤਾ ਜਾਵੇ। ਭਗਤ ਸਿੰਘ ਦਾ ਇਹ ਵਿਚਾਰ ਸੀ ਕਿ ਜੋ ਵੀ ਸਾਥੀ ਬੰਬ ਸੁੱਟਣਗੇ, ਉਹ ਉਥੇ ਹੀ ਆਤਮ ਸਮਰਪਣ ਕਰ ਦੇਣ ਅਤੇ ਫੜੇ ਜਾਣ ਤੋਂ ਬਾਅਦ ਅਦਾਲਤ ਦੇ ਰਾਹੀਂ ਵੀ ਆਪਣੇ ਉਦੇਸ਼ ਨੂੰ ਸਪਸ਼ਟ ਕਰ ਦੇਣ ਤੇ ਅਦਾਲਤ ਨੂੰ ਸਿਆਸੀ ਪ੍ਰਚਾਰ ਦਾ ਮਾਧਿਅਮ ਬਣਾਇਆ ਜਾਵੇ।

ਦਿੱਲੀ ਅਸੈਂਬਲੀ ਵਿਚ ਬੰਬ ਸੁੱਟਣ ਤੋਂ ਬਾਅਦ ਅਦਾਲਤ ਵਿਚ ਬਿਆਨ ਵਿਚ ਵੀ ਆਖਿਆ ਗਿਆ ਸੀ ਕਿ ਮਨੁੱਖਤਾ ਨੂੰ ਪਿਆਰ ਕਰਨ ਵਿਚ ਅਸੀਂ ਕਿਸੇ ਤੋਂ ਵੀ ਪਿੱਛੇ ਨਹੀਂ ਹਾਂ, ਸਾਨੂੰ ਕਿਸੇ ਨਾਲ ਵੀ ਵਿਅਕਤੀਗਤ ਰੰਜਿਸ਼ ਨਹੀਂ ਹੈ ਅਤੇ ਅਸੀਂ ਮਨੁੱਖੀ ਜ਼ਿੰਦਗੀ ਨੂੰ ਪਿਆਰ ਦੀ ਦ੍ਰਿਸ਼ਟੀ ਨਾਲ ਵੇਖਦੇ ਆਏ ਹਾਂ। ਜਿਹੜੇ ਪਰਚੇ ਸੁੱਟੇ ਗਏ ਸਨ, ਉਨ੍ਹਾਂ ਦੀ ਪਹਿਲੀ ਸਤਰ ਸੀ ਕਿ ਬੋਲਿਆਂ ਨੂੰ ਸਣਾਉਣ ਲਈ ਧਮਾਕਾ ਪੂਰਨ ਆਵਾਜ਼ ਦੀ ਲੋੜ ਹੁੰਦੀ ਹੈ, ਪਰ ਸਰਕਾਰ ਤਾਂ ਜਾਣ-ਬੁਝ ਕੇ ਬੋਲੀ ਬਣੀ ਹੋਈ ਸੀ। ਉਨ੍ਹਾਂ ਨੇ ਸਾਂਝੇ ਬਿਆਨ ਵਿਚ ਆਖਿਆ ਸੀ ਕਿ ਅਸੀਂ ਮਨੁੱਖੀ ਜੀਵਨ ਨੂੰ ਬੇਹੱਦ ਪਵਿੱਤਰ ਮੰਨਦੇ ਹਾਂ ਅਤੇ ਮਾਨਵਤਾ ਦੀ ਸੇਵਾ ਲਈ ਕਿਸੇ ਨੂੰ ਨੁਕਸਾਨ ਪਹੁੰਚਾਉਣ ਦੀ ਥਾਂ ਅਸੀਂ ਖੁਦ ਆਪਣਾ ਜੀਵਨ ਸਮਰਪਿਤ ਕਰ ਦੇਵਾਂਗੇ। ਅਸੀਂ ਸਾਮਰਾਜੀ ਫੌਜ ਦੇ ਭਾੜੇ ਦੇ ਟੱਟੂਆਂ ਵਰਗੇ ਨਹੀਂ ਹਾਂ, ਜਿਨ੍ਹਾਂ ਨੂੰ ਬਿਨਾ ਕਿਸੇ ਅਫਸੋਸ ਦੇ ਹੱਤਿਆ ਕਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਅਸੀਂ ਜੀਵਨ ਦਾ ਸਨਮਾਨ ਕਰਦੇ ਹਾਂ ਅਤੇ ਲਗਦੀ ਵਾਹ ਇਸ ਨੂੰ ਬਚਾਉਣ ਦਾ ਯਤਨ ਕਰਦੇ ਹਾਂ।

ਹਾਈ ਕੋਰਟ ਦੇ ਸਾਹਮਣੇ ਉਸ ਨੇ ਕਿਹਾ ਸੀ ਕਿ ਇਨਕਲਾਬ ਸੰਸਾਰ ਦਾ ਨਿਯਮ ਹੈ ਅਤੇ ਇਹ ਮਨੁੱਖੀ ਵਿਕਾਸ ਦਾ ਭੇਦ ਹੈ, ਪਰ ਇਸ ਲਈ ਖ਼ੂਨ ਡੋਲ੍ਹਣ ਵਾਲਾ ਸੰਘਰਸ਼ ਲਾਜ਼ਮੀ ਨਹੀਂ ਹੈ ਅਤੇ ਨਾ ਹੀ ਇਸ ਦੇ ਅੰਦਰ ਵਿਅਕਤੀਗਤ ਬਦਲਾ ਲਊ ਹਿੰਸਾ ਦੀ ਕੋਈ ਥਾਂ ਹੈ। ਇਹ ਬੰਬਾਂ ਅਤੇ ਪਿਸਤੌਲਾਂ ਦਾ ਅਕੀਦਾ ਨਹੀਂ ਹੈ। ਇਨਕਲਾਬ ਦੇ ਵਿਰੋਧੀ ਲੋਕ ਬੰਬ, ਤਲਵਾਰ ਅਤੇ ਪਿਸਤੌਲਾਂ ਰਾਹੀਂ ਖ਼ੂਨ ਵਹਾਏ ਜਾਣ ਨੂੰ ਹੀ ਇਨਕਲਾਬ ਦਾ ਨਾਂ ਦਿੰਦੇ ਹਨ, ਪਰ ਇਨਕਲਾਬ ਇਨ੍ਹਾਂ ਵਸਤਾਂ ਤਕ ਸੀਮਤ ਨਹੀਂ ਹੈ। ਇਹ ਵਸਤਾਂ ਇਨਕਲਾਬ ਦਾ ਸਾਧਨ ਤਾਂ ਹੋ ਸਕਦੀਆਂ ਹਨ, ਪਰ ਇਨ੍ਹਾਂ ਸਾਧਨਾਂ ਦੀ ਵਰਤੋਂ ਦੇ ਮਗਰ ਇਨਕਲਾਬ ਦੇ ਹਕੀਕੀ ਸ਼ਕਤੀ ਲੋਕਾਂ ਦੁਆਰਾ ਸਮਾਜ ਦੇ ਆਰਥਿਕ ਅਤੇ ਸਿਆਸੀ ਢਾਂਚੇ ਅੰਦਰ ਤਬਦੀਲੀ ਦੀ ਤਾਂਘ ਹੋਇਆ ਕਰਦੀ ਹੈ।

ਭਗਤ ਸਿੰਘ ਦਾ ਕਹਿਣਾ ਸੀ ਕਿ ਗ੍ਰਿਫਤਾਰੀ ਤੋਂ ਬਾਅਦ ਸਭ ਕੁਝ ਸਮਾਪਤ ਨਹੀਂ ਹੋ ਗਿਆ ਹੈ ਅਤੇ ਇਹ ਸੋਚਣਾ ਕਿ ਅਸੀਂ ਹੁਣ ਕੁਝ ਨਹੀਂ ਕਰ ਸਕਦੇ, ਬਿਲਕੁਲ ਹੀ ਗਲਤ ਹੋਵੇਗਾ। ਦੁਸ਼ਮਣ ਦੀ ਅਦਾਲਤ ਤੋਂ ਕਿਸੇ ਤਰ੍ਹਾਂ ਦਾ ਭਰਮ ਜਾਂ ਉਮੀਦ ਰੱਖਣੀ ਸਾਡੇ ਇਨਕਲਾਬੀਆਂ ਲਈ ਮੂਰਖਤਾ ਕਹੀ ਜਾਵੇਗੀ। ਇਸ ਕਰ ਕੇ ਸਾਨੂੰ ਵਿਦੇਸ਼ੀ ਸਰਕਾਰ ਦੇ ਇਸ ਅਦਾਲਤੀ ਨਾਟਕ ਅਤੇ ਇਨਸਾਫ ਦੇ ਢਕਵੰਜ ਦੇ ਬਖੀਏ ਉਧੇੜ ਕੇ ਆਪਣੀ ਅਜਿੱਤ ਮਾਨਸਿਕ ਪ੍ਰਦਰਸ਼ਨ ਦੀ ਪੇਸ਼ਕਾਰੀ ਕਰਨੀ ਚਾਹੀਦੀ ਹੈ।

ਇਸ ਸਿਰਕੱਢ ਯੋਧੇ ਤੋਂ ਸਰਕਾਰ ਨੇ ਇਨਸਾਫ ਦੇਣ ਦਾ ਨਾਟਕ ਰਚ ਕੇ 23 ਮਾਰਚ 1931 ਨੂੰ ਉਸ ਨੂੰ ਫਾਂਸੀ ਲਾ ਦਿੱਤਾ ਅਤੇ ਬੇਇਨਸਾਫੀ ਤੇ ਲੁੱਟ-ਖਸੁੱਟ ਖਿਲਾਫ ਬਗਾਵਤ ਕਰਨ ਵਾਲੇ ਤਿੰਨ ਹੋਰ ਗੱਭਰੂਆਂ ਦੀਆਂ ਜੀਵਨੀਆਂ ਜੱਲਾਦ ਦੇ ਫੰਦੇ ਨੇ ਖਤਮ ਕਰ ਦਿਤੀਆਂ। ਬਾਅਦ ਵਿਚ ਲੋਕਾਂ ਤੋਂ ਚੋਰੀ ਰਾਤ ਦੇ ਹਨੇਰੇ ਵਿਚ ਇਨ੍ਹਾਂ ਤਿੰਨਾਂ ਦਾ ਦਰਿਆ ਸਤਲੁਜ ਦੇ ਕੰਢੇ ਸਸਕਾਰ ਕਰ ਦਿੱਤਾ ਗਿਆ। ਜਿਥੇ ਹੁਣ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ ਅਤੇ ਹਰ ਸਾਲ ਮੇਲਾ ਲਗਦਾ ਹੈ। ਹੁਣ ਇਹੋ ਹੀ ਬਾਕੀ ਨਿਸ਼ਾਂ ਬਚਿਆ ਹੋਇਆ ਹੈ, ਜੋ ਉਨ੍ਹਾਂ ਦੀ ਲਾਮਿਸਾਲ ਕੁਰਬਾਨੀ ਦੀ ਯਾਦ ਦਿਲਵਾਓਂਦਾ ਹੈ। ਕਿਸੇ ਕਵੀ ਨੇ ਲਿਖਿਆ ਹੈ,

ਸ਼ਹੀਦੋਂ ਕਿ ਚਿਤਾਓਂ ਪਰ ਲਗੇਂਗੇ
ਹਰ ਬਰਸ ਮੇਲੇ
ਵਤਨ ਪੇ ਮਿਟਨੇ ਵਾਲੋਂ ਕਾ
ਇਹੀ ਬਾਕੀ ਨਿਸ਼ਾਂ ਹੋਗਾ।

*ਭਗਤ ਸਿੰਘ ਤਿਆਗ ਅਤੇ ਕੁਰਬਾਨੀ ਦੇ ਦੋ ਰੂਪਾਂ ਬਾਰੇ ਲਿਖਦਾ ਹੈ ਕਿ ਇੱਕ ਹੈ, ਆਪਣੇ ਛਾਤੀ ਡਾਹ ਗੋਲੀ ਖਾਣੀ ਜਾਂ ਫਾਂਸੀ ਦੇ ਤਖਤੇ ਨੂੰ ਚੁੰਮ ਲੈਣਾ ਅਤੇ ਸ਼ਹੀਦ ਹੋ ਜਾਣਾ। ਇਸ ਕਾਰਜ ਵਿਚ ਤਕਲੀਫ ਘਟ ਹੈ ਅਤੇ ਚਮਕ ਦਮਕ ਬਹੁਤ ਹੈ। ਦੂਸਰਾ ਹੈ, ਪਿੱਛੇ ਰਹਿ ਕੇ ਸਾਰਾ ਜੀਵਨ ਹੀ ਇਮਾਰਤ ਦਾ ਬੋਝ ਲੈ ਕੇ ਚਲਦੇ ਰਹਿਣਾ। ਸੰਘਰਸ਼ ਦੇ ਅੰਦਰ ਚੰਗੇ ਮਾੜੇ ਹਾਲਾਤ ਅਜਿਹੇ ਵੀ ਆਇਆ ਕਰਦੇ ਹਨ, ਜਦੋਂ ਕੁਝ ਸਾਥੀ ਇੱਕ ਇੱਕ ਕਰ ਸਾਥ ਛੱਡਦੇ ਜਾਂਦੇ ਹਨ। ਉਸ ਸਮੇਂ ਕੋਈ ਹਮਦਰਦੀ ਲਈ ਵੀ ਕੋਲ ਨਹੀਂ ਹੁੰਦਾ। ਅਜਿਹੇ ਨਾ ਖੁਸ਼ਗਵਾਰ ਮੌਕਿਆਂ ਉਪਰ ਹੌਸਲਾ ਰੱਖ ਆਪਣੇ ਰਾਹ ਉਪਰ ਚਲਦੇ ਰਹਿਣਾ, ਖਸਤਾ ਹਾਲਤ ਹੋ ਰਹੀ ਇਮਾਰਤ ਦਾ ਭਾਰ ਚੁੱਕ ਪੈਰਾਂ ਨੂੰ ਸਥਿਰ ਰੱਖਣ ਲਈ ਯਤਨਸ਼ੀਲ ਰਹਿਣਾ ਅਤੇ ਮੋਢਿਆਂ ਨੂੰ ਝੁਕਣ ਤੋਂ ਬਚਾ ਕੇ ਰੱਖਦੇ ਹਨ।*

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਸੀ ਕਿ ਕਵਿਤਾ ਨੂੰ ਪੜ੍ਹਨ ਤੇ ਸਮਝਣ ਲਈ ਦਿੱਬ ਦ੍ਰਿਸ਼ਟੀ ਦੀ ਲੋੜ। ਕਵਿਤਾ ਨਾਲ ਕਵਿਤਾ ਕਵਿਤਾ ਹੋਣਾ ਹੀ ਮਨੁੱਖੀ ਯਾਤਰਾ ਦਾ ਸਭ ਤੋਂ ਅਹਿਮ ਸੁਭਾਅ ਤੇ ਸਰੋਕਾਰ।...ਕਵਿਤਾਵਾਂ ਤਾਂ ਬਹੁਤ ਹੁੰਦੀਆਂ, ਪਰ ਸਭ ਤੋਂ ਮੁਕੱਦਸ ਕਵਿਤਾ ਹੈ, ਅੰਦਰ ਵਿਚ ਉਗਦੀ ਕਵਿਤਾ। ਅਵਾਜ਼ਾਰ, ਅਚਨਚੇਤੀ ਅਤੇ ਅਫਲਾਤੂਨੀ ਕਵਿਤਾ ਵਿਚੋਂ ਆਪਣੇ ਆਪ ਨੂੰ ਪੜ੍ਹਨਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਰੋਨਾ ਕਾਲ ਦੌਰਾਨ ਲੱਗੇ ਲਾਕ ਡਾਊਨ ਦੇ ਸੰਤਾਪ ਦੀ ਗੱਲ ਛੇੜਦਿਆਂ ਸੁਜੱਗ ਸੁਨੇਹਾ ਲਾਇਆ ਹੈ ਕਿ ਲਾਕ ਡਾਊਨ ਨਾਲ ਜੀਵਨ ਖਤਮ ਨਹੀਂ ਹੁੰਦਾ ਅਤੇ ਨਾ ਹੀ ਜ਼ਿੰਦਗੀ ਵਿਚ ਅਜਿਹੀ ਖੜੋਤ ਪੈਣੀ, ਜਿਸ ਨੇ ਇਸ ਨੂੰ ਅਪੰਗ ਬਣਾਉਣਾ। ਇਹ ਤਾਂ ਵਕਤੀ ਦੌਰ ਹੁੰਦੈ, ਜਲਦੀ ਬੀਤ ਜਾਂਦਾ।...ਕਦੇ ਵੀ ਉਨ੍ਹਾਂ 'ਤੇ ਲਾਕ ਡਾਊਨ ਨਾ ਲਾਓ, ਜੋ ਜ਼ਿੰਦਗੀ ਨੂੰ ਸੁੰਦਰਤਾ, ਸਦੀਵਤਾ, ਸੁਖਨ, ਸਕੂਨ, ਸਾਦਗੀ, ਸਿਰੜ, ਸਿਦਕ, ਸਫਲਤਾ ਅਤੇ ਸਮਰਪਿਤਾ ਬਖਸ਼ਦੇ ਨੇ। ਉਹ ਕਹਿੰਦੇ ਹਨ, "ਲਾਕ ਡਾਊਨ ਸੋਚ ਵਿਚ ਨਾ ਹੋਵੇ ਤਾਂ ਸੋਚ ਦੇ ਦਾਇਰੇ ਸਦਾ ਵਿਸ਼ਾਲ ਹੁੰਦੇ। ਇਸ 'ਚੋਂ ਉਗਮਦੇ ਨੇ ਨਿੱਤ ਨਵੇਂ ਸੂਰਜ। ਇਨ੍ਹਾਂ ਦੀ ਰੌਸ਼ਨੀ ਵਿਚ ਜੀਵਨ-ਰਾਹਾਂ ਨੂੰ ਨਵੇਂ ਦਿੱਸਹੱਦਿਆਂ ਅਤੇ ਮੰਜਿਲਾਂ ਦਾ ਸਿਰਨਾਵਾਂ ਮਿਲਦਾ।...ਜੀਵਨ-ਜਾਚ 'ਤੇ ਕਦੇ ਵੀ ਲਾਕ ਡਾਊਨ ਨਾ ਲਾਓ, ਸਗੋਂ ਇਸ ਦੀ ਪ੍ਰਦਰਸ਼ਤਾ ਅਤੇ ਪਾਰਦਸ਼ਰਤ ਦੀ ਖੈਰੀਅਤ ਮੰਗੋ।" -ਸੰਪਾਦਕ*

# ਲਾਕ ਡਾਊਨ

ਹਰ ਪਾਸੇ ਲਾਕ ਡਾਊਨ ਦਾ ਰੌਲਾ ਪਿਆ ਤਾਂ ਇਉਂ ਲੱਗਾ ਜੀਕੂੰ ਜ਼ਿੰਦਗੀ ਵਿਚ ਭੁਚਾਲ ਆ ਗਿਆ ਹੋਵੇ। ਅਚਨਚੇਤੀ ਠਹਿਰਾਓ ਤੋਂ ਤ੍ਰਬਕਿਆ ਬੰਦਾ, ਲਾਕ ਡਾਊਨ ਜਾਂ ਕਰਫਿਊ ਨੂੰ ਹਊਆ ਬਣਾ, ਸਾਹਾਂ ਨੂੰ ਸੂਲੀ 'ਤੇ ਟੰਗਣ ਦੇ ਆਹਰ ਵਿਚ ਜੀਵਨ ਤੋਰ ਨੂੰ ਲੜਖੜਾ ਰਿਹਾ। ਜੀਵਨ ਦੇ ਉਜਿਆਰਿਆਂ ਨੂੰ ਵੀ ਧੁੰਦਲਾਉਣ ਵੰਨੀਂ ਰੁਚਿਤ।

ਬੰਦਾ ਜਦ ਆਪਣੇ ਆਪ ਤੋਂ ਬਹੁਤ ਦੂਰ ਚਲੇ ਜਾਂਦਾ ਤਾਂ ਉਸ ਲਈ ਅਜਿਹੀ ਸਥਿਤੀ ਨੂੰ ਦੇਖਣਾ, ਸਮਝਣਾ, ਸੰਭਲਣਾ ਅਤੇ ਇਸ 'ਚੋਂ ਕੁਝ ਉਸਾਰੂ ਜਾਂ ਸਚਿਆਰਾ ਕਰਨਾ ਅਸੰਭਵ। ਉਹ ਜ਼ਿੰਦਗੀ ਦੀ ਭੱਜ-ਦੌੜ ਦਾ ਮੋਹਰਾ ਬਣ, ਇਸ ਅਮਾਨਵੀ ਭਟਕਣ ਨੂੰ ਸੱਚ ਸਮਝ, ਜ਼ਿੰਦਗੀ ਦੀ ਸੁੱਚਮਤਾ ਨੂੰ ਅਜਾਈਂ ਗਵਾਉਣ ਲਈ ਕਾਹਲਾ। ਤਾਂ ਹੀ ਉਹ ਜਿਉਂਦਾ ਬਹੁਤ ਘੱਟ ਅਤੇ ਮਰਦਾ ਜ਼ਿਆਦਾ।

ਜੀਵਨ ਦੀ ਇਬਾਰਤ ਨੂੰ ਉਕਰਨ, ਪੜ੍ਹਨ ਅਤੇ ਜ਼ਿੰਦਗੀ ਦੇ ਖਾਲੀ ਵਰਕਿਆਂ 'ਤੇ ਯੁੱਗ-ਜਿਊਣੀ ਇਬਾਦਤ ਲਿਖਣ ਵਾਲੇ ਹੀ ਇਸ ਦੀ ਸੁੰਦਰਤਾ ਅਤੇ ਸਦੀਵਤਾ ਦਾ ਮਾਣ। ਉਨ੍ਹਾਂ ਲਈ ਲਾਕ ਡਾਊਨ ਬੇਮਾਅਨਾ। ਉਨ੍ਹਾਂ ਦੀ ਸੋਚ ਵਿਚ ਸਕਾਰਾਤਮਿਕਤਾ। ਨਾ ਕਿ ਨਕਾਰਤਮਿਕਤਾ ਵਿਚੋਂ ਆਪਣੀ ਕਬਰ ਪੁੱਟਣ ਅਤੇ ਮਰਸੀਆ ਪੜ੍ਹੇ ਜਾਣ ਲਈ ਉਤਾਵਲੇ।

ਲਾਕ ਡਾਊਨ ਨਾਲ ਜੀਵਨ ਖਤਮ ਨਹੀਂ ਹੁੰਦਾ ਅਤੇ ਨਾ ਹੀ ਜ਼ਿੰਦਗੀ ਵਿਚ ਅਜਿਹੀ ਖੜੋਤ ਪੈਣੀ, ਜਿਸ ਨੇ ਇਸ ਨੂੰ ਅਪੰਗ ਬਣਾਉਣਾ। ਇਹ ਤਾਂ ਵਕਤੀ ਦੌਰ ਹੁੰਦੈ, ਜਲਦੀ ਬੀਤ ਜਾਂਦਾ। ਸਿਰਫ ਯਾਦ ਰਹਿਣੀਆਂ ਇਸ ਸਮੇਂ ਦੌਰਾਨ ਜਿਊਣ-ਜੋਗੀਆਂ ਉਹ ਕਿਰਿਆਵਾਂ, ਜਿਨ੍ਹਾਂ ਵਿਚੋਂ ਜੀਵਨ ਦੇ ਸੁਰਖ ਮੁਹਾਂਦਰੇ ਨੂੰ ਨਵੀਂ ਆਭਾ ਅਤੇ ਰੁਸ਼ਨਾਈ ਮਿਲਣੀ। ਇਸ ਨੇ ਸਦੀਵਤਾ ਨੂੰ ਸੁਹੱਪਣ ਅਤੇ ਸੰਜੀਦਗੀ ਬਖਸ਼ਣੀ। ਸਾਹ-ਸੁਰੰਗੀ ਵਿਚੋਂ ਜ਼ਿੰਦਗੀ ਦਾ ਰਿਦਮ ਪੈਦਾ ਕਰੋਗੇ ਤਾਂ ਤਰੰਗਤਾ ਨੂੰ ਆਪਣੀ ਹੋਂਦ ਤੇ ਹਾਸਲ 'ਤੇ ਨਾਜ਼ ਹੋਵੇਗਾ। ਤਾਂ ਹੀ ਕੁਝ ਲੋਕ ਸਾਹ ਪੂਰੇ ਕਰਦੇ, ਜਦ ਕਿ ਕੁਝ ਸਾਹਾਂ ਵਿਚੋਂ ਜ਼ਿੰਦਗੀ ਦਾ ਸੁੱਚਮ ਪੜ੍ਹਦੇ। ਉਨ੍ਹਾਂ ਲਈ ਸਾਹਾਂ ਦੀ ਅਮਾਨਤ ਸਭ ਤੋਂ ਵੱਡੀ ਇਬਾਦਤ ਅਤੇ ਇਸ ਦੀ ਅਕੀਦਤ ਵਿਚੋਂ ਹੀ ਸੁਖਨ ਤੇ ਸਕੂਨ, ਮਨੁੱਖ ਦਾ ਨਸੀਬ ਬਣਦਾ।

ਲਾਕ ਡਾਊਨ ਸੋਚ ਵਿਚ ਨਾ ਹੋਵੇ ਤਾਂ ਸੋਚ ਦੇ ਦਾਇਰੇ ਸਦਾ ਵਿਸ਼ਾਲ ਹੁੰਦੇ। ਇਸ 'ਚੋਂ ਉਗਮਦੇ ਨੇ ਨਿੱਤ ਨਵੇਂ ਸੂਰਜ। ਇਨ੍ਹਾਂ ਦੀ ਰੌਸ਼ਨੀ ਵਿਚ ਜੀਵਨ-ਰਾਹਾਂ ਨੂੰ ਨਵੇਂ ਦਿੱਸਹੱਦਿਆਂ ਤੇ ਮੰਜ਼ਿਲਾਂ ਦਾ ਸਿਰਨਾਵਾਂ ਮਿਲਦਾ। ਸੋਚ 'ਚ ਸੰਵੇਦਨਸ਼ੀਲਤਾ, ਸੰਵੇਦਨਾ, ਸੂਹਜ ਤੇ ਸਹਿਜਤਾ ਹੋਵੇ ਤਾਂ ਇਸ ਨਾਲ ਸੰਜਮ, ਸੁਹਿਰਦਤਾ ਅਤੇ ਸਾਦਗੀ ਜੀਵਨ ਦੀ ਨਿਆਮਤ ਬਣਦੀ। ਜੀਵਨ ਨੂੰ ਨਰੋਈਆਂ ਪੈੜਾਂ ਦਾ ਹਮਸਫਰ ਬਣਾਇਆ ਜਾ ਸਕਦਾ। ਸੋਚ ਨੂੰ ਲਾਕ ਡਾਊਨ ਦੇ ਹਵਾਲੇ ਨਾ ਕਰੋ, ਸਗੋਂ ਇਸ ਦੀ ਵਸੀਹਤਾ ਨੂੰ ਹੋਰ ਵਿਸ਼ਾਲੋ। ਇਸ ਦੀ ਕਿਰਨਈ ਕਰਾਮਾਤ ਹਨੇਰਿਆਂ ਦੀ ਕੁੱਖ ਵਿਚ ਧਰੋ ਤੇ ਬੁਝੇ ਦੀਵਿਆਂ 'ਚ ਚਾਨਣ ਦਾ ਸਾਹ ਭਰੋ।

ਲਾਕ ਡਾਊਨ ਕਦੇ ਵੀ ਸੂਰਜ 'ਤੇ ਲਾਗੂ ਨਹੀਂ ਹੁੰਦਾ। ਚੜ੍ਹਦਾ ਏ ਸੂਰਜ, ਉਗਦੀ ਏ ਸਰਘੀ, ਫੁੱਲਪੱਤੀਆਂ ਨੂੰ ਭਿਉਂਦੇ ਤ੍ਰੇਲ-ਤੁਪਕੇ 'ਤੇ ਲਿਸ਼ਕਦੀ ਏ ਸਤਰੰਗੀ। ਪੰਛੀ ਭਰਦੇ ਲੰਬੀ ਉਡਾਰੀ ਅਤੇ ਬੋਟਾਂ ਦੇ ਹੋਠਾਂ 'ਤੇ ਧਰ ਜਾਂਦੇ ਨੇ ਸੁੱਖਾਂ ਲੱਧੀ ਉਡੀਕ। ਧੁੱਪ ਨਿੱਤ ਵੰਡਦੀ ਏ ਜੀਵਨ-ਦਾਨ। ਦੁਪਹਿਰੇ ਸੂਰਜ ਜਵਾਨ ਹੁੰਦਾ ਅਤੇ ਫਿਰ ਢਲਦੀ ਸ਼ਾਮ ਦਾ ਰੂਪ ਵਟਾਉਂਦਾ, ਪੱਛਮ ਨੂੰ ਸੰਧੂਰੀ ਕਰ, ਆਪਣੀ ਰੁਖਸਤਗੀ ਦਾ ਜਸ਼ਨ ਮਨਾਉਂਦਾ ਅਤੇ ਫਿਰ ਪਰਤਣ ਦੀ ਆਸ ਕਾਇਨਾਤ ਦੀ ਕੁੱਖ ਵਿਚ ਧਰ ਜਾਂਦਾ। ਸੂਰਜੀ ਸਫਰ ਵਿਚ ਜੇ ਲਾਕ ਡਾਊਨ ਨਹੀਂ ਤਾਂ ਮਨੁੱਖੀ ਰਾਹਾਂ ਵਿਚ ਲਾਕ ਡਾਊਨ ਦਾ ਕੋਈ ਅਰਥ ਨਹੀਂ।

ਚੰਦਰਮਾ 'ਤੇ ਕਿਹੜਾ ਲਾਕ ਡਾਊਨ ਲਾਵੋਗੇ, ਜਿਸ ਨੇ ਰਾਤ ਨੂੰ ਰੁਸ਼ਨਾਉਣਾ ਹੁੰਦਾ। ਹੌਲੀ ਹੌਲੀ ਵਧਦੇ ਅਕਾਰ ਵਿਚੋਂ ਪੁੰਨਿਆ ਦਾ ਜਨਮ ਅਤੇ ਘੱਟਦੇ ਅਕਾਰ ਨਾਲ ਮੱਸਿਆ ਨੂੰ ਧਰਤ ਦੇ ਨਾਮ ਕਰਨਾ। ਘਰ ਦੀ ਛੱਤ 'ਤੇ ਚੰਨ ਚਾਨਣੀ ਵਿਚ ਨਹਾਉਣ ਤੋਂ ਕੋਈ ਨਹੀਂ ਰੋਕ ਸਕਦਾ ਅਤੇ ਨਾ ਹੀ ਚਾਨਣ ਦੀ ਅੰਗ-ਸੰਗਤਾ ਵਿਚ, ਪਿਆਰਿਆਂ ਨਾਲ ਮੋਹ-ਭਿੱਜੇ ਪਲ ਬਿਤਾਉਣ ਤੋਂ ਕੋਈ ਰੋਕ ਸਕਦਾ। ਚੰਦ-ਮਾਮੇ ਨਾਲ ਗੱਲਾਂ ਕਰਨ ਤੋਂ ਬੱਚਿਆਂ ਨੂੰ ਕਿਵੇਂ ਰੋਕੋਗੇ? ਕਿਵੇਂ ਚੰਦਰਮਾ ਦੀ ਥਾਲੀ ਵਿਚੋਂ ਦਾਦੀ ਮਾਂ ਦੇ ਤੁਸੱਵਰ ਨੂੰ ਸੋਚ ਵਿਚੋਂ ਮਨਫੀ ਕਰੋਗੇ? ਅੰਬਰ ਵਿਚ ਕਿਹੜੇ ਲਾਕ ਡਾਊਨ ਨਾਲ ਚਾਨਣ ਦੀਆਂ ਖਿੱਤੀਆਂ ਨੂੰ ਅਲੋਪ ਕਰੋਗੇ?

ਪਰਿੰਦਿਆਂ ਦੀ ਚਹਿਕਣੀ, ਉਨ੍ਹਾਂ ਦੀ ਪਰਵਾਜ਼, ਚੋਗ ਚੁਗਣ ਅਤੇ ਸੰਗੀਆਂ ਨਾਲ ਚੋਹਲ-ਮੋਹਲ ਕਰਦਿਆਂ 'ਤੇ ਕਿਹੜਾ ਲਾਕ ਡਾਊਨ ਲਾਵੋਗੇ? ਉਨ੍ਹਾਂ ਦੀਆਂ ਲੋਟਣੀਆਂ ਨੂੰ ਸੀਮਤ ਦਾਇਰੇ ਅਤੇ ਸਮੇਂ ਵਿਚ ਕਿਵੇਂ ਕੈਦ ਕਰੋਗੇ? ਲਾਕ ਡਾਊਨ ਤਾਂ ਬੰਦੇ ਵਲੋਂ ਕੀਤੀਆਂ ਖੁਨਾਮੀਆਂ ਕਾਰਨ, ਸਿਰਫ ਬੰਦਿਆਂ ਲਈ, ਬੰਦਿਆਂ ਵਲੋਂ ਲਾਇਆ ਗਿਆ। ਇਸ ਦੇ ਮਰਨਹਾਰੇ ਸਿੱਟੇ ਵੀ ਮਨੁੱਖ ਨੂੰ ਹੀ ਭੁਗਤਣੇ ਪੈਣੇ। ਪਰਿੰਦੇ ਲਾਕ ਡਾਊਨ ਦੀ ਪੀੜਾ ਕਿਉਂ ਹੰਢਾਉਣ?

'ਵਾ ਦੇ ਬੁੱਲਿਆਂ 'ਤੇ ਕਿਹੜਾ ਲਾਕ ਡਾਊਨ ਲਾਵੋਗੇ? ਇਸ ਨੇ ਤਾਂ ਮਨੁੱਖ ਨੂੰ ਆਕਸੀਜਨ ਦੇ ਭਰੇ ਭੰਡਾਰ ਵਰਤਾਉਂਦੇ ਰਹਿਣਾ ਤੇ ਜੀਵਨ ਨੂੰ ਧੜਕਾਉਂਦੇ ਰਹਿਣਾ। ਕਾਰਬਨ-ਡਾਇਆਕਸਾਈਡ ਨਾਲ ਬੂਟਿਆਂ ਨੇ ਫੁਲਦੇ ਤੇ ਫਲਦੇ ਰਹਿਣਾ ਅਤੇ ਨਵੇਂ ਪੁੰਗਾਰਿਆਂ ਤੇ ਕਰੂੰਬਲਾਂ ਨੇ ਟਾਹਣੀਆਂ ਨੂੰ ਸ਼ਿੰਗਾਰਦੇ ਰਹਿਣਾ। ਵਗਦੀ ਹਵਾ ਨੇ ਮੁੜਕਾ ਵੀ ਸੁਕਾਉਣਾ, ਪੱਤਿਆਂ ਨੂੰ ਸਹਿਲਾਉਣਾ ਵੀ ਅਤੇ ਸੱਜਣਾਂ ਦਾ ਸੁਨੇਹਾ ਦੂਰ-ਦੇਸ਼ਾਂਤਰਾਂ ਤੀਕ ਵੀ ਪਹੁੰਚਾਣਾ। ਇਹ ਹਵਾ ਹੀ ਹੁੰਦੀ, ਜੋ ਹੰਝੂ ਚੂਸਦੀ, ਜਲਵਾਸ਼ਪਾਂ ਦੀ ਵਾਹਕ ਬਣ, ਮਾਰੂਥਲਾਂ ਨੂੰ ਸਿੰਜਦੀ, ਫਸਲਾਂ ਦੀਆਂ ਕਰੂਬਲਾਂ ਤਰ ਕਰਦੀ ਅਤੇ ਰੁੱਖੀ ਤੇ ਰੁਆਂਸੀ ਜ਼ਿੰਦਗੀ ਨੂੰ ਹਰਾ-ਭਰਾ ਕਰਦੀ। ਹਵਾ ਨਾ ਰਹੀ ਤਾਂ ਬੰਦਾ ਕਿੰਜ ਧੜਕੇਗਾ? 'ਵਾ ਬਹੁਤ ਸਾਰੇ ਸੂਖਮ ਸੁਨੇਹੇ ਚੇਤਨਾ ਵਿਚ ਧਰਦੀ। ਕਦੇ ਲਿਖਿਆ ਸੀ:

ਹਵਾ ਬੰਦ ਹੈ
ਦਰਖਤਾਂ ਦੇ ਪੱਤੇ ਨਹੀਂ ਹਿੱਲਦੇ
ਪਹਿਆਂ 'ਚੋਂ ਘੱਟਾ ਨਹੀਂ ਉਡਦਾ
ਇਸ ਦਾ ਇਹ ਮਤਲਬ ਨਹੀਂ
ਕਿ ਹਵਾ ਮਰ ਚੁਕੀ ਹੈ।
ਇਹ ਤਾਂ ਸਮੇਂ-ਸੂਚਕ ਏ
ਕਿਸੇ ਆਉਣ ਵਾਲੇ ਭਾਰੀ ਤੁਫਾਨ ਦੀ।

ਤੁਫਾਨ ਤੋਂ ਪਹਿਲਾਂ ਜੇ ਅਸੀਂ ਲਾਕ ਡਾਊਨ ਦੇ ਕਾਰਨਾਂ ਨੂੰ ਦੂਰ ਕਰਨ ਲਈ ਕੁਝ ਉਦਮ ਕਰਾਂਗੇ ਤਾਂ ਲਾਕ ਡਾਊਨ ਦੀ ਨੌਬਤ ਨਹੀਂ ਆਵੇਗੀ।

ਵਗਦੇ ਦਰਿਆਵਾਂ ਨੂੰ ਕਿਵੇਂ ਲਾਕ ਡਾਊਨ ਕਰੋਗੇ? ਇਨ੍ਹਾਂ ਦੀ ਰਵਾਨੀ ਤੇ ਲਹਿਰਾਂ ਦੇ ਵਿਸਮਾਦੀ ਸੰਗੀਤ ਨੂੰ ਜੀਵਨ ਦੇ ਸੰਦਲੀ ਰਾਗਾਂ ਦੀ ਨਿਸ਼ਾਨਦੇਹੀ ਕਰਨ ਤੋਂ ਕਿਵੇਂ ਹਟਕ ਸਕੋਗੇ? ਦੋ ਕੰਢਿਆਂ ਵਿਚਲੀ ਨਿਸ਼ਚਿਤਤਾ ਅਤੇ ਇਨ੍ਹਾਂ ਦੇ ਮਿਲਾਪ ਦੀ ਸਖੀ, ਬੇੜੀ ਨੂੰ ਆਪਣੇ ਸਫਰ ਤੋਂ ਕਿੰਜ ਰੋਕ ਸਕੋਗੇ? ਨਾ ਤਾਂ ਦਰਿਆਵਾਂ ਨੇ ਰੁਕਣਾ, ਨਾ ਹੀ ਇਨ੍ਹਾਂ ਦੇ ਮੁਹਾਣਾਂ ਨੇ ਅਤੇ ਨਾ ਹੀ ਪਾਣੀ ਦੀ ਬੰਦਿਆਈ ਨੇ, ਜੋ ਹਰ ਪਿਆਸੇ ਹੋਠ ਦੀ ਪਿਆਸ ਬੁਝਾਉਂਦੀ। ਖੇਤਿਆਂ ਭਰੇ ਅਤੇ ਹਸਾਸ ਪਲਾਂ ਨੂੰ ਹਰ ਪ੍ਰਾਣੀ ਦੇ ਨਾਮ ਕਰਦੀ।

ਫਰਜ਼ਾਂ, ਜ਼ਿੰਮੇਵਾਰੀਆਂ, ਨਸੀਹਤਾਂ ਅਤੇ ਦੇਣਦਾਰੀਆਂ ਨੂੰ ਕਿਵੇਂ ਲਾਕ ਡਾਊਨ ਕੀਤਾ ਜਾ ਸਕਦਾ? ਇਹ ਆਪਣੇ ਆਪ, ਪਰਿਵਾਰ, ਸਮਾਜ ਜਾਂ ਸੰਸਾਰ ਪ੍ਰਤੀ ਹੁੰਦੀਆਂ। ਆਪਣੇ ਅਕੀਦੇ, ਆਸਥਾ, ਅਰਾਧਨਾ ਜਾਂ ਆਤਮਿਕਤਾ 'ਤੇ ਕਿਹੜਾ ਲਾਕ ਡਾਊਨ ਲਗੇਗਾ, ਜੋ ਸੁਖਨ ਲਈ ਹੁੰਦੇ। ਇਹ ਤਾਂ ਬੰਦੇ ਦੇ ਅੰਦਰ ਵੱਸਦੇ ਬੱਚੇ ਅਤੇ ਬੱਚੇ ਵਿਚ ਵੱਸਦੇ ਬੰਦੇ ਲਈ ਹੁੰਦੇ, ਜੋ ਤਰਜੀਹਾਂ ਤੇ ਤਮੰਨਾਵਾਂ ਨੂੰ ਨਿਰਧਾਰਤ ਕਰਦਾ ਤੇ ਜੀਵਨ ਨੂੰ ਜਿਊਣ ਜੋਗਾ ਕਰਦਾ।

ਭੁੱਖ, ਤ੍ਰੇਹ, ਤ੍ਰਿਸ਼ਨਾ, ਤੱਕਣੀ ਜਾਂ ਤਵੱਜੋਂ 'ਤੇ ਕਿੰਜ ਲਾਕ ਡਾਊਨ ਨਾਜ਼ਲ ਕਰੋਗੇ, ਕਿਉਂਕਿ ਅਜਿਹਾ ਕਰਨ 'ਤੇ ਖੁਦ ਹੀ ਮਰੋਗੇ। ਨੀਂਦ ਅਤੇ ਜਾਗ 'ਤੇ ਲਾਕ ਡਾਊਨ ਲੱਗ ਹੀ ਨਹੀਂ ਸਕਦਾ। ਨਾ ਹੀ ਭਾਵਨਾਵਾਂ ਅਤੇ ਭਲਿਆਈ ਨੂੰ ਬੰਦਿਸ਼ ਵਿਚ ਰੱਖਿਆ ਜਾ ਸਕਦਾ। ਲਾਕ ਡਾਊਨ ਦੇ ਅਰਥਾਂ ਦੇ ਅਨਰਥ ਨਾ ਕਰੋ, ਸਗੋਂ ਸੀਮਤ ਸਾਧਨਾਂ, ਸਮੇਂ ਅਤੇ ਲੋੜਾਂ ਵਿਚੋਂ ਜੀਵਨ ਨੂੰ ਗਤੀ ਤੇ ਦਿਸ਼ਾ ਪ੍ਰਦਾਨ ਕਰੋਗੇ ਤਾਂ ਲਾਕ ਡਾਊਨ ਦੀ ਲੋੜ ਨਹੀਂ ਪਵੇਗੀ।

ਲਾਕ ਡਾਊਨ ਜਿਹੜਾ ਤੁਸੀਂ ਅਲਮਾਰੀ ਵਿਚ ਬੰਦ ਪਈਆਂ ਕਿਤਾਬਾਂ 'ਤੇ ਲਾਇਆ, ਉਸ ਨੂੰ ਹਟਾਓ। ਕਿਤਾਬਾਂ ਨੂੰ ਖੋਲ੍ਹੋ, ਪੜ੍ਹੋ। ਉਹ ਪਾਠਕ ਉਡੀਕਦੀਆਂ। ਹਰਫਾਂ ਨਾਲ ਸੰਵਾਦ ਰਚਾਓ। ਇਕਾਂਤ ਵਿਚ ਰੂਹ ਦਾ ਆੜੀ ਬਣਾਓ। ਇਸ ਦੀ ਸੰਗਤਾ ਵਿਚੋਂ ਜੀਵਨ ਦੀਆਂ ਨਿਆਰੀਆਂ ਕਦਰਾਂ-ਕੀਮਤਾਂ ਅਤੇ ਸੁਹਾਣੀਆਂ ਸੁਮੱਤਾਂ ਨੂੰ ਜੀਵਨ-ਸ਼ੈਲੀ ਦਾ ਅੰਗ ਬਣਾਓ, ਜੀਵਨ ਦੀ ਤਰਕਸੰਗਤਾ ਹੀ ਬਦਲ ਜਾਵੇਗੀ।

ਲਾਕ ਡਾਊਨ ਜਿਹੜਾ ਨੈਣਾਂ ਦੇ ਨੀਰ ਵਿਚ ਡੁੱਬੇ ਸੁਪਨਿਆਂ 'ਤੇ ਲਾਇਆ ਏ, ਉਸ ਵੱਲ ਤਵੱਜੋਂ ਦੇਵੋ। ਸੁਪਨਿਆਂ ਨੂੰ ਆਜ਼ਾਦ ਕਰੋ। ਉਚੀ ਤੇ ਖੁਲੀ ਪਰਵਾਜ਼ ਭਰਨ ਦਿਓ। ਇਨ੍ਹਾਂ ਦੇ ਅੰਦਾਜ਼ ਦੇ ਪਰ ਨਾ ਕੁਤਰੋ ਅਤੇ ਨਾ ਹੀ ਆਗਾਜ਼ ਵਿਚ ਰੁਕਾਵਟ ਬਣੋ। ਸੁਪਨੇ ਉਡਾਣ ਭਰਨਗੇ ਤਾਂ ਹੀ ਜੀਵਨ ਸੇਧ ਲਈ ਨਵੀਨਤਮ ਧਰਾਤਲ ਨੂੰ ਖੋਜਣ ਅਤੇ ਪ੍ਰਾਪਤ ਬਖਸ਼ਿਸ਼ਾਂ ਨੂੰ ਅਪਨਾਉਣ ਤੇ ਮਾਣਨ ਦਾ ਹੁਨਰ ਆਵੇਗਾ।

ਕੋਮਲ ਕਲਾਵਾਂ ਅਤੇ ਅਧੂਰੀਆਂ ਆਸ਼ਾਵਾਂ ਦੀ, ਲਾਕ ਡਾਊਨ ਤੋਂ ਬੰਦ-ਖਲਾਸੀ ਕਰਵਾਓ। ਇਨ੍ਹਾਂ ਕਲਾਵਾਂ ਦਾ ਦਮ ਘੁੱਟ ਰਿਹਾ ਏ। ਕੈਨਵਸ ਉਦਾਸ, ਕਲਮ/ਕਾਗਜ਼ ਹਤਾਸ਼ ਅਤੇ ਨਿਰਾਸ਼ ਨੇ ਕਲਾ-ਕਿਰਤਾਂ ਵਿਚ ਉਘੜਨ ਵਾਲੀ ਅਕ੍ਰਿਤੀ। ਸੁੰਨ ਏ ਸੰਦੇਸ਼ ਅਤੇ ਖਾਮੋਸ਼ ਏ ਮਾਨਸਿਕ ਪ੍ਰਭਾਵਾਂ ਦੀ ਜ਼ਰਾ-ਨਵਾਜ਼ੀ। ਅਪੂਰਨ ਖਾਬਾਂ ਨੂੰ ਮੁੜ ਤੋਂ ਮਨ ਦੀ ਮਿੱਟੀ ਵਿਚ ਪੁੰਗਰਨ ਦਿਓ। ਮਨ ਨੂੰ ਤਰ ਕਰੋ ਅਤੇ ਕਲਾ ਦੀਆਂ ਕਲਮਾਂ ਲਾਓ ਤਾਂ ਕਿ ਉਹ ਫੁੱਲ ਬਣ ਕੇ ਅੰਤਰੀਵ ਨੂੰ ਵੀ ਮਹਿਕਾਉਣ।

ਮੋਹ-ਮੁਹੱਬਤ 'ਤੇ ਜਿਹੜਾ ਲਾਕ ਡਾਊਨ ਲਾਇਆ, ਉਸ ਤੋਂ ਪਰਦਾ ਉਠਾਓ। ਪਿਆਰ ਦੇ ਅਰਥਾਂ ਨੂੰ ਸੀਮਤ ਨਾ ਕਰੋ। ਪਿਆਰ ਕਰੋ ਖੁਦ ਨਾਲ, ਖੁਦਾਈ ਨਾਲ, ਮਨੁੱਖ ਨਾਲ, ਕੁਦਰਤ ਨਾਲ, ਜੀਵਾਂ ਨਾਲ, ਪਿਆਰਿਆਂ ਨਾਲ ਤੇ ਸਾਥੀਆਂ ਨਾਲ। ਬਚਪਨ ਦੇ ਸਾਥੀਆਂ ਨੂੰ ਯਾਦ ਕਰਨ ਤੇ ਤਾਂ ਕੋਈ ਲਾਕ ਡਾਊਨ ਨਾ ਲਾਓ। ਉਨ੍ਹਾਂ ਨੂੰ ਫੋਨ ਕਰੋ। ਬੀਤੇ ਪਲਾਂ ਨੂੰ ਯਾਦ ਕਰਕੇ ਹੱਸੋ। ਚਿੰਤਾਵਾਂ ਤੇ ਫਿਕਰ ਨੇੜੇ ਨਹੀਂ ਢੁੱਕਣਗੇ ਅਤੇ ਤੁਸੀਂ ਉਮਰ ਨੂੰ ਝਕਾਨੀ ਦੇਣ ਵਿਚ ਕਾਮਯਾਬ ਹੋਵੋਗੇ। ਆਪਣੇ ਅੰਦਰ ਜਿਉਂਦੇ ਬੱਚੇ ਨੂੰ ਹਾਕ ਮਾਰੋ, ਉਹ ਤੁਹਾਡੇ ਨਾਲ ਹੱਸੇਗਾ ਤੇ ਕੁਤਕੁਤਾੜੀਆਂ ਕੱਢੇਗਾ, ਕਿਉਂਕਿ ਬੱਚਾ ਸਭ ਕਾਸੇ ਤੋਂ ਬੇਪ੍ਰਵਾਹ ਹੁੰਦਾ ਅਤੇ ਇਸ ਬੇਪ੍ਰਵਾਹੀ ਨੂੰ ਜਿਊਣਾ, ਸ਼ੁਭ ਸ਼ਗਨ ਹੁੰਦਾ। ਅਜਿਹੇ ਜੀਵਨ ਵਰਤਾਰਿਆਂ ਤੇ ਕੌਣ ਲਾਕ ਡਾਊਨ ਲਾ ਸਕਦਾ?

ਮਨੁੱਖ ਦਾ ਅਦਬ ਤੇ ਅਦਾਬ, ਆਦਰ ਤੇ ਸਤਿਕਾਰ, ਜੀ-ਹਜ਼ੂਰੀ ਅਤੇ ਆਗਿਆਕਾਰੀ 'ਤੇ ਕਿਹੜਾ ਲਾਕ ਡਾਊਨ ਲਾਵੋਗੇ? ਆਪਣੇ ਆਪ ਨਾਲ ਜੁੜੋ। ਅੰਤਰੀਵੀ ਸੰਵਾਦ ਸੰਗ ਪਲਾਂ ਨੂੰ ਪਰਵਾਜ਼ ਦਿਓ। ਅਰਦਾਸ ਕਰੋ ਸਰਬੱਤ ਦੇ ਭਲੇ ਦੀ। ਮਾਨਵੀ ਭਲਾਈ ਦੀ, ਹਰੇਕ ਦੀ ਸਿਹਤਯਾਬੀ ਤੇ ਖੁਸ਼ਹਾਲੀ ਲਈ। ਤਲੀ 'ਤੇ ਉਗ ਰਹੀ ਸ਼ਗਨੀ ਰੁੱਤ ਲਈ। ਧਾਰਮਿਕਤਾ ਤਾਂ ਜੀਵਨ-ਜਾਚ ਅਤੇ ਇਸ ਤੋਂ ਮੁਨਕਰੀ, ਖੁਦਕੁਸ਼ੀ। ਜੀਵਨ-ਜਾਚ 'ਤੇ ਕਦੇ ਵੀ ਲਾਕ ਡਾਊਨ ਨਾ ਲਾਓ, ਸਗੋਂ ਇਸ ਦੀ ਪ੍ਰਦਰਸ਼ਤਾ ਅਤੇ ਪਾਰਦਸ਼ਰਤ ਦੀ ਖੈਰੀਅਤ ਮੰਗੋ। ਜੀਵਨ ਨੂੰ ਪੂਰਨਤਾ ਨਾਲ ਜਿਊਣਾ ਅਤੇ ਭਰਪੂਰਤਾ ਨੂੰ ਸਾਹ-ਸਾਰਥਿਕਤਾ ਦੇ ਨਾਮ ਲਾਉਣਾ ਹੀ ਅਸਲ ਵਿਚ ਜ਼ਿੰਦਗੀ। ਅਕੀਦਤ ਲਈ ਬਾਹਰੀ ਲਾਕ ਡਾਊਨ ਨੂੰ ਤੋੜਨ ਦੀ ਲੋੜ ਨਹੀਂ। ਬੰਦੇ ਦੇ ਅੰਦਰ ਵੱਸਦੇ ਸੱਚ ਨੂੰ ਭਾਲਣ ਅਤੇ ਇਸ ਦੇ ਰੂਬਰੂ ਹੋਣ ਲਈ ਕਿਸੇ ਲਾਕ ਡਾਊਨ ਦੀ ਅਵੱਗਿਆ ਨਹੀਂ। ਸਿਰਫ ਮਾਨਸਿਕਤਾ ਦੀਆਂ ਮੁਹਾਰਾਂ ਅੰਦਰ ਵੰਨੀਂ ਮੋੜਨ ਦੀ ਲੋੜ ਪੈਦਾ ਕਰੋ।

ਮਨੁੱਖੀ ਮਨ ਵਿਚ ਉਤਪੰਨ ਹੋ ਰਹੀ ਖੋਜਤਾਮਿਕਤਾ ਅਤੇ ਕਲਾ-ਦ੍ਰਿਸ਼ਟੀ ਨੂੰ ਲਾਕ ਡਾਊਨ ਦੇ ਹਵਾਲੇ ਨਾ ਕਰੋ, ਸਗੋਂ ਇਸ ਦੇ ਵਧਣ-ਫੁਲਣ ਲਈ ਅਜਿਹੇ ਮੌਕੇ ਜ਼ਿਆਦਾ ਮੁਆਫਿਕ ਹੁੰਦੇ। ਭਾਵੇਂ ਉਹ ਸੰਗੀਤ, ਨਾਚ, ਪੇਂਟਿੰਗ, ਬੁੱਤ-ਤਰਾਸ਼ੀ, ਪੜ੍ਹਨ-ਲਿਖਣ ਜਾਂ ਹੋਰ ਕਲਾਬਿਰਤੀਆਂ ਨੂੰ ਵਿਗਸਣ ਲਈ ਪ੍ਰੇਰਿਤ ਕਰਨਾ ਅਤੇ ਰਹਿਨੁਮਾਈ ਕਰਨਾ ਹੋਵੇ। ਇਨ੍ਹਾਂ 'ਤੇ ਲਾਇਆ ਹੋਇਆ ਲਾਕ ਡਾਊਨ ਹੀ ਮਨੁੱਖ ਨੂੰ ਰੋਬੋਟ ਬਣਨ ਵੰਨੀਂ ਧਕੇਲਦਾ ਅਤੇ ਅਜੋਕਾ ਮਨੁੱਖ ਅਜਿਹੀ ਤ੍ਰਾਸਦੀ ਦਾ ਸਿਖਰ। ਤਾਂ ਹੀ ਮਨੁੱਖੀ ਭਾਵਨਾਵਾਂ ਜਿਉਂਦਿਆਂ ਵੀ ਨਿਰਜਿੰਦ ਹੀ ਰਹਿੰਦੀਆਂ। ਭਾਵਹੀਣ ਮਨੁੱਖ ਵਿਚੋਂ ਮਨੁੱਖੀ ਰਿਸ਼ਤਿਆਂ ਦੀ ਪਛਾਣ, ਸਬੰਧ-ਸੁਗੰਧ ਅਤੇ ਮਹਿਕ ਨੂੰ ਜੀਵਨ-ਤਰੰਗਤਾ ਦੇ ਨਾਮ ਕਿਵੇਂ ਕੀਤਾ ਜਾ ਸਕਦਾ? ਇਸ ਲਈ ਹੀ ਮਨੁੱਖ ਜ਼ਿੰਦਗੀ ਤੋਂ ਉਪਰਾਮ ਹੋਇਆ, ਵਿਆਹੁਤਾ ਜੀਵਨ ਤੋਂ ਕਿਨਾਰਾ-ਕਸ਼ੀ ਕਰਦਾ, ਇਕੱਲ ਭੋਗਦਾ, ਕਦੇ ਕਦਾਈਂ ਤਾਂ ਖੁਦਕੁਸ਼ੀ ਨੂੰ ਆਪਣੀ ਬੰਦ-ਖਲਾਸੀ ਦਾ ਸਾਧਨ ਸਮਝਣ ਤੀਕ ਗਿਰ ਜਾਂਦਾ। ਬੰਦੇ ਲਈ ਜਰੂਰੀ ਹੈ ਕਿ ਉਹ ਬੰਦਾ ਰਹੇ, ਬਿਰਖ ਬਣੇ ਪਰ ਕਦੇ ਵੀ ਧਾਤਾਂ ਅਤੇ ਇੱਟਾਂ ਪੱਥਰਾਂ ਦੇ ਜੰਗਲ ਦਾ ਰੂਪ ਨਾ ਧਾਰੇ, ਕਿਉਂਕਿ ਪੱਥਰਾਂ ਦੇ ਘਰਾਂ ਵਿਚੋਂ ਧੜਕਣ ਹਮੇਸ਼ਾ ਗਾਇਬ ਹੁੰਦੀ। ਇਸ ਵਿਚ ਤਾਂ ਸਿਰਫ ਲੋਥਾਂ ਦੀ ਗਿਣਤੀ ਹੀ ਕੀਤੀ ਜਾ ਸਕਦੀ।

ਲਾਕ ਡਾਊਨ ਦੀਆਂ ਪਰਤਾਂ ਕਲਮ ਦੀ ਨੋਕ 'ਤੇ ਆਪਣਾ ਰੰਗ ਬਿਖੇਰਦੀਆਂ:

ਲਾਕ ਡਾਊਨ ਹੈ
ਸੜਕਾਂ ਸੁੰਨੀਆਂ
ਬਾਜ਼ਾਰ ਬੰਦ,
ਘਰ ਕੈਦਖਾਨਾ
ਤੇ ਸਕੂਲਾਂ 'ਚ ਚੁੱਪ।

ਲਾਕ ਡਾਊਨ ਹੈ
ਬੱਚੇ ਦੀ ਹਾਸੀ 'ਤੇ
ਬਾਪ ਦੀ ਸਿਸਕੀ 'ਤੇ
ਮਰੀਜ਼ ਦੀ ਹੂੰਗਰ 'ਤੇ
ਤੇ ਰੋਗੀ ਲਈ ਦਵਾਈ 'ਤੇ।

ਪਰ ਲਾਕ ਡਾਊਨ ਕੌਣ ਲਾਵੇਗਾ
ਤਿੜਕਦੀ ਆਸ 'ਤੇ
ਥਿੜਕਦੇ ਧਰਵਾਸ 'ਤੇ
ਟੁੱਟਦੇ ਵਿਸ਼ਵਾਸ 'ਤੇ
ਅਤੇ ਔਖਰਦੀ ਅਰਦਾਸ 'ਤੇ?

ਲਾਕ ਡਾਊਨ ਕਿੰਜ ਲੱਗੇਗਾ
ਭਟਕਦੇ ਭਾਵਾਂ 'ਤੇ
ਸੱਖਣੀਆਂ ਇੱਛਾਵਾਂ 'ਤੇ
ਹੁੰਗਰਦੀਆਂ ਹਵਾਵਾਂ 'ਤੇ
ਤੇ ਸਹਿਕਦੇ ਸਾਹਾਂ 'ਤੇ?

ਲਾਕ ਡਾਊਨ ਲਾਉਣਾ ਹੈ
ਤਾਂ ਲਾਓ
ਆਦਮ-ਖਾਣੀਆਂ ਸੋਚਾਂ 'ਤੇ
ਹੈਵਾਨ ਜਿਹੀਆਂ ਲੋਚਾਂ 'ਤੇ
ਹਉਕੇ ਵਰਗੇ ਹੋਸ਼ਾਂ 'ਤੇ
ਤੇ ਖੂੰਘੇ ਦੀਆਂ ਖਰੋਚਾਂ 'ਤੇ?

ਪਰ ਕਦੇ ਵੀ ਲਾਕ ਡਾਊਨ ਨਾ ਲਾਓ
ਸੁਪਨਿਆਂ ਦੀ ਪਰਵਾਜ਼ 'ਤੇ
ਜਿਊਣ-ਅੰਦਾਜ਼ 'ਤੇ
ਰੂਹ-ਰੱਤੇ ਰਿਆਜ਼ 'ਤੇ
ਅਤੇ ਗਾਉਂਦੇ ਜੀਵਨ-ਸਾਜ਼ 'ਤੇ।

ਕਦੇ ਵੀ ਆਪਣੀ ਆਸ ਅਤੇ ਉਮੀਦ 'ਤੇ ਲਾਕ ਡਾਊਨ ਨਾ ਲਾਇਓ, ਕਿਉਂਕਿ ਆਸ ਜਿਉਂਦੀ ਰਹੇ ਤਾਂ ਉਤਸ਼ਾਹ ਜਿਉਂਦਾ, ਉਮਾਹ ਨੂੰ ਜ਼ਰਬ ਮਿਲਦੀ, ਉਮੰਗਤਾ ਵਿਚ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਨ ਲਈ ਉਤਸੁਕਤਾ ਪੈਦਾ ਹੁੰਦੀ। ਆਸ ਨਾਲ ਹੀ ਜਹਾਨ ਹੁੰਦਾ। ਬੀਜ ਬੀਜਣ 'ਤੇ ਹੀ ਭਰਵੀਂ ਫਸਲ ਹੁੰਦੀ, ਫੁੱਲਾਂ ਤੇ ਫਲਾਂ ਦੀ ਰੁੱਤ ਮੌਲਦੀ ਅਤੇ ਭੌਰਿਆਂ ਤੇ ਤਿੱਤਲੀਆਂ ਨੂੰ ਰੰਗਾਂ ਵਿਚ ਰੰਗੇ ਹੋਣ ਦਾ ਵਿਸਮਾਦ ਹੁੰਦਾ। ਆਸ ਦੇ ਲਾਕ ਡਾਊਨ ਹੋਣ 'ਤੇ ਰੀਝਾਂ ਮਰਨਾਓ, ਸੂਲੀ 'ਤੇ ਟੰਗੀਆਂ ਜਾਂਦੀਆਂ ਸੋਚਾਂ ਅਤੇ ਉਜੜ ਜਾਂਦਾ ਏ ਮਨ ਵਿਚ ਉਮੜਿਆ ਸੁਪਨ-ਸੰਸਾਰ।

ਸਭ ਤੋਂ ਅਹਿਮ ਅਤੇ ਖਾਸ ਹੈ ਕਿ ਆਪਣੇ ਸਾਹਾਂ 'ਤੇ ਕਦੇ ਵੀ ਲਾਕ ਡਾਊਨ ਨਾ ਲਾਓ। ਜੇ ਸਾਹ ਹੀ ਲਾਕ ਡਾਊਨ ਹੋ ਗਏ ਤਾਂ ਕਿੰਜ ਧੜਕੇਗਾ ਜ਼ਿੰਦਗੀ ਦਾ ਸਾਜ਼? ਕਿਵੇਂ ਹੋਵੇਗਾ ਨਿਸਦਿਨ ਧੜਕਣ ਦਾ ਰਿਆਜ਼? ਕਿਵੇਂ ਦਿਲ ਦੀਆਂ ਧੜਕਣਾਂ ਜਿਉਂਦੇ ਹੋਣ ਦੀ ਹਾਮੀ ਭਰਨਗੀਆਂ? ਕਿਵੇਂ ਮਨ ਦੀਆਂ ਭਾਵਨਾਵਾਂ, ਨਵੀਆਂ ਸੰਭਾਵਨਾਵਾਂ ਦੇ ਨਾਮ ਹੋਣਗੀਆਂ? ਸਾਹ ਰਹੇ ਤਾਂ ਮਨੁੱਖ ਦੀਆਂ ਅਭਿਲਾਸ਼ਾ ਜਾਗਦੀ, ਸੁਪਨਿਆਂ ਵਿਚ ਤ੍ਰਿਸ਼ਨਗੀ ਅਤੇ ਤਾਜ਼ਗੀ ਦਾ ਵਸੇਬਾ। ਸਭ ਤੋਂ ਵਿਲੱਖਣ ਕਿ ਮਨੁੱਖ ਲਾਸ਼ ਨਹੀਂ, ਸਗੋਂ ਜਿਉਂਦਾ-ਜਾਗਦਾ, ਹੱਸਦਾ-ਹਸਾਉਂਦਾ, ਰੁੱਸਦਾ-ਰਸਾਉਂਦਾ, ਮੰਨਦਾ-ਮਨਾਉਂਦਾ, ਖੇਡਦਾ-ਖਿਡਾਉਂਦਾ ਅਤੇ ਮਨ ਦੀ ਪਰਵਾਜ਼ ਨੂੰ ਨਵੀਆਂ ਮੰਜ਼ਿਲਾਂ ਦੇ ਹਾਣ ਦਾ ਬਣਾਉਂਦਾ।

ਲਾਕ ਡਾਊਨ ਲਾਓ ਉਨ੍ਹਾਂ ਬੋਲਾਂ, ਸ਼ਬਦਾਂ, ਸਬੰਧਾਂ, ਸੁਪਨਿਆਂ, ਸਰੋਕਾਰਾਂ, ਸੋਚਾਂ, ਸਾਰਥਿਕਤਾਵਾਂ 'ਤੇ, ਜੋ ਜ਼ਿੰਦਗੀ ਨੂੰ ਬਦਰੰਗ, ਬਦਸੂਰਤ, ਬੇਢੰਗਾ, ਬੇਢਬ, ਬਦਰੂਪ ਅਤੇ ਬਦਨੀਤ ਕਰਦੇ। ਕਦੇ ਵੀ ਉਨ੍ਹਾਂ 'ਤੇ ਲਾਕ ਡਾਊਨ ਨਾ ਲਾਓ, ਜੋ ਜ਼ਿੰਦਗੀ ਨੂੰ ਸੁੰਦਰਤਾ, ਸਦੀਵਤਾ, ਸੁਖਨ, ਸਕੂਨ, ਸਾਦਗੀ, ਸਿਰੜ, ਸਿਦਕ, ਸਫਲਤਾ ਅਤੇ ਸਮਰਪਿਤਾ ਬਖਸ਼ਦੇ ਨੇ।

ਲਾਕ ਡਾਊਨ ਕਦੇ ਵੀ ਹੱਲ ਤੋਂ ਬਗੈਰ ਨਹੀਂ ਖੁੱਲ੍ਹਦਾ। ਇਸ ਦਾ ਹੱਲ ਜੀਵਨ-ਸ਼ੈਲੀ ਨੂੰ ਸੁਧਾਰ, ਸੋਚ ਨੂੰ ਪਾਕੀਜ਼ ਕਰ ਅਤੇ ਕੁਦਰਤ ਸੰਗ ਇਕਸਾਰਤਾ ਤੇ ਇਕਸੁਰਤਾ ਵਿਚੋਂ ਹੀ ਕਿਆਸਣਾ ਪੈਣਾ। ਬੰਦਾ, ਬੰਦੇ ਨੂੰ ਮੁਆਫ ਕਰ ਸਕਦਾ, ਪਰ ਕੁਦਰਤ ਕਦੇ ਵੀ ਮੁਆਫ ਨਹੀਂ ਕਰਦੀ। ਕੁਦਰਤ ਨਾਲ ਵੈਰ ਨਹੀਂ, ਸਗੋਂ ਪਿਆਰ ਕਰੋ।

ਲਾਕ ਡਾਊਨ ਦੇ ਸਮਿਆਂ ਵਿਚ ਬਾਹਰੀ ਲਾਕ ਡਾਊਨ ਲੱਗਣ 'ਤੇ, ਆਪਣੇ ਅੰਦਰਲੇ ਲਾਕ ਡਾਊਨ ਨੂੰ ਹਟਾਉਣ, ਹਵਾ ਦੇ ਬੁੱਲਿਆਂ ਦੀ ਆਵਾਜਾਈ 'ਚ ਨਿਰੰਤਰਤਾ ਉਪਜਾਉਣ, ਤਾਜੀ ਹਵਾ ਵਿਚ ਸਾਹ ਲੈਣ, ਅੰਤਰੀਵ ਨੂੰ ਖਿਲਾਉਣ ਅਤੇ ਰੂਹ-ਰੇਜ਼ਤਾ ਨੂੰ ਭਰਪੂਰ ਕਰਨ ਵੱਲ ਅਹੁਲੋਗੇ ਤਾਂ ਜੀਵਨ ਦੀਆਂ ਸੁੰਦਰ ਪੈੜਾਂ, ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ-ਦਰਸ਼ਕ ਬਣਨਗੀਆਂ। ਇਨ੍ਹਾਂ ਪੈੜਾਂ ਦੇ ਸੁੱਚੇ ਤੇ ਸੱਚੇ ਹਸਤਾਖਰ ਤਾਂ ਤੁਸੀਂ ਹੀ ਹੋ!

# ਡਾ. ਜਸਪਾਲ ਸਿੰਘ ਦਾ ਖੇਡ-ਚਿੰਤਨ



ਪੰਜਾਬੀ ਖੇਡ ਸਾਹਿਤ 35

ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਡਾ. ਜਸਪਾਲ ਸਿੰਘ ਸਰੀਰਕ ਸਿੱਖਿਆ ਤੇ ਖੇਡਾਂ ਦਾ ਖੋਜੀ ਲੇਖਕ ਹੈ। ਉਹ ਖੁਦ ਖਿਡਾਰੀ, ਸਰੀਰਕ ਸਿੱਖਿਆ ਦਾ ਪ੍ਰੋਫੈਸਰ, ਟੀਮਾਂ ਦਾ ਕੈਪਟਨ, ਕੋਚ, ਚੋਣਕਾਰ, ਮੈਨੇਜਰ, ਰਿਸਰਚ ਸਕਾਲਰ, ਖੇਡ ਪ੍ਰੋਮੋਟਰ ਤੇ ਖੇਡ ਪੱਤਰਕਾਰ ਰਿਹਾ। ਉਹ ਜਿੰਨਾ ਧਰਤੀ ਤੋਂ ਉਪਰ, ਉਨਾ ਹੀ ਥੱਲੇ ਹੈ। ਉਸ ਦੇ ਅਨੇਕਾਂ ਆਰਟੀਕਲ ਛਪ ਚੁਕੇ ਹਨ ਅਤੇ ਉਹ ਦੇਸ਼-ਵਿਦੇਸ਼ ਦੇ ਖੇਡ ਸੈਮੀਨਾਰਾਂ ਵਿਚ ਵਿਚਰਦਾ ਪ੍ਰੀ ਓਲੰਪਿਕ ਕਾਂਗਰਸ ਲਿਵਰਪੂਲ-2012 ਤਕ ਪੇਪਰ ਪੇਸ਼ ਕਰ ਆਇਆ ਹੈ। ਉਸ ਦੇ 30 ਖੋਜ ਪੱਤਰ ਪ੍ਰਕਾਸ਼ਿਤ ਹੋਏ ਹਨ। ਉਹ ਫੀਫਾ ਵਰਲਡ ਕੱਪ-2014 'ਚ ਬ੍ਰਾਜ਼ੀਲ ਗਿਆ, 18ਵੀਆਂ ਏਸ਼ਿਆਈ ਖੇਡਾਂ ਜਕਾਰਤਾ-2018 'ਚ ਗਿਆ ਅਤੇ ਭਾਰਤੀ ਯੂਨੀਵਰਸਿਟੀਜ਼ ਦੀ ਜੂਡੋ ਟੀਮ ਦਾ ਮੈਨੇਜਰ ਬਣ ਕੇ ਵਿਸ਼ਵ ਯੂਨੀਵਰਸਿਟੀਜ਼ ਗੇਮਜ਼-2019 'ਚ ਨਪੋਲੀ, ਇਟਲੀ ਗਿਆ। ਖੇਡਾਂ ਤੇ ਸਰੀਰਕ ਸਿੱਖਿਆ ਦੇ ਖੇਤਰ ਵਿਚ ਉਹਦਾ ਵਿਸ਼ੇਸ਼ ਮੁਕਾਮ ਹੈ। ਉਸ ਨੇ ਅੰਗਰੇਜ਼ੀ ਵਿਚ ਖੋਜ ਪਰਚੇ ਤੇ ਕਿਤਾਬਾਂ ਲਿਖਣ ਨਾਲ ਪੰਜਾਬੀ ਵਿਚ ਵੀ ਦੋ ਖੇਡ ਪੁਸਤਕਾਂ 'ਖੇਡ-ਚਿੰਤਨ' ਤੇ 'ਖੇਡਾਂ ਦੇ ਅੰਗ ਸੰਗ' ਲਿਖੀਆਂ ਹਨ। ਅੱਜ-ਕੱਲ੍ਹ ਉਹ ਫੁੱਟਬਾਲ ਦਾ ਮੱਕਾ ਮੰਨਾ ਜਾਂਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦਾ ਪ੍ਰਿੰਸੀਪਲ ਹੈ। ਸਬੱਬੀਂ ਉਹਦਾ ਕਰੂਰਾ ਮੇਰੇ ਨਾਲ ਰਲਦਾ ਮਿਲਦਾ ਹੈ। ਮੰਨਦਾ ਹੈ ਕਿ ਉਹ ਮੇਰੀਆਂ ਖੇਡ ਲਿਖਤਾਂ ਤੋਂ ਪ੍ਰਭਾਵਿਤ ਹੋਇਆ ਤੇ ਆਪਣੇ ਭਾਅ ਜੀ ਪਰਮਜੀਤ ਸਿੰਘ ਵਿਰਕ ਦੀ ਪ੍ਰੇਰਨਾ ਨਾਲ ਖੇਡਾਂ ਬਾਰੇ ਲਿਖਣ ਲੱਗਾ।

ਉਸ ਦਾ ਜਨਮ 11 ਜਨਵਰੀ 1965 ਨੂੰ ਗੜ੍ਹਸ਼ੰਕਰ ਤੇ ਬੰਗੇ ਵਿਚਕਾਰ ਪੈਂਦੇ ਪਿੰਡ ਡੁਘਾਮ ਵਿਚ ਸ. ਕੇਵਲ ਸਿੰਘ ਦੇ ਘਰ ਮਾਤਾ ਮੁਹਿੰਦਰ ਕੌਰ ਦੀ ਕੁੱਖੋਂ ਹੋਇਆ। ਉਸ ਨੂੰ ਖੇਡਾਂ ਦੀ ਗੁੜ੍ਹਤੀ ਘਰ 'ਚੋਂ ਮਿਲੀ ਤੇ ਪਿੰਡ ਦੇ ਸਕੂਲ ਗਰਾਊਂਡ ਤੋਂ ਫੁੱਟਬਾਲ ਖੇਡਣ ਦੀ ਜਾਗ ਲੱਗੀ। ਮੈਟ੍ਰਿਕ ਉਸ ਨੇ ਵਿਸ਼ਵ ਪੱਧਰ ਦੇ ਫੁੱਟਬਾਲ ਖਿਡਾਰੀ ਜਰਨੈਲ ਸਿੰਘ ਦੇ ਪਿੰਡ ਪਨਾਮ ਤੋਂ ਕੀਤੀ ਅਤੇ ਬੀ. ਏ. ਆਰੀਆ ਕਾਲਜ ਨਵਾਂਸ਼ਹਿਰ ਤੋਂ। ਤਦ ਤਕ ਉਹ ਇਲਾਕੇ ਦਾ ਤਕੜਾ ਫੁੱਟਬਾਲ ਖਿਡਾਰੀ ਬਣ ਚੁਕਾ ਸੀ। ਬੀ.ਪੀ.ਐਡ, ਐਮ.ਪੀ.ਐਡ, ਐਮ.ਫਿਲ. ਤੇ ਪੀਐਚ.ਡੀ. ਦੀਆਂ ਡਿਗਰੀਆਂ ਉਸ ਨੇ ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਹਾਸਲ ਕੀਤੀਆਂ ਅਤੇ ਹੈਂਡਬਾਲ ਦਾ ਕੋਚਿੰਗ ਡਿਪਲੋਮਾ ਐਨ. ਆਈ. ਐਸ. ਪਟਿਆਲਾ ਤੋਂ ਹਾਸਲ ਕੀਤਾ। ਫਿਰ ਯੂ. ਜੀ. ਸੀ. ਦਾ ਨੈੱਟ ਵੀ ਪਾਸ ਕੀਤਾ। 1993 'ਚ ਸਿੱਖ ਨੈਸ਼ਨਲ ਕਾਲਜ ਬੰਗੇ ਤੋਂ ਬਤੌਰ ਲੈਕਚਰਰ ਨੌਕਰੀ ਸ਼ੁਰੂ ਕਰ ਕੇ 1998 'ਚ ਲਾਇਲਪੁਰ ਖਾਲਸਾ ਕਾਲਜ ਜਲੰਧਰ ਪੁੱਜ ਗਿਆ। ਉਥੇ ਖੇਡਾਂ ਤੇ ਸਰੀਰਕ ਸਿੱਖਿਆ ਵਿਭਾਗ ਦਾ ਮੁਖੀ ਬਣ ਕੇ ਕਾਲਜ ਨੂੰ ਯੂਨੀਵਰਸਿਟੀ ਦਾ ਸਰਵੋਤਮ ਖੇਡ ਕਾਲਜ ਬਣਾਇਆ। ਯੂਨੀਵਰਸਿਟੀ ਕਾਲਜਾਂ ਦੀਆਂ ਤੇਜਾ ਸਿੰਘ ਸਮੁੰਦਰੀ ਓਵਰਆਲ ਜਨਰਲ ਚੈਂਪੀਅਨਸ਼ਿਪਸ ਟਰਾਫੀਆਂ ਲਾਇਲਪੁਰ ਕਾਲਜ ਨੇ 17 ਵਾਰ ਜਿੱਤੀਆਂ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਆਲ ਇੰਡੀਆ ਯੂਨੀਵਰਸਟੀਜ਼ ਜੇਤੂ ਮੌਲਾਨਾ ਅਬਦੁੱਲ ਕਲਾਮ ਆਜ਼ਾਦ ਟਰਾਫੀਆਂ ਜਿਤਾਉਣ ਵਿਚ ਭਰਵਾਂ ਯੋਗਦਾਨ ਪਾਉਂਦਾ ਹੋਇਆ ਉਹ ਆਪਣੇ ਪਿੰਡ ਨੇੜੇ ਮਾਹਿਲਪੁਰ ਪਹੁੰਚ ਗਿਆ। ਅਜੇ ਉਹ 56 ਸਾਲਾਂ ਦਾ ਹੈ ਤੇ ਕੀ ਪਤਾ ਅਗਲੇ ਸਾਲਾਂ ਵਿਚ ਮਹਾਰਾਜਾ ਭੁਪਿੰਦਰ ਸਿੰਘ ਸਪੋਰਟਸ ਯੂਨੀਵਰਸਿਟੀ ਪਟਿਆਲੇ ਨੂੰ ਜਾ ਰੰਗ ਭਾਗ ਲਾਵੇ?

ਉਸ ਦੀ ਗਹਿਰ ਗੰਭੀਰ ਪੁਸਤਕ 'ਖੇਡ-ਚਿੰਤਨ' ਦੇ ਸਰਵਰਕ ਉਤੇ ਇਨਕਲਾਬੀ ਕਵੀ ਦਰਸ਼ਨ ਸਿੰਘ ਖਟਕੜ ਦੇ ਕੁਝ ਸ਼ਬਦ ਛਪੇ ਹਨ: ਡਾ. ਜਸਪਾਲ ਸਿੰਘ ਹੋਰਾਂ ਦੀ ਹਥਲੀ ਲਿਖਤ ਲੰਬੀ ਅਤੇ ਡੂੰਘੀ ਸੋਚ-ਵਿਚਾਰ ਦਾ ਸਿੱਟਾ ਹੈ। ਉਨ੍ਹਾਂ ਨੇ ਖੇਡਾਂ ਦੀ ਜੜ੍ਹ ਤਕ ਜਾਣ ਦੀ ਪਹੁੰਚ ਕਰਦਿਆਂ ਖੇਡਾਂ ਦੀਆਂ ਸਦੀਵੀ ਖੂਬੀਆਂ ਅਤੇ ਖਾਮੀਆਂ ਨੂੰ ਸਮਝਣ ਤੇ ਇਨ੍ਹਾਂ ਨੂੰ ਲੱਗੇ ਰੋਗਾਂ ਦੇ ਇਲਾਜ ਲਈ ਠੋਸ ਸੁਝਾਅ ਪੇਸ਼ ਕੀਤੇ ਹਨ। ਇਸ ਲਿਖਤ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਉਨ੍ਹਾਂ ਨੇ ਸਮਾਜਿਕ ਤੇ ਇਤਿਹਾਸਕ ਗਤੀ ਦੇ ਪਿਛੋਕੜ ਵਿਚ ਖੇਡਾਂ ਨੂੰ ਚਿੱਤਰਪਟ ਉਪਰ ਉਭਾਰਿਆ ਹੈ ਅਤੇ ਇਨ੍ਹਾਂ ਦੇ ਸਮਾਜ ਨਾਲ ਸਰਵਪੱਖੀ ਸੰਬੰਧਾਂ ਦੀ ਘੋਖ ਕੀਤੀ ਹੈ। ਸਮੁੱਚੀ ਕਿਤਾਬ ਖੇਡ-ਜਗਤ ਦਾ ਸਾਰਥਕ ਅਤੇ ਸਾਵਾਂ ਮੁਲੰਕਣ ਕਰਦੀ ਹੈ ਅਤੇ ਇਸ ਵਿਚ ਸਾਡੇ ਖੇਡ ਮਿਆਰ ਨੂੰ ਕੌਮਾਂਤਰੀ ਪੱਧਰ ਤਕ ਲਿਜਾਣ ਦੀ ਪ੍ਰੇਰਕ ਸਮਰੱਥਾ ਹੈ।

ਪੁਸਤਕ ਦੇ ਅਰੰਭ ਵਿਚ ਲਾਇਲਪੁਰ ਕਾਲਜ ਦੇ ਪੰਜਾਬੀ ਵਿਭਾਗ ਦਾ ਮੁਖੀ ਡਾ. ਗੋਪਾਲ ਸਿੰਘ ਬੁੱਟਰ ਲਿਖਦਾ ਹੈ: ਜੀਵਨ ਵਿਚ ਤਨ ਤੇ ਮਨ ਦੀ ਤੰਦਰੁਸਤੀ ਲਈ ਖੇਡਾਂ ਦੇ ਮਹੱਤਵ ਬਾਰੇ ਸੋਚਦਿਆਂ ਸਹਿਵਨ ਹੀ ਇਹ ਖਿਆਲ ਪੈਦਾ ਹੁੰਦਾ ਹੈ ਕਿ ਜੇ ਚੱਜ ਨਾਲ ਜਿਊਣਾ ਹੈ ਤਾਂ ਉਠ, ਚੱਲ ਖੇਡਣ ਚੱਲੀਏ। ਖੇਡਾਂ ਜੀਵਨ ਜਾਚ ਅਤੇ ਇਨਸਾਨੀ ਗੁਣਾਂ ਦੇ ਨਾਲ-ਨਾਲ, ਜਿੱਤ-ਜਿੱਤ ਕੇ ਹਾਰਨਾ ਅਤੇ ਹਾਰ-ਹਾਰ ਕੇ ਜਿੱਤਣਾ ਸਿਖਾਉਂਦੀਆਂ ਹਨ। ਖੇਡਾਂ ਵਿਚ ਇਹ ਹਾਰਾਂ-ਜਿੱਤਾਂ ਦਾ ਨਿਰੰਤਰ ਸਫਰ ਹੀ ਇਨਸਾਨ ਨੂੰ ਜੱਦੋ-ਜਹਿਦ ਕਰਨਾ ਸਿਖਾਉਂਦਾ ਹੈ। ਇਸੇ ਵਿਚੋਂ ਕਲਾ ਉਪਜਦੀ ਹੈ। ਉਹ ਕਲਾ ਹੀ ਜ਼ਿੰਦਗੀ ਦਾ ਸੱਚ ਹੋ







ਨਿਬੜਦੀ ਹੈ। ਜਦੋਂ ਖਿਡਾਰੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸੂਬਿਆਂ ਅਤੇ ਦੇਸ਼ਾਂ ਦੀ ਪ੍ਰਤੀਨਿਧਤਾ ਕਰਦੇ ਹਨ ਤਾਂ ਉਨ੍ਹਾਂ ਦੀਆਂ ਜਿੱਤਾਂ-ਹਾਰਾਂ ਕੌਮਾਂ ਦੀ ਸ਼ਾਨ ਤੇ ਸ਼ਨਾਖਤ ਬਣਦੀਆਂ ਹਨ, ਕਿਉਂਕਿ ਖਿਡਾਰੀਆਂ ਦਾ ਪ੍ਰਦਰਸ਼ਨ ਹੀ ਕੌਮਾਂ ਦੀ ਸਰੀਰਕ ਸ਼ਕਤੀ ਅਤੇ ਮਾਨਸਿਕ ਦ੍ਰਿੜਤਾ ਦੀ ਪੇਸ਼ਕਾਰੀ ਹੁੰਦਾ ਹੈ। ਇਸ ਕਰਕੇ ਹੀ ਲੰਮੇ ਅਰਸੇ ਤੋਂ ਖੇਡਾਂ ਅੰਤਰਰਾਸ਼ਟਰੀ ਮੰਚ 'ਤੇ ਕੌਮਾਂ ਦੀ ਪਛਾਣ ਅਤੇ ਵਜੂਦ ਨਾਲ ਜੁੜ ਗਈਆਂ ਹਨ। ਇਸ ਲਈ ਸਖਤ ਮਿਹਨਤ ਅਤੇ ਨੇਕ ਨੀਤੀ ਵਾਲੀ ਪਹੁੰਚ ਦੇ ਨਾਲ-ਨਾਲ ਵਿਗਿਆਨਕ ਖੇਡ-ਚਿੰਤਨ ਤੋਂ ਪ੍ਰਾਪਤ ਸੇਧ ਤੇ ਸੋਝੀ ਤੋਂ ਭਰਪੂਰ ਲਾਭ ਉਠਾਉਣ ਦੀ ਜ਼ਰੂਰਤ ਹੈ।

2011 ਵਿਚ ਛਪੀ 188 ਪੰਨਿਆਂ ਦੀ ਇਸ ਪੁਸਤਕ ਦੇ ਤਤਕਰੇ 'ਤੇ ਨਿਗ੍ਹਾ ਮਾਰੀਏ ਤਾਂ ਖੇਡਾਂ ਬਾਰੇ 21 ਅਧਿਆਏ ਹਨ: ਸਰੂਪ ਤੇ ਸੁਭਾਅ, ਉਤਪਤੀ ਤੇ ਵਿਕਾਸ, ਸਰੀਰਕ ਸਿੱਖਿਆ ਤੇ ਖੇਡਾਂ ਦਾ ਪਰਸਪਰ ਸੰਬੰਧ, ਖੇਡ ਵੰਨਗੀਆਂ ਤੇ ਖੇਡ ਮੁਕਾਬਲੇ, ਪ੍ਰਮਾਣਕ ਖੇਡ ਅਦਾਰੇ, ਰਾਸ਼ਟਰੀ ਤੇ ਸੂਬਾਈ ਖੇਡ ਨੀਤੀ, ਖੇਡ ਯੋਜਨਾਵਾਂ, ਖੇਡ ਖਿਤਾਬ, ਖੇਡ ਜਥੇਬੰਦੀਆਂ, ਵਿਦਿਅਕ ਸੰਸਥਾਵਾਂ ਅਤੇ ਖੇਡ ਕੇਂਦਰ, ਖੇਡ ਪ੍ਰਤਿਭਾ ਦੇ ਕੇਂਦਰ ਅਤੇ ਚੋਣ, ਖੇਡ ਅਧਿਆਪਨ ਅਤੇ ਖੇਡ ਪ੍ਰਸ਼ਾਸਨ, ਖੇਡ-ਵਿਗਿਆਨ ਦੀ ਭੂਮਿਕਾ, ਨਵੀਨਤਮ ਖੇਡ ਤਕਨਾਲੋਜੀ, ਆਧੁਨਿਕ ਖੋਜ ਅਤੇ ਖੇਡਾਂ, ਖੇਡਾਂ ਦੇ ਵਭਿੰਨ ਸਰੋਕਾਰ, ਖੇਡ ਸਾਹਿਤ ਅਤੇ ਮੀਡੀਆ, ਖੇਡਾਂ ਦੀ ਆਪਸ ਵਿਚ ਦੌੜ, ਖੇਡ ਸਨੇਹੀ, ਫੁੱਟਕਲ ਖੇਡ ਮਸਲੇ ਅਤੇ ਸਾਰ ਤੇ ਹੱਲ।

ਡਾ. ਜਸਪਾਲ ਸਿੰਘ ਨੇ ਭੂਮਿਕਾ ਵਿਚ ਲਿਖਿਆ ਹੈ ਕਿ ਭਾਰਤ ਖੇਡਾਂ ਦੇ ਖੇਤਰ ਵਿਚ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਦਿਨ-ਬ-ਦਿਨ ਗਵਾਈ ਜਾ ਰਿਹਾ ਹੈ ਭਾਵ ਸਾਡੇ ਖਿਡਾਰੀਆਂ ਦਾ ਪ੍ਰਦਰਸ਼ਨ ਇਨ੍ਹਾਂ ਮੁਕਾਬਲਿਆਂ ਵਿਚ ਨਿਰੰਤਰ ਮਾੜਾ ਹੋ ਰਿਹਾ ਹੈ। ਓਲੰਪਿਕ ਖੇਡਾਂ ਵਿਚ ਹਾਕੀ ਤੋਂ ਇਲਾਵਾ ਸਾਡੀਆਂ ਪ੍ਰਾਪਤੀਆਂ ਨਾਂ-ਮਾਤਰ ਹੀ ਰਹੀਆਂ ਹਨ, ਪਰ ਪ੍ਰਦਰਸ਼ਨ ਜ਼ਰੂਰ ਤਸੱਲੀਬਖਸ਼ ਹੁੰਦਾ ਸੀ। ਏਸ਼ੀਆ ਵਿਚ ਅਸੀਂ ਮੋਹਰੀ ਦੇਸ਼ਾਂ ਦੀ ਕਤਾਰ ਵਿਚ ਆਉਂਦੇ ਸਾਂ, ਪਰ ਅੱਜ-ਕੱਲ੍ਹ ਏਸ਼ੀਆ ਪੱਧਰ 'ਤੇ ਵੀ ਸੋਨ ਤਗਮੇ ਸਾਡੀ ਪਹੁੰਚ ਤੋਂ ਦੂਰ ਹੁੰਦੇ ਜਾ ਰਹੇ ਹਨ। ਹੁਣ ਸਾਨੂੰ ਸਿਰਫ ਕਾਮਨਵੈਲਥ ਖੇਡਾਂ ਅਤੇ ਸੈਫ ਖੇਡਾਂ ਦੇ ਤਗਮਿਆਂ ਨਾਲ ਸਬਰ ਕਰਨਾ ਪੈ ਰਿਹਾ ਹੈ। ਜਿਸ ਤਰ੍ਹਾਂ ਪਿਛਲਾ ਗੇਅਰ ਲੱਗਾ ਹੋਇਆ ਹੈ, ਇਹ ਸਰਦਾਰੀ ਵੀ ਥੋੜ੍ਹੇ ਦਿਨਾਂ ਦੀ ਮਹਿਮਾਨ ਲੱਗਦੀ ਹੈ। ਕੀ ਕਾਰਨ ਹੈ ਕਿ ਚਾਲੀ ਸਾਲਾਂ ਦੇ ਲੰਬੇ ਅਰਸੇ ਬਾਅਦ ਵੀ ਅਸੀਂ ਮਿਲਖਾ ਸਿੰਘ, ਗੁਰਬਚਨ ਸਿੰਘ ਰੰਧਾਵਾ ਤੇ ਮਹਿੰਦਰ ਸਿੰਘ ਗਿੱਲ ਵਰਗੇ ਅਥਲੀਟ ਪੈਦਾ ਨਹੀਂ ਕਰ ਸਕੇ? ਬਲਬੀਰ ਸਿੰਘ, ਊਧਮ ਸਿੰਘ, ਅਜੀਤਪਾਲ ਸਿੰਘ, ਸੁਰਜੀਤ ਸਿੰਘ ਅਤੇ ਪਰਗਟ ਸਿੰਘ ਦੇ ਹਾਣੀ ਸਾਨੂੰ ਕਿਉਂ ਨਹੀਂ ਮਿਲ ਰਹੇ? ਅੱਜ ਜਰਨੈਲ ਸਿੰਘ ਤੇ ਇੰਦਰ ਸਿੰਘ ਦੇ ਵਾਰਸ ਲੱਭਣੇ ਔਖੇ ਹੋ ਗਏ ਹਨ। ਜੇ ਪਹਿਲਵਾਨ ਕਿੱਕਰ ਸਿੰਘ ਤੇ ਗਾਮੇ ਦੀਆਂ ਬਾਤਾਂ ਸੁਣ ਕੇ ਮੇਹਰਦੀਨ ਤੇ ਕਰਤਾਰ ਸਿੰਘ ਉਨ੍ਹਾਂ ਦੀਆਂ ਪੈੜਾਂ ਦੱਬ ਸਕਦੇ ਹਨ ਤਾਂ ਅੱਗੋਂ ਉਨ੍ਹਾਂ ਦੇ ਵਾਰਸ ਕਿਉਂ ਨਹੀਂ ਲੱਭੇ ਜਾ ਸਕਦੇ? ਜੇ ਕੋਈ ਵਿਰਲਾ-ਵਾਂਝਾ ਆਉਂਦਾ ਵੀ ਹੈ ਤਾਂ ਉਹ ਦਿਨਾਂ ਵਿਚ ਹੀ ਅਲੋਪ ਕਿਉਂ ਹੋ ਜਾਂਦਾ ਹੈ? ਇਨ੍ਹਾਂ ਸਾਰੀਆਂ ਗੱਲਾਂ ਅਤੇ ਸਵਾਲਾਂ ਨੂੰ ਘੋਖਣ, ਵਿਚਾਰਨ ਅਤੇ ਉਨ੍ਹਾਂ ਵਿਚੋਂ ਨਿਕਲੇ ਨੁਕਤਿਆਂ ਉਪਰ ਸੱਚਾਈ ਅਤੇ ਈਮਾਨਦਾਰੀ ਨਾਲ ਅਮਲ ਕਰਨ ਦੀ ਜ਼ਰੂਰਤ ਹੈ।

ਭਾਵੇਂ ਬੀਜਿੰਗ ਓਲੰਪਿਕਸ-2008, ਕਾਮਨਵੈਲਥ ਖੇਡਾਂ ਦਿੱਲੀ-2010 ਅਤੇ ਏਸ਼ੀਅਨ ਖੇਡਾਂ ਗੁਆਂਗਜ਼ੂ ਚੀਨ-2010 'ਚ ਭਾਰਤ ਦੀ ਕਾਰਗੁਜ਼ਾਰੀ ਪਿਛਲੇ ਸਾਲਾਂ ਦੇ ਮੁਕਾਬਲੇ ਕੁਝ ਬਿਹਤਰ ਹੋਈ ਹੈ, ਪਰ ਦੇਸ਼ ਦੀ ਚੋਖੀ ਵਸੋਂ ਅਤੇ ਖੇਤਰ ਦੇ ਲਿਹਾਜ ਨਾਲ ਅਸੀਂ ਬਾਕੀ ਦੇਸ਼ਾਂ ਤੋਂ ਕਿਤੇ ਪਿੱਛੇ ਹਾਂ। ਜਦੋਂ ਸਵਾ ਸੌ ਕਰੋੜ ਦੀ ਆਬਾਦੀ ਵਾਲਾ ਦੇਸ਼ ਓਲੰਪਿਕ, ਏਸ਼ੀਆ, ਸੰਸਾਰ ਕੱਪ ਅਤੇ ਵਿਸ਼ਵ ਚੈਂਪੀਅਨਸ਼ਿਪਾਂ ਵਿਚੋਂ ਖਾਲੀ ਹੱਥ ਪਰਤੇ ਅਤੇ ਨਾਲ ਨਮੋਸ਼ੀ ਭਰਿਆ ਪ੍ਰਦਰਸ਼ਨ ਵੀ ਕਰੇ ਤਾਂ ਹਰ ਦੇਸ਼ ਵਾਸੀ ਦੇ ਮਨ ਵਿਚ ਕੁਝ ਸਵਾਲ ਉਠਦੇ ਹਨ। ਕੀ ਸਾਡਾ ਖੇਡ ਢਾਂਚਾ ਚੰਗਾ ਨਹੀਂ? ਕੀ ਅਸੀਂ ਖਿਡਾਰੀਆਂ ਨੂੰ ਪੂਰੀਆਂ ਸਹੂਲਤਾਂ ਨਹੀਂ ਦਿੰਦੇ? ਕੀ ਸਾਡੇ ਖਿਡਾਰੀਆਂ ਦੀ ਪੂਰੀ ਮਿਹਨਤ ਨਹੀਂ ਕਰਵਾਈ ਜਾਂਦੀ ਜਾਂ ਉਹ ਹੀ ਲਗਨ ਨਾਲ ਮਿਹਨਤ ਨਹੀਂ ਕਰਦੇ? ਕੀ ਖੇਡਾਂ ਦੇ ਖੇਤਰ ਵਿਚ ਸੁਹਿਰਦਤਾ ਨਾਲ ਕੰਮ ਨਹੀਂ ਹੋ ਰਿਹਾ, ਆਦਿ? ਕੁਝ ਖੇਡ ਮਾਹਿਰਾਂ ਦਾ ਧਿਆਨ ਹੋਰ ਵੀ ਗਹਿਰਾਈ ਵਿਚ ਜਾਂਦਾ ਹੈ, ਕੀ ਸਾਡੀ ਕੌਮ ਵਿਚ ਓਲੰਪਿਕ ਜੇਤੂ ਬਣਨ ਜੋਗੀ ਸਰੀਰਕ ਤੇ ਮਾਨਸਿਕ ਸ਼ਕਤੀ ਮੌਜੂਦ ਨਹੀਂ? ਕੀ ਸਾਡੀਆਂ ਮਾਸਪੇਸ਼ੀਆਂ ਜਮਾਂਦਰੂ ਕਮਜ਼ੋਰ ਨੇ, ਜੋ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੀਆਂ? ਕੀ ਸਾਡਾ ਭੌਤਿਕ ਜਲਵਾਯੂ ਅਤੇ ਸਮਾਜਿਕ ਵਾਤਾਵਰਨ ਓਲੰਪਿਕ ਜੇਤੂ ਪੈਦਾ ਕਰਨ ਦੇ ਅਨੁਕੂਲ ਨਹੀਂ? ਆਦਿ ਆਦਿ! ਮੈਂ ਇਨ੍ਹਾਂ ਸਵਾਲਾਂ ਦੇ ਜਵਾਬ ਵਿਚ ਯਕੀਨ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਚਮੜੀ ਵੀ ਉਨ੍ਹਾਂ ਵਰਗੀ ਹੈ, ਚਮੜੀ ਥੱਲੇ ਮਾਸਪੇਸ਼ੀਆਂ ਵੀ ਉਨ੍ਹਾਂ ਵਰਗੀਆਂ ਹੀ ਹਨ ਤੇ ਉਨ੍ਹਾਂ ਵਿਚ ਖੂਨ ਵੀ ਉਨ੍ਹਾਂ ਵਰਗਾ ਲਾਲ ਰੰਗ ਦਾ ਹੀ ਹੈ। ਕੁਦਰਤ ਨੇ ਹਰ ਬਖਸ਼ਿਸ਼ ਸਭ ਨੂੰ ਬਰਾਬਰ ਵੰਡੀ ਹੈ, ਪਰ ਫਰਕ ਸਿਰਫ ਇਖਲਾਕ ਅਤੇ ਨੀਅਤ ਵਿਚ ਹੈ। ਮੈਨੂੰ ਇਹ ਲਿਖਣ ਵਿਚ ਜ਼ਰਾ ਜਿੰਨਾ ਵੀ ਸੰਕੋਚ ਨਹੀਂ ਕਿ ਅਸੀਂ ਭ੍ਰਿਸ਼ਟਾਚਾਰ, ਜਾਤੀਵਾਦ ਤੇ ਖੇਤਰੀਵਾਦ ਵਿਚ ਜਕੜੇ ਗਏ ਹਾਂ ਅਤੇ ਕੰਮ ਕਰਨ ਲਈ ਸਾਡੇ ਵਿਚ ਦੂਰਦ੍ਰਿਸ਼ਟੀ ਤੇ ਪਰਦਰਸ਼ਤਾ ਦੀ ਘਾਟ ਹੈ। ਵਿਅਕਤੀ ਪੱਧਰ ਤੋਂ ਉੱਠ ਕੇ ਇਹ ਕਮਜ਼ੋਰੀਆਂ ਸਮੂਹਕ ਹੋ ਗਈਆਂ ਨੇ, ਜੋ ਸਾਨੂੰ ਅੰਦਰੋ-ਅੰਦਰੀ ਖਾ ਰਹੀਆਂ ਹਨ।

ਮੈਂ ਆਪਣੀ ਸੁਰਤ ਸੰਭਾਲਣ ਦੇ ਸਮੇਂ ਤੋਂ ਬਤੌਰ ਦਰਸ਼ਕ, ਖਿਡਾਰੀ, ਵਿਦਿਆਰਥੀ ਅਤੇ ਅਧਿਆਪਕ ਦੇ ਤੌਰ 'ਤੇ ਖੇਡਾਂ ਨਾਲ ਨੇੜੇ ਤੋਂ ਜੁੜਿਆ ਆ ਰਿਹਾ ਹਾਂ। ਮੈਂ ਆਪਣੀ ਜ਼ਿੰਦਗੀ ਦੇ ਤਜਰਬਿਆਂ ਅਤੇ ਗਿਆਨ ਅਨੁਸਾਰ ਇਸ ਕਿਤਾਬ ਵਿਚ ਭਾਰਤੀ ਖੇਡਾਂ, ਖੇਡ ਅਧਿਕਾਰੀਆਂ ਅਤੇ ਖਿਡਾਰੀਆਂ ਦੇ ਲੇਖੇ-ਜੋਖੇ ਦੇ ਨਾਲ-ਨਾਲ ਉਪਰੋਕਤ ਸਵਾਲਾਂ ਦੇ ਜਵਾਬ ਕਲਮਬੰਦ ਕਰਨ ਲਈ ਖੇਡਾਂ ਦੀਆਂ ਜੜ੍ਹਾਂ ਤਕ ਜਾਣ ਦੀ ਕੋਸ਼ਿਸ਼ ਕੀਤੀ ਹੈ। ਮੈਨੂੰ ਆਸ ਹੈ ਕਿ ਪੁਸਤਕ ਵਿਚ ਅੰਕਿਤ ਸੁਝਾਵਾਂ 'ਤੇ ਅਮਲ ਨਾਲ ਅਸੀਂ ਵੀ ਅੰਤਰਰਾਸ਼ਟਰੀ ਖੇਡ ਨਕਸ਼ੇ 'ਤੇ ਆਪਣੀ ਵੱਖਰੀ ਪਛਾਣ ਬਣਾ ਸਕਣ ਵਿਚ ਕਾਮਯਾਬ ਹੋ ਸਕਦੇ ਹਾਂ, ਪਰ ਉਸ ਲਈ ਪ੍ਰਤੀਬੱਧਤਾ, ਈਮਾਨਦਾਰੀ ਅਤੇ ਅਨੁਸ਼ਾਸਨ ਨਾਲ ਕੰਮ ਕਰਨ ਦੀ ਜ਼ਰੂਰਤ ਹੈ। ਪੇਸ਼ ਹਨ, ਪੰਜਾਬੀ ਖੇਡ ਸਾਹਿਤ ਦੀ ਗੰਭੀਰ ਪੁਸਤਕ ਦੇ ਕੁਝ ਅੰਸ਼:

ਖੇਡਾਂ ਸਭ ਪ੍ਰਾਣੀਆਂ ਦੀ ਜਮਾਂਦਰੂ ਅਤੇ ਸੁਭਾਵਿਕ ਪ੍ਰਵਿਰਤੀ ਹਨ। ਇਸ ਧਰਤੀ ਦਾ ਹਰ ਪ੍ਰਾਣੀ ਕਿਸੇ ਨਾ ਕਿਸੇ ਰੂਪ ਵਿਚ ਆਪ-ਮੁਹਾਰੇ ਆਪਣਾ ਮਨ ਪ੍ਰਚਾਉਣ ਲਈ ਖੇਡਾਂ ਖੇਡਦਾ ਹੈ। ਜਿਸ ਕਿਰਿਆ ਨੂੰ ਕਰਨ ਨਾਲ ਪ੍ਰਾਣੀ ਦਾ ਮਨੋਰੰਜਨ ਹੋਵੇ, ਉਸ ਕਿਰਿਆ ਨੂੰ ਅਸੀਂ ਖੇਡ ਆਖ ਸਕਦੇ ਹਾਂ। ਖੇਡਾਂ ਨਾਲ ਪ੍ਰਾਣੀ ਨੂੰ ਖੁਸ਼ੀ, ਉਤਸ਼ਾਹ ਅਤੇ ਜੋਸ਼ ਪ੍ਰਾਪਤ ਹੁੰਦਾ ਹੈ। ਸਭ ਪ੍ਰਾਣੀ ਆਪੋ ਆਪਣੀ ਚੇਤਨਾ ਅਤੇ ਸਮਰੱਥਾ ਅਨੁਸਾਰ ਮਨੋਰੰਜਨ ਲਈ ਖੇਡ-ਮੁਖੀ ਕਿਰਿਆਵਾਂ ਕਰਦੇ ਹਨ। ਉਨ੍ਹਾਂ ਵਿਚ ਪ੍ਰਮੁੱਖ ਹਨ, ਇਕ ਦੂਜੇ ਪਿੱਛੇ ਦੌੜਨਾ, ਕੁੱਦਣਾ, ਧੱਕਣਾ, ਖਿੱਚਣਾ ਜਾਂ ਫਰਜ਼ੀ ਲੜਾਈ ਵਿਚ ਇਕ ਦੂਜੇ ਨੂੰ ਢਾਹੁਣਾ ਆਦਿ, ਪਰ ਖੇਡਾਂ ਦੇ ਸਰੂਪ ਅਤੇ ਸੁਭਾਅ ਨੂੰ ਨਿਸ਼ਚਿਤ ਕਰਨ ਲਈ ਅਸੀਂ ਆਪਣਾ ਧਿਆਨ ਮਨੁੱਖੀ ਖੇਡਾਂ ਵੱਲ ਹੀ ਕੇਂਦਰਿਤ ਕਰਾਂਗੇ। ਕੇਵਲ ਮਨੁੱਖ ਕੋਲ ਹੀ ਖੇਡ ਵਿਧੀਆਂ ਦੀ ਤਲਾਸ਼ ਕਰ ਸਕਣ, ਇਨ੍ਹਾਂ ਨੂੰ ਸੋਧਣ, ਨੇਮਬੱਧ ਕਰ ਸਕਣ ਅਤੇ ਹੋਰ ਵਿਕਸਿਤ ਕਰਨ ਦੀ ਸੋਝੀ, ਸਮਰੱਥਾ ਅਤੇ ਰਚਨਾਤਮਕ ਕੌਸ਼ਲਤਾ ਹੈ। ਮਨੁੱਖੀ ਖੇਡਾਂ ਦੀ ਉਤਪਤੀ ਦੇ ਬੀਜ ਆਦਿ ਮਾਨਵ ਦੇ ਕੁਦਰਤ ਨਾਲ ਆਪਣੀ ਹੋਂਦ ਬਚਾਉਣ ਲਈ ਕੀਤੇ ਸੰਘਰਸ਼ਾਂ ਦੇ ਯਤਨਾਂ ਵਿਚ ਪਏ ਹਨ ਅਤੇ ਇਨ੍ਹਾਂ ਯਤਨਾਂ ਵਿਚੋਂ ਉਤਪੰਨ ਹੋਏ 'ਖਤਰਿਆਂ ਦੇ ਰੁਮਾਂਚ' ਤੇ 'ਜਿੱਤ ਦੇ ਸਰੂਰ' ਨੇ ਵੀ ਖੇਡਾਂ ਦੇ ਆਕਰਸ਼ਣ ਤੇ ਸਥਾਪਤੀ 'ਚ ਯੋਗਦਾਨ ਪਾਇਆ ਹੈ।

ਮਨੁੱਖ ਬਾਕੀ ਪ੍ਰਾਣੀਆਂ ਦੇ ਮੁਕਾਬਲੇ ਵਧੇਰੇ ਬੌਧਿਕ ਅਤੇ ਮਾਨਸਿਕ ਸ਼ਕਤੀ ਦਾ ਮਾਲਕ ਹੈ। ਇਸ ਸ਼ਕਤੀ ਨੇ ਮਨੁੱਖ ਨੂੰ ਵਧੇਰੇ ਕਲਪਨਾਸ਼ੀਲ, ਚਿੰਤਕ ਅਤੇ ਪ੍ਰਯੋਗਸ਼ੀਲ ਬਣਾਉਣ ਦੇ ਨਾਲ-ਨਾਲ ਆਪਣੇ ਸਰੀਰ ਦੇ ਸਭ ਅੰਗਾਂ ਉਪਰ ਅਤੇ ਉਨ੍ਹਾਂ ਅੰਗਾਂ ਦੀਆਂ ਸਭ ਕਿਰਿਆਵਾਂ ਉਪਰ ਜ਼ਿਆਦਾ ਕਾਬੂ ਰੱਖ ਸਕਣ ਦੀ ਮੁਹਾਰਤ ਪ੍ਰਦਾਨ ਕੀਤੀ ਹੈ। ਇਸ ਕਰਕੇ ਖੇਡਾਂ ਦੇ ਸਰੂਪ ਨੂੰ ਨਿਸ਼ਚਿਤ ਕਰਨ ਲਈ ਅਸੀਂ ਮਨੁੱਖ ਵੱਲੋਂ ਤਲਾਸ਼ ਕੀਤੀਆਂ ਤੇ ਵਿਕਸਿਤ ਕੀਤੀਆਂ ਖੇਡਾਂ 'ਤੇ ਆਪਣਾ ਧਿਆਨ ਕੇਂਦ੍ਰਿਤ ਕਰਨ ਨੂੰ ਤਰਜੀਹ ਦੇ ਰਹੇ ਹਾਂ।

ਖੇਡਾਂ ਦਾ ਅਰਥ ਅਤੇ ਪਰਿਭਾਸ਼ਾ: ਮਨੁੱਖ ਦੁਆਰਾ ਸਿਰਜਣਾਤਮਕ ਅਤੇ ਆਪ-ਮੁਹਾਰੇ ਕੀਤੀਆਂ ਉਹ ਸਰੀਰਕ ਅਤੇ ਮਾਨਸਿਕ ਕਿਰਿਆਵਾਂ, ਜਿਨ੍ਹਾਂ ਨਾਲ ਮਨੁੱਖ ਦਾ ਮਨ ਆਨੰਦ, ਵਿਸਮਾਦ ਅਤੇ ਖੁਸ਼ੀ ਭਰਿਆ ਉਤਸ਼ਾਹ ਮਹਿਸੂਸ ਕਰੇ, ਉਨ੍ਹਾਂ ਕਿਰਿਆਵਾਂ ਵਿਚ ਸ਼ਾਮਲ ਲੋਕਾਂ ਦਾ ਵੀ ਅਤੇ ਉਨ੍ਹਾਂ ਕਿਰਿਆਵਾਂ ਦੇ ਦਰਸ਼ਕਾਂ ਦਾ ਵੀ ਮਨੋਰੰਜਨ ਹੋਵੇ, ਉਨ੍ਹਾਂ ਨੂੰ ਖੇਡ ਕਿਹਾ ਜਾਂਦਾ ਹੈ। ਖੇਡਾਂ ਦਾ ਅਰਥ ਨਿਸ਼ਚਿਤ ਕਰਨ ਲਈ ਜਾਂ ਇਸ ਪ੍ਰਕਿਰਿਆ ਨੂੰ ਪਰਿਭਾਸ਼ਤ ਕਰਨ ਲਈ ਸਾਨੂੰ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਪੁਰਾਤਨ, ਮੱਧਕਾਲ ਅਤੇ ਆਧੁਨਿਕ ਯੁਗ ਵਿਚ ਖੇਡਾਂ ਦੇ ਅਰਥ ਅਤੇ ਇਨ੍ਹਾਂ ਬਾਰੇ ਪਹੁੰਚ ਦੇ ਵਿਚਾਰ ਬਦਲਦੇ ਰਹੇ ਹਨ। ਜਿਵੇਂ ਕਿਸੇ ਸਮੇਂ ਅਸੀਂ ਕੇਵਲ ਮਨ ਪ੍ਰਚਾਵੇ ਲਈ ਅਤੇ ਵਿਹਲਾ ਸਮਾਂ ਬਿਤਾਉਣ ਲਈ ਹੀ ਖੇਡਦੇ ਹਾਂ, ਜਿਸ ਵਿਚ ਜਿੱਤ ਜਾਂ ਹਾਰ ਦਾ ਵਿਸ਼ੇਸ਼ ਮਹੱਤਵ ਨਹੀਂ ਹੁੰਦਾ।

*(ਬਾਕੀ ਅਗਲੇ ਸਫੇ 'ਤੇ)*

# ਖੇਡ ਸੰਸਾਰ ਵੱਲੋਂ ਮਲਕੀਤ ਸਿੰਘ ਪੁਰੇਵਾਲ ਨੂੰ ਸ਼ਰਧਾਂਜਲੀ

ਖੇਡ ਖੇਤਰ 'ਚ ਯੋਗਦਾਨ ਪਾਉਣ ਵਾਲੇ ਪੰਜਾਬੀਆਂ ਵਿਚ ਹਕੀਮਪੁਰ ਦੇ ਪੁਰੇਵਾਲ ਭਰਾਵਾਂ ਦਾ ਨਾਂ ਮਾਣ ਨਾਲ ਲਿਆ ਜਾਂਦਾ ਹੈ। ਸਭ ਤੋਂ ਵੱਡੇ ਭਰਾ ਮਲਕੀਤ ਸਿੰਘ ਪੁਰੇਵਾਲ ਦਾ ਐਬਟਸਫੋਰਡ ਦੇ ਹਸਪਤਾਲ ਵਿਚ ਤਿੰਨ ਹਫਤੇ ਦਾਖਲ ਰਹਿਣ ਪਿੱਛੋਂ ਦੇਹਾਂਤ ਹੋ ਗਿਆ, ਜਿਸ ਨਾਲ ਖੇਡ ਹਲਕਿਆਂ ਵਿਚ ਸੋਗ ਦੀ ਲਹਿਰ ਪਸਰ ਗਈ ਹੈ। ਥੋੜ੍ਹਾ ਸਮਾਂ ਪਹਿਲਾਂ ਉਹਦੇ ਨੌਜੁਆਨ ਖਿਡਾਰੀ ਪੁੱਤਰ ਹਰਮਨ ਪੁਰੇਵਾਲ ਅਤੇ ਭਤੀਜੇ ਚਮਕੌਰ

**ਪ੍ਰਿੰ. ਸਰਵਣ ਸਿੰਘ**

ਸਿੰਘ ਦੀ ਮੌਤ ਹੋ ਗਈ ਸੀ, ਜਿਨ੍ਹਾਂ ਦਾ ਗਮ ਅਜੇ ਤਾਜ਼ਾ ਸੀ। ਉਦੋਂ ਤੋਂ ਹੀ ਉਹ ਬੈੱਡ 'ਤੇ ਸੀ। ਉਤੋਂ ਇਹ ਭਾਣਾ ਵਰਤ ਗਿਆ। ਉਹ ਸ਼ਾਂਤ ਸੁਭਾਅ ਦਾ ਰੱਬੀ ਬੰਦਾ ਸੀ। ਪੁਰੇਵਾਲ ਪਰਿਵਾਰ ਨੂੰ ਕੈਨੇਡਾ 'ਚ ਸਥਾਪਤ ਕਰਨ ਵਾਲਾ ਲਾਣੇਦਾਰ ਸੀ। ਪਿੱਛੇ ਉਹ ਪਤਨੀ, ਪੁੱਤਰ, ਦੋ ਨੂੰਹਾਂ, ਦੋ ਧੀਆਂ, ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਦਾ ਪਰਿਵਾਰ ਛੱਡ ਗਿਆ। ਛੋਟੇ ਭਰਾ ਚਰਨ ਸਿੰਘ ਤੇ ਗੁਰਜੀਤ ਸਿੰਘ ਦੀਆਂ ਬਾਹਾਂ ਭੱਜ ਗਈਆਂ। ਇਸ ਦੁੱਖ ਦੀ ਘੜੀ ਵਿਚ ਪੰਜਾਬੀ ਖੇਡ ਜਗਤ ਪੁਰੇਵਾਲ ਪਰਿਵਾਰ ਨਾਲ ਦੁੱਖ ਵੰਡਾਉਂਦਾ ਹੋਇਆ ਹਮਦਰਦੀ ਪ੍ਰਗਟ ਕਰਦਾ ਹੈ।

ਹਕੀਮਪੁਰ ਜਿਲਾ ਸ਼ਹੀਦ ਭਗਤ ਸਿੰਘ ਨਗਰ ਦਾ ਇਤਿਹਾਸਕ ਪਿੰਡ ਹੈ, ਜਿਸ ਨੂੰ ਸਿੱਖਾਂ ਦੇ ਤਿੰਨ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ। ਉਥੇ ਸਾਧਾਰਨ ਕਿਸਾਨ ਸੁੰਦਰ ਸਿੰਘ ਦੇ ਘਰ ਬਾਬਾ ਊਧਮ ਸਿੰਘ ਦਾ ਜਨਮ ਹੋਇਆ। ਊਧਮ ਸਿੰਘ ਵੱਡਾ ਹੋ ਕੇ ਮੁੰਗਲੀਆਂ ਫੇਰਨ ਲੱਗਾ। ਫਿਰ ਉਹ ਭਾਰੇ ਵੱਟਿਆਂ, ਵੇਲਣਿਆਂ ਤੇ ਬੋਰੀਆਂ ਦੇ ਬਾਲੇ ਕੱਢਣ ਲੱਗ ਪਿਆ। ਉਹਦੀ ਤਾਕਤ ਦੀਆਂ ਧੁੰਮਾਂ ਦੁਆਬੇ ਤੋਂ ਬਾਰ ਤਕ ਪੈ ਗਈਆਂ। ਉਹ ਗੱਡੇ 'ਤੇ ਮੁੰਗਲੀਆਂ ਅਤੇ ਵੱਟੇ ਲੱਦਦਾ ਤੇ ਮੇਲਿਆਂ ਵਿਚ ਭਾਰ ਚੁੱਕਣ ਦੇ ਜੌਹਰ ਵਿਖਾਉਂਦਾ। ਕਿਹਾ ਜਾਂਦੈ, ਬਾਬਾ ਊਧਮ ਸਿੰਘ ਦੀਆਂ ਮੁੰਗਲੀਆਂ ਦਾ ਭਾਰ ਪੁਰਾਣੇ 21 ਮਣ 15 ਸੇਰ ਸੀ।

ਬਾਬਾ ਊਧਮ ਸਿੰਘ ਦੇ ਘਰ ਹਰਬੰਸ ਸਿੰਘ ਨੇ ਜਨਮ ਲਿਆ, ਜਿਸ ਨੇ ਟਰਾਂਸਪੋਰਟ ਦੇ ਕਾਰੋਬਾਰ ਵਿਚ ਚੰਗਾ ਨਾਮਣਾ ਖੱਟਿਆ। ਉਸ ਦਾ ਵਿਆਹ ਪਿੰਡ ਮਜਾਰੀ ਦੀ ਬੀਬੀ ਸੁਰਜੀਤ ਕੌਰ ਨਾਲ ਹੋਇਆ, ਜਿਸ ਦੀ ਕੁੱਖੋਂ 4 ਨਵੰਬਰ 1943 ਨੂੰ ਮਲਕੀਤ ਸਿੰਘ ਦਾ ਜਨਮ ਹੋਇਆ। ਉਸ ਦੇ ਪਿਤਾ ਤੇ ਬਾਬੇ ਨੇ ਉਸ ਨੂੰ ਪਹਿਲਵਾਨ ਬਣਾਉਣ ਦੀ ਠਾਣ ਲਈ। ਉਹ ਪੁਰੇਵਾਲ ਪਰਿਵਾਰ ਦਾ ਲਾਡਲਾ ਫਰਜ਼ੰਦ ਸੀ, ਜਿਸ ਨੂੰ ਖੁੱਲ੍ਹੀ ਡੁੱਲ੍ਹੀ ਖੁਰਾਕ ਨਾਲ ਪਾਲਿਆ ਗਿਆ। ਬਾਬਾ ਉਸ ਨੂੰ ਬਿਲਾਨਾਗਾ ਕਸਰਤ ਕਰਾਉਂਦਾ। ਵੱਡਾ ਹੋ ਕੇ ਉਹ ਘੋਲ ਘੁਲਣ ਤੇ ਕਬੱਡੀ ਖੇਡਣ ਲੱਗਾ। ਉਹ ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਪੜ੍ਹਦਿਆਂ ਕੁਸ਼ਤੀ ਦਾ ਆਲ ਇੰਡੀਆ ਯੂਨੀਵਰਸਿਟੀਜ਼ ਚੈਂਪੀਅਨ ਬਣਿਆ। ਕਬੱਡੀ ਦੀ ਖੇਡ ਵਿਚ ਵੀ ਉਨ੍ਹਾਂ ਦੀ ਟੀਮ ਯੂਨੀਵਰਸਿਟੀ ਵਿਚ ਚੋਟੀ 'ਤੇ ਰਹੀ। ਉਹ 1970 ਵਿਚ ਕੈਨੇਡਾ ਚਲਾ ਗਿਆ, ਜਿਥੇ ਕਬੱਡੀ ਖੇਡਦਾ ਤੇ ਕੁਸ਼ਤੀਆਂ 'ਚ ਦਿਲਚਸਪੀ ਲੈਂਦਾ ਰਿਹਾ।

ਮਾਤਾ ਸੁਰਜੀਤ ਕੌਰ ਦੀ ਕੁੱਖੋਂ ਦੂਜੇ ਪੁੱਤਰ ਚਰਨ ਸਿੰਘ ਨੇ 1947 ਵਿਚ ਜਨਮ ਲਿਆ। ਉਹ ਜੁੱਸੇ ਦਾ ਨਿੰਗਰ ਸੀ ਤੇ ਵੱਡੇ ਭਰਾ ਦੀ ਰੀਸ ਨਾਲ ਕਬੱਡੀ ਖੇਡਣ ਲੱਗ ਪਿਆ ਸੀ। ਸਿੱਖ ਨੈਸ਼ਨਲ ਕਾਲਜ ਬੰਗਾ ਤੇ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਵਿਚ ਪੜ੍ਹਦਿਆਂ ਉਹਦੀ ਟੀਮ ਨੇ ਯੂਨੀਵਰਸਿਟੀ ਦੀ ਕਬੱਡੀ ਚੈਂਪੀਅਨਸ਼ਿਪ ਜਿੱਤੀ। ਜਗਤਪੁਰ ਦੇ ਰਾਜ ਪੱਧਰੀ ਕਬੱਡੀ ਟੂਰਨਾਮੈਂਟ 'ਚ ਉਸ ਨੂੰ ਮਾਲਵੇ ਦਾ ਮਸ਼ਹੂਰ ਜਾਫੀ ਨਛੱਤਰ ਚਾਂਡੀ ਵੀ ਨਾ ਡੱਕ ਸਕਿਆ। ਉਹ ਖੇਡ ਦੀ ਪੂਰੀ ਫਾਰਮ ਵਿਚ ਸੀ, ਜਦੋਂ 1970 ਵਿਚ ਕੈਨੇਡਾ ਚਲਾ ਗਿਆ ਤੇ ਉਥੇ ਵੱਡੇ ਵੀਰ ਮਲਕੀਤ ਸਿੰਘ ਨਾਲ ਜ਼ੋਰ ਅਜ਼ਮਾਈ ਕਰਨ ਲੱਗਾ। ਉਹ ਦੱਬ ਕੇ ਕੰਮ ਕਰਦੇ ਤੇ ਵਿਹਲੇ ਵੇਲੇ ਕਬੱਡੀ ਖੇਡਦੇ। 1975 ਵਿਚ ਕੈਨੇਡਾ ਦੇ ਪਹਿਲੇ ਕਬੱਡੀ ਟੂਰਨਾਮੈਂਟ 'ਚ ਉਸ ਨੂੰ ਬੈੱਸਟ ਰੇਡਰ ਐਲਾਨਿਆ ਗਿਆ। ਉਸ ਨੇ 1983 ਤਕ ਕਬੱਡੀ ਖੇਡੀ।



*ਹਕੀਮਪੁਰ ਵਿਖੇ 18ਵੇਂ ਪੁਰੇਵਾਲ ਖੇਡ ਮੇਲੇ ਮੌਕੇ*

ਗੁਰਜੀਤ ਸਿੰਘ ਪੁਰੇਵਾਲ ਦਾ ਜਨਮ 8 ਜੂਨ 1955 ਨੂੰ ਹੋਇਆ। ਮੁਕੰਦਪੁਰ ਦੇ ਹਾਈ ਸਕੂਲ ਵਿਚ ਪੜ੍ਹਦਿਆਂ ਉਹ ਕਬੱਡੀ ਦਾ ਤਕੜਾ ਖਿਡਾਰੀ ਬਣ ਗਿਆ ਤੇ ਸਕੂਲਾਂ ਦੀ ਸਟੇਟ ਚੈਂਪੀਅਨਸ਼ਿਪ ਖੇਡਿਆ। ਉਨ੍ਹਾਂ ਦੀ ਟੀਮ ਪੰਜਾਬ ਵਿਚ ਦੂਜੇ ਸਥਾਨ ਉਤੇ ਰਹੀ। ਪਹਿਲਾਂ ਉਹ ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਕਬੱਡੀ ਖੇਡਿਆ ਤੇ ਫਿਰ ਉੱਚ ਪੱਧਰੀ ਕਬੱਡੀ ਖੇਡਣ ਲਈ ਲਾਇਲਪੁਰ ਖਾਲਸਾ ਕਾਲਜ ਜਲੰਧਰ ਜਾ ਦਾਖਲ ਹੋਇਆ। ਉਨ੍ਹਾਂ ਦੀ ਟੀਮ ਨੇ ਵੀ ਯੂਨੀਵਰਸਿਟੀ ਦੀ ਚੈਂਪੀਅਨਸ਼ਿਪ ਜਿੱਤੀ। ਉਹ ਦੋਹਾਂ ਕਾਲਜਾਂ ਦੀਆਂ ਟੀਮਾਂ ਦਾ ਕਪਤਾਨ ਸੀ। ਉਸ ਨੇ ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਨੁਮਾਇੰਦਗੀ ਕੀਤੀ। 1977 ਵਿਚ ਉਹ ਵੀ ਆਪਣੇ ਵੱਡੇ ਭਰਾਵਾਂ ਕੋਲ ਕੈਨੇਡਾ ਚਲਾ ਗਿਆ। ਤਿੰਨੇ ਭਰਾ ਕਬੱਡੀ ਦੇ ਖਿਡਾਰੀ ਹੋਣ ਕਾਰਨ ਉਨ੍ਹਾਂ ਨੇ ਕੈਨੇਡਾ ਵਿਚ ਵੀ ਕਬੱਡੀ ਸ਼ੁਰੂ ਕਰ ਲਈ। ਅੱਜ ਕੈਨੇਡਾ ਵਿਚ ਕਬੱਡੀ ਦਾ ਜੋ ਮੁਕਾਮ ਹੈ, ਉਸ ਦੀਆਂ ਜੜ੍ਹਾਂ ਪੁਰੇਵਾਲ ਭਰਾਵਾਂ ਨੇ ਲਾਈਆਂ ਸਨ। ਜੇ ਉਨ੍ਹਾਂ ਨੂੰ ਕੈਨੇਡਾ ਦੀ ਕਬੱਡੀ ਦੇ ਪਿਤਾਮਾ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ। 1977-78 ਵਿਚ ਇੰਗਲੈਂਡ ਦੀ ਕਬੱਡੀ ਟੀਮ ਕੈਨੇਡਾ ਵਿਚ ਮੈਚ ਖੇਡਣ ਆਈ। ਏਧਰ ਕੈਨੇਡਾ ਦੀ ਟੀਮ ਵਿਚ ਤਿੰਨੇ ਭਰਾ ਖੇਡੇ ਤੇ ਗੁਰਜੀਤ ਨੂੰ ਬੈੱਸਟ ਰੇਡਰ ਐਲਾਨਿਆ ਗਿਆ। 1978-79 ਵਿਚ ਤਿੰਨੇ ਭਰਾ ਪੂਰੀ ਤਿਆਰੀ ਵਿਚ ਸਨ। ਕੈਨੇਡਾ ਦੀ ਟੀਮ ਨੇ ਇੰਗਲੈਂਡ ਵਿਚ ਖੇਡਣ ਜਾਣਾ ਸੀ, ਪਰ ਇੰਗਲੈਂਡ ਰਵਾਨਾ ਹੋਣ ਤੋਂ ਇਕ ਹਫਤਾ ਪਹਿਲਾਂ ਉਨ੍ਹਾਂ ਦੇ ਪਿਤਾ ਸ. ਹਰਬੰਸ ਸਿੰਘ ਪੁਰੇਵਾਲ ਦਾ ਦਿਹਾਂਤ ਹੋ ਗਿਆ, ਜਿਸ ਕਰਕੇ ਉਹ ਇੰਗਲੈਂਡ ਨਾ ਜਾ ਸਕੇ।

ਫਿਰ ਉਨ੍ਹਾਂ ਨੇ ਆਪਣੇ ਪਿਤਾ ਸਵਰਗੀ ਸ. ਹਰਬੰਸ ਸਿੰਘ ਪੁਰੇਵਾਲ ਦੀ ਯਾਦ ਵਿਚ ਬੜੇ ਵੱਡੇ ਇਨਾਮਾਂ ਵਾਲਾ ਪੇਂਡੂ ਓਲੰਪਿਕ ਖੇਡ ਮੇਲਾ ਕਰਾਉਣਾ ਸ਼ੁਰੂ ਕੀਤਾ। 1988 ਤੋਂ ਇਹ ਖੇਡ ਮੇਲਾ ਹਕੀਮਪੁਰ ਤੇ ਜਗਤਪੁਰ ਵਿਚਕਾਰ ਬਣੇ ਨਿਰੰਜਣ ਸਿੰਘ ਯਾਦਗਾਰੀ ਸਟੇਡੀਅਮ ਵਿਚ ਕਰਾਇਆ ਜਾਂਦਾ ਹੈ। ਪੁਰੇਵਾਲ ਆਪਣੀ ਕਿਰਤ ਕਮਾਈ ਦਾ ਦਸਵੰਧ ਖੇਡਾਂ ਉਤੇ ਹੀ ਖਰਚਦੇ ਆ ਰਹੇ ਹਨ। ਉਨ੍ਹਾਂ ਨੇ ਆਪਣੀ ਮਾਤਾ ਸੁਰਜੀਤ ਕੌਰ ਦੀ ਯਾਦ ਵਿਚ ਇਕ ਅਵਾਰਡ ਸਥਾਪਿਤ ਕੀਤਾ ਹੈ, ਜੋ ਹਰ ਸਾਲ ਕੌਮਾਂਤਰੀ ਪੱਧਰ ਦੀ ਪੰਜਾਬਣ ਖਿਡਾਰਨ ਨੂੰ ਦਿੱਤਾ ਜਾ ਰਿਹਾ। ਇਸ ਤੋਂ ਬਿਨਾ ਉਹ ਹਰ ਸਾਲ ਪੁਰੇਵਾਲ ਖੇਡ ਮੇਲੇ 'ਤੇ ਪੁਰਾਣੇ ਖਿਡਾਰੀਆਂ, ਖੇਡ ਲੇਖਕਾਂ ਤੇ ਕਲਾਕਾਰਾਂ ਦਾ ਵੀ ਮਾਣ ਸਨਮਾਨ ਕਰਦੇ ਹਨ। ਵੈਨਕੂਵਰ ਦੇ ਨਾਲ ਹੀ ਪਿਟਮੀਡੋਜ਼ ਵਿਚ ਉਨ੍ਹਾਂ ਦਾ ਬਲਿਊ ਬੇਰੀ ਫਾਰਮ ਤੇ ਕੇਨਰੀ ਹੈ, ਜਿਥੇ ਸੈਂਕੜਿਆਂ ਦੀ ਗਿਣਤੀ ਵਿਚ ਪੰਜਾਬੀ ਕਾਮੇ ਕੰਮ ਕਰਦੇ ਹਨ। ਉਨ੍ਹਾਂ ਨੇ ਵਡੇਰੀ ਉਮਰ ਦੇ ਬੰਦਿਆਂ ਨੂੰ ਰੁਜ਼ਗਾਰ ਦੇ ਕੇ ਉਨ੍ਹਾਂ ਨੂੰ ਸਵੈਮਾਣ ਦੀ ਜ਼ਿੰਦਗੀ ਦਿੱਤੀ ਹੈ। ਉਨ੍ਹਾਂ ਦੇ ਫਾਰਮ ਉਤੇ ਲੰਗਰ ਚਲਦਾ ਰਹਿੰਦਾ ਹੈ।

ਪੁਰੇਵਾਲ ਪਰਿਵਾਰ ਦੀਆਂ ਬੀਬੀਆਂ ਗਿਆਨ ਕੌਰ, ਗੁਰਦੇਵ ਕੌਰ ਤੇ ਬਲਵਿੰਦਰ ਕੌਰ ਸੇਵਾ ਭਾਵ ਵਾਲੀਆਂ ਘਰੇਲੂ ਸੁਆਣੀਆਂ ਹਨ। ਗੁਰੂ ਮਹਾਰਾਜ ਦੀ ਮਿਹਰ ਨਾਲ ਚੁੱਲ੍ਹੇ ਸਦਾ ਤਪਦੇ ਰਹਿੰਦੇ ਹਨ।

ਖੇਡ ਮੇਲੇ ਭਾਵੇਂ ਪੰਜਾਬ ਵਿਚ ਬਹੁਤ ਲੱਗਣ ਲੱਗ ਪਏ ਹਨ, ਪਰ ਹਕੀਮਪੁਰ ਦਾ ਪੁਰੇਵਾਲ ਖੇਡ ਮੇਲਾ ਬੇਜੋੜ ਹੈ। ਉਥੇ ਚੋਟੀ ਦੀ ਕਬੱਡੀ ਤੇ ਕੁਸ਼ਤੀ ਦੇ ਨਾਲ ਵਿਰਾਸਤੀ ਤੇ ਆਧੁਨਿਕ ਖੇਡਾਂ ਦੇ ਮੁਕਾਬਲੇ ਵੀ ਹੁੰਦੇ ਹਨ। ਗਿੱਧੇ-ਭੰਗੜੇ ਪੈਂਦੇ ਹਨ ਤੇ ਨਿਹੰਗਾਂ ਦੀ ਨੇਜ਼ਾਬਾਜ਼ੀ ਨਜ਼ਾਰੇ ਬੰਨ੍ਹ ਦਿੰਦੀ ਹੈ। ਗਤਕਾ ਪਾਰਟੀਆਂ ਆਪਣੇ ਜੌਹਰ ਵਿਖਾਉਂਦੀਆਂ ਹਨ ਤੇ ਪਤੰਗਬਾਜ਼ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਦੇ ਹਨ। ਕਿਧਰੇ ਹਲਟ ਦੌੜਾਂ ਲੱਗਦੀਆਂ ਹਨ ਤੇ ਕਿਧਰੇ ਬੈਲ ਗੱਡੀਆਂ ਦੀਆਂ ਦੌੜਾਂ ਧੂੜਾਂ ਉਡਾਉਂਦੀਆਂ ਦਿਸਦੀਆਂ ਹਨ। ਕੁੱਤਿਆਂ ਦੀਆਂ ਦੌੜਾਂ ਦੀ ਆਪਣੀ ਰੇਲ ਬਣੀ ਹੁੰਦੀ ਹੈ। ਬਾਜ਼ੀਗਰਾਂ ਦੇ ਜਾਨ ਹੂਲਵੇਂ ਕਰਤਬ ਤਿੰਨੇ ਦਿਨ ਮੇਲੀਆਂ ਨੂੰ ਮੁਗਧ ਕਰੀ ਰੱਖਦੇ ਹਨ। ਮੀਡੀਏ ਨੇ ਪੁਰੇਵਾਲ ਮੇਲੇ ਨੂੰ ਲੱਖਾਂ ਦੇ ਇਨਾਮਾਂ ਵਾਲਾ ਏਸ਼ੀਆ ਦਾ ਸਭ ਤੋਂ ਵੱਡਾ ਇਨਾਮੀ ਪੇਂਡੂ ਖੇਡ ਮੇਲਾ ਕਹਿ ਕੇ ਵਡਿਆਇਆ ਹੈ। ਖੁਦ ਖਿਡਾਰੀ ਤੇ ਖੇਡ ਪ੍ਰੋਮੋਟਰ ਰਹੇ ਮਲਕੀਤ ਸਿੰਘ ਪੁਰੇਵਾਲ ਦਾ ਯੋਗਦਾਨ ਖੇਡ ਪ੍ਰੇਮੀਆਂ ਦੇ ਚੇਤਿਆਂ ਵਿਚ ਯਾਦ ਰਹੇਗਾ। ਵਾਹਿਗੁਰੂ ਉਸ ਦੀ ਆਤਮਾ ਨੂੰ ਸ਼ਾਂਤੀ ਦੇਵੇ ਤੇ ਪੁਰੇਵਾਲ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।


*ਪੁਰੇਵਾਲ ਭਰਾ*

# ਡਾ. ਜਸਪਾਲ ਸਿੰਘ ਦਾ ਖੇਡ-ਚਿੰਤਨ

*(ਪਿਛਲੇ ਸਫੇ ਦੀ ਬਾਕੀ)*

ਕਈ ਵਾਰ ਅਸੀਂ ਆਪਣੀ ਸਰੀਰਕ ਤੰਦਰੁਸਤੀ ਅਤੇ ਸ਼ਕਤੀ ਬਰਕਰਾਰ ਰੱਖਣ ਲਈ ਖੇਡਦੇ ਹਾਂ। ਕਿਸੇ ਸਮੇਂ ਅਸੀਂ ਨਿਰੋਲ ਮੁਕਾਬਲੇ ਵਾਲੀ ਭਾਵਨਾ ਤਹਿਤ ਖੇਡਦੇ ਹਾਂ, ਜਿਥੇ ਜਿੱਤਣਾ ਹੀ ਮੁੱਖ ਨਿਸ਼ਾਨਾ ਹੁੰਦਾ ਹੈ। ਇਹ ਵੱਖ-ਵੱਖ ਨਜ਼ਰੀਏ ਨਾਲ ਖੇਡੀਆਂ ਖੇਡਾਂ ਭਾਵੇਂ ਇਕੋ ਸਮੇਂ ਹੀ ਖੇਡੀਆਂ ਜਾ ਰਹੀਆਂ ਹੋਣ, ਪਰ ਇਨ੍ਹਾਂ ਦੇ ਉਦੇਸ਼ ਵਿਚ ਭਿੰਨਤਾ ਹੁੰਦੀ ਹੈ।

ਖੇਡਣਾ ਮਨੁੱਖ ਦੀ ਹੋਂਦ ਅਤੇ ਉਸ ਦੇ ਜੀਵੰਤ ਹੋਣ ਦੀ ਪ੍ਰਕਿਰਿਆ ਹੈ। ਇਸ ਆਪ-ਮੁਹਾਰੇ ਕੀਤੀ ਕਿਰਿਆ ਕਰਨ ਨਾਲ ਮਨੁੱਖ ਦਾ ਮਨ ਖਿੜਦਾ ਅਤੇ ਖੁਸ਼ੀ ਮਹਿਸੂਸ ਕਰਦਾ ਹੈ। ਖੇਡ ਵਿਚ ਇਹ ਖੁੱਲ੍ਹ ਹੁੰਦੀ ਹੈ ਕਿ ਭਾਵੇਂ ਮਨੁੱਖ ਆਪਣੇ ਸਾਥੀਆਂ ਨਾਲ ਨਿਯਮਿਤ ਖੇਡ ਖੇਡੇ ਜਾਂ ਆਪਣੀ ਮਰਜ਼ੀ ਅਨੁਸਾਰ ਕੋਈ ਮਨਭਾਉਂਦੀ ਕਿਰਿਆ ਕਰੇ, ਖੇਡ ਦਾ ਮੁੱਖ ਮੰਤਵ ਮਨਰੰਜਨ ਹੁੰਦਾ ਹੈ।

ਸਰੀਰਕ ਕਸਰਤਾਂ ਵਿਚ ਉਹ ਕਿਰਿਆਵਾਂ ਆਉਂਦੀਆਂ ਹਨ, ਜਿਨ੍ਹਾਂ ਨਾਲ ਮਨੁੱਖ ਦੀ ਸਿਹਤ ਤੰਦਰੁਸਤ ਰਹੇ ਅਤੇ ਉਨ੍ਹਾਂ ਨੂੰ ਕਰਨ ਨਾਲ ਸਰੀਰਕ ਯੋਗਤਾ ਅਤੇ ਸਮਰੱਥਾ ਵਿਚ ਵਾਧਾ ਹੋਵੇ। ਸਰੀਰਕ ਕਸਰਤਾਂ ਵਿਚ ਪ੍ਰਮੁੱਖ ਕਿਰਿਆਵਾਂ ਦੌੜਨਾ, ਕੁੱਦਣਾ, ਭਾਰ ਚੁੱਕਣਾ, ਖੇਡਾਂ ਖੇਡਣਾ ਅਤੇ ਯੋਗ ਕਿਰਿਆਵਾਂ ਜਾਂ ਮੁਦਰਾਵਾਂ ਸ਼ਾਮਿਲ ਹਨ। ਸਰੀਰਕ ਕਸਰਤਾਂ ਦਾ ਮੁੱਖ ਮੰਤਵ ਮਨ ਪ੍ਰਚਾਵਾ, ਤੰਦਰੁਸਤੀ ਅਤੇ ਸਰੀਰਕ ਕੁਸ਼ਲਤਾ ਬਰਕਰਾਰ ਰੱਖਣਾ ਹੈ।

ਮੁਕਾਬਲਾਮੁਖੀ ਖੇਡਾਂ: ਜਦੋਂ ਇਕੱਲਿਆਂ ਜਾਂ ਸਮੂਹ ਵਿਚ ਟੀਮਾਂ ਬਣਾ ਕੇ ਕਿਸੇ ਖੇਡ ਨੂੰ ਨਿਯਮਿਤ ਰੂਪ ਵਿਚ ਮੁਕਾਬਲੇ ਦੀ ਭਾਵਨਾ ਨਾਲ ਜਿੱਤ ਅਤੇ ਹਾਰ ਨੂੰ ਨਿਰਣਾਇਕ ਕਸਵੱਟੀ ਬਣਾ ਕੇ ਖੇਡਿਆ ਜਾਵੇ ਅਤੇ ਨਾਲ-ਨਾਲ ਉਹ ਮੁਕਾਬਲਾ ਦਰਸ਼ਕਾਂ ਦਾ ਮਨੋਰੰਜਨ ਤੇ ਖਿਡਾਰੀਆਂ ਦੀ ਇੱਛਾ ਪੂਰਤੀ ਵੀ ਕਰੇ ਤਾਂ ਉਸ ਨੂੰ ਅਸੀਂ ਆਧੁਨਿਕ ਯੁਗ ਦੀਆਂ ਮੁਕਾਬਲਾਮੁਖੀ ਜਾਂ ਪ੍ਰਤੀਯੋਗਤਾ ਮੂਲਕ ਖੇਡਾਂ ਆਖ ਸਕਦੇ ਹਾਂ।

ਜੇ. ਐਸ. ਰੌਸ ਅਨੁਸਾਰ, "ਖੇਡ ਆਪ-ਮੁਹਾਰੇ ਕੀਤੀ ਪ੍ਰਸੰਨਤਾ ਦੇਣ ਵਾਲੀ ਚੁਸਤੀਦਾਇਕ ਅਤੇ ਰਚਨਾਤਮਕ ਕਿਰਿਆ ਹੈ, ਜਿਸ ਵਿਚ ਵਿਅਕਤੀ ਪੂਰੀ ਤਰ੍ਹਾਂ ਆਪਣੇ ਭਾਵਾਂ ਨੂੰ ਪੂਰੇ ਹੁੰਦੇ ਦੇਖਦਾ ਹੈ।" ਪੰਜਾਬੀ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਖੇਡਾਂ ਬਾਰੇ ਲਿਖਦਾ ਹੈ, "ਸ੍ਰਿਸ਼ਟੀ ਇਕ ਵੱਡਾ ਖੇਡ ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਕੁੱਲ ਜਗਤ ਦਾ ਜੀਆ-ਜੰਤ ਉਹਦਾ ਤਮਾਸ਼ਬੀਨ ਹੈ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਹਦੇ ਖਿਡਾਰੀ ਹਨ। ਦਿਨ ਰਾਤ ਤੇ ਰੁੱਤਾਂ ਦੇ ਗੇੜ ਮੈਚਾਂ ਦਾ ਸਮਾਂ ਸਮਝੇ ਜਾ ਸਕਦੇ ਹਨ। ਜੀਵਨ ਇਕ ਖੇਡ ਹੀ ਤਾਂ ਹੈ। ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜਿਹੜੇ ਜਿੱਤ ਜਾਂਦੇ ਹਨ, ਉਹ ਬੱਲੇ-ਬੱਲੇ ਕਰਾ ਜਾਂਦੇ ਹਨ ਅਤੇ ਜਿਹੜੇ ਹਾਰ ਜਾਂਦੇ ਹਨ, ਉਹ ਭੁੱਲ ਭੁਲਾ ਜਾਂਦੇ ਹਨ। ਕੁਦਰਤ ਦੇ ਕਾਦਰ ਨੇ ਅਲੌਕਿਕ ਖੇਡ ਮੇਲਾ ਰਚਾ ਰੱਖਿਐ ਤੇ ਬਾਜ਼ੀ ਪਾ ਰੱਖੀ ਹੈ। ਬਾਜੀਗਰ ਡੰਕ ਬਜਾਈ॥ ਸਭ ਖਲਕ ਤਮਾਸੇ ਆਈ॥"

ਉਘੇ ਖੇਡ ਚਿੰਤਕ ਬੈਰੋ ਅਨੁਸਾਰ ਖੇਡਾਂ ਇਕ ਉਤਪਾਦ ਵੀ ਹਨ ਅਤੇ ਇਕ ਵਰਤੋਂ ਵੀ ਹਨ। ਇਕ ਉਪਜ ਦੇ ਤੌਰ 'ਤੇ ਖੇਡਾਂ ਹਰ ਕੀਮਤ 'ਤੇ ਜਿੱਤਣ ਦੇ ਟੀਚੇ ਉਪਰ ਜ਼ੋਰ ਦਿੰਦੀਆਂ ਹਨ। ਜਦੋਂ ਇਹ ਪ੍ਰਕਿਰਿਆਮਈ ਹੁੰਦੀਆਂ ਹਨ ਤਾਂ ਇਹ ਪ੍ਰਦਰਸ਼ਨ ਅਤੇ ਪ੍ਰਾਪਤੀ ਦੀ ਕਲਾ ਕੌਸ਼ਲਤਾ 'ਤੇ ਜ਼ੋਰ ਦਿੰਦੀਆਂ ਹਨ। ਕੋਕਲੇ ਅਨੁਸਾਰ ਖੇਡ ਇਕ ਸੰਸਥਾਗਤ ਰੂਪ ਧਾਰਨ ਕਰ ਚੁੱਕੀ ਮੁਕਾਬਲੇ ਵਾਲੀ ਪ੍ਰਕਿਰਿਆ ਹੈ, ਜਿਸ ਵਿਚ ਸਰੀਰਕ ਜ਼ੋਰ ਅਤੇ ਕਰਤਬਾਂ ਦੇ ਨਾਲ-ਨਾਲ ਖੇਡਾਂ ਵਿਚ ਹਿੱਸਾ ਲੈਣ ਵਾਲੇ ਖਿਡਾਰੀ ਦੀ ਅੰਦਰੂਨੀ ਸੰਤੁਸ਼ਟੀ ਅਤੇ ਬਾਹਰੀ ਸਨਮਾਨ ਦੀ ਪ੍ਰੇਰਨਾ ਜੁੜੀ ਹੁੰਦੀ ਹੈ।

ਖੇਡ ਕਲਾ ਵੀ ਹੈ ਤੇ ਵਿਗਿਆਨ ਵੀ। ਜਿਸ ਕਾਰਜ ਨੂੰ ਤੁਸੀਂ ਦੇਖ, ਸੁਣ ਜਾਂ ਪੜ੍ਹ ਕੇ ਉਸ ਕਾਰਜ ਦੀ ਸੁੰਦਰਤਾ ਦੇ ਵਹਿਣ ਵਿਚ ਵਹਿ ਤੁਰੋ ਅਤੇ ਉਸ ਦਾ ਅਨੰਦ ਅੰਦਰੂਨੀ ਗਹਿਰਾਈਆਂ ਤੋਂ ਮਾਣੋ ਤਾਂ ਉਹ ਕਲਾ ਹੈ। ਜਦੋਂ ਅਸੀਂ ਖੇਡਾਂ ਨੂੰ ਦੇਖ ਕੇ ਅਨੰਦ ਮਾਣਨ ਤਕ ਸੀਮਤ ਹੁੰਦੇ ਹਾਂ ਤਾਂ ਉਸ ਸਮੇਂ ਖੇਡਾਂ ਇਕ ਕਲਾ ਹਨ। ਖੇਡਾਂ ਵਿਚ ਖੇਡ ਵਿਗਿਆਨ ਅਧੀਨ ਵੱਖ-ਵੱਖ ਵਿਸ਼ੇ ਜਿਵੇਂ ਸਰੀਰਕ ਰਚਨਾ ਵਿਗਿਆਨ, ਸਰੀਰਕ ਕਿਰਿਆ ਵਿਗਿਆਨ, ਗਤੀ ਵਿਗਿਆਨ ਦੇ ਨਿਯਮ, ਜੀਵ ਰਸਾਇਣ ਵਿਗਿਆਨ ਅਤੇ ਖੇਡ ਮਨੋਵਿਗਿਆਨ ਆਦਿ ਦਾ ਡੂੰਘਾ ਅਧਿਐਨ ਕਰਨਾ ਪੈਂਦਾ ਹੈ, ਕਿਉਂਕਿ ਇਹ ਸਾਰੇ ਵਿਸ਼ੇ ਖਿਡਾਰੀ ਦੀ ਕਾਰਗੁਜ਼ਾਰੀ ਵਿਚ ਚੋਖਾ ਯੋਗਦਾਨ ਪਾਉਂਦੇ ਹਨ। ਜਦੋਂ ਕੋਚ ਜਾਂ ਖਿਡਾਰੀ ਆਪਣੇ ਜਾਂ ਵਿਰੋਧੀ ਟੀਮ ਦੇ ਅਭਿਆਸ ਜਾਂ ਮੈਚ ਦਾ ਵਿਸ਼ਲੇਸ਼ਣ ਕਰ ਰਹੇ ਹੁੰਦੇ ਹਨ ਅਤੇ ਨਾਲ-ਨਾਲ ਖੇਡ ਦੀਆਂ ਵਿਧੀਆਂ ਅਤੇ ਵਿਧਾਨਾਂ ਦੀ ਪੜਚੋਲ ਕਰ ਰਹੇ ਹੁੰਦੇ ਹਨ ਤਾਂ ਉਨ੍ਹਾਂ ਲਈ ਖੇਡ, ਵਿਗਿਆਨ ਵਾਂਗ ਹੀ ਹੁੰਦੀ ਹੈ। ਸਮੁੱਚੇ ਤੌਰ 'ਤੇ ਖੇਡਾਂ ਨੂੰ ਅਸੀਂ ਕਲਾ ਤੇ ਵਿਗਿਆਨ ਦਾ ਮਿਸ਼ਰਣ ਮੰਨ ਸਕਦੇ ਹਾਂ।

ਖੇਡਾਂ ਵਿਚ ਉਹ ਸਾਰੇ ਗੁਣ, ਨਿਯਮ ਅਤੇ ਸਿਧਾਂਤ ਮੌਜੂਦ ਹਨ, ਜੋ ਵਿਅਕਤੀ ਨੂੰ ਕਾਮਯਾਬੀ ਨਾਲ ਜੀਵਨ ਜਿਉਣ ਲਈ ਅਪਨਾਉਣੇ ਚਾਹੀਦੇ ਹਨ। ਯੂਨਾਨ ਦੇ ਦਾਰਸ਼ਨਿਕ ਅਰਸਤੂ ਦਾ ਕਥਨ ਹੈ, 'ਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਦਿਮਾਗ ਦਾ ਵਾਸਾ ਹੋ ਸਕਦਾ ਹੈ।' ਗੁਰੂ ਨਾਨਕ ਦੇਵ ਜੀ ਬਾਣੀ ਹੈ, 'ਨਚਣੁ ਕੁਦਣੁ ਮਨ ਕਾ ਚਾਉ॥' ਸਵਾਮੀ ਵਿਵੇਕਾ ਨੰਦ ਅਨੁਸਾਰ 'ਤੁਸੀਂ ਭਗਵਦ ਗੀਤਾ ਨਾਲੋਂ ਫੁੱਟਬਾਲ ਦੇ ਜ਼ਰੀਏ ਸਵਰਗ ਦੇ ਜ਼ਿਆਦਾ ਨੇੜੇ ਹੋ ਸਕਦੇ ਹੋ।' ਕੁਝ ਦੇਸ਼ਾਂ ਵਿਚ ਖੇਡਾਂ ਨੂੰ ਧਰਮ ਦੇ ਬਰਾਬਰ ਦਾ ਰੁਤਬਾ ਹਾਸਲ ਹੈ। ਉਹ ਖੇਡਾਂ ਨੂੰ ਪਵਿੱਤਰ ਕਾਰਜ ਮੰਨਦੇ ਹਨ, ਜਿਵੇਂ ਬ੍ਰਾਜ਼ੀਲੀਆਂ ਲਈ ਫੁੱਟਬਾਲ ਦੀ ਖੇਡ ਵੀ ਧਰਮ ਸਮਾਨ ਹੈ। ਖੇਡਾਂ ਇਕ ਕੁਦਰਤੀ ਵਰਤਾਰਾ ਹਨ, ਜਿਵੇਂ ਮਨੁੱਖ ਲਈ ਸਾਹ ਲੈਣਾ ਅਤੇ ਦਰੱਖਤਾਂ ਲਈ ਪੱਤੇ ਫੁੱਟਣੇ!

ਖੇਡਾਂ ਅਤੇ ਖਿਡਾਰੀਆਂ ਦੇ ਚੰਗੇਰੇ ਭਵਿੱਖ ਲਈ ਮਿਆਰੀ ਖੇਡ ਸਾਹਿਤ ਅਤੇ ਮੀਡੀਏ ਦੀ ਸਾਕਾਰਾਤਮਕ ਭੂਮਿਕਾ ਦਾ ਬਹੁਤ ਯੋਗਦਾਨ ਹੈ। ਖੇਡ ਲਿਖਤਾਂ ਨੂੰ ਸਾਹਿਤ ਦਾ ਹਿੱਸਾ ਮੰਨਣਾ ਜਾਂ ਨਾ ਮੰਨਣਾ ਇਕ ਅਲੱਗ ਵਿਸ਼ਾ ਹੈ, ਪਰ ਇਹ ਸੱਚਾਈ ਹੈ ਕਿ ਖੇਡਾਂ ਮੁੱਢ-ਕਦੀਮ ਤੋਂ ਸਾਡੇ ਸਭਿਆਚਾਰ ਦਾ ਅਟੁੱਟ ਅੰਗ ਰਹੀਆਂ ਹਨ। ਇਸ ਕਰਕੇ ਖੇਡ ਲਿਖਤਾਂ ਸਾਹਿਤਕ ਹਲਕਿਆਂ 'ਚ ਪ੍ਰਵਾਨ ਕੀਤੀਆਂ ਜਾਣ ਲੱਗੀਆਂ ਹਨ। ਪੰਜਾਬੀ ਭਾਸ਼ਾ ਵਿਚ ਖੇਡਾਂ ਖਿਡਾਰੀਆਂ ਪ੍ਰਤੀ ਜੋ ਲਿਖਿਆ ਜਾ ਰਿਹਾ ਹੈ, ਉਸ ਨੂੰ ਖੇਡ ਸਾਹਿਤ ਕਿਹਾ ਜਾ ਸਕਦੈ। ਉਸ ਦੇ ਮੁੱਖ ਖੇਤਰ ਸਰੀਰਕ ਸਿੱਖਿਆ ਵਿਸ਼ੇ ਦੀਆਂ ਲੋੜਾਂ ਨੂੰ ਪੂਰਾ ਕਰਨਾ, ਖਿਡਾਰੀਆਂ ਦੀਆਂ ਜੀਵਨੀਆਂ ਤੇ ਸਵੈ-ਜੀਵਨੀਆਂ ਲਿਖਣੀਆਂ, ਖਿਡਾਰੀਆਂ ਦੇ ਰੇਖਾ ਚਿੱਤਰ, ਖੇਡ ਸਫਰਨਾਮੇ, ਅੱਖੀਂ ਡਿੱਠੇ ਖੇਡ ਮੇਲੇ ਤੇ ਖੇਡ ਪੱਤਰਕਾਰੀ ਆਦਿ ਹੋ ਸਕਦੇ ਹਨ। ਖੇਡ-ਕਾਵਿ, ਖੇਡ-ਗਲਪ ਤੇ ਖੇਡ-ਨਾਟ ਰਚੇ ਜਾ ਸਕਦੇ ਹਨ।

ਪੁਸਤਕ 'ਖੇਡ-ਚਿੰਤਨ' ਦੇ ਮੁੱਖ-ਬੰਦ ਵਿਚ ਸਿੱਖਿਆ ਸ਼ਾਸਤਰੀ ਡਾ. ਟੀ. ਆਰ. ਸ਼ਰਮਾ ਨੇ ਲਿਖਿਆ ਹੈ: ਇਸ ਪੁਸਤਕ ਵਿਚ ਲੇਖਕ ਨੇ ਖੇਡਾਂ ਦੀ ਹੋਂਦ ਅਤੇ ਪ੍ਰਫੁੱਲਤਾ ਬਾਰੇ ਸਿਧਾਂਤਕ ਸੋਝੀ ਪ੍ਰਦਾਨ ਕਰਨ ਦੇ ਨਾਲ ਖੇਡ ਜਗਤ ਨੂੰ ਦਰਪੇਸ਼ ਸਮੱਸਿਆਵਾਂ ਅਤੇ ਚਣੌਤੀਆਂ ਨੂੰ ਆਪਣੀ ਖੋਜ ਦੇ ਘੇਰੇ ਦੀ ਵਸਤੂ ਬਣਾਇਆ ਹੈ। ਖੇਡਾਂ ਦੇ ਵਿਕਾਸ ਅਤੇ ਖੇਡ ਪ੍ਰਦਰਸ਼ਨ ਦੇ ਨਿਖਾਰ ਲਈ ਮਹੱਤਵਪੂਰਨ ਸੇਧਾਂ ਦੇ ਨਾਲ ਖੇਡ ਸਭਿਆਚਾਰ ਦੇ ਪ੍ਰਮੁੱਖ ਸਰੋਕਾਰਾਂ ਦੀ ਸਮੀਖਿਆ ਵੀ ਕੀਤੀ ਹੈ। ਖੇਡ-ਚਿੰਤਨ ਪੁਸਤਕ ਦੀ ਰਚਨਾ ਪਿੱਛੇ ਡਾ. ਜਸਪਾਲ ਸਿੰਘ ਦੀ ਵਰ੍ਹਿਆਂ ਦੀ ਤਪੱਸਿਆ ਕਾਰਜਸ਼ੀਲ ਰਹੀ ਹੈ। ਲੇਖਕ ਖੁਦ ਕੌਮੀ ਪੱਧਰ ਦਾ ਖਿਡਾਰੀ ਰਿਹਾ ਹੈ। ਮੈਂ ਡਾ. ਜਸਪਾਲ ਸਿੰਘ ਦੇ ਡੂੰਘੇ ਅਧਿਐਨ ਕਰਨ, ਵੱਡੇ ਕਾਰਜਾਂ ਨੂੰ ਆਪਣੇ ਹੱਥਾਂ ਵਿਚ ਲੈਣ ਦੇ ਪਰਬਲ ਹੌਸਲੇ ਅਤੇ ਉਨ੍ਹਾਂ ਨੂੰ ਸਫਲਤਾ ਸਹਿਤ ਨੇਪਰੇ ਚਾੜ੍ਹਨ ਅਤੇ ਸਿੱਖਣ ਸਿਖਾਉਣ ਦੀ ਕਲਾ ਕੌਸ਼ਲਤਾ ਤੋਂ ਭਲੀਭਾਂਤ ਜਾਣੂੰ ਹਾਂ। ਉਸ ਦੀ ਸ਼ਖਸੀਅਤ ਦੇ ਇਨ੍ਹਾਂ ਉਭਰਵੇਂ ਲੱਛਣਾਂ ਦਾ ਅੰਦਾਜ਼ਾ ਇਸ ਪੁਸਤਕ ਦੇ ਪਾਠਕਾਂ ਨੂੰ ਸਹਿਜੇ ਹੀ ਹੋ ਜਾਵੇਗਾ। ਇਹ ਸਭਨਾਂ ਲਈ ਪੜ੍ਹਨਯੋਗ ਪੁਸਤਕ ਹੈ।

# ਸਿਰਜਣਾ ਦੇ ਖੁੱਲ੍ਹੇ ਰਹੱਸ



**ਰਾਜੇਸ਼ ਸ਼ਰਮਾ**
**ਈਮੇਲ:** sharajesh@gmail.com

ਚੌਦ੍ਹਵੀਂ ਸਦੀ ਵਿਚ ਹੋਏ ਮਾਧਵਾਚਾਰਿਆ 'ਸਰਵ-ਦਰਸ਼ਨ ਸੰਗ੍ਰਹਿ' ਵਿਚ ਲਿਖਦੇ ਹਨ ਕਿ ਪਤੰਜਲੀ ਅਨੁਸਾਰ ਸ਼ਬਦ ਦਾ ਵਾਸਾ ਤਿੰਨ ਘਰਾਂ ਵਿਚ ਹੁੰਦਾ ਹੈ। ਕੰਠ, ਸਿਰ ਅਤੇ ਹਿਰਦੇ ਅੰਦਰ। ਪਤੰਜਲੀ ਦਾ ਇਸ਼ਾਰਾ ਕਾਵਿ ਅੰਦਰਲੇ ਉਸ ਸੰਗਮ ਵੱਲ ਰਿਹਾ ਹੋਵੇਗਾ ਜੋ ਕਾਵਿ ਨੂੰ ਕਾਵਿ ਬਣਾਉਂਦਾ ਹੈ। ਧੁਨੀ, ਬੋਧ ਅਤੇ ਭਾਵ ਦਾ ਸੰਗਮ।

ਮਾਧਵਾਚਾਰਿਆ ਤੋਂ ਲਗਭਗ ਚਾਰ ਸਦੀਆਂ ਪਹਿਲਾਂ ਹੋਏ ਰਾਜਸ਼ੇਖਰ ਸ਼ਬਦ ਪਾਕ ਅਤੇ ਵਾਕ ਪਾਕ ਦੀ ਗੱਲ ਕਰਦੇ ਹਨ। ਸ਼ਬਦ ਦੀ ਸਹੀ ਅਤੇ ਪੂਰੀ ਪਛਾਣ ਕਰਨਾ ਅਤੇ ਉਸ ਨੂੰ ਉਸ ਦੀ ਸਹੀ ਥਾਂ ਜੋ ਇੱਕੋ-ਇੱਕ ਹੁੰਦੀ ਹੈ, ਉਪਰ ਰੱਖਣਾ ਸੂਝਵਾਨ ਕਵੀ ਦਾ ਚਿਹਨ ਹੈ। ਫਰਾਂਸੀਸੀ ਨਾਵਲਕਾਰ ਗਸਤਾਇਵ ਫਲੋਬੇਅ ਸਮਾਨਾਰਥਕਤਾ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ। ਉਹ ਮੰਨਦਾ ਹੈ ਕਿ ਸ਼ਬਦਾਂ ਵਿਚਕਾਰ ਅਦਲਾ-ਬਦਲੀ ਸੰਭਵ ਨਹੀਂ। ਇਕ ਥਾਂ 'ਤੇ ਢੁਕਵਾਂ ਸ਼ਬਦ ਇੱਕੋ-ਇਕ ਹੁੰਦਾ ਹੈ। ਸਾਹਿਤਕਾਰ ਲਈ ਉਸ ਤੱਕ ਪਹੁੰਚਣਾ ਜ਼ਰੂਰੀ ਹੈ।

ਰਾਜਸ਼ੇਖਰ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਕਵੀ ਜਾਂ ਕੁ-ਕਵੀ ਹੋਣ ਦਾ ਸੁਆਲ ਤਾਂ ਬਾਅਦ ਵਿਚ ਆਉਂਦਾ ਹੈ। ਪਹਿਲੀ ਸ਼ਰਤ ਤਾਂ ਭਾਸ਼ਾ ਵਿਚ ਸਿੱਧ ਹੋਣ ਦੀ ਹੈ। ਇਸ ਸਿੱਧੀ ਤੋਂ ਉਨ੍ਹਾਂ ਦਾ ਭਾਵ, ਉਨ੍ਹਾਂ ਦੇ ਸ਼ਬਦਾਂ ਵਿਚ 'ਆਪਣੇ' ਅਤੇ 'ਪਰਾਏ' ਵਾਕ ਵਿਚਕਾਰ ਭੇਦ ਕਰਨ ਦੀ ਸਮਰੱਥਾ ਹੈ। ਰਚਨਾ ਦੀ ਪ੍ਰਮਾਣਕਤਾ ਦੀ ਇਸ ਤੋਂ ਸਰਲ ਅਤੇ ਵੱਡੀ ਕਸਵੱਟੀ ਹੋਰ ਕੀ ਹੋਵੇਗੀ? ਜਿਸ ਨੂੰ ਅੰਦਾਜ਼ ਕਿਹਾ ਜਾਂਦਾ ਹੈ, ਉਹ ਰਚਨਾ ਅੰਦਰ ਰਚਨਾਕਾਰ ਦੀ ਹੋਂਦ ਦੀ ਵਿਲੱਖਣਤਾ ਦਾ ਦਸਤਖਤ ਹੁੰਦਾ ਹੈ। ਇਹ ਬਿਲਕੁਲ ਨਿੱਜੀ ਅਤੇ ਅਨੋਖਾ ਹੁੰਦਾ ਹੈ। ਸ਼ਾਇਦ ਇਸ ਲਈ ਹੀ 'ਸ਼ੈਲੀ' ਇਸ ਲਈ ਸਹੀ ਸ਼ਬਦ ਨਹੀਂ। ਸ਼ੈਲੀ ਨਿੱਜੀ ਹੋ ਸਕਦੀ ਹੈ ਅਤੇ ਸਮੂਹਿਕ ਵੀ। ਰਾਜਸ਼ੇਖਰ ਸ਼ਬਦ-ਹਰਨ ਦੀਆਂ ਲਗਭਗ 32 ਕਿਸਮਾਂ ਦੱਸਦੇ ਹਨ ਅਤੇ ਕਹਿੰਦੇ ਹਨ ਕਿ ਸਾਹਿਤ ਰਚਨਾ ਲਈ ਸ਼ਬਦ-ਹਰਨ ਚੰਗਾ ਵੀ ਹੋ ਸਕਦਾ ਹੈ ਅਤੇ ਮਾੜਾ ਵੀ ਪਰ ਹਰਨ ਕੀਤੇ ਸ਼ਬਦ ਨੂੰ ਆਪਣਾ ਬਣਾਉਣਾ ਹਰ ਕਿਸੇ ਦੇ ਵੱਸ ਨਹੀਂ ਹੁੰਦਾ।

'ਸਾਹਿਤ' ਸ਼ਬਦ ਦੀ ਵਰਤੋਂ ਪਹਿਲੋਂ-ਪਹਿਲ ਰਾਜਸ਼ੇਖਰ ਨੇ ਕੀਤੀ ਹੋਵੇਗੀ। 'ਸਾਹਿਤ' ਤੋਂ ਉਨ੍ਹਾਂ ਦਾ ਭਾਵ ਸ਼ਬਦ ਅਤੇ ਅਰਥ, ਬੁੱਧੀ ਅਤੇ ਹਿਰਦੇ, ਨਾਦ ਅਤੇ ਬਿੰਦੂ, ਕਲਪਨਾ ਅਤੇ ਇੰਦਰੀਆਵੀ ਅਨੁਭਵ ਵਿਚਕਾਰਲਾ ਸਹਿਭਾਵ ਰਿਹਾ ਹੋਵੇਗਾ।

'ਭਾਵ' ਤੋਂ ਕੀ ਭਾਵ ਹੈ? ਸਾਹਿਤ ਦੇ ਆਲੋਚਕ ਲਈ ਰਾਜਸ਼ੇਖਰ 'ਭਾਵਕ' ਸ਼ਬਦ ਵਰਤਦੇ ਹਨ। 'ਸਹਿਭਾਵ' ਦੇ ਵਿਚ ਕਿਸੇ ਦੂਜੀ ਹੋਂਦ ਵਿਚ ਸ਼ਰੀਕ ਹੋਣ ਦਾ ਸੱਦਾ ਅਤੇ ਸੰਭਾਵਨਾ ਸ਼ਾਮਲ ਹਨ। ਕਾਬਿਲ ਆਲੋਚਕ ਰਚਨਾ ਨੂੰ ਦੇਖਣ ਤੱਕ ਸੀਮਤ ਨਹੀਂ ਰਹਿੰਦਾ। ਰਚਨਾ ਦੀ ਹੋਂਦ ਵਿਚ ਪ੍ਰਵੇਸ਼ ਕਰਦਾ ਹੈ। ਰਚਨਾ ਹੋ ਜਾਂਦਾ ਹੈ। ਦੇਖਣਾ, ਹੋਣਾ ਹੋ ਜਾਂਦਾ ਹੈ। ਇਹ ਤਾਂ ਸੰਭਵ ਹੈ ਜੇ ਉਹ ਰਚਨਾ ਦੇ ਤੱਤ ਨੂੰ ਛੱਡ ਕੇ ਘੜੀ ਭਰ ਲਈ ਵੀ ਇਧਰ-ਉਧਰ ਨਾ ਫਿਸਲੇ। ਉਸ ਦੀ ਸਮਾਧੀ ਸਿਥਲ ਨਾ ਹੋਵੇ।

ਸਿਥਲ ਸਮਾਧੀ ਦਾ ਹਵਾਲਾ ਆਨੰਦ ਕੁਮਾਰਾਸਵਾਮੀ ਨੇ ਪੁਰਾਤਨ ਭਾਰਤੀ ਕਲਾਵਾਂ ਦੀ ਵਿਵੇਚਨਾ ਕਰਦਿਆਂ ਦਿੱਤਾ ਹੈ। ਰਚਨਾਕਾਰ ਦੇ ਉਸ ਦੀ ਰਚਨਾ ਨਾਲ ਇਕਮਿਕ ਹੋ ਜਾਣ ਦੀ ਅਵਸਥਾ ਲਈ ਲੋੜੀਂਦੀ ਇਕਾਗਰਤਾ ਦਾ ਹਾਸਲ ਨਾ ਹੋਣਾ ਜਾਂ ਉਸ ਦਾ ਭੰਗ ਹੋਣਾ ਸਮਾਧੀ ਦੀ ਸਿਥਲਤਾ ਹੈ। ਰਚਨਾਕਾਰ ਦੀ ਕਾਰਜ-ਵਿਧੀ ਬਾਰੇ ਕੁਮਾਰਾਸਵਾਮੀ ਦੱਸਦੇ ਹਨ ਕਿ ਰਚਾਨਾਕਾਰ ਰਚਨਾ ਨੂੰ ਪਹਿਲਾਂ ਆਪਣੇ ਅੰਦਰਲੇ ਜਗਤ ਵਿਚ ਰੂਪਮਾਨ ਕਰਦਾ ਹੈ। ਉਹ ਰਚਨਾ ਦੇ ਸੱਚ ਨੂੰ ਆਤਮਸਾਤ ਕਰਦਾ ਹੈ। ਇਕ ਮੂਰਤੀਕਾਰ ਜਾਂ ਚਿੱਤਰਕਾਰ ਜਾਂ ਕਵੀ ਆਪਣੀ ਰਚਨਾ ਨੂੰ ਪਹਿਲਾਂ ਆਪਣੀ ਚੇਤਨਾ ਦੇ ਆਕਾਸ਼ ਵਿਚ ਕਲਪਨਾ ਸ਼ਕਤੀ ਨਾਲ ਕਣ ਕਣ ਸਿਰਜਦਾ ਹੈ। ਬਾਹਰਲੇ ਜਗਤ ਵਿਚ ਕਲਾਕ੍ਰਿਤ ਬਾਅਦ ਵਿਚ ਬਣਦੀ ਹੈ; ਭਾਵ, ਰਚਨਾਕਾਰ ਦੋ ਵਾਰ ਰਚਨਾ ਸਿਰਜਦਾ ਹੈ। ਪਹਿਲਾਂ, ਆਪਣੇ ਧਿਆਨ ਦੇ ਸਪੇਸ ਅੰਦਰ। ਫਿਰ ਬਾਹਰੀ ਸਪੇਸ ਵਿਚ। ਦੂਜੀ ਸਿਰਜਣਾ ਪਹਿਲੀ ਵਿਚੋਂ ਪ੍ਰਗਟ ਹੁੰਦੀ ਹੈ ਅਤੇ ਉਸ ਉਪਰ ਨਿਰਭਰ ਕਰਦੀ ਹੈ। 'ਕਲਪਨਾ' ਦਾ ਇਕ ਅਰਥ 'ਬਣਾਉਣਾ' ਜਾਂ 'ਸਿਰਜਣਾ' ਹੈ। ਅਮਰੀਕੀ ਕਵੀ ਵਾਲੇਸ ਸਟੀਵਨਜ਼ ਇਸ ਲਈ ਹੀ ਕਲਪਨਾ ਅਤੇ ਵਾਸਤਵਿਕਤਾ ਨੂੰ ਨਿਰੰਤਰਤਾ ਵਿਚ ਦੇਖਦਾ ਹੈ। ਉਸ ਅਨੁਸਾਰ ਕਲਪਨਾ ਵਾਸਤਵਿਕਤਾ ਹੈ।

ਸ੍ਰੋਤ, ਪਾਠਕ ਜਾਂ ਆਲੋਚਕ ਦੇ 'ਭਾਵਕ' ਹੋਣ ਦਾ ਅਰਥ ਹੈ, ਉਸ ਵਿਚ ਰਚਨਾਕਾਰ ਦੀ ਵਿਧੀ ਅਤੇ ਰਚਨਾ ਦੇ 'ਹੋਣ' ਅੰਦਰ ਪ੍ਰਵੇਸ਼ ਕਰਨ ਦੀ ਸਮਰੱਥਾ ਦਾ ਹੋਣਾ ਹੈ। ਭਾਵਕ ਹੋਣਾ ਸੁਹਿਰਦ



ਹੋਣਾ ਹੈ। ਹਿਰਦਾ, ਜਿੱਥੇ ਅਸੀਂ ਪੂਰੀ ਤਰ੍ਹਾਂ 'ਹੁੰਦੇ' ਹਾਂ। ਆਪਣੇ ਹੋਣ ਨੂੰ ਰਚਨਾ ਦੇ ਹੋਣ ਨਾਲ ਪੂਰੀ ਤਰ੍ਹਾਂ ਇਕਮਿਕ ਕਰ ਦੇਣ ਦੀ ਸਮਰੱਥਾ ਸੁਹਿਰਦਤਾ ਹੈ।

ਪਰ ਅਜਿਹਾ ਪਾਠਕ, ਸ੍ਰੋਤਾ ਜਾਂ ਆਲੋਚਕ ਕੋਈ ਵਿਰਲਾ ਹੀ ਹੁੰਦਾ ਹੈ। ਇਸ ਲਈ ਰਾਜਸ਼ੇਖਰ ਤਿੰਨ ਹੋਰ ਤਰ੍ਹਾਂ ਦੇ ਆਲੋਚਕਾਂ ਦਾ ਜ਼ਿਕਰ ਕਰਦੇ ਹਨ। ਇਕ ਉਹ ਜਿਨ੍ਹਾਂ ਨੂੰ ਰਚਨਾ ਵਿਚ ਕੋਈ ਰੁਚੀ ਨਹੀਂ ਹੁੰਦੀ। ਰਚਨਾ ਉਨ੍ਹਾਂ ਨਾਲ ਗੱਲ ਨਹੀਂ ਕਰਦੀ, ਉਨ੍ਹਾਂ ਨੂੰ ਟੁੰਬਦੀ ਨਹੀਂ। ਦੂਜੇ ਉਹ ਜੋ ਘਾਹ ਫੂਸ ਖਾ ਕੇ ਖੁਸ਼ ਹੁੰਦੇ ਹਨ। ਤੁਸੀਂ ਉਨ੍ਹਾਂ ਨੂੰ ਗਧੇ ਕਹਿ ਸਕਦੇ ਹੋ, ਜੇ ਇੰਜ ਕਹਿਣਾ ਗਧਿਆਂ ਨਾਲ ਵਧੀਕੀ ਨਾ ਹੋਵੇ। ਤੀਜੇ ਉਹ ਜੋ ਈਰਖਾ ਵਿਚੋਂ ਬਾਹਰ ਨਹੀਂ ਨਿਕਲ ਸਕਦੇ ਅਤੇ ਕਿਸੇ ਦੀ ਚੰਗੀ ਰਚਨਾ ਦੇਖ ਕੇ ਸੜ-ਭੁੰਨ ਜਾਂਦੇ ਹਨ। ਜ਼ਾਹਿਰ ਹੈ ਉਨ੍ਹਾਂ ਕੋਲ ਕਲਾਕ੍ਰਿਤ ਦੇ ਗੁਣਾਂ ਦੀ ਪ੍ਰਸ਼ੰਸਾ ਕਰਨ ਲਈ ਲੋੜੀਂਦੀ ਦਲੇਰੀ ਅਤੇ ਹੌਸਲਾ ਨਹੀਂ ਹੁੰਦੇ। ਸਿਰਫ ਚੌਥੀ ਕਿਸਮ ਦੇ ਆਲੋਚਕ ਹੀ ਭਾਵਕ ਕਹਿਲਾਉਣ ਦੇ ਹੱਕਦਾਰ ਹੁੰਦੇ ਹਨ। ਰਾਜਸ਼ੇਖਰ ਉਨ੍ਹਾਂ ਨੂੰ ਤੱਤ-ਅਭਿਨਿਵੇਸ਼ੀ ਕਹਿੰਦੇ ਹਨ। ਉਹ ਰਚਨਾ ਨੂੰ ਅੰਦਰੋਂ ਜਿਉਂਦੇ ਹਨ। ਆਪੇ ਨੂੰ ਉਸ ਦੇ ਖਾਸੇ ਪ੍ਰਤੀ ਸਮਰਪਣ ਕਰ ਕੇ, ਆਪਣੇ ਹਿਰਦੇ ਵਿਚ ਉਸ ਦੇ ਪ੍ਰਕਾਸ਼ ਨੂੰ ਉਤਾਰ ਕੇ। ਇਹ ਕਾਰਜ ਪ੍ਰਤਿਭਾ ਨਾਲ ਸੰਪੰਨ ਹੁੰਦਾ ਹੈ। ਆਲੋਚਕ ਦੀ ਪ੍ਰਤਿਭਾ ਇੰਜ ਰਚਨਾ ਦੀ ਪ੍ਰਤਿਭਾ ਨੂੰ ਬਰਾਬਰ ਹੋ ਕੇ ਮਿਲਣ ਦਾ ਜਤਨ ਕਰਦੀ ਹੈ।

ਪ੍ਰਤਿਭਾ ਭਾਵਕ ਦੇ ਹਿਰਦੇ ਅੰਦਰ ਸੁਹਜ-ਬੋਧ ਦੀ ਉਹ ਆਭਾ ਹੈ ਜਿਸ ਵਿਚ ਕੋਈ ਰਚਨਾ ਆਪਣੇ ਅੰਤਰਤਮ ਰਹੱਸ ਖੋਲ੍ਹਦੀ ਹੈ। ਪ੍ਰਤਿਭਾ ਦਾ ਵਿਕਾਸ ਸੰਭਵ ਹੈ। ਇਹ ਅਭਿਆਸ, ਵੈਰਾਗ, ਆਸਥਾ ਅਤੇ ਧਿਆਨ ਰਾਹੀਂ ਹੁੰਦਾ ਹੈ। ਯੋਗ ਸੂਤਰਾਂ ਵਿਚ ਅਭਿਆਸ ਦਾ ਅਰਥ ਨਿਰੰਤਰ, ਅਟੁੱਟ ਜਤਨ ਦੱਸਿਆ ਗਿਆ ਹੈ। ਨਿਰਲੇਪ ਹੋ ਕੇ ਵਾਚਣ ਦੀ ਸਮਰੱਥਾ ਵੈਰਾਗ ਦਾ ਫਲ ਹੈ। ਇਸ ਤੋਂ ਬਿਨਾਂ ਗੁਣਾਂ ਅਤੇ ਔਗੁਣਾਂ ਨੂੰ ਦੇਖਣਾ ਮੁਮਕਿਨ ਨਹੀਂ। ਆਸਥਾ ਸਾਨੂੰ ਆਪਣੀ ਰਚਨਾ ਨਾਲ ਅੰਦਰੋਂ ਜੋੜਦੀ ਹੈ ਅਤੇ ਉਸ ਦੇ ਪ੍ਰਕਾਸ਼ਿਤ ਹੋਣ (ਭਾਵ, ਸੰਕਲਪ ਤੋਂ ਵਾਸਤਵਿਕਤਾ ਤੱਕ ਪਹੁੰਚਣ) ਦੇ ਸਫਰ ਨੂੰ ਪੂਰਾ ਕਰਨ ਦਾ ਬਲ ਦਿੰਦੀ ਹੈ। ਆਸਥਾ ਹੱਦਾਂ ਦੇ ਵਿਸਤਾਰ ਲਈ ਸੱਦਾ ਹੈ।

ਜਰਮਨ ਕਵੀ ਰਿਲਕੇ ਨੇ ਮੂਰਤੀਕਾਰ ਰੋਦੇਂ ਤੋਂ ਇਕ ਗੱਲ ਇਹ ਸਿੱਖੀ ਸੀ ਕਿ ਕਲਾ ਨਿਰੰਤਰ ਕਿਰਤ ਦੀ ਸਾਧਨਾ ਮੰਗਦੀ ਹੈ। ਰੋਦੇਂ ਨੇ ਉਸ ਨੂੰ ਕਿਹਾ ਸੀ ਕਿ ਉਹ ਚੀਜ਼ਾਂ ਨੂੰ ਦੇਖਣ ਦਾ ਅਭਿਆਸ ਕਰੇ ਅਤੇ ਇਸ ਹੱਦ ਤੱਕ ਕਰੇ ਕਿ ਚੀਜ਼ਾਂ ਆਪ ਕਵਿਤਾ ਬਣ ਜਾਣ। ਰੋਦੇਂ ਦੀ ਕਲਾ-ਸਾਧਨਾ ਬਾਰੇ ਰਿਲਕੇ ਲਿਖਦਾ ਹੈ ਕਿ ਉਹ ਚੀਜ਼ਾਂ ਨੂੰ ਧਿਆਉਂਦਾ ਉਨ੍ਹਾਂ ਦੇ 'ਹੋਣ' ਵਿਚ ਪ੍ਰਵੇਸ਼ ਕਰ ਜਾਂਦਾ ਸੀ। ਰਿਲਕੇ ਦੀ ਕਵਿਤਾ ਦੀ ਇਕ ਸਤਰ ਹੈ: "ਤੇ ਅਚਾਨਕ ਜਾਣ ਜਾਂਦੇ ਹੋ ਤੁਸੀਂ: ਉਹ, ਇਹ ਸੀ।" ਦੇਖਣ ਤੋਂ ਧਿਆਨ ਦੀ ਯਾਤਰਾ ਗਿਆਨ ਦੇ ਬੂਹੇ ਤੱਕ ਪਹੁੰਚਾਉਂਦੀ ਹੈ। 'ਧੱਮਪਦ' ਵਿਚ ਦਰਜ ਹੈ: "ਧਿਆਨ ਤੋਂ ਗਿਆਨ ਉਤਪੰਨ ਹੁੰਦਾ ਹੈ; ਧਿਆਨ ਦੇ ਬਗੈਰ ਗਿਆਨ ਖਤਮ ਹੋ ਜਾਂਦਾ ਹੈ।" ਧਿਆਨ, ਦੇਖਣ ਦਾ ਅਭਿਆਸ ਹੈ। ਦੇਖਣਾ ਬਾਹਰਲੀਆਂ ਅੱਖਾਂ ਨਾਲ ਹੋਵੇ ਜਾਂ ਅੰਦਰਲੀਆਂ ਅੱਖਾਂ ਨਾਲ। ਇੰਦਰੀਆਂ ਦਾ ਅਰਥ ਹੀ 'ਪ੍ਰਕਾਸ਼ਤ ਕਰਨ ਵਾਲੀਆਂ' ਹੈ। ਕਲਾ ਦੀ ਸਾਧਨਾ ਇੰਦਰੀਆਂ ਨੂੰ ਨਿਰਮਲ ਕਰਦੀ ਹੈ, ਉਨ੍ਹਾਂ ਦਾ ਮਲ-ਮੈਲ ਲਾਹੁੰਦੀ ਹੈ। ਇਹੀ ਕਾਰਜ, ਭਰਥਰੀ ਅਨੁਸਾਰ, ਸ਼ਬਦ-ਅਨੁਸ਼ਾਸਨ ਕਰਦਾ ਹੈ।

ਹਰ ਰਚਨਾਕਾਰ ਉਤਪਾਦਕ ਨਹੀਂ ਹੁੰਦਾ। ਉਤਪਾਦਕ ਤੋਂ ਰਾਜਸ਼ੇਖਰ ਦਾ ਭਾਵ ਮੌਲਿਕ ਰਚਨਾ ਸਿਰਜਣ ਵਾਲਾ ਰਚਨਾਕਾਰ ਹੈ। ਕਈ ਸਾਹਿਤਕਾਰ ਆਛਾਦਕ ਯਾਨੀ ਢਕਣ ਵਾਲੇ ਹੁੰਦੇ ਹਨ। ਕਈ ਹੋਰ ਪਰਿਵਰਤਕ ਯਾਨੀ ਰੂਪ ਬਦਲ ਦੇਣ ਵਾਲੇ ਹੁੰਦੇ ਹਨ। ਕਈ ਮਾਤਰ ਸੰਵਰਗਕ ਹੁੰਦੇ ਹਨ - ਉਨ੍ਹਾਂ ਦੀ ਪ੍ਰਾਪਤੀ ਸਮੱਗਰੀ ਨੂੰ ਇਕੱਤਰ ਕਰਕੇ ਜੋੜਨ ਵਿਚ ਹੁੰਦੀ ਹੈ। ਬੇਸ਼ੱਕ ਰਾਜਸ਼ੇਖਰ ਦੀ ਇਹ ਵਿਉਤ ਰਚਨਾ-ਵਿਧੀ ਦੀ ਜਟਿਲਤਾ ਨੂੰ ਅੱਖੋਂ ਪਰੋਖਿਆਂ ਕਰਦੀ ਲੱਗਦੀ ਹੈ, ਫਿਰ ਵੀ ਉਨ੍ਹਾਂ ਦੇ ਦੱਸੇ ਇਹ ਚਾਰ ਵਰਗ ਰਚਨਾਕਾਰਾਂ ਦੀ ਯੋਗਤਾ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਢੰਗਾਂ ਦੀ ਵਿਹਾਰਕ ਨਿਸ਼ਾਨਦੇਹੀ ਕਰਦੇ ਹਨ।

ਸਾਹਿਤਕਾਰ ਦਾ ਗਿਆਨ-ਖੇਤਰ ਕਿੰਨਾ ਵਿਸ਼ਾਲ ਹੋਵੇ? ਇਸ ਪ੍ਰਸ਼ਨ ਉਪਰ ਚਿੰਤਨ ਪਿਛਲੇ ਕੁਝ ਸਮੇਂ ਤੋਂ ਹੀ ਨਹੀਂ ਹੋਣ ਲੱਗਾ। ਅੰਤਰ-ਅਨੁਸ਼ਾਸਨੀ ਅਧਿਐਨ ਪੁਰਾਣੇ ਸਮਿਆਂ ਤੋਂ ਭਾਰਤੀ ਕਾਵਿ-ਸ਼ਾਸਤਰ ਦਾ ਹਿੱਸਾ ਰਿਹਾ ਹੈ। ਰਾਜਸ਼ੇਖਰ 'ਵਿਉਤਪੱਤੀ' ਸ਼ਬਦ ਅਧੀਨ ਇਸ ਦੀ ਵਿਆਖਿਆ ਕਰਦੇ ਹਨ ਜਿਸ ਦਾ ਇਕ ਅਰਥ ਉਹ ਬਹੁਗਿਆਨਤਾ ਜਾਂ ਵਿਵਿਧ ਗਿਆਨ ਪ੍ਰਣਾਲੀਆਂ/ਵਿਧੀਆਂ ਦੀ ਸਮਝ ਦੱਸਦੇ ਹਨ। ਵਿਵਿਧ ਵਿਸ਼ਿਆਂ ਦਾ ਗਿਆਨੀ ਸਾਹਿਤਕਾਰ ਉਚਿਤ ਅਤੇ ਅਨੁਚਿਤ ਦੇ ਭੇਦ ਦਾ ਗਿਆਤਾ ਹੁੰਦਾ ਹੈ ਅਤੇ ਉਸ ਦੀ ਰਚਨਾ ਵਿਚ ਗੰਭੀਰਤਾ, ਗਹਿਰਾਈ ਅਤੇ ਵਿਸ਼ਾਲਤਾ ਦੀ ਸੰਭਾਵਨਾ ਵੱਧ ਹੁੰਦੀ ਹੈ।

ਪਰ ਸਾਹਿਤ ਦੀ ਆਤਮਾ ਸ਼ਬਦ ਹੀ ਹੈ। ਸ਼ਬਦਾਂ ਦੀ ਸਾਧਨਾਂ ਬਾਰੇ 'ਧੱਮਪਦ' ਵਿਚ ਕਿਹਾ ਗਿਆ ਹੈ: "ਜੋ ਸ਼ਬਦਾਂ ਦੀ ਵਿਉਤਪਤੀ ਤੇ ਵਿਆਖਿਆ ਵਿਚ ਨਿਪੁੰਨ ਹੈ, ਜੋ ਅੱਖਰਾਂ ਦੇ ਪਹਿਲੇ ਜਾਂ ਪਿੱਛੇ ਪ੍ਰਯੋਗ ਕਰਨ ਦੀ ਤਰਤੀਬ ਨੂੰ ਜਾਣਦਾ ਹੈ, ਉਸ ਨੂੰ ਮਹਾਂ-ਗਿਆਨੀ ਤੇ ਮਹਾਂ-ਪੁਰਖ ਆਖਿਆ ਜਾਂਦਾ ਹੈ।" 'ਮਹਾਂਭਾਰਤ' ਵਿਚ ਸ਼ਬਦ-ਅਨੁਸ਼ਾਸਨ ਨੂੰ ਸੱਚ ਅਤੇ ਮੁਕਤੀ ਦੀ ਰਾਹ ਦੱਸਿਆ ਗਿਆ ਹੈ।

ਸਾਹਿਤ ਦੀ ਸਾਧਨਾ ਰਚੇਤਾ ਅਤੇ ਪਾਠਕ ਦੋਵਾਂ ਨੂੰ ਸੱਚ ਦੀ ਘੋਖ ਲਈ ਪ੍ਰੇਰਦੀ ਹੈ। ਸੱਚ ਨੂੰ ਆਤਮਸਾਤ ਕਰਨਾ ਸੁਤੰਤਰ ਹੋਣਾ ਹੈ। ਸਾਹਿਤ ਦਾ ਸਵੈ ਸੰਸਾਰ ਨਾਲ ਇਕਮਿਕ ਹੁੰਦਾ ਹੈ, ਭਾਵੇਂ ਉਸ ਨੂੰ ਦੇਖਦਾ-ਧਿਆਉਂਦਾ ਵੀ ਹੈ।

---

# ਜ਼ਿੰਦਗੀ ਦੀ ਸੁਰ ਜਗਜੀਤ ਸਿੰਘ

**ਬਲਜੀਤ ਪਰਮਾਰ**
**ਫੋਨ:** +91-98701-31868

ਜਗਜੀਤ ਸਿੰਘ ਨਾਲ ਮੇਰੀ ਚਿਰਾਂ ਦੀ ਸਾਂਝ ਸੀ। ਪੰਜਾਬੀ ਸਾਹਿਤ 'ਚ ਮੇਰੀ ਦਿਲਚਸਪੀ ਅਤੇ ਪੱਤਰਕਾਰ ਹੋਣਾ ਸਾਂਝ ਦੇ ਸਬੱਬ ਸਨ। ਸਾਡੇ ਕਈ ਸਾਂਝੇ ਦੋਸਤ ਸਨ, ਇਸ ਤੋਂ ਬਿਨਾਂ ਸੁਹਜ-ਸੁਆਦ ਸਾਂਝੇ ਸਨ। ਸਾਂਝ ਦੀ ਸਭ ਤੋਂ ਅਹਿਮ ਤੰਦ ਸਾਡਾ ਪੰਜਾਬੀ ਹੋਣਾ ਸੀ।

ਮੁੰਬਈ ਦੇ ਚਰਚ ਗੇਟ ਸਟੇਸ਼ਨ ਦੇ ਲਾਗੇ ਗੇਅਲੌਰਡ ਰੈਸਟੋਰੈਂਟ ਵਿਚ ਇੱਕ ਨੁਕਰੇ ਜਗਜੀਤ ਦਾ ਅੱਡਾ ਸੀ ਅਤੇ ਮੇਰਾ ਅੱਡਾ ਸੜਕ ਦੇ ਦੂਜੇ ਪਾਸੇ ਬੇਰੀ'ਜ਼ ਰੈਸਟੋਰੈਂਟ ਵਿਚ ਸੀ। ਬੇਰੀ'ਜ਼ ਦਾ ਮਾਲਕ ਨਾਸੀਰ ਭਾਈ ਮੇਰਾ ਯਾਰ ਹੈ। ਅਸੀਂ ਰਾਤ ਨੂੰ ਜਾਮ ਛਲਕਾਉਣ ਅਤੇ ਖਾਣਾ ਖਾਣ ਤੋਂ ਬਾਅਦ ਤਕਰੀਬਨ ਰੋਜ਼ ਮਿਲਦੇ ਸਾਂ। ਸਾਨੂੰ ਦੋਵਾਂ ਨੂੰ ਸਮੁੰਦਰ ਬਹੁਤ ਪਸੰਦ ਸੀ। ਇਸ ਸੜਕ ਤੇ ਮੈਰੀਨ ਡਰਾਇਵ ਵਾਲੇ ਪਾਸੇ ਜਗਜੀਤ ਸਿੰਘ ਐਮਬੈਸਡਰ ਹੋਟਲ ਦੇ ਬਾਹਰ ਫੜ੍ਹੀ ਵਾਲੇ ਤੋਂ ਆਪਣਾ ਪਸੰਦੀਦਾ 'ਪਾਨ' ਖਾਣ ਆਉਂਦੇ ਸਨ। ਇਸ ਤੋਂ ਅੱਗੇ ਅਸੀਂ ਸਮੁੰਦਰ ਵਾਲੇ ਪਾਸੇ ਗਈ ਰਾਤ ਤੱਕ ਚੁਟਕਲੇ ਸੁਣਾਉਂਦੇ ਸੈਰ ਕਰਦੇ ਸਾਂ ਅਤੇ ਰਾਹਗੀਰਾਂ ਉੱਤੇ ਬੋਲੇ ਕੱਸਦੇ ਸਾਂ। ਜਗਜੀਤ ਚੁਸਤ ਫਿਕਰਿਆਂ ਦਾ ਧਨੀ ਸੀ, ਮੈਂ ਵੀ ਜੁਆਬੀ ਫਿਕਰਿਆਂ ਦਾ ਮਾਹਿਰ ਸਾਂ। ਰਾਤ ਦੀਆਂ ਇਹ ਤਫਰੀਆਂ ਮੇਰੀਆਂ ਖੁਸ਼ਗਵਾਰ ਸਦੀਵੀ ਯਾਦਾਂ ਹਨ।

ਜਗਜੀਤ ਅਤੇ ਚਿਤਰਾ ਦੀ ਜ਼ਿੰਦਗੀ ਵਿਚ ਵਾਪਰੇ ਹਾਦਸੇ ਦੀ ਯਾਦ ਨਾਲ ਮੇਰਾ ਹੁਣ ਵੀ ਗੱਚ ਭਰ ਆਉਂਦਾ ਹੈ। ਅਪਰੈਲ 1990 ਵਿਚ ਸੜਕ ਹਾਦਸੇ ਚ ਉਨ੍ਹਾਂ ਦੇ ਇਕਲੌਤੇ ਪੁੱਤਰ ਵਿਵੇਕ ਸਿੰਘ ਦੀ ਮੌਤ ਹੋ ਗਈ ਸੀ। ਦੱਖਣੀ ਮੁੰਬਈ ਦੀ ਮੈਰਿਨ ਡਰਾਈਵ ਵਾਲੀ ਵਲ਼ ਖਾਂਦੀ ਸੜਕ ਉੱਤੇ ਵਾਪਰੇ ਹਾਦਸੇ ਦੀ ਯਾਦ ਸਦਾ ਸੱਜਰੀ ਰਹਿੰਦੀ ਹੈ। ਵੀਹ ਸਾਲਾਂ ਦੇ ਪੁੱਤਰ ਦੀ ਮੌਤ ਨੇ ਉਨ੍ਹਾਂ ਦੀ ਜ਼ਿੰਦਗੀ ਵਿਚ ਖਲਾਅ ਪੈਦਾ ਕਰ ਦਿੱਤਾ ਸੀ। ਪੈਡਰ ਰੋਡ ਤੇ ਉਨ੍ਹਾਂ ਦੇ ਫਲੈਟ ਅੰਦਰ ਮਾਤਮਾਨਾ ਚੁੱਪ ਪਸਰ ਗਈ ਸੀ। ਬਾਜਾ, ਢੋਲਕ ਅਤੇ ਤਬਲਾ ਸੁੰਨ ਹੋ ਗਏ ਸਨ। ਕੁਝ ਦਿਨਾਂ ਵਿਚ ਮਾਤਮ ਵਿਚ ਸ਼ਰੀਕ ਹੋਣ ਆਉਣ ਵਾਲਿਆਂ ਦਾ ਆਉਣ-ਜਾਣ ਵੀ ਘਟ ਗਿਆ ਸੀ। ਪਹਿਲਾਂ ਤੈਅ ਕੀਤੇ ਗਾਉਣ ਦੇ ਪ੍ਰੋਗਰਾਮ ਇਸ ਜੋੜੇ ਨੇ ਰੱਦ ਕਰ ਦਿੱਤੇ ਸਨ। ਉਨ੍ਹਾਂ ਦੀਆਂ ਦਿਲ ਨੂੰ ਧੂਹ ਪਾਉਣ ਵਾਲੀਆਂ ਸ਼ਾਹਕਾਰ ਨਜ਼ਮਾਂ ਦੇ ਬੋਲ ਥੰਮ ਗਏ ਸਨ। ਉਨ੍ਹਾਂ ਦੇ ਗਲੇ ਸਾਜ਼ਾਂ ਨਾਲ ਸੁਰ ਮਿਲਾਉਣ ਤੋਂ ਇਨਕਾਰੀ ਸਨ। ਦੋ ਕੁ ਮਹੀਨਿਆਂ ਬਾਅਦ ਜਗਜੀਤ ਨੇ ਵਿਚਕਾਰ ਪਏ ਆਪਣੇ ਕੰਮਾਂ ਨੂੰ ਅੱਗੇ ਤੋਰਨ ਦਾ ਆਹਰ ਸ਼ੁਰੂ ਕਰ ਦਿੱਤਾ ਪਰ ਚਿਤਰਾ ਨੇ ਉਸ ਦਾ ਸਾਥ ਦੇਣ ਤੋਂ ਇਨਕਾਰ ਕਰ ਦਿੱਤਾ।

ਉਨ੍ਹੀਂ ਦਿਨੀਂ ਐਚ.ਐਮ.ਵੀ. ਸਟੂਡੀਓ ਵਿਚ ਕੋਈ ਰਿਕਾਰਡਿੰਗ ਹੋਣ ਵਾਲੀ ਸੀ ਜਿਸ ਵਿਚ ਮੇਰੇ ਦੋਸਤ ਪਰਮਜੀਤ ਸਿੰਘ ਸਿੱਧੂ ਉਰਫ ਪੰਮੀ ਬਾਈ ਨੇ ਵੀ ਗਾਉਣਾ ਸੀ। ਰਿਕਾਰਡਿੰਗ ਤੋਂ ਪਹਿਲਾਂ ਪੰਮੀ ਤਿਆਰੀ ਦੇ ਸਿਲਸਿਲੇ ਵਿਚ ਜਗਜੀਤ ਦੇ ਘਰ ਗਿਆ ਹੋਇਆ ਸੀ। ਆਪਣੇ ਸਰੋਤਿਆਂ ਦੀਆਂ ਸਿਫਾਰਿਸ਼ਾਂ ਅਤੇ ਮਨਾਉਣ ਦੇ ਹਰ ਉਪਰਾਲੇ ਦੇ ਬਾਵਜੂਦ ਚਿਤਰਾ ਨੇ ਇਨਕਾਰ ਕਰ ਦਿੱਤਾ, ਤੇ ਕਦੇ ਨਾ ਗਾਉਣ ਦਾ ਤਹੱਈਆ ਕਰ ਲਿਆ।

ਉਸੇ ਦਿਨ ਸ਼ਾਮ ਨੂੰ ਪੰਮੀ ਬਾਈ ਕੋਲਾਬਾ ਵਿਚ ਮੇਰੇ ਦਫਤਰ ਆਇਆ ਜਿੱਥੇ ਮੈਂ 'ਦਿ ਡੇਲੀ' ਅਖਬਾਰ ਵਿਚ ਸਪੈਸ਼ਲ ਕੌਰਸਪੌਂਡੈਂਟ ਵਜੋਂ ਕੰਮ ਕਰਦਾ ਸਾਂ। ਉਹ ਬਹੁਤ ਦਿਲਗੀਰ ਹੋਇਆ ਹੋਇਆ ਸੀ। ਉਹਨੇ ਦੁਖੀ ਹਿਰਦੇ ਨਾਲ ਮੈਨੂੰ ਸਾਰੀ ਹੋਈ-ਬੀਤੀ ਸੁਣਾ ਦਿੱਤੀ। ਪੱਤਰਕਾਰ ਹੋਣ ਦੇ ਨਾਤੇ ਮੇਰੇ ਲਈ ਚਿਤਰਾ ਸਿੰਘ ਦਾ ਨਾ ਗਾਉਣ ਦਾ ਤਹੱਈਆ ਮਨੁੱਖੀ ਦਿਲਚਸਪੀ ਦੀ ਵੱਡੀ ਖ਼ਬਰ ਸੀ। ਪੰਮੀ



ਬਾਈ ਦੇ ਜਾਣ ਤੋਂ ਬਾਅਦ ਮੈਂ ਆਪਣੇ ਸੰਪਾਦਕ ਨਾਲ ਗੱਲ ਕੀਤੀ ਅਤੇ ਅਸੀਂ ਇਹ ਖਬਰ ਪਹਿਲੇ ਪੰਨੇ ਉੱਤੇ ਛਾਪਣ ਦਾ ਫੈਸਲਾ ਕੀਤਾ। ਸੰਗੀਤ ਦੀ ਦੁਨੀਆ ਲਈ ਇਹ ਖਬਰ ਝਟਕੇ ਵਰਗੀ ਸੀ। ਸਰੋਤਿਆਂ ਲਈ ਇਹ ਸਗਮੇ ਵਰਗਾ ਸੀ।

ਦੁਪਹਿਰੇ ਜਿਹੇ ਚਿਤਰਾ ਸਿੰਘ ਦਾ ਫੋਨ ਆਇਆ। ਉਹ ਬਹੁਤ ਖਫਾ ਸੀ। "ਬਲਜੀਤ, ਤੈਨੂੰ ਮੇਰੇ ਘਰ ਦੀ ਗੱਲ ਨੂੰ ਇਸ ਤਰ੍ਹਾਂ ਨਸ਼ਰ ਨਹੀਂ ਕਰਨਾ ਚਾਹੀਦਾ ਸੀ।" ਉਸ ਨੇ ਕੰਬਦੀ ਆਵਾਜ਼ ਵਿਚ ਇੰਨਾ ਕਹਿ ਕੇ ਫੋਨ ਰੱਖ ਦਿੱਤਾ। ਮੈਂ ਮੁਆਫੀ ਮੰਗੀ ਪਰ ਫੋਨ ਬੰਦ ਹੋ ਚੁਕਾ ਸੀ। ਆਥਣੇ ਜਗਜੀਤ ਨੂੰ ਫੋਨ ਕੀਤਾ ਅਤੇ ਇਸ ਤਰ੍ਹਾਂ ਦੀ ਬੇਸੁਆਦੀ ਪੈਦਾ ਕਰਨ ਲਈ ਮੁਆਫੀ ਮੰਗੀ। ਜਗਜੀਤ ਨੇ ਆਪਣੇ ਮਿਹਰਬਾਨ ਦੋਸਤਾਨਾ ਲਹਿਜ਼ੇ ਵਿਚ ਇਸ ਘਟਨਾ ਨੂੰ ਜ਼ਿਆਦਾ ਤੂਲ ਨਾ ਦੇਣ ਅਤੇ ਕੁਝ ਦਿਨ ਚਿਤਰਾ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ। ਉਸ ਤੋਂ ਬਾਅਦ ਅਨੇਕ ਸੰਗਰਾਂਦਾਂ ਲੰਘ ਗਈਆਂ।

ਇੱਕ ਦਿਨ ਨਾਟਕ ਤੇ ਫਿਲਮ ਅਦਾਕਾਰ ਇੰਦਰਜੀਤ ਸਚਦੇਵ ਦਾ ਫੋਨ ਆਇਆ ਕਿ ਅੰਮ੍ਰਿਤਾ ਪ੍ਰੀਤਮ ਬਾਬਤ ਕਿਸੇ ਕੰਮ ਦੇ ਸਿਲਸਿਲੇ 'ਚ ਦੀਪਤੀ ਨਵਲ ਮੈਨੂੰ ਮਿਲਣਾ ਚਾਹੁੰਦੀ ਹੈ। ਵਰਸੋਵਾ 'ਚ ਇੰਦਰਜੀਤ ਤੇ ਦੀਪਤੀ ਗੁਆਂਢੀ ਸਨ। ਇੰਦਰਜੀਤ ਨਾਲ ਦੀਪਤੀ ਨੂੰ ਮਿਲਣ ਲਈ ਮੈਂ ਉਸ ਦੇ ਸਿਖਰਲੀ ਮੰਜ਼ਿਲ ਵਾਲੇ ਫਲੈਟ 'ਚ ਗਿਆ ਜੋ ਓਸ਼ਿਆਨਿਕ ਬਿਲਡਿੰਗ ਵਿਚ ਸੀ। ਦੀਪਤੀ ਨੇ ਅੰਮ੍ਰਿਤਾ ਦੀਆਂ ਤਕਰੀਬਨ ਸਾਰੀਆਂ ਕਿਤਾਬਾਂ ਮੰਗਵਾ ਲਈਆਂ ਸਨ ਪਰ ਉਸ ਨੂੰ ਗੁਰਮੁਖੀ ਪੜ੍ਹਨ 'ਚ ਔਖ ਆਉਂਦੀ ਸੀ ਤੇ ਠੇਠ ਲਫਜ਼ਾਂ ਦੀਆਂ ਰਮਜ਼ਾਂ ਸਮਝ ਨਹੀਂ ਆਉਂਦੀਆਂ ਸਨ। ਅਸੀਂ ਤਕਰੀਬਨ ਦੋ ਘੰਟੇ ਗੱਲਾਂ ਕਰਦੇ ਰਹੇ ਤੇ ਦੁਬਾਰਾ ਮਿਲਣ ਦੇ ਵਾਅਦੇ ਨਾਲ ਵਿਦਾ ਹੋਏ।

ਕੁਝ ਦਿਨਾਂ ਬਾਅਦ ਦੀਪਤੀ ਨੇ ਮੈਨੂੰ ਫੋਨ ਕਰ ਕੇ ਘਰ ਰਾਤ ਦੇ ਖਾਣੇ ਉੱਤੇ ਬੁਲਾਇਆ। ਮੈਂ ਪਹੁੰਚਿਆ ਤਾਂ ਗ਼ਜ਼ਲਾਂ ਦੇ ਬਾਦਸ਼ਾਹ ਜਗਜੀਤ ਸਿੰਘ ਨਾਲ ਨਾਨਾ ਪਾਟੇਕਰ ਅਤੇ ਇੰਦਰਜੀਤ ਹਮਪਿਆਲਾ ਸਨ। ਦੀਪਤੀ ਨੇ ਆਪਣੇ ਮਨਸੂਬੇ ਦਾ ਮਰਕਜ਼ੀ ਖਿਆਲ ਸੁਣਾ ਦਿੱਤਾ ਜਿਸ ਵਿਚ ਉਹ ਸੂਤਰਧਾਰ ਦੀ ਭੂਮਿਕਾ ਅਦਾ ਕਰਨੀ ਚਾਹੁੰਦੀ ਸੀ। ਜਗਜੀਤ ਸਿੰਘ ਨੇ ਅੰਮ੍ਰਿਤਾ ਦੀਆਂ ਨਜ਼ਮਾਂ ਗਾਉਣੀਆਂ ਸਨ ਅਤੇ ਮੈਥੋਂ ਕੁਝ ਨਜ਼ਮਾਂ ਅਤੇ ਵਾਰਤਕ ਦੇ ਪਾਠ ਦੀ ਤਵੱਕੋ ਕੀਤੀ ਜਾਂਦੀ ਸੀ। ਅੱਧੀ ਰਾਤ ਤੋਂ ਬਾਅਦ ਤੱਕ ਚਰਚਾ ਹੁੰਦੀ ਰਹੀ। ਅੰਤ ਨੂੰ ਜਗਜੀਤ ਸਿੰਘ ਨੇ ਮੈਨੂੰ ਮੇਰੀ ਰਿਹਾਇਸ਼ ਉੱਤੇ ਜੂਹੂ ਵਿਚ ਉਤਾਰ ਦਿੱਤਾ। ਰਾਹ ਵਿਚ ਹੀ ਉਸ ਨੇ ਮੇਰੇ ਨਾਲ ਇਹ ਗੱਲ ਸਾਂਝੀ ਕੀਤੀ ਕਿ ਉਸ ਨੂੰ ਇਹ ਖਿਆਲ ਜ਼ਿਆਦਾ ਜਚਦਾ ਨਹੀਂ। ਮੈਨੂੰ ਨਹੀਂ ਪਤਾ ਕਿ ਬਾਅਦ ਵਿਚ ਕੀ ਹੋਇਆ ਪਰ ਜਗਜੀਤ ਦੀ ਇਸ ਵਿਚ ਦਿਲਚਸਪੀ ਨਹੀਂ ਸੀ।

ਹਜ਼ੂਰ ਸਾਹਿਬ ਦੇ ਗੁਰਦੁਆਰਾ ਬੋਰਡ ਨੇ 2006 ਵਿਚ ਜਗਜੀਤ ਸਿੰਘ ਨੂੰ ਵੱਕਾਰੀ ਧਾਰਮਿਕ ਸਮਾਗਮ ਦੇ ਜਸ਼ਨਾਂ ਵਿਚ ਸ਼ਾਮਿਲ ਕਰ ਲਿਆ। ਮੇਰਾ ਦੋਸਤ ਜਸਬੀਰ ਸਿੰਘ ਧਾਮ ਤਾਲਮੇਲ ਦਾ ਕੰਮ ਕਰ ਰਿਹਾ ਸੀ ਅਤੇ ਗੁਲਜ਼ਾਰ, ਸੁਰਜੀਤ ਪਾਤਰ ਅਤੇ ਗੁਰਦਾਸ ਮਾਨ ਵਰਗੀਆਂ ਸ਼ਖਸੀਅਤਾਂ ਇਸ ਵਿਚ ਸ਼ਾਮਿਲ ਸਨ। ਜਗਜੀਤ ਨੇ ਉਸ ਪ੍ਰਾਜੈਕਟ ਵਿਚ ਚਾਰ ਸਾਲ ਕੰਮ ਕੀਤਾ ਅਤੇ ਧੇਲਾ ਨਹੀਂ ਲਿਆ।

ਇਸੇ ਦੌਰਾਨ ਮੈਂ ਨਵਾਂ ਫਲੈਟ ਖਰੀਦ ਲਿਆ ਪਰ ਪੈਸੇ ਥੁੜ੍ਹ ਗਏ। ਜਸਬੀਰ ਤੋਂ ਕੁਝ ਉਧਾਰ ਮੰਗਿਆ ਤਾਂ ਉਸ ਨੇ ਸਟੂਡੀਓ ਤੋਂ ਆ ਕੇ ਰਕਮ ਲੈ ਜਾਣ ਲਈ ਸੱਦ ਲਿਆ। ਮੈਂ ਜਾ ਕੇ ਰਕਮ ਲੈ ਆਇਆ ਅਤੇ ਜਗਜੀਤ ਨੂੰ ਬਿਨਾਂ ਮਿਲੇ ਆ ਗਿਆ। ਉਸ ਨੂੰ ਭਿਣਕ ਲੱਗ ਗਈ ਤਾਂ ਉਸ ਨੇ ਮੈਨੂੰ ਗਈ ਰਾਤ ਫੋਨ ਕੀਤਾ। ਪੰਜਾਬੀ 'ਚ ਮਿੱਠੀਆਂ ਮਿੱਠੀਆਂ ਗਾਲਾਂ ਕੱਢੀਆਂ ਤੇ ਪੁੱਛਿਆ ਕਿ ਮੈਂ ਉਸ ਨੂੰ ਆਪਣੀ ਮੁਸ਼ਕਿਲ ਬਾਬਤ ਕਿਉਂ ਨਹੀਂ ਦੱਸਿਆ। ਉਸ ਨੇ ਧੜੱਲੇ ਨਾਲ ਕਿਹਾ, "ਕਿੰਨੇ ਪੈਸੇ ਚਾਹੀਦੇ ਨੇ ਮੁੰਡਿਆ? ਮੈਨੂੰ ਦੱਸ, ਮੈਂ ਭੇਜ ਦਿੰਨਾਂ।"

ਇਹ ਜਗਜੀਤ ਸਿੰਘ ਸੀ ਜੋ ਸਦਾ ਲੋੜਵੰਦਾਂ ਦੇ ਕੰਮ ਆਉਂਦਾ ਸੀ। ਉਸ ਨੇ ਕਿਸੇ ਤੋਂ ਕੋਈ ਜੁਆਬੀ ਤਵੱਕੋ ਨਹੀਂ ਕੀਤੀ। ਉਹ ਬਹੁਤ ਸਾਦਾ ਜਿਹਾ ਬੰਦਾ ਸੀ ਜਿਸ ਦੀਆਂ ਲੋੜਾਂ ਸੀਮਤ ਸਨ। ਸਾਦੇ ਕੱਪੜੇ ਪਾਉਂਦਾ ਸੀ। ਉਸ ਨੂੰ ਖਾਕੀ ਅਤੇ ਭੂਰੇ ਰੰਗ ਦੀਆਂ ਪਤਲੂਨਾਂ ਪਸੰਦ ਸਨ। ਸਾਦੇ ਕਮੀਜ਼। ਕੋਈ ਕੰਪਨੀ ਮਾਲ ਨਹੀਂ। ਪੱਕਾ ਦੇਸੀ। ਉਹ ਆਪਣੀ ਨਸਲ ਦਾ ਅਨਮੋਲ ਹੀਰਾ ਸੀ।

# ਕ੍ਰਿਤ੍ਰਿਮ ਬੁੱਧੀਮਤਾ ਦਾ ਯੁੱਗ ਅਤੇ ਬਦਲਦੀ ਕਾਵਿ-ਸੰਵੇਦਨਾ

## 'ਇਬਾਰਤ ਚੁੱਪ ਕਿਉਂ ਹੈ?' ਦੇ ਸੰਦਰਭ ਵਿਚ



ਸੁਖਪ੍ਰੀਤ ਸਿੰਘ ਸੰਧੂ

ਸੁਰਿੰਦਰ ਸੋਹਲ ਪੰਜਾਬੀ ਸਾਹਿਤ ਜਗਤ ਦਾ ਇਕ ਅਹਿਮ ਹਸਤਾਖਰ ਹੈ। ਉਸ ਦਾ ਰਚਨਾਤਮਕ ਸੰਸਾਰ ਬਹੁ-ਵਿਧਾਵੀ ਹੈ। ਕਵਿਤਾ, ਕਹਾਣੀ ਅਤੇ ਨਾਵਲ ਲਿਖਣ ਦੇ ਨਾਲ-ਨਾਲ ਹੋਰਾਂ ਭਾਸ਼ਾਵਾਂ ਤੋਂ ਸਾਹਿਤ ਅਨੁਵਾਦ ਕਰ ਕੇ ਉਸ ਨੇ ਪੰਜਾਬੀ ਸਾਹਿਤ ਨੂੰ ਵਧੇਰੇ ਪ੍ਰਫੁੱਲਤ ਕੀਤਾ ਹੈ। ਹਥਲੇ ਖੋਜ-ਪੇਪਰ ਦਾ ਸੰਬੰਧ ਉਸ ਦੇ ਨਵ-ਪ੍ਰਕਾਸ਼ਿਤ ਕਾਵਿ-ਸੰਗ੍ਰਹਿ 'ਇਬਾਰਤ ਚੁੱਪ ਕਿਉਂ ਹੈ?' ਨਾਲ ਹੈ। ਇਹ ਖੋਜ-ਪੇਪਰ 21 ਫਰਵਰੀ 2021 ਨੂੰ ਪੰਜਾਬੀ ਸਾਹਿਤ ਸਭਾ, ਸਟਾਕਟਨ, ਕੈਲੀਫੋਰਨੀਆ (ਅਮਰੀਕਾ) ਵੱਲੋਂ ਕਰਵਾਏ ਗਏ ਵਰਚੁਅਲ ਸੈਮੀਨਾਰ ਵਿਚ ਕਾਵਿ-ਸੰਗ੍ਰਹਿ ਰਲੀਜ਼ ਕਰਨ ਸਮੇਂ ਪੜ੍ਹਿਆ ਗਿਆ।

'ਇਬਾਰਤ ਚੁੱਪ ਕਿਉਂ ਹੈ?' ਕਾਵਿ-ਸੰਗ੍ਰਹਿ ਉਪਰ ISBN ਦੀ ਗੈਰ-ਮੌਜੂਦਗੀ ਸੁਰਿੰਦਰ ਸੋਹਲ ਦੀ ਪੰਜਾਬੀ ਸਾਹਿਤ ਪ੍ਰਤੀ ਪ੍ਰਤਿਬੱਧਤਾ ਤੇ ਲਗਾਓ ਨੂੰ ਉਜਾਗਰ ਕਰਦੀ ਹੈ। ਸੁਰਿੰਦਰ ਸੋਹਲ ਦੇ ਖੁਦ ਲਿਖਣ ਅਨੁਸਾਰ ਭਾਵੇਂ ਉਸ ਦੀ ਕਾਵਿ-ਜਗਿਆਸਾ ਡਾ. ਜਗਤਾਰ ਦੀ ਰਹਿਨੁਮਾਈ ਹੇਠ ਵਿਕਸਿਤ ਹੋਈ, ਪਰ ਕਾਵਿ-ਪਾਠ ਦੇ ਅੰਤਰੀਵੀ ਅਧਿਐਨ ਤੋਂ ਜਾਹਰ ਹੈ ਕਿ ਸੁਰਿੰਦਰ ਸੋਹਲ ਦੀ ਜ਼ਿੰਦਗੀ ਦਾ ਸੰਘਰਸ਼, ਸ਼ਿੱਦਤ, ਸੰਵੇਦਨਾ, ਸਮਰਪਣ ਅਤੇ ਸੁਹਿਰਦਤਾ ਹੀ ਉਸ ਦੀ ਸਾਹਿਤ ਰਚਨਾਤਮਕਤਾ ਦੀ ਆਧਾਰਸ਼ਿਲਾ ਹੈ।

ਸੁਰਿੰਦਰ ਸੋਹਲ ਲਈ ਦੁਨੀਆਂ ਦੀ ਹਰ ਸ਼ੈਅ ਵਿਚ ਕਾਵਿਕਤਾ ਸਮੋਈ ਹੋਈ ਹੈ। ਘਰ ਤੋਂ ਕੰਮ ਤੇ ਕੰਮ ਤੋਂ ਘਰ ਵਿਚਲਾ ਪੈਂਡਾ ਹੀ ਉਸ ਦਾ ਕਾਵਿਕ-ਖੇਤਰ ਹੈ। ਇਹੀ ਵਜ੍ਹਾ ਹੈ ਕਿ ਉਸ ਨੂੰ 'ਨਿਊ ਯਾਰਕ' ਸ਼ਹਿਰ ਵੀ 'ਨਿਊ ਯਾਰਕਵਿਤਾ' ਜਾਪਦਾ ਹੈ। ਸੂਫੀਆਂ ਦੇ ਜ਼ੱਰੇ-ਜ਼ੱਰੇ 'ਚ ਰੱਬ ਵਾਂਗ ਦੁਨੀਆਂ ਦੀ ਹਰ ਵਸਤੂ ਸੋਹਲ ਲਈ ਕਵਿਤਾ ਹੈ। ਇਸ ਸੰਗ੍ਰਹਿ ਵਿਚਲੀਆਂ ਬਹੁਤੀਆਂ ਨਜ਼ਮਾਂ ਦਾ ਉਦਭਵ ਨਿਊ ਯਾਰਕ ਸ਼ਹਿਰ ਦੀਆਂ ਭੂਗੋਲਿਕ ਥਾਂਵਾਂ, ਨਦੀਆਂ, ਪਲੇਸਾਂ, ਪਾਰਕਾਂ, ਮਿਊਜ਼ੀਅਮਾਂ ਅਤੇ ਜੌਬ ਦੌਰਾਨ ਸਵਾਰੀਆਂ ਨਾਲ ਆਪਸੀ ਅੰਦਰੂਨੀ ਮਾਨਵੀ ਸਾਂਝ ਵਿਚੋਂ ਹੋਇਆ ਜਾਪਦਾ ਹੈ। ਦੁਨੀਆਂ ਦੇ 'ਮੈਲਟਿੰਗ ਪੌਟ' ਨਿਊ ਯਾਰਕ ਸ਼ਹਿਰ ਉਪਰ ਆਧਾਰਿਤ ਪੰਜਾਬੀ ਦਾ ਇਹ ਪਹਿਲਾ ਕਾਵਿ-ਸੰਗ੍ਰਹਿ ਹੈ। ਸੁਰਿੰਦਰ ਸੋਹਲ ਕੋਲ ਐਂਥਰੋਪੋਲੋਜਿਸਟ ਵਾਂਗ ਬੰਦੇ ਦਾ ਦਿਲ ਪੜ੍ਹਨ ਅਤੇ ਸਮੇਂ ਦੀ ਰਮਜ਼ ਨੂੰ ਪਕੜਨ ਦੀ ਕਲਾ ਹੈ। ਇਸੇ ਕਾਰਨ ਉਹ ਸਜੀਵਾਂ-ਨਿਰਜੀਵਾਂ ਦਾ ਕਲਾਤਮਕ/ਸੁਹਜਾਤਮਕ ਚਿੱਤਰ ਬੜੇ ਸਹਿਜੇ ਉਲੀਕ ਜਾਂਦਾ ਹੈ।

'ਇਬਾਰਤ ਚੁੱਪ ਕਿਉਂ ਹੈ?' ਕਾਵਿ-ਸੰਗ੍ਰਹਿ ਵਿਚ ਦਰਜ 51 ਨਜ਼ਮਾਂ ਨੂੰ ਰਵਾਇਤੀ ਸਮੀਖਿਆ ਅਨੁਸਾਰ ਕਈ ਖਾਨਿਆਂ ਵਿਚ ਵਿਭਾਜਿਤ ਕੀਤਾ ਜਾ ਸਕਦਾ ਹੈ, ਪਰ ਮੈਂ ਇਸ ਕਵਿਤਾ ਦੇ ਜਿਸ ਅੰਗ 'ਤੇ ਫੋਕਸ ਕੀਤਾ ਹੈ, ਉਸ ਦਾ ਸੰਬੰਧ ਕ੍ਰਿਤ੍ਰਿਮ ਬੁੱਧੀਮਤਾ (ਆਰਟੀਫੀਸ਼ਲ ਇੰਟੈਲੀਜੈਂਸ) ਦੇ ਯੁੱਗ ਵਿਚ ਬਦਲਦੀ ਕਾਵਿ-ਸੰਵੇਦਨਾ ਨਾਲ ਹੈ।

ਇਹ ਕਾਵਿ-ਸੰਗ੍ਰਹਿ ਤਕਨਾਲੋਜੀ ਦੇ ਯੁੱਗ ਵਿਚ ਗ੍ਰਸਤ ਆਧੁਨਿਕ ਮਨੁੱਖ ਦੀਆਂ ਭਾਵਨਾਵਾਂ, ਸੰਵੇਦਨਾਵਾਂ ਅਤੇ ਇੱਛਾਵਾਂ ਦੀ ਖੂਬਸੂਰਤ ਤਰਜਮਾਨੀ ਕਰਦਾ ਹੈ। ਨਿਊ ਯਾਰਕ ਸ਼ਹਿਰ ਦੇ ਮੈਟਾਫਰ ਰਾਹੀਂ ਸੋਹਲ ਨੇ ਦੁਨੀਆਂ ਭਰ ਦੀਆਂ ਸਰਮਾਏਦਾਰ ਏਜੰਸੀਆਂ, ਵੱਡੀਆਂ ਡਾਟਾ ਆਧਾਰਿਤ ਕਾਰਪੋਰੇਟ ਕੰਪਨੀਆਂ ਦੇ ਵਧਦੇ ਪੂੰਜੀਵਾਦੀ ਮਕੜਜਾਲ ਦੀ ਪਛਾਣ ਹੀ ਨਹੀਂ ਕੀਤੀ, ਸਗੋਂ ਬੰਦੇ ਦੀ ਸਵਤੰਤਰਤਾ ਤੇ ਨਿੱਜਤਾ ਨੂੰ ਪੈਦਾ ਹੋ ਰਹੇ ਖਤਰੇ ਦੀ ਨਿਸ਼ਾਨਦੇਹੀ ਵੀ ਕੀਤੀ ਹੈ। ਕ੍ਰਿਤ੍ਰਿਮ ਬੁੱਧੀਮਤਾ ਦੇ ਦੌਰ ਵਿਚ ਬੰਦੇ ਦੀ ਆਜ਼ਾਦੀ, ਨਿੱਜਤਾ ਅਤੇ ਖੁਦਮੁਖਤਾਰੀ 'ਤੇ ਸਵਾਲੀਆ ਚਿੰਨ੍ਹ ਲੱਗਣੇ ਸ਼ੁਰੂ ਹੋ ਗਏ ਹਨ। ਥਿੰਕਿੰਗ ਮਸ਼ੀਨੀਕਰਨ ਦੇ ਵਧਦੇ ਸ਼ੋਰ ਤੇ ਦਬਦਬੇ ਹੇਠ ਬੰਦੇ ਅੰਦਰ ਜੰਮ ਰਹੇ ਪਥਰਾਟ ਦੀ ਕਾਵਿਕ ਬਾਤ ਏਸ ਕਵਿਤਾ ਦਾ ਕਾਵਿ-ਪ੍ਰਵਚਨ ਹੈ।

ਮੌਜੂਦਾ ਸਮੇਂ ਦੌਰਾਨ ਅਸੀਂ ਦੁਨੀਆਂ ਦੀ ਚੌਥੀ ਕ੍ਰਾਂਤੀ (ਡਿਜੀਟਲ ਕ੍ਰਾਂਤੀ) ਦੇ ਰਫਤਾਰਮਈ ਦੌਰ ਵਿਚੋਂ ਗੁਜ਼ਰ ਰਹੇ ਹਾਂ। ਇਸ ਸਮਕਾਲੀ ਸਮੇਂ ਨੇ ਵਿਸ਼ਵ ਦੇ ਸਾਰੇ ਮਹਾਂਦੀਪਾਂ, ਦੇਸ਼ਾਂ ਅਤੇ ਬਾਸ਼ਿੰਦਿਆਂ ਨੂੰ ਤੁਲਨਾਵੀ ਅਨੁਪਾਤ ਵਿਚ ਪ੍ਰਭਾਵਿਤ ਕੀਤਾ ਹੈ। ਅੱਜ ਦੁਨੀਆਂ ਭਰ ਦੇ ਸਰਮਾਏਦਾਰਾਂ ਨੂੰ ਬਸਤੀਆਂ ਬਣਾਉਣ ਦੀ ਲੋੜ ਨਹੀਂ। ਅੱਜ ਸਕਰੀਨ ਦੇ ਇੱਕੋ ਟੱਚ ਨਾਲ ਵਿਭਿੰਨ ਦੇਸ਼ਾਂ ਦੀਆਂ ਆਰਥਿਕ, ਰਾਜਨੀਤਿਕ ਸਥਿਤੀਆਂ ਬਦਲ ਸਕਦੀਆਂ ਹਨ। ਇੱਕੋ ਟਵੀਟ ਨਾਲ ਕਰਿਪਟੋਕਰੰਸੀਆਂ ਵਿਚ ਉਤਾਰ-ਚੜ੍ਹਾਅ ਦੇਖੇ ਜਾ ਸਕਦੇ ਹਨ। ਇੱਕੋ ਝਟਕੇ ਨਾਲ ਦੁਨੀਆਂ ਦੇ ਮਹਾਨ ਥੰਮ ਹਿਲਾਏ ਜਾ ਸਕਦੇ ਹਨ।

ਡਿਜੀਟਲੀਕਰਨ ਦੇ ਇਸ ਸਰਗਰਮ ਯੁੱਗ ਵਿਚ ਮਨੁੱਖ ਨਵੀਆਂ ਧਰਤੀਆਂ ਖੋਜ ਰਿਹਾ ਹੈ। ਪੁਲਾੜ ਯਾਤਰਾ ਦੇ ਅਗਲੇਰੇ ਮਿਸ਼ਨ ਵੱਲ ਵਧ ਰਿਹਾ ਹੈ। ਸਾਡੇ ਸੂਹਜ ਸਵਾਦ ਬੜੀ ਤੇਜ਼ੀ ਨਾਲ ਬਦਲ ਰਹੇ ਹਨ। ਇਨ੍ਹਾਂ ਬਦਲ ਰਹੇ ਸੁਹਜ ਸਵਾਦਾਂ ਦੀ ਨਿਸ਼ਾਨਦੇਹੀ ਕਰਨਾ ਅਤੇ ਬੰਦੇ ਅੰਦਰਲੀ ਬੰਦਿਆਈ, ਨੈਤਿਕਤਾ ਨੂੰ ਵਧੇਰੇ ਪ੍ਰਫੁਲਿਤ ਕਰਨਾ ਹੀ ਸਾਹਿਤ ਦਾ ਪ੍ਰਯੋਜਨ ਹੈ। ਤਕਨਾਲੋਜੀ ਯੁੱਗ ਵਿਚ ਮਨੁੱਖ ਦੀਆਂ ਬਦਲ ਰਹੀਆਂ ਸੰਵੇਦਨਾਵਾਂ, ਭਾਵਨਾਵਾਂ ਅਤੇ ਧਾਰਨਾਵਾਂ ਨੂੰ ਸੋਹਲ ਨੇ ਕਵਿਤਾ ਜ਼ਰੀਏ ਭਰਵੇਂ ਰੂਪ ਵਿਚ ਪੇਸ਼ ਕੀਤਾ ਹੈ। ਅਜਿਹੇ ਸਮੇਂ ਪੰਜਾਬੀ ਸਮੀਖਿਆ ਦਾ ਵੀ ਫਰਜ਼ ਬਣਦਾ ਹੈ ਕਿ ਉਹ ਸਾਹਿਤ ਵਿਚ ਪੇਸ਼ ਹੋ ਰਹੀਆਂ ਤਬਦੀਲੀਆਂ ਦੀ ਪਛਾਣ ਕਰੇ ਅਤੇ ਇਨ੍ਹਾਂ ਨੂੰ ਸਮਝਣ/ਸਮਝਾਉਣ ਲਈ ਨਵੇਂ ਸਿਧਾਂਤਾਂ ਵੱਲ ਪ੍ਰੇਰਿਤ ਹੋਵੇ।

ਮੌਜੂਦਾ ਸਮਾਂ ਕੁਆਂਟਿਮ ਕੰਪਿਊਟਿੰਗ, ਕ੍ਰਿਤ੍ਰਿਮ ਸਤ੍ਰਕ ਰਿਬੋਟਿਕਸ, ਬਿੱਗ ਡਾਟਾ, ਨੈਨੋ ਤਕਨਾਲੋਜੀ, ਬਲੌਕ ਚੇਨ ਅਤੇ ਜਨੈਟਿਕ ਇੰਜੀਨੀਅਰਿੰਗ ਵਰਗੀਆਂ ਅਤਿ ਵਿਕਸਿਤ ਤਕਨੀਕਾਂ ਹਨ। ਜਿਸ ਕੰਪਨੀ ਕੋਲ ਦੁਨੀਆਂ ਭਰ ਦਾ ਡਾਟਾ ਹੈ, ਉਸ ਕੋਲ ਤਾਕਤ ਹੈ। ਅਜਿਹੀ ਤਾਕਤ ਨੂੰ ਰੋਬੋਟ ਦੀ ਮਦਦ ਨਾਲ ਹੈਂਡਲ ਕੀਤਾ ਜਾਂਦਾ ਹੈ। ਅਮਾਲੀਆ, ਸੋਫੀਆ ਰੋਬੋ ਵੱਡੀਆਂ ਯੂਰਪੀ ਕੰਪਨੀਆਂ ਵਿਚ ਇੱਕੋ ਸਮੇਂ ਲਗਪਗ 100 ਭਾਸ਼ਾਵਾਂ ਦੀਆਂ ਫੋਨ ਕਾਲਜ਼ ਸੰਭਾਲ ਸਕਦੀਆਂ ਹਨ। ਜਨੈਟਿਕ ਇੰਜੀਨੀਅਰਿੰਗ ਜ਼ਰੀਏ ਡਿਜ਼ਾਈਨਰ ਬੇਬੀ ਤਿਆਰ ਕੀਤੇ ਜਾ ਰਹੇ ਹਨ।

ਕ੍ਰਿਤ੍ਰਿਮ ਬੁੱਧੀਮਤਾ ਯੁਕਤ ਰੋਬੋ ਕਾਰਾਂ (ਵੇਅਮੋ) ਕੈਬਾਂ ਦੀ ਜਗ੍ਹਾ ਲੈ ਰਹੀਆਂ ਹਨ। ਮਨੁੱਖ ਦੇ ਵਧੇਰੇ ਐਡਵਾਂਸ ਹੋਣ ਨਾਲ ਪ੍ਰਕਿਰਤੀ, ਵਾਤਾਵਰਣ ਅਤੇ ਮਾਨਵੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੁੰਦੇ ਜਾ ਰਹੇ ਹਨ। ਡਾਟਾ ਆਧਾਰਿਤ ਇਨ੍ਹਾਂ ਵੱਡੀਆਂ ਕੰਪਨੀਆਂ ਦਾ ਸਰਮਾਇਆ ਇਸ ਪਾੜੇ ਨੂੰ ਵਧੇਰੇ ਤੀਬਰ ਕਰ ਰਿਹਾ ਹੈ। 'ਇਨਕਵੈਲਟੀ ਇੰਡੈਕਸ' ਮੁਤਾਬਿਕ ਅੱਜ ਦੁਨੀਆਂ ਦੀ ਸੰਪਤੀ ਦੇ 44 ਫੀਸਦੀ ਹਿੱਸੇ 'ਤੇ ਸਿਰਫ ਇਕ ਫੀਸਦੀ ਲੋਕਾਂ ਦਾ ਕਬਜ਼ਾ ਹੈ। 'ਔਕਸਫੌਮ' ਦੀ ਰਿਪੋਰਟ ਅਨੁਸਾਰ 'ਕੋਵਿਡ-19' ਦੌਰਾਨ ਭਾਰਤ ਦੇ 11 ਵੱਡੇ ਅਰਬਪਤੀਆਂ ਦੀ ਆਮਦਨ ਵਿਚ ਜਿੰਨਾ ਵਾਧਾ ਹੋਇਆ ਹੈ ਕਿ ਉਹ 10 ਸਾਲ ਤੱਕ ਮਨਰੇਗਾ ਸਕੀਮ ਅਤੇ ਪੂਰੇ ਦੇਸ਼ ਭਰ ਨੂੰ ਸਿਹਤ ਸਹੂਲਤਾਂ ਦੇ ਸਕਦੇ ਹਨ। ਸਪੱਸ਼ਟ ਹੈ ਕਿ ਲੌਕਡਾਊਨ ਸਮੇਂ ਜਦ ਆਮ ਮਜ਼ਦੂਰ ਰੋਜ਼ੀ-ਰੋਟੀ ਨੂੰ ਤਰਸਦਾ ਰਿਹਾ ਹੈ, ਵੱਡੀਆਂ ਕੰਪਨੀਆਂ ਤਕਨਾਲੋਜੀ ਜ਼ਰੀਏ ਮੁਨਾਫਾ ਕਮਾ ਰਹੀਆਂ ਹਨ। ਸਾਨੂੰ ਭਰਮ 'ਚ ਨਹੀਂ ਰਹਿਣਾ ਚਾਹੀਦਾ ਕਿ ਤਕਨਾਲੋਜੀ ਸਭ ਦਾ ਵਿਕਾਸ ਕਰ ਰਹੀ ਹੈ।

ਤਕਨਾਲੋਜੀ ਦੇ ਇਸ ਮਾਤਰਾਤਮਕ ਵਿਕਾਸ ਕਾਰਨ ਇਸ ਨੂੰ ਰੱਦਣਾ ਇਸ ਲੇਖ ਦਾ ਮਕਸਦ ਨਹੀਂ ਹੈ। ਬਿਨਾ ਸ਼ੱਕ ਮਨੁੱਖੀ ਜ਼ਿੰਦਗੀ ਨੂੰ ਤਕਨਾਲੋਜੀ ਨੇ ਵਧੇਰੇ ਵਿਕਸਿਤ ਕੀਤਾ ਹੈ, ਪਰ ਵਿਕਾਸ ਦੇ ਅਨੁਪਾਤ ਵਿਚ ਫਰਕ ਹੈ। ਤਕਨਾਲੋਜੀ 'ਸਮਾਵੇਸ਼ੀ ਵਿਕਾਸ' ਨਹੀਂ ਕਰ ਰਹੀ, ਸਗੋਂ ਆਰਥਿਕ ਵਾਧੇ ਦਾ ਵਧੇਰੇ ਪ੍ਰੋਤਸਾਹਨ ਕਰ ਰਹੀ ਹੈ। 'ਸਤਤ ਵਿਕਾਸ' ਫਿਰ ਹੀ ਸੰਭਵ ਹੈ, ਜੇ ਮਾਤਰਾਤਮਕ ਵਿਕਾਸ ਦੇ ਨਾਲ-ਨਾਲ ਗੁਣਾਤਮਕ ਵਿਕਾਸ ਵੀ ਹੋਵੇ। ਤਕਨਾਲੋਜੀ ਦੇ ਦੌਰ ਵਿਚ ਗੁਣਾਤਮਕ ਵਿਕਾਸ ਪੱਛੜਦਾ ਜਾ ਰਿਹਾ ਹੈ। ਮਨੁੱਖੀ ਸੰਵੇਦਨਾਵਾਂ, ਭਾਵਨਾਵਾਂ, ਨੈਤਿਕਤਾ ਇਸ ਦੌਰ ਵਿਚ ਦੱਬੀਆਂ ਜਾ ਰਹੀਆਂ ਹਨ, ਜਿਹੜੀਆਂ 'ਗਲੋਬਲ ਹੈਪੀਨੈੱਸ ਇੰਡੈਕਸ' ਵਰਗੇ ਸੂਚਕ ਅੰਕ ਡਿੱਗਣ ਦਾ ਕਾਰਨ ਬਣਦੀਆਂ ਹਨ। ਕਵੀ ਦੀ ਚਿੰਤਾ ਦਾ ਪ੍ਰਮੁੱਖ ਸਰੋਕਾਰ ਹੀ ਮਾਤਰਾਤਮਕ ਵਾਧੇ ਅਤੇ ਗੁਣਾਤਮਕ ਵਿਕਾਸ ਨਾਲ ਹੈ।

ਕ੍ਰਿਤ੍ਰਿਮ ਬੁੱਧੀਮਤਾ (ਆਰਟੀਫੀਸ਼ਲ ਇੰਟੈਲੀਜੈਂਸ) ਦੇ ਦੌਰ ਨੇ ਮਨੁੱਖ ਅੰਦਰ ਅਜੀਬ ਤਰ੍ਹਾਂ ਦੀ ਕਾਹਲ ਪੈਦਾ ਕਰ ਦਿੱਤੀ ਹੈ। ਮਨੁੱਖ ਪ੍ਰਕਾਸ਼ ਦੀ ਸਪੀਡ ਨਾਲ ਸਫਰ ਕਰਨਾ ਲੋਚਦਾ ਹੈ। ਇਹੀ ਕਾਹਲ ਮਨੁੱਖ ਨੂੰ ਮਨੁੱਖ ਤੋਂ ਦੂਰ ਹੀ ਨਹੀਂ, ਸਗੋਂ ਆਪਣੇ-ਆਪ ਤੋਂ ਵੀ ਦੂਰ ਕਰ ਰਹੀ ਹੈ। ਪਰ ਕੀ ਇਹ ਥਿੰਕਿੰਗ ਮਸ਼ੀਨਾਂ ਬੰਦੇ ਦਾ ਤੋੜ ਹੋ ਸਕਦੀਆਂ ਹਨ? ਅਜਿਹੀਆਂ ਸਥਿਤੀਆਂ ਨੂੰ ਮੁਖਾਤਿਬ ਹੁੰਦਾ ਕਵੀ ਲਿਖਦਾ ਲਿਖਦਾ ਹੈ:

ਮਸ਼ੀਨ ਦੀਆਂ ਟਿਚ-ਬਟਨ ਅੱਖਾਂ 'ਚ
ਉਂਗਲੀਆਂ ਮਾਰਨ ਦੀ ਥਾਂ
ਜਿਊਂਦੀਆਂ ਅੱਖਾਂ 'ਚ ਅੱਖਾਂ ਪਾ



ਗੱਲਾਂ ਕਰਨ ਦਾ ਚਾਅ
ਅਜੇ ਮਰਿਆ ਨਹੀਂ। (ਪੰਨਾ 25)

ਡਿਜੀਟਲੀਕਰਨ ਦੇ ਅਜੋਕੇ ਦੌਰ ਵਿਚ ਮਨੁੱਖ ਆਜ਼ਾਦ ਹੋ ਕੇ ਵੀ ਸੰਪੂਰਨ ਆਜ਼ਾਦ ਨਹੀਂ ਹੈ। ਮੋਬਾਇਲ ਫੋਨ, ਨੈਵੀਗੇਸ਼ਨਾਂ, ਕੈਮਰਿਆਂ, ਸਕਰੀਨਾਂ, ਵ੍ਹੱਟਸਐਪ, ਇੰਸਟਾ ਵਰਗੇ ਵੱਡੇ ਪਲੇਟਫਾਰਮ ਦਿਨੋ-ਦਿਨ ਸਾਡੀ ਨਿੱਜਤਾ 'ਤੇ ਪ੍ਰਸ਼ਨ-ਚਿੰਨ੍ਹ ਲਾ ਰਹੇ ਹਨ। ਬੰਦੇ ਦੀਆਂ ਰੋਜ਼ ਮੱਰਾ ਐਕਟੀਵਿਟੀਆਂ ਨੂੰ ਡਾਟਾ ਦੇ ਰੂਪ ਵਿਚ ਇਕੱਤਰ ਕੀਤਾ ਜਾ ਰਿਹਾ ਹੈ। ਉਸ ਦੀਆਂ ਭਾਵਨਾਵਾਂ, ਖੁਸ਼ੀਆਂ, ਗਮੀਆਂ, ਸੰਵੇਦਨਾਵਾਂ ਆਦਿ ਨੂੰ ਬਾਜ਼ਾਰ ਦੀ ਵਸਤ ਵਜੋਂ ਵੇਖਿਆ ਜਾ ਰਿਹਾ ਹੈ। ਇਸ ਨਵੀਂ ਗੁਲਾਮੀ ਵੱਲ ਇਸ਼ਾਰਾ ਕਰਦਾ ਕਵੀ ਲਿਖਦਾ ਹੈ:

ਆਜ਼ਾਦੀ ਦੀ ਦੇਵੀ ਨੂੰ
ਦੇਖਣ ਜਾਣ ਲਈ
ਰਾਹ 'ਚ ਪੈਂਦਾ ਹੈ
ਸਿਕਿਉਰਿਟੀ ਕੈਮਰਿਆਂ ਦਾ ਪੁਲਸਰਾਤ
ਆਜ਼ਾਦੀ ਵੀ ਆਜ਼ਾਦ ਨਹੀਂ ਹੈ...। (ਪੰਨਾ 80)

ਕ੍ਰਿਤ੍ਰਿਮ ਬੁੱਧੀਮਤਾ ਦੀ ਜੁਗਤ ਰਾਹੀਂ ਆਪਣੇ ਟਿਕਾਣਿਆਂ 'ਤੇ ਬੈਠੇ ਮਨੁੱਖਾਂ ਨੂੰ ਅਦ੍ਰਿਸ਼ ਨਿਰਦੇਸ਼ ਦਿੱਤੇ ਜਾ ਰਹੇ ਹਨ ਅਤੇ ਉਸ ਨੂੰ ਸ਼ਤਰੰਜ ਦੇ ਪਿਆਦੇ ਵਾਂਗ ਵਰਤਿਆ ਜਾ ਰਿਹਾ ਹੈ, ਪਰ ਨਿਰਦੇਸ਼ਕ ਅਦ੍ਰਿਸ਼ ਰਹਿੰਦਾ ਹੈ। ਇਸ ਜੁਗਤ ਨੂੰ ਪਛਾਣਦਿਆਂ ਸ਼ਾਇਰ ਲਿਖਦਾ ਹੈ:

ਇਸ਼ਾਰੇ ਕਰਦਾ
ਨਿਰਦੇਸ਼ਕ ਦਿਸਦਾ ਨਹੀਂ
ਆਰਕੈਸਟਰਾ ਦੀ ਆਵਾਜ਼
ਸੁਣਦੀ ਨਹੀਂ
ਫਿਰ ਵੀ
'ਮਾਟੀ ਕੋ ਪੁਤਰਾ ਕੈਸੇ ਨਚਤੁ ਹੈ
ਡੌਲਫਿਨ ਵਾਂਙ...। (ਪੰਨਾ 63)

ਤਕਨੀਕ ਦੇ ਇਸ ਯੁੱਗ ਵਿਚ ਕ੍ਰਿਤ੍ਰਿਮ ਬੁੱਧੀਮਤਾ ਅਦ੍ਰਿਸ਼ ਹੱਥਾਂ ਦਾ ਕਾਰਜ ਕਰਦੀ ਹੈ। ਸਰਚ ਇੰਜਣਾਂ 'ਤੇ ਟਾਈਪ ਕਰਨ ਦੌਰਾਨ ਸ਼ਬਦਾਂ ਦਾ ਪਹਿਲੋਂ ਹੀ ਹਾਜ਼ਰ ਹੋਣਾ, ਵੀਡੀਓ ਕਲਿੱਪ ਦੇਖਣ ਸਮੇਂ ਚਾਹਤ ਅਨੁਸਾਰ ਮਿਲਦੀਆਂ-ਜੁਲਦੀਆਂ ਕਲਿੱਪਾਂ ਦਾ ਸਾਹਮਣੇ ਆਉਣਾ, ਵਸਤਾਂ ਦਾ ਜ਼ੁਬਾਨ 'ਤੇ ਆਉਣ ਤੋਂ ਪਹਿਲਾਂ 'ਮਸ਼ਹੂਰੀਆਂ' ਜ਼ਰੀਏ ਸਕਰੀਨ 'ਤੇ ਹਾਜ਼ਰ ਹੋਣਾ, ਸਭ ਕ੍ਰਿਤ੍ਰਿਮ ਬੁੱਧੀਮਤਾ ਦੀ ਖੇਡ ਹੈ।

ਕ੍ਰਿਤ੍ਰਿਮ ਬੁੱਧੀਮਤਾ ਦੇ ਇਸ ਨਵੇਂ ਯੁੱਗ ਵਿਚ ਪੜ੍ਹਿਆ-ਲਿਖਿਆ ਚੇਤੰਨ ਵਰਗ ਵੀ ਵਧੇਰੇ ਪ੍ਰਭਾਵਿਤ ਹੈ। ਵੱਡੀਆਂ ਕੰਪਨੀਆਂ ਵੱਲੋਂ ਜੋ ਮਨੁੱਖ ਨੂੰ ਜੀਣ ਦੇ ਵਿਕਲਪ ਦਿੱਤੇ ਜਾ ਰਹੇ ਹਨ, ਬੰਦਾ ਉਨ੍ਹਾਂ ਉਪਰ ਨਿਰਭਰ ਹੋ ਕੇ ਸੀਮਤ ਜ਼ਿੰਦਗੀ ਜਿਉਂਦਾ ਹੈ ਅਤੇ ਇਸ ਸੀਮਤ ਜਿਹੀ ਜ਼ਿੰਦਗੀ ਨੂੰ ਅਸੀਮਤ ਸਮਝਣ ਦਾ ਭਰਮ ਪਾਲ ਰਿਹਾ ਹੈ। ਇਸ ਪ੍ਰਸੰਗ ਬਾਬਤ ਕਵੀ ਲਿਖਦਾ ਹੈ:

ਸੀਮਤ ਪਾਣੀ ਨੂੰ
ਅਥਾਹ ਸਮੁੰਦਰ ਸਮਝ
ਮਸਤ ਤੈਰ ਰਹੀਆਂ ਨੇ ਮੱਛੀਆਂ
ਸੀਮਤ ਜੀਵਨ ਨੂੰ
ਅਸੀਮ ਸਮਝ
ਮਸਤ ਹੋਏ ਲੋਕ
ਦੇਖ ਰਹੇ ਨੇ ਮੱਛੀਆਂ...। (ਪੰਨਾ 62)

ਇੰਜ ਸੀਮਤ ਜਿਹੀ ਜ਼ਿੰਦਗੀ ਜਿਉਂਦਾ ਮਨੁੱਖ ਦਿਨੋ-ਦਿਨ ਆਪਣੇ ਅੰਤਰੀਵੀ ਮਨ ਤੋਂ ਦੂਰ ਹੁੰਦਾ ਜਾ ਰਿਹਾ ਹੈ। ਜ਼ਿੰਦਗੀ ਦੇ ਕਠੋਰ ਯਥਾਰਥ ਨੂੰ ਭੁੱਲ ਫੋਨ ਦੀ ਕਾਲਪਨਿਕ, ਖਿਆਲੀ ਦੁਨੀਆਂ ਵਿਚ ਖੋਇਆ ਬੰਦਾ ਨਵੇਂ ਮਾਨਸਿਕ ਤਣਾਅ ਹੰਢਾਉਂਦਾ ਹੈ। ਇੰਟਰਨੈੱਟ ਦੀ 5ਜੀ ਸਪੀਡ ਵਾਂਗ ਹਮੇਸ਼ਾ ਕਾਹਲ ਦੀ ਪ੍ਰਵਿਰਤੀ ਬਣੀ ਰਹਿੰਦੀ ਹੈ। ਘਰਾਂ, ਦਫਤਰਾਂ, ਰੇਲਵੇ ਸਟੇਸ਼ਨਾਂ, ਸ਼ਾਪਿੰਗ ਮੌਲਾਂ, ਖੇਡ-ਸਟੇਡੀਅਮਾਂ ਆਦਿ ਸਥਾਨਾਂ 'ਤੇ ਫੋਨ ਵਿਚ ਡੁੱਬਿਆ ਮਨੁੱਖ ਖੁਦ ਮਸ਼ੀਨ ਬਣਿਆ ਸਹਿਜੇ ਹੀ ਦੇਖਿਆ ਜਾ ਸਕਦਾ ਹੈ:

ਰੁਜ਼ਵੈਲਟ ਟਰਾਮ 'ਚ
ਹਰ ਮੁਸਾਫਰ ਡੁੱਬਿਆ ਪਿਆ ਹੈ
ਹਥੇਲੀ ਭਰ ਫੋਨ ਦੇ
ਸਕਰੀਨ-ਸਾਗਰ ਵਿਚ
ਇਕ ਦੂਜੇ ਦੀਆਂ
ਅੱਖਾਂ 'ਚ ਅੱਖਾਂ ਪਾ ਦੇਖਣ ਲਈ ਬਣੀ
ਮੋਹ-ਤੱਕਣੀ ਪਗਡੰਡੀ
ਕਦੋਂ ਦੀ ਮਿਟ ਗਈ ਹੈ। (ਪੰਨਾ 40)

ਥਿੰਕਿੰਗ ਮਸ਼ੀਨੀਕਰਨ 'ਚ ਗ੍ਰਸਤ ਬੰਦਾ ਇੱਛਾ ਅਨੁਸਾਰ ਵੀ ਇਸ ਨੂੰ ਛੱਡ ਨਹੀਂ ਸਕਦਾ। ਮੋਬਾਇਲ, ਇੰਟਰਨੈੱਟ, ਮੀਡੀਆ, ਟੂਲਕਿੱਟਾਂ ਸਾਡੀ ਆਮ ਜ਼ਿੰਦਗੀ ਦੇ ਅੰਗ ਬਣ ਚੁੱਕੇ ਹਨ। 'ਟੈਕਸੀ 'ਚ ਮਿਲੇ ਲੋਕ' ਨਜ਼ਮ ਵਿਚ ਅਜਿਹੇ ਵਿਅਕਤੀ ਸਭ ਛੱਡ-ਛਡਾਅ 'ਅਲਾਸਕਾ' ਭੱਜਣਾ ਤਾਂ ਲੋਚਦੇ ਹਨ, ਪਰ ਸੀਮਤ ਸਮਾਂ ਅਵਧੀ ਲਈ:

ਅਲਾਸਕਾ ਜਾ ਰਿਹਾ ਹਾਂ
ਤਿੰਨ ਹਫਤਿਆਂ ਵਾਸਤੇ
ਉਥੇ ਨਿੱਕੀ ਜਿਹੀ ਝੌਂਪੜੀ ਹੋਵੇਗੀ
ਚੁਫੇਰੇ ਸਿਰਫ ਬਰਫ
ਅਨੰਤ ਖਾਮੋਸ਼ੀ ਤੇ ਮੈਂ...।

ਤਿੰਨ ਹਫਤਿਆਂ ਵਾਸਤੇ
ਫੋਨ, ਕੰਪਿਊਟਰ, ਇੰਟਰਨੈੱਟ ਸੌਂ ਜਾਣਗੇ
ਮੈਂ ਖਿਆਲਾਂ ਨਾਲ ਸੌਂਵਾਂਗਾ
ਸੁਪਨਿਆਂ ਨਾਲ ਜਾਗਾਂਗਾ
ਕਲਪਨਾ ਨਾਲ ਖੇਡਾਂਗਾ। (ਪੰਨਾ 31-32)

ਇਹ ਤ੍ਰਾਸਦੀ ਦੁਨੀਆਂ ਭਰ ਦੇ ਉਨ੍ਹਾਂ ਮਨੁੱਖਾਂ ਦੀ ਹੈ, ਜੋ ਦਿਨੋ-ਦਿਨ ਮਾਇਆ ਜਾਲ 'ਚ ਧੱਸਦੇ ਜਾ ਰਹੇ ਹਨ ਤੇ ਨਵੀਂ ਉਤਪੰਨ ਹੋ ਰਹੀ ਮਾਨਸਿਕ ਖਰੋਤ ਦਾ ਸ਼ਿਕਾਰ ਹੋ ਰਹੇ ਹਨ। ਮਨੁੱਖ ਦਾ ਮਨੁੱਖਤਾ ਤੋਂ ਲਾਂਭੇ ਹੋ ਮਸ਼ੀਨੀਕਰਨ 'ਤੇ ਨਿਰਭਰ ਹੋਣਾ ਇਸ ਕਵਿਤਾ ਦੇ ਫਿਕਰ ਦਾ ਕਾਵਿ-ਪ੍ਰਵਚਨ ਹੈ। ਸੁਰਿੰਦਰ ਸੋਹਲ ਦੀ ਕਵਿਤਾ ਦਾ ਕੇਂਦਰੀ ਧੁਰਾ ਤਕਨਾਲੋਜੀ ਯੁੱਗ ਦਾ ਗ੍ਰਸਿਆ ਆਧੁਨਿਕ ਮਨੁੱਖ ਹੈ, ਜਿਸ ਨੂੰ ਹਰ ਸਮੇਂ ਕਵੀ ਆਪਣੇ ਸੰਵੇਦਨਸ਼ੀਲ ਮਨ ਨਾਲ ਪਹਿਚਾਣਦਾ ਰਹਿੰਦਾ ਹੈ। 'ਟੈਕਸੀ 'ਚ ਮਿਲੇ ਲੋਕ' ਕਵਿਤਾਵਾਂ ਵਿਚ ਲੇਖਕ ਪ੍ਰਸਥਿਤੀਆਂ ਅਨੁਸਾਰ ਬਦਲ ਰਹੀ ਮਾਨਵੀ ਸੰਵੇਦਨਾ, ਇੱਛਾ ਸ਼ਕਤੀ, ਟੈਸਟ ਨੂੰ ਪਕੜਨ ਦਾ ਸਫਲ ਪਰੀਖਣ ਕਰਦਾ ਹੈ। ਘਰ ਦੀ ਇਕੱਲ ਤੋਂ ਉਕਾਈ ਸਵਾਰੀ ਜਿੱਥੇ ਭੀੜ ਵਿਚ ਖੋ ਜਾਣਾ ਲੋਚਦੀ ਹੈ, ਉਥੇ ਭੀੜ ਤੇ ਭੱਜ-ਦੌੜ ਦੀ ਜ਼ਿੰਦਗੀ ਤੋਂ ਤੰਗ ਆਈ ਸਵਾਰੀ ਇਕਾਂਤ 'ਚ ਜਾਣਾ ਲੋਚਦੀ ਹੈ। ਇਸ ਜ਼ਮਾਨੇ ਦੇ ਡੰਗੇ ਦੋਵੇਂ ਹੀ ਆਪਣੀ ਕਿਸਮ ਦੇ ਮਰੀਜ਼ ਹਨ। ਮਾਨਸਿਕ ਰੋਗੀਆਂ ਦੇ ਅੰਦਰ ਹੀ ਅੰਦਰ ਪਥਰਾਟ ਜੰਮ ਰਿਹਾ ਹੈ। ਇਸੇ ਪਥਰਾਟ ਦੀ ਇਬਾਰਤ ਨੂੰ ਲਿਖਣਾ ਸੋਹਲ ਬਾਖੂਬੀ ਜਾਣਦਾ ਹੈ:

ਮਰ ਰਿਹਾ ਹੈ ਬੰਦਾ
ਦਫਨ ਹੋ
ਮਨ-ਧਰਤੀ 'ਚ
ਬਣ ਰਿਹਾ ਹੈ ਪਥਰਾਟ
ਅੰਦਰੇ-ਅੰਦਰ
ਕਦੋਂ, ਕਿੱਥੇ ਬਣੇਗਾ?
ਕੌਣ ਬਣਾਏਗਾ?
ਇਸ ਪਥਰਾਟ ਨੂੰ
ਸਾਂਭਣ ਵਾਲਾ ਮਿਊਜ਼ੀਅਮ...? (ਪੰਨਾ 68)

ਸੁਰਿੰਦਰ ਸੋਹਲ ਮਨੁੱਖ ਅੰਦਰਲੇ ਪਥਰਾਟ ਨੂੰ ਮਹਿਸੂਸ ਕਰਨ ਦਾ ਹੁਨਰ ਰੱਖਦਾ ਹੈ। ਕਵਿਤਾ ਆਪਣੇ ਆਪ ਵਿਚ ਹੀ ਮਹਿਸੂਸ ਕਰਨ ਦੀ ਕਲਾ ਹੈ। ਕਵੀ ਕਿਸੇ ਘਟਨਾਕ੍ਰਮ ਨੂੰ ਹਜ਼ਾਰਾਂ ਸਾਲਾਂ ਬਾਅਦ ਵੀ ਮਹਿਸੂਸ ਕਰ ਸਕਣ ਦੀ ਕਾਬਲੀਅਤ ਰੱਖਦਾ ਹੈ। ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਪਾਸ਼ ਇਸ ਦੀ ਸਰਵੋਤਮ ਮਿਸਾਲ ਹੈ। 'ਕੰਡੇ ਦਾ ਜ਼ਖਮ' ਕਵਿਤਾ ਵਿਚ ਪਾਸ਼ ਸੜਕ ਹੇਠ ਦੱਬੇ ਰਾਹ 'ਤੇ ਛਪੀ ਪੈੜ ਵਿਚਲੇ ਕੰਡੇ ਦੇ ਜ਼ਖਮ ਨੂੰ ਮਹਿਸੂਸ ਕਰਨ ਦੀ ਸ਼ਕਤੀ ਰੱਖਦਾ ਸੀ। ਇਹੋ ਜਿਹੀ ਮਹਿਸੂਸਣ ਸ਼ਕਤੀ ਦਾ ਅਹਿਸਾਸ ਸੁਰਿੰਦਰ ਸੋਹਲ ਦੀ ਕਵਿਤਾ ਪੜ੍ਹਦਿਆਂ ਹੋਇਆ:

ਜੈਕਟਾਂ ਨਾਲ ਅਜੇ ਵੀ
ਚਿੰਬੜਿਆ ਹੋਇਆ ਨਿੱਘ।
ਅਤੇ
ਕਮੀਜ਼ਾਂ 'ਚ ਜਿਸਮਾਂ ਦੀ ਮਹਿਕ
ਘਸਮੈਲੀਆਂ ਪੈਂਟਾਂ 'ਚ
ਥੱਕੀਆਂ ਲੱਤਾਂ ਦਾ ਦਰਦ
ਟੱਸ-ਟੱਸ ਕਰਦਾ ਹੈ। (ਪੰਨਾ 72-73)

ਸੁਰਿੰਦਰ ਸੋਹਲ ਦਾ ਕਵਿਤਾ ਕਹਿਣ ਦਾ ਲਹਿਜਾ ਬੜਾ ਜੋਸ਼ੀਲਾ ਤੇ ਦਿਲ ਖਿੱਚਵਾਂ ਹੈ। ਛੋਟੇ-ਛੋਟੇ ਸਾਧਾਰਨ ਵਾਕਾਂ ਰਾਹੀਂ ਵਧੇਰੇ ਰਮਜ਼ਮਈ, ਵਿਅੰਗ ਭਰਪੂਰ ਅਤੇ ਕਟਾਖਸ਼ ਅਰਥਾਂ ਦਾ ਸੰਚਾਰ ਸਿਰਜਿਆ ਗਿਆ ਹੈ। ਕਵਿਤਾ ਦੀ ਭਾਸ਼ਾ ਸਰਲ ਹੈ। ਸਰਲ ਤੋਂ ਭਾਵ ਸਪੱਸ਼ਟ ਤੋਂ ਹੈ, ਨਾ ਕਿ ਸੌਖੀ। ਕਵਿਤਾ ਦੇ ਵਿਅੰਜਨਾਮਈ ਅਰਥਾਂ ਤਕ ਰਸਾਈ ਲਈ ਪਾਠਕ ਨੂੰ ਆਪਣੀ ਸਮਝ ਦਾ ਘੇਰਾ ਵਿਸ਼ਾਲ ਕਰਨਾ ਲੋੜੀਂਦਾ ਹੈ। ਵਧੇਰੇ ਕਵਿਤਾਵਾਂ ਭਾਵੇਂ ਨਿਊ ਯਾਰਕ ਸ਼ਹਿਰ ਦੀਆਂ ਥਾਂਵਾਂ, ਪਲੇਸਾਂ, ਨਦੀਆਂ, ਝੀਲਾਂ, ਮਿਊਜ਼ੀਅਮਾਂ ਨਾਲ ਸੰਬੰਧਿਤ ਹਨ, ਪਰ ਅਰਥ ਪਰਾਹਣ ਜੁਗਤ ਜ਼ਰੀਏ ਇਹ ਕਵਿਤਾਵਾਂ ਬਹੁ-ਪਾਸਾਰੀ ਬਣ ਜਾਂਦੀਆਂ ਹਨ। ਨਿਊ ਯਾਰਕ ਦੇ ਮੈਟਾਫਰ ਰਾਹੀਂ ਦੁਨੀਆਂ ਭਰ ਦੀਆਂ ਵੱਡੀਆਂ ਕਾਰਪੋਰੇਟ ਕੰਪਨੀਆਂ 'ਤੇ ਤਨਜ਼ ਕੱਸਿਆ ਗਿਆ ਹੈ।

ਕਵਿਤਾ ਵਿਚਲੇ ਵਧੇਰੇ ਪਾਤਰ ਵਿਦੇਸ਼ੀ ਹੋਣ ਕਾਰਨ ਉਨ੍ਹਾਂ ਦੀ ਭਾਸ਼ਾ ਦਾ ਮਸਲਾ ਵੀ ਅਹਿਮ ਹੋ ਨਿਬੜਦਾ ਹੈ। ਪਾਠਕ ਦੀ ਭਾਸ਼ਾ ਤੋਂ ਸੁਚੇਤ ਸੋਹਲ ਪਾਤਰਾਂ ਦੀ ਭਾਸ਼ਾ ਬਾਬਤ ਵਧੇਰੇ ਚੇਤੰਨ ਹੈ। ਅੰਗਰੇਜ਼ੀ ਜ਼ਬਾਨ ਨੂੰ ਗੁਰਮੁਖੀ 'ਚ ਲਿਪੀਬੱਧ ਕਰ ਕਾਵਿ-ਭਾਸ਼ਾ ਵਿਚ ਵਧੇਰੇ ਸਹਿਜਤਾ ਦਾ ਅਹਿਸਾਸ ਹੁੰਦਾ ਹੈ। ਸੋਹਲ ਪੰਜਾਬੀ ਭਾਸ਼ਾ ਦੇ ਸਹੀ ਸ਼ਬਦ-ਜੋੜਾਂ ਪ੍ਰਤੀ ਬੇਹੱਦ ਚੇਤੰਨ ਹੈ। 'ਵ', 'ਙ' ਲਿਪਾਕਾਂ ਨੂੰ ਢੁਕਵੇਂ ਥਾਂ ਵਰਤਿਆ ਗਿਆ ਹੈ। ਖਾਸ ਕਰ ਪੈਰ ਬਿੰਦੀ ਵਾਲੇ ਲਿਪਾਕਾਂ ਦੀ ਅਹਿਮੀਅਤ ਨੂੰ ਅਧਿਕ ਤਵੱਜੋ ਦਿੱਤੀ ਹੈ। 'ਸ਼', 'ਖ਼', 'ਗ਼', 'ਜ਼', 'ਫ਼', 'ਲ਼' ਲਿਪਾਕ ਦੀ ਵਰਤੋਂ ਦਰੁਸਤ ਹੈ।

ਇਸ ਸੰਗ੍ਰਹਿ ਵਿਚ ਦਰਜ ਮਨੋਭਾਵਾਂ ਨੂੰ ਕਵੀ ਨੇ ਖੁੱਲ੍ਹੀ ਕਵਿਤਾ ਦੇ ਰੂਪ ਵਿਚ ਪੇਸ਼ ਕੀਤਾ ਹੈ। ਕਵਿਤਾ ਵਿਚਲੀ ਲੈ ਤੇ ਰਵਾਨੀ ਕਾਵਿ-ਸੁਹਜ ਪੈਦਾ ਕਰਦੀ ਹੈ ਅਤੇ ਇਸ ਵਿਚਲੇ ਬਿਰਤਾਂਤਕ ਅਤੇ ਨਾਟਕੀ ਅੰਸ਼ ਕਵਿਤਾ ਨੂੰ ਵਧੇਰੇ ਪ੍ਰਭਾਵੀ ਬਣਾਉਂਦੇ ਹਨ। ਸ਼ਬਦਾਂ ਦੇ ਦੁਹਰਾਓ, ਦਬਾਓ, ਗੈਰ-ਨਿਰੰਤਰੀ ਤੁਕਾਂਤ ਅਤੇ ਸ਼ਬਦਾਂ ਨੂੰ ਸਮਰੂਪ ਜਾਂ ਸਮਧੁਨੀ ਵਿਚ ਢਾਲ ਕੇ ਕਵਿਤਾ ਦੇ ਰਿਦਮ ਨੂੰ ਪ੍ਰਚੰਡ ਕੀਤਾ ਗਿਆ ਹੈ। ਕਾਵਿਕ ਪਾਠ ਦਾ ਅੰਤਰੀਵੀ ਅਧਿਐਨ ਕਰਦਿਆਂ ਕਵੀ ਦੀ ਪਰਪੱਕਤਾ ਦਾ ਅਹਿਸਾਸ ਹੁੰਦਾ ਹੈ। ਇਹੀ ਪਰਪੱਕਤਾ ਸੁਰਿੰਦਰ ਸੋਹਲ ਨੂੰ ਪੰਜਾਬੀ ਕਾਵਿ-ਸੰਸਾਰ ਵਿਚ ਸਥਾਪਿਤ ਕਵੀ ਹੋਣ ਦਾ ਮਾਣ ਬਖਸ਼ਦੀ ਹੈ।

# ਬੈਚ ਫੁੱਲ ਚਿਕੋਰੀ-ਮੈਂ ਹੀ ਮੈਂ

ਜਦੋਂ ਦੀ ਦੁਨੀਆਂ ਬਣੀ ਹੈ। ਉਦੋਂ ਤੋਂ ਹੀ ਧਨ ਦੀ ਹਵਸ ਤੇ ਲੋਭ ਲਾਲਚ ਨੂੰ ਮਾੜਾ ਮੰਨਿਆ ਜਾਂਦਾ ਹੈ। ਪਲੈਟੋ ਅਨੁਸਾਰ ਦੌਲਤ, ਔਰਤ ਤੇ ਜਾਇਦਾਦ ਮਨੁੱਖ ਨੂੰ ਭ੍ਰਿਸ਼ਟ ਕਰਦੇ ਹਨ, ਇਸ ਲਈ ਮੁਲਕ ਦੇ ਸ਼ਾਸ਼ਕਾਂ ਨੂੰ ਇਨ੍ਹਾਂ ਤੋਂ ਵੱਖ ਰੱਖਿਆ ਜਾਣਾ ਚਾਹੀਦਾ ਹੈ। ਅਰਸਤੂ ਅਨੁਸਾਰ ਇਨ੍ਹਾਂ ਤਿੰਨਾਂ ਦੀ ਮਾਲਕੀਅਤ ਦਾ ਇਸਤੇਮਾਲ ਸਮਾਜ ਦੇ ਹਿੱਤ ਵਿਚ ਹੋਣਾ ਚਾਹੀਦਾ ਹੈ। ਐਪੀਕਿਊਰਸ (Epicurus) ਅਨੁਸਾਰ ਇਨ੍ਹਾਂ ਦੀ ਮਨੁੱਖ ਨੂੰ ਲੋੜ ਹੀ ਨਹੀਂ, ਕਿਉਂਕਿ ਕੁਦਰਤ ਨੇ ਉਸ ਨੂੰ ਉਂਜ ਹੀ ਬਹੁਤ ਕੁਝ ਦਿੱਤਾ ਹੈ। ਰੂਸੋ ਕਹਿੰਦਾ ਹੈ ਕਿ ਜਿਸ ਮਨੁੱਖ ਨੇ ਸਭ ਤੋਂ ਪਹਿਲਾਂ ਥੋੜ੍ਹੀ ਥਾਂ ਘੇਰ ਕੇ ਕਿਹਾ ਕਿ ਇਹ ਮੇਰੀ ਹੈ, ਉਸ ਨੇ ਸਭ ਤੋਂ ਵੱਡਾ ਦੁਸ਼ਕਰਮ ਕੀਤਾ ਹੈ। ਮਹਾਤਮਾ ਬੁੱਧ ਨੇ ਕਿਹਾ ਮਨੁੱਖੀ ਲੋੜਾਂ ਇਨਸਾਨ ਦੇ ਬੰਧਨ ਹਨ, ਇਨ੍ਹਾਂ ਨੂੰ ਤੋੜ ਕੇ ਲੋਕ ਹਿਤੈਸ਼ੀ ਕੰਮ ਕਰਨਾ ਹੀ ਨਿਰਵਾਣ ਦਾ ਰਸਤਾ ਹੈ। ਗੁਰੂ ਨਾਨਕ ਨੇ ਮਾਇਆ ਨੂੰ ਇੱਕਠਾ ਕਰਨਾ ਪਾਪ ਕਿਹਾ, ਕਿਉਂਕਿ ਪਾਪਾਂ ਤੋਂ ਬਿਨਾ ਇਹ ਇੱਕਠੀ ਨਹੀਂ ਹੋ ਸਕਦੀ। ਕੰਮ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਕਰਨਾ ਤੇ ਵੱਟਤ ਨੂੰ ਵੰਡ ਕੇ ਛਕਣਾ ਉਨ੍ਹਾਂ ਦੀ ਸਿੱਖਿਆ ਦਾ ਮੁੱਢਲਾ ਉਪਦੇਸ਼ ਸੀ। ਗੁਰੂ ਸਾਹਿਬ ਅਨੁਸਾਰ ਜੋ ਇਹ ਗੁਣ ਧਾਰ ਲੈਂਦੇ ਹਨ, ਉਹੀ ਅਸਲ ਰਾਹ ਪਛਾਣਨ ਵਾਲੇ ਹੁੰਦੇ ਹਨ। ਟਾਲਸਟਾਏ ਦੀ ਕਹਾਣੀ 'ਮਨੁੱਖ ਨੂੰ ਕਿੰਨੀ ਕੁ ਜ਼ਮੀਨ ਦੀ ਲੋੜ ਹੈ' ਦਾ ਹਵਸ ਵਿਰੋਧੀ ਸੰਦੇਸ਼ ਤਾਂ ਸਭ ਨੂੰ ਪਤਾ ਹੈ।

ਸੰਸਾਰ ਵਿਚ ਮੁੱਖ ਤੌਰ 'ਤੇ ਦੋ ਹੀ ਵਿਚਾਰਧਾਰਾਵਾਂ ਹਨ, ਦੂਜਿਆਂ ਨੂੰ ਅਧੀਨ ਕਰ ਕੇ ਉਨ੍ਹਾਂ ਨੂੰ ਆਪਣੇ ਅਨੁਸਾਰ ਤੋਰਨਾ ਭਾਵ ਦੂਜਿਆਂ ਦਾ ਸੋਸ਼ਣ ਕਰਨਾ ਅਤੇ ਦੂਜਿਆਂ ਨੂੰ ਆਤਮ ਨਿਰਭਰ ਬਣਾ ਕੇ ਅਧੀਨੀਕਰਣ ਤੋਂ ਮੁਕਤ ਕਰਨਾ। ਇਕ ਰਾਹ ਸਾਮਰਾਜਵਾਦ, ਅਗਿਆਨਤਾ, ਮੁਥਾਜੀ ਤੇ ਅਸਮਾਨਤਾ ਦਾ ਹੈ। ਦੂਜੇ ਰਾਹ ਮਾਨਵਵਾਦ, ਸਾਂਝੀਵਾਲਤਾ, ਵਿਗਿਆਨ, ਸਵਾਧੀਨਤਾ ਤੇ ਸਮਾਨਤਾ ਹੈ। ਕਬਜ਼ੇ ਤੇ ਸੋਸ਼ਣ ਵਾਲੀ ਸਾਮਰਾਜੀ ਪਰੰਪਰਾ ਦੋਸ਼ ਭਰਪੂਰ ਭਾਵ ਰਿਣਆਤਮਿਕ (Negative) ਹੈ ਤੇ ਮੁਕਤੀ ਤੇ ਵਿਕਾਸ ਦੀ ਮਾਨਵਵਾਦੀ ਪ੍ਰੰਪਰਾ ਧਨਆਤਮਿਕ (Positive) ਮੰਨੀ ਜਾਂਦੀ ਹੈ। ਇਹ ਦੋ ਪਰੰਪਰਾਵਾਂ ਸੂਖਮ ਰੂਪ ਵਿਚ ਮਨੁੱਖ ਦੇ ਵਿਅਕਤੀਗਤ ਤੇ ਸਮਾਜਿਕ ਸੰਬੰਧਾਂ-ਦੋਵੇਂ ਥਾਂਈਂ ਪਾਈਆਂ ਜਾਂਦੀਆਂ ਹਨ। ਕੁਝ ਲੋਕ ਕੰਮ ਕਰਨ ਵਾਲੇ ਹੁੰਦੇ ਹਨ ਤੇ ਕੁਝ ਉਨ੍ਹਾਂ ਤੋਂ ਪਿਆਰ ਜਾਂ ਧੌਂਸ ਨਾਲ ਆਪਣੇ ਕੰਮ ਕਰਵਾਉਣ ਵਾਲੇ ਹੁੰਦੇ ਹਨ। ਇਸ ਤਰ੍ਹਾਂ ਦੇ ਅਸਾਵੇਂ ਮਾਹੌਲ ਵਿਚ ਸਮਾਜ ਤੇ ਪਰਿਵਾਰ ਦਾ ਪ੍ਰਬੰਧ ਉਲਾਰ ਰਹਿੰਦਾ ਹੈ, ਜਿਸ ਦਾ ਨੇਕ ਸਲਾਹਾਂ ਤੇ ਉਪਦੇਸ਼ਾਂ ਤੋਂ ਬਿਨਾ ਕਿਸੇ ਕੋਲ ਕੋਈ ਹੱਲ ਨਹੀਂ ਹੈ।

ਪਰ ਇਨ੍ਹਾਂ ਉਪਦੇਸ਼ਾਂ ਤੇ ਸਿਖਿਆਵਾਂ ਦੇ ਬਾਵਜੂਦ ਵੀ ਬਹੁਤੇ ਵਿਅਕਤੀ ਸਭ ਕੁਝ ਆਪਣੇ ਅਧੀਨ ਕਰਨ ਦੀ ਲਾਲਸਾ ਨੂੰ ਨਹੀਂ ਛੱਡਦੇ। ਕਈ ਅਜਿਹੇ ਵੀ ਹੁੰਦੇ ਹਨ, ਜੋ ਸੰਸਾਰ ਦੀ ਸਾਰੀ ਦੌਲਤ ਉੱਤੇ ਆਪਣਾ ਹੀ ਕਬਜ਼ਾ ਕਰਨਾ ਚਾਹੁੰਦੇ ਹਨ। ਸਭ ਕੁਝ ਪ੍ਰਾਪਤ ਕਰ ਕੇ ਵੀ ਉਨ੍ਹਾਂ ਦੀ ਪਦਾਰਥੀ ਭੁੱਖ ਨਹੀਂ ਉੱਤਰਦੀ। ਉਨ੍ਹਾਂ ਦਾ ਵਸ ਚਲੇ ਤਾਂ ਉਹ ਸਾਰੇ ਗਲੋਬ ਨੂੰ ਹੀ ਚੁੱਕ ਕੇ ਘਰ ਲੈ ਜਾਣ, ਭਾਵੇਂ ਇਸ ਵਿਚੋਂ ਸਿਰਫ ਮਰ ਮੁੱਕੇ ਮਾਇਆਧਾਰੀਆਂ ਦੀਆਂ ਕਬਰਾਂ ਤੇ ਕੰਕਾਲ ਹੀ ਮਿਲਣ। ਮਾਈਦਾਸ (Midas) ਵਾਂਗ ਸਭ ਸੰਸਾਰਕ ਵਸਤਾਂ ਨੂੰ ਸੋਨਾ ਬਣਾਉਣ ਲਈ ਪਾਰਸ ਜਰੂਰ ਛੁਹਾਉਣਗੇ, ਭਾਵੇਂ ਇੰਜ ਕਰਦੇ ਉਹ ਆਪ ਵੀ ਸੋਨੇ ਦੇ ਬੁੱਤ ਕਿਉਂ ਨਾ ਬਣ ਜਾਣ। ਮੈਕੇਵਲੀ ਦੇ ਕਹਿਣ ਅਨੁਸਾਰ ਉਹ ਸਭ ਕੁਝ ਆਪਣੇ ਲਈ ਜਾਂ ਆਪਣੇ ਸਕੇ ਸਬੰਧੀਆਂ ਲਈ ਹੀ ਲੋਚਦੇ ਹਨ, ਦੂਜਿਆਂ ਲਈ ਕੁਝ ਨਹੀਂ। ਨਾ ਸਿਰਫ ਉਹ ਸਭ ਚੰਗੀਆਂ ਤੇ ਵਡਮੁੱਲੀਆਂ ਵਸਤਾਂ ਆਪਣੇ ਲਈ ਚਾਹੁੰਦੇ ਹਨ, ਸਗੋਂ ਇਹ ਵੀ ਚਾਹੁੰਦੇ ਹਨ ਕਿ ਇਹ ਵਸਤਾਂ ਸਿਰਫ ਉਨ੍ਹਾਂ ਕੋਲ ਹੀ ਹੋਣ। ਇਸ ਲਈ ਉਨ੍ਹਾਂ ਨੂੰ ਆਪਣੇ ਆਪ ਤੋਂ ਅੱਗੇ ਕੁਝ ਦਿਖਾਈ ਨਹੀਂ ਦਿੰਦਾ। ਸ਼ਾਇਦ 'ਅੰਨ੍ਹਾਂ ਵੰਡੇ ਸੀਰਣੀ, ਮੁੜ ਮੁੜ ਆਪਣਿਆਂ ਨੂੰ' ਵਾਲਾ ਅਖਾਣ ਉਨ੍ਹਾਂ ਲਈ ਹੀ ਬਣਿਆ ਹੈ। ਅਜਿਹੇ ਸਮਾਜ ਵਿਚ ਈਰਖਾ, ਆਪੋ-ਧਾਪੀ ਤੇ ਲੜਨ/ਲੜਾਉਣ ਤੋਂ ਬਿਨਾ ਕੁਝ ਨਹੀਂ ਹੁੰਦਾ। ਅਜੋਕੇ ਸਰਮਾਏਦਾਰ ਘਰਾਣੇ ਤੇ ਰਾਜਨੀਤਕ ਆਕਾ ਇਸ ਸਿਲਸਿਲੇ ਦੀ ਤਾਜ਼ਾ ਮਿਸਾਲ ਹਨ। ਬੇਲੋੜੇ ਵਸੀਲੇ ਇਕੱਤਰਤ ਕਰਨਾ ਉਨ੍ਹਾਂ ਦੀ ਲੋੜ ਦਾ ਸਵਾਲ ਨਹੀਂ, ਸਗੋਂ ਉਨ੍ਹਾਂ ਦੀ ਨੀਅਤ ਦਾ ਸਵਾਲ ਹੁੰਦਾ ਹੈ। ਇਹ ਲਾਲਚੀ ਨੀਅਤ ਇੰਨੀ ਚੀੜ੍ਹੀ ਹੁੰਦੀ ਹੈ ਕਿ ਇਸ ਨੂੰ ਲੱਖਾਂ-ਕਰੋੜਾਂ ਮਿਹਨਤਕਸ਼ੀਆਂ ਨੂੰ ਮਿਲ ਕੇ ਤੋੜਨਾ ਪੈਂਦਾ ਹੈ। ਬੈਚ ਫੁੱਲ ਦਵਾਈ ਚਿਕੋਰੀ (Chicory) ਅਜਿਹੇ ਲਾਲਚੀ ਅਨਸਰਾਂ ਦੀ ਨੀਅਤ ਨੂੰ ਇੱਕਲਿਆਂ ਹੀ ਸਿੱਧਾ ਕਰਨ ਦੀ ਸ਼ਕਤੀ ਰੱਖਦੀ ਹੈ।

ਚਿਕੋਰੀ ਦੇ ਪੌਦੇ ਦਾ ਬੂਟਾ-ਵਿਗਿਆਨੀ ਨਾਂ (Cichorium Intybus) ਹੈ। ਇਸ ਦੇ ਮਰੀਜ਼ ਸਮਾਜ ਵਿਚ ਥਾਂ ਥਾਂ ਮਿਲਦੇ ਹਨ। ਡਾ. ਬੈਚ ਅਨੁਸਾਰ ਇਹ ਵਿਅਕਤੀ ਦੂਜਿਆਂ ਪ੍ਰਤੀ ਕਬਜ਼ੇ ਦੀ ਭਾਵਨਾ ਰੱਖਦੇ ਹਨ। ਭਾਵੇਂ ਮਨੁੱਖ ਹੋਣ ਜਾਂ ਵਸਤਾਂ ਉਨ੍ਹਾਂ ਨੂੰ ਇਨ੍ਹਾਂ ਨਾਲ ਅਤਿਅੰਤ ਲਗਾਓ ਹੁੰਦਾ ਹੈ। ਜੇ ਚੀਜ਼ਾਂ ਹੋਣ ਤਾਂ ਉਨ੍ਹਾਂ ਨੂੰ ਸਾਂਭ ਸਾਂਭ ਰੱਖਦੇ ਹਨ, ਆਪਣੇ ਤੋਂ ਵੱਖ ਨਹੀਂ ਕਰਦੇ ਤੇ ਕਿਸੇ ਨਾਲ ਸਾਂਝੀਆਂ ਨਹੀਂ ਕਰਦੇ। ਜੇ ਵਿਅਕਤੀ ਹੋਣ ਤਾਂ ਉਨ੍ਹਾਂ ਨੂੰ ਆਪਣੀ ਸੁਰੱਖਿਆ ਵਿਚ ਰੱਖਦੇ ਹਨ, ਪਿਆਰ ਕਰਦੇ ਹਨ ਤੇ ਉਨ੍ਹਾਂ ਦਾ ਖੱਟਿਆ ਖਾਂਦੇ ਹਨ। ਉਹ ਉਨ੍ਹਾਂ ਉੱਤੇ ਆਪਣਾ ਅਧਿਕਾਰ ਜਮਾਉਂਦੇ ਹਨ ਤੇ ਆਪਣੇ ਕੰਟਰੋਲ ਵਿਚ ਰੱਖਣਾ ਚਾਹੁੰਦੇ ਹਨ। ਉਹ ਉਨ੍ਹਾਂ ਦੇ ਜੀਵਨ ਦੇ ਹਰ ਮੋੜ ਤੇ ਹਰ ਗੱਲ ਵਿਚ ਮਾਰਗ ਦਰਸ਼ਨ ਕਰਦੇ ਹਨ। ਗੱਲ ਗੱਲ ਵਿਚ ਗਲਤੀ ਕੱਢ ਕੇ ਸਮਝਾਉਂਦੇ ਰਹਿੰਦੇ ਹਨ। ਜੇ ਕੋਈ ਗਲਤੀ ਨਾ ਵੀ ਹੋਵੇ ਤਾਂ ਖੋਜ ਖੋਜ ਕੇ ਕੱਢਦੇ ਹਨ। ਉਹ ਉਨ੍ਹਾਂ ਨੂੰ ਕਦੇ ਦੂਰ ਨਹੀਂ ਜਾਣ ਦਿੰਦੇ; ਆਪਣੇ ਨੇੜੇ ਆਪਣੀ ਨਿਗਰਾਨੀ ਵਿਚ ਰੱਖਦੇ ਹਨ। ਉਹ ਉਨ੍ਹਾਂ ਨੂੰ ਸਾਰਾ ਜਹਾਨ ਆਪਣੀਆਂ ਅੱਖਾਂ ਥਾਣੀ ਦਿਖਾਉਣਾ ਚਾਹੁੰਦੇ ਹਨ। ਉਹ ਸਮਝਦੇ ਹਨ ਕਿ ਆਪ ਮੁਹਾਰੇ ਛੱਡਿਆਂ ਉਨ੍ਹਾਂ ਦੇ ਅਧਿਕਾਰ ਵਾਲੇ ਇਹ ਵਿਅਕਤੀ ਉਨ੍ਹਾਂ ਦੇ ਹੱਥੋਂ ਨਿਕਲ ਜਾਣਗੇ ਤੇ ਉਨ੍ਹਾਂ ਨਾਲੋਂ ਵਿਚਾਰਧਾਰਕ ਸਾਂਝ ਤੋੜ ਲੈਣਗੇ। ਉਹ ਸੋਚਦੇ ਹਨ ਕਿ ਧਿਆਨ ਨਾ ਰੱਖਣ 'ਤੇ ਉਨ੍ਹਾਂ ਦੇ ਇਹ ਨੇੜਲੇ ਵਿਅਕਤੀ ਦੂਜਿਆਂ ਦੇ ਪ੍ਰਭਾਵ ਵਿਚ ਆ ਜਾਣਗੇ ਤੇ ਉਨ੍ਹਾਂ ਤੋਂ ਦੂਰ ਹੋ ਜਾਣਗੇ। ਦੂਰ ਹੋ ਕੇ ਇਹ ਨਾ ਉਨ੍ਹਾਂ ਦੀ ਸੇਵਾ ਕਰਨਗੇ ਤੇ ਨਾ ਉਨ੍ਹਾਂ ਲਈ ਕਮਾਈ ਕਰਨਗੇ। ਫਿਰ ਉਹ ਉਨ੍ਹਾਂ ਦੀ ਗੱਲ ਨਹੀਂ ਸੁਣਨਗੇ ਤੇ ਕਿਸੇ ਕੰਮ ਦੇ ਨਾ ਰਹਿਣਗੇ। ਇਸ ਤਰ੍ਹਾਂ ਉਨ੍ਹਾਂ ਦਾ ਮਾਣ-ਸਨਮਾਨ ਤਾਂ ਮਿੱਟੀ ਵਿਚ ਮਿਲ ਹੀ ਜਾਵੇਗਾ, ਇਸ ਦੇ ਨਾਲ ਉਨ੍ਹਾਂ ਤੋਂ ਉਨ੍ਹਾਂ ਦਾ ਇਕ ਪਰੰਪਰਾਗਤ ਕਾਰਜ ਵੀ ਖੁੱਸ ਜਾਵੇਗਾ। ਉਹ ਬੇਕਾਰ ਹੋ ਕੇ ਰੁਲ ਜਾਣਗੇ। ਘਰ ਦੇ ਕਿਸੇ ਖੂੰਜੇ ਲਾ ਦਿੱਤੇ ਜਾਣਗੇ, ਜਿੱਥੇ ਇਕੱਲਪੁਣੇ ਵਿਚ ਉਨ੍ਹਾਂ 'ਤੇ ਮੱਖੀਆਂ ਭਿਣਕਣਗੀਆਂ। ਜੇ ਉਨ੍ਹਾਂ ਦੀ ਕੋਈ ਪੁੱਛ ਪ੍ਰਤੀਤ ਨਾ ਰਹੀ ਤਾਂ ਉਨ੍ਹਾਂ ਦੀ ਜ਼ਿੰਦਗੀ ਦਾ ਕੋਈ ਮੰਤਵ ਨਹੀਂ ਰਹੇਗਾ। ਜੇ ਇਹ ਸਭ ਇਨ੍ਹਾਂ ਲੋਕਾਂ ਦੀਆਂ ਇਹ ਸੱਚੀਆਂ ਤੇ ਨਿਰਲੇਪ ਭਾਵਨਾਵਾਂ ਹੁੰਦੀਆਂ ਤਾਂ ਇਹ ਇਕ ਲਾਭਦਾਇਕ ਲੱਛਣ ਹੁੰਦਾ, ਕਿਉਂਕਿ ਕਿਸੇ ਨਾਲ ਹਮਦਰਦੀ ਕਰ ਕੇ ਉਸ ਦਾ ਭਲਾ ਸੋਚਣਾ ਇਕ ਸੱਚਾ ਇਨਸਾਨੀ ਕੰਮ ਹੈ; ਪਰ ਚਿਕੋਰੀ ਦੇ ਮਰੀਜ਼ਾਂ ਦੇ ਪਿਆਰ ਮੁਹੱਬਤ ਤੇ ਜ਼ਿੰਮੇਵਾਰੀ ਪਿੱਛੇ ਉਨ੍ਹਾਂ ਦਾ ਸਵਾਰਥ ਛਿਪਿਆ ਹੁੰਦਾ ਹੈ। ਉਹ ਇਹ ਸਭ ਕੁਝ ਆਪਣੇ ਲਈ ਕਰਦੇ ਹਨ, ਆਪਣੇ ਮਾਤਹਿਤਾਂ ਲਈ ਨਹੀਂ ਕਰਦੇ।

ਅਜਿਹੇ ਮੰਜ਼ਰ ਕਲਪ ਕੇ ਉਹ ਆਪਣੇ ਮਾਤਹਿਤਾਂ ਨੂੰ ਛੋਟੀਆਂ ਛੋਟੀਆਂ ਗੱਲਾਂ ਬਾਰੇ ਵੇਰਵੇ-ਸਹਿਤ ਮੱਤਾਂ ਦਿੰਦੇ ਰਹਿੰਦੇ ਹਨ। ਜੇ ਕੋਈ ਨਾ ਮੰਨੇ ਤਾਂ ਉਸ 'ਤੇ ਕੜਕਦੇ ਹਨ। ਉਹ ਕੁੜ੍ਹਦੇ ਹਨ, ਲੜਦੇ ਹਨ, ਨੁਕਤਾਚੀਨੀ ਕਰਦੇ ਹਨ, ਝਾੜ-ਝੰਬ ਕਰਦੇ ਹਨ ਤੇ ਹਰ ਹੀਲੇ ਆਪਣਾ ਜਾਬਤਾ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਪੂਰੀ ਤਰ੍ਹਾਂ ਬਾਗੀ ਹੋਣ 'ਤੇ ਉਹ ਉਸ ਨਾਲ ਦਵੈਸ਼ ਕਰਦੇ ਹਨ, ਘ੍ਰਿਣਾ ਕਰਦੇ ਹਨ ਤੇ ਵੱਖ ਵੱਖ ਢੰਗਾਂ ਨਾਲ ਉਸ ਨੂੰ ਦਬਾਉਣਾ ਚਾਹੁੰਦੇ ਹਨ। ਉਨ੍ਹਾਂ ਨੂੰ ਆਪਣੇ ਵਲ ਭਰਮਾਉਣ ਲਈ ਉਹ ਹਰ ਗੱਲ ਵਿਚ ਉਨ੍ਹਾਂ ਦਾ ਧਿਆਨ ਆਪਣੀ ਵਲ ਖਿੱਚਣ ਦੀ ਕੋਸ਼ਿਸ਼ ਕਰਦੇ ਹਨ। ਇਸ ਮੰਤਵ ਲਈ ਉਹ ਉੱਚੀ ਆਵਾਜ਼ ਦਾ ਪ੍ਰਯੋਗ ਕਰਦੇ ਹਨ, ਦੂਜਿਆਂ ਦੀ ਗੱਲ ਖਾਹਮਖਾਹ ਟੋਕਦੇ ਹਨ ਤੇ ਉਨ੍ਹਾਂ ਦੀ ਬਾਂਹ ਖਿੱਚ ਕੇ ਆਪਣੀ ਗੱਲ ਸੁਣਾਉਂਦੇ ਹਨ। ਉਹ ਹਰ ਅਜਿਹਾ ਪਰਪੰਚ ਘੜ੍ਹ ਲੈਂਦੇ ਹਨ, ਜਿਸ ਨਾਲ ਉਨ੍ਹਾਂ ਦੀ ਪ੍ਰਧਾਨਗੀ ਬਣੀ ਰਹੇ। ਕਹਿਣ ਨੂੰ ਉਹ ਦੂਜਿਆਂ ਦਾ ਆਪਣੀ ਜਾਨ ਤੋਂ ਵੱਧ ਧਿਆਨ ਰੱਖਦੇ ਹਨ, ਪਰ ਅਸਲ ਵਿਚ ਅਜਿਹਾ ਆਪਣੀ ਧੌਂਸ ਤੇ ਸਵਾਰਥ ਲਈ ਕਰਦੇ ਹਨ। ਅਜਿਹਾ ਕਰਦੇ ਹੋਏ ਉਹ ਉਸ ਵਿਅਕਤੀ ਦੀ ਜਾਤੀ ਖੁਲ੍ਹ ਤੇ ਉਸ ਦੇ ਜਜ਼ਬਾਤ ਦਾ ਵੀ ਧਿਆਨ ਨਹੀਂ ਰੱਖਦੇ। ਉਹ ਉਸ ਨੂੰ ਇੰਨਾ ਨਪੀੜਦੇ ਹਨ ਕਿ ਉਸ ਦਾ ਸਾਹ ਲੈਣਾ ਔਖਾ ਹੋ ਜਾਂਦਾ ਹੈ ਤੇ ਉਹ ਘੁਟ ਕੇ ਰਹਿ ਜਾਂਦਾ ਹੈ। ਉਨ੍ਹਾਂ ਨੂੰ ਸਭ ਪਾਸੇ ਆਪ ਹੀ ਆਪ ਦਿਖਾਈ ਦਿੰਦਾ ਹੈ ਤੇ ਦੂਜਿਆਂ ਨੂੰ ਉਹ ਆਪਣੀ ਚਾਕਰੀ ਲਈ ਬਣਿਆ ਸਮਝਦੇ ਹਨ। ਗੱਲ ਕੀ, ਇਨ੍ਹਾਂ ਵਿਚ ਲਾਲਚ, ਲਾਲਸਾ ਤੇ ਕਬ਼ੇ ਦੀ ਭਾਵਨਾ ਇਸ ਕਦਰ ਪ੍ਰਧਾਨ ਹੁੰਦੇ ਹਨ ਕਿ ਉਨ੍ਹਾਂ ਦੀਆਂ ਗੱਲਾਂ ਵਿਚੋਂ 'ਮੈਂ' ਹੀ 'ਮੈਂ' ਟਪਕਦੀ ਹੈ; 'ਤੂੰ' ਹੀ 'ਤੂੰ' ਬਿਲਕੁਲ ਅਲੋਪ ਹੋਈ ਹੁੰਦੀ ਹੈ। ਉਨ੍ਹਾਂ ਅਧੀਨ ਪਲੇ ਵਿਅਕਤੀ ਚਰਿਤਰ ਪੱਖੋਂ ਬੌਣੇ ਰਹਿ ਜਾਂਦੇ ਹਨ, ਤੇ ਉਨ੍ਹਾਂ ਦਾ ਸਾਇਆ ਉੱਠਣ ਤੋਂ ਬਾਅਦ ਉਹ ਮੁਸ਼ਕਿਲ ਨਾਲ ਹੀ ਸੰਭਲਦੇ ਹਨ। ਚਿਕੋਰੀ ਇਨ੍ਹਾਂ ਦੋਹਾਂ ਦੇ ਬੰਧਨ ਕੱਟਦੀ ਹੈ-ਪਹਿਲਿਆਂ ਨੂੰ ਬੰਦੇ ਬਣਾ ਕੇ ਤੇ ਦੂਜਿਆਂ ਨੂੰ ਉਨ੍ਹਾਂ ਦੇ ਤਸ਼ੱਦਦ ਤੋਂ ਛੁਟਕਾਰਾ ਦਿਵਾ ਕੇ।

ਚਿਕੋਰੀ ਕਿਰਦਾਰ ਦੇ ਲੋਕ ਪੰਜਾਬ ਦੇ ਪਿੰਡਾਂ ਵਿਚ ਆਮ ਮਿਲਦੇ ਹਨ। ਘਰ ਦੇ ਮੋਹਰੀ, ਖਾਸ ਤੌਰ 'ਤੇ ਕਬ਼ਾਧਾਰੀ ਮਾਂਵਾਂ, ਆਪਣੀ ਔਲਾਦ ਨੂੰ ਇਵੇਂ ਹੀ ਆਪਣੇ ਵਸ ਵਿਚ ਰੱਖਦੇ ਹਨ। ਅੱਖਾਂ ਦੀ ਘੂਰ ਨਾਲ ਉਹ ਵੱਡੇ ਵੱਡੇ ਟੱਬਰਾਂ ਨੂੰ ਸੂਈ ਦੇ ਨੱਕੇ ਵਿਚੋਂ ਦੀ ਕੱਢਦੇ ਹਨ। ਵੱਡੇ ਘਰ



ਬਣਾਉਣ ਤੇ ਵੱਡੀਆਂ ਜਮੀਨਾਂ ਖਰੀਦਣ ਦੇ ਝਾਂਸੇ ਦੇ ਕੇ ਸਭ ਨੂੰ ਇੱਕਠਾ ਰੱਖਦੇ ਹਨ। ਜੋ ਜਰਾ ਜਿੰਨੀ ਵਿਦਰੋਹੀ ਸੁਰ ਕੱਢਦਾ ਹੈ, ਉਸ ਉਤੇ ਅਲੀ ਅਲੀ ਕਰ ਕੇ ਪੈ ਜਾਂਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਜੇ ਉਨ੍ਹਾਂ ਦੀ ਸੰਤਾਨ ਉਨ੍ਹਾਂ ਦੀ ਵਾਗਡੋਰ ਵਿਚ ਰਹੇਗੀ, ਤਦੇ ਹੀ ਉਹ ਬੁਢਾਪੇ ਵਿਚ ਉਨ੍ਹਾਂ ਦੀ ਸੇਵਾ ਸੰਭਾਲ ਕਰੇਗੀ। ਉਹ ਆਪਣੇ ਇਕਮੁਠ ਪਰਿਵਾਰ ਸਹਾਰੇ ਪਿੰਡ ਵਿਚ ਦਬਦਬਾ ਕਾਇਮ ਕਰ ਲੈਂਦੇ ਹਨ, ਸਰਪੰਚ ਬਣ ਜਾਂਦੇ ਹਨ ਤੇ ਰਾਜਨੀਤੀ ਵਿਚ ਅੱਗੇ ਪੈਰ ਧਰ ਲੈਂਦੇ ਹਨ। ਉਨ੍ਹਾਂ ਦੀ ਆਪਣੀ ਗੁੱਡੀ ਤਾਂ ਚਾਰੇ ਪਾਸੇ ਚੜ੍ਹ ਜਾਂਦੀ ਹੈ, ਪਰ ਉਨ੍ਹਾਂ ਦੇ ਪਾਲੇ ਪਲੋਸਿਆਂ ਨੂੰ ਕੋਈ ਨਹੀਂ ਜਾਣਦਾ ਹੁੰਦਾ। ਉਨ੍ਹਾਂ ਦੀ ਛਤਰ ਛਾਇਆ ਵਿਚ ਰਹਿਣ ਵਾਲੇ ਆਪਣੀ ਕੋਈ ਵੱਖਰੀ ਪਛਾਣ ਨਹੀਂ ਬਣਾ ਸਕਦੇ। ਆਗਿਆਕਾਰੀ ਹੋ ਕੇ 'ਸਤਿ ਬਚਨ' ਕਹਿਣਾ ਉਨ੍ਹਾਂ ਦੀ ਮੁੱਖ ਖਾਸੀਅਤ ਰਹਿ ਜਾਂਦੀ ਹੈ। ਬਜੁਰਗਾਂ ਦੇ ਜਾਣ ਤੋਂ ਬਾਅਦ ਉਨ੍ਹਾਂ ਦੇ ਜਾਨਸ਼ੀਨ ਆਪਸੀ ਗੁਟ-ਬੰਦੀਆਂ ਵਿਚ ਪੈ ਜਾਂਦੇ ਹਨ ਤੇ ਲੜ ਝਗੜ ਕੇ ਬਿਖਰ ਜਾਂਦੇ ਹਨ।

ਇਨ੍ਹਾਂ ਸਵਾਰਥੀ ਤੇ ਸਖਤ-ਸੁਭਾਵੀ ਮਾਪਿਆਂ, ਦਾਦਿਆਂ, ਦਾਦੀਆਂ, ਪੰਚਾਂ, ਸਰਪੰਚਾਂ ਆਦਿ ਨੂੰ ਵੀ ਚਿਕੋਰੀ ਦੇਣੀ ਬਣਦੀ ਹੈ। ਇਸ ਦੇ ਸੇਵਨ ਨਾਲ ਉਹ ਆਪਣੇ ਬਾਲ ਬੱਚਿਆਂ ਦਾ ਨਿਸਵਾਰਥ ਪਾਲਣ ਪੋਸਣ ਕਰ ਸਕਣਗੇ ਤੇ ਉਨ੍ਹਾਂ ਨੂੰ ਸਹੀ-ਗਲਤ ਦੀ ਠੀਕ ਮੱਤ ਦੇ ਸਕਣਗੇ। ਇਸ ਨਾਲ ਉਹ ਆਪਣੇ ਨਿਖੇਧਾਤਮਿਕ ਸੁਭਾਅ 'ਤੇ ਕਾਬੂ ਪਾ ਸਕਦੇ ਹਨ ਤੇ ਆਪਣੀ ਸੰਤਾਨ ਨੂੰ ਸੰਤੁਲਿਤ ਸਿੱਖਿਆ ਦੇ ਕੇ ਜ਼ਿੰਮੇਵਾਰ ਕਿਰਦਾਰਾਂ ਵਾਲੇ ਸ਼ਹਿਰੀ ਬਣਾ ਸਕਦੇ ਹਨ। ਇਸ ਦੇ ਸੇਵਨ ਨਾਲ ਉਹ ਉਸੇ ਕੁਦਰਤੀ ਨਿਯਮ ਦੀ ਪਾਲਣਾ ਕਰ ਸਕਦੇ ਹਨ, ਜਿਸ ਅਨੁਸਾਰ ਸਭ ਪੰਛੀ ਆਪਣੇ ਬੋਟਾਂ ਨੂੰ ਉਦੋਂ ਤੀਕ ਆਪਣੇ ਆਲ੍ਹਣਿਆਂ ਵਿਚ ਰੱਖਦੇ ਹਨ, ਜਦੋਂ ਤੀਕ ਉਹ ਆਪ ਉਡ ਕੇ ਆਪਣਾ ਭੋਜਨ ਚੁਗਣ ਦੇ ਕਾਬਲ ਹੋ ਜਾਣ। ਫਿਰ ਉਹ ਆਪਣੇ ਬੱਚਿਆਂ ਦੇ ਹਿੱਤ ਵਿਚ ਕਾਰਜ ਕਰਨ, ਉਨ੍ਹਾਂ ਵਿਚੋਂ ਆਪਣਾ ਸਹਾਰਾ ਨਾ ਭਾਲਣ।

ਕਦੇ ਕਦੇ ਤਾਂ ਇੰਜ ਲਗਦਾ ਹੈ ਜਿਵੇਂ ਕੁਝ ਸੰਤ ਮਹਾਤਮਾ ਤੇ ਗੁਰੂ ਸਾਹਿਬਾਨ ਨੂੰ ਛੱਡ ਕੇ ਪੂਰੇ ਦਾ ਪੂਰਾ ਪੰਜਾਬ ਹੀ ਸਵਾਰਥ ਦਾ ਮਰੀਜ਼ ਬਣਿਆ ਪਿਆ ਹੋਵੇ। ਇੱਥੇ ਹਰ ਮਾਂ ਆਪਣੇ ਪੁੱਤਰ ਨੂੰ ਧੀ ਨਾਲੋਂ ਵੱਧ ਪਿਆਰ ਕਰਦੀ ਹੈ। ਗਰਭ ਵਿਚ ਪਲ ਰਹੇ ਬੱਚਿਆਂ ਦੇ ਲਿੰਗ ਟੈਸਟ ਕਰਵਾਉਂਦੀ ਹੈ। ਲੜਕਾ ਹੋਵੇ ਤਾਂ ਰੱਖ ਲੈਂਦੀ ਹੈ, ਲੜਕੀ ਹੋਵੇ ਗਰਭਪਾਤ ਕਰਵਾ ਦਿੰਦੀ ਹੈ। ਪੁੱਤਰ ਨੂੰ ਉਹ ਲਾਡਾਂ ਨਾਲ ਪਾਲਦੀ ਹੈ ਤੇ ਮਲਾਈ ਦੀਆਂ ਚੂਰੀਆਂ ਖਵਾਉਂਦੀ ਹੈ, ਜਦੋਂ ਕਿ ਧੀ ਨੂੰ ਆਪਣੇ ਨਾਲ ਦੀ ਰੁੱਖੀ-ਮਿੱਸੀ ਦਿੰਦੀ ਹੈ। ਉਸ ਨੂੰ ਪਤਾ ਹੈ ਕਿ ਉਸ ਦਾ ਪੁੱਤਰ ਉਸ ਲਈ ਕਮਾਈ ਕਰੇਗਾ, ਜਦੋਂ ਕਿ ਧੀ ਵਿਆਹ ਕਰ ਕੇ ਹੋਰ ਘਰ ਭੇਜ ਦਿੱਤੀ ਜਾਵੇਗੀ। ਮਾਂ ਆਪਣੇ ਪੁੱਤਰ ਦਾ ਪਿਆਰ ਕਿਸੇ ਨਾਲ ਨਹੀਂ ਵੰਡਦੀ, ਉਸ ਦੀ ਵਹੁਟੀ ਨਾਲ ਵੀ ਨਹੀਂ। ਪੁੱਤਰ ਦੇ ਵਹੁਟੀ ਹੱਥ ਚੜ੍ਹ ਕੇ ਬਿਗਾਨਾ ਹੋਣ ਦੇ ਡਰੋਂ ਕਈ ਮਾਂਵਾਂ ਉਸ ਦਾ ਵਿਆਹ ਵੀ ਨਹੀਂ ਕਰਦੀਆਂ ਜਾਂ ਬੜਾ ਲੇਟ ਕਰਦੀਆਂ ਹਨ। ਸਭ ਮਾਂਵਾਂ ਆਪਣੇ ਪੁੱਤਰਾਂ ਦੇ ਵਿਆਹ ਤੋਂ ਬਾਅਦ ਆਪਣੀਆਂ ਨੂੰਹਾਂ ਨੂੰ ਵੀ ਆਪਣੇ ਕੰਟਰੋਲ ਵਿਚ ਰੱਖਣ ਦੀ ਕੋਸ਼ਿਸ਼ ਕਰਦੀਆਂ ਹਨ। ਉਹ ਉਨ੍ਹਾਂ ਨੂੰ ਆਪਣੇ ਅਨੁਸਾਰ ਚਲਾਉਂਦੀਆਂ ਹਨ ਤੇ ਆਪਣੀ ਸੇਵਾ ਵਿਚ ਲਾਉਂਦੀਆਂ ਹਨ। ਉਨ੍ਹਾਂ ਦੇ ਹਰ ਕੰਮ ਨੂੰ ਸਖਤਾਈ ਨਾਲ ਪੜਚੋਲਦੀਆਂ ਹਨ ਤੇ ਕੁਤਾਹੀ ਹੋਣ ਤੇ ਪੁੱਤਰਾਂ ਕੋਲ ਸ਼ਿਕਾਇਤਾਂ ਕਰਦੀਆਂ ਹਨ। ਉਨ੍ਹਾਂ ਦੇ ਇਸ਼ਾਰੇ 'ਤੇ ਉਨ੍ਹਾਂ ਦੇ ਪੁੱਤਰ ਆਪਣੀਆਂ ਪਤਨੀਆਂ ਦੀ ਕੁਟਮਾਰ ਕਰਦੇ ਹਨ। ਮਾਂਵਾਂ ਉਨ੍ਹਾਂ ਨੂੰ ਘਰੋਂ ਬਾਹਰ ਨਹੀਂ ਨਿਕਲਣ ਦਿੰਦੀਆਂ ਤਾਂ ਜੋ ਉਹ ਗਵਾਂਢਣਾਂ ਦੇ ਟੇਟੇ ਨਾ ਚੜ੍ਹ ਜਾਣ। ਇੱਥੋਂ ਤੀਕ ਕਿ ਉਹ ਆਪਣੀਆਂ ਨੂੰਹਾਂ 'ਤੇ ਕਸੂਤੇ ਦਾਅਵੇ ਵੀ ਕਸਦੀਆਂ ਉਸ 'ਤੇ ਘਟ ਦਹੇਜ ਲਿਆਉਣ ਦੇ ਇਲਜ਼ਾਮ ਲਾਉਂਦੀਆਂ ਹਨ। ਇਸ ਕਰਕੇ ਬਹੁਤ ਵਾਰ ਉਹ ਆਪਣੇ ਪਿਆਰੇ ਨੂੰਹ-ਪੁੱਤਰਾਂ ਦੇ ਤਲਾਕ ਦਾ ਕਾਰਨ ਵੀ ਬਣਦੀਆਂ ਹਨ। ਅਜਿਹੇ ਸਵਾਰਥੀ ਕਾਰਨਾਂ ਕਰ ਕੇ ਹੀ ਕਈ ਨਵ-ਵਿਆਹੀਆਂ ਆਤਮ-ਹੱਤਿਆ ਕਰ ਲੈਂਦੀਆਂ ਹਨ ਤੇ ਸੱਸਾਂ ਦਾ ਨਾਂ ਇਸ ਜੁਰਮ-ਕਾਂਡ ਨਾਲ ਜੁੜਿਆ ਹੁੰਦਾ ਹੈ।

ਸੱਸ ਤੇ ਨੂੰਹ ਦਾ ਰਿਸ਼ਤਾ ਪੰਜਾਬੀ ਸਮਾਜਿਕ ਦਵੰਧ ਦਾ ਮਾਡਲ ਪ੍ਰਤੀਕ ਹੈ। ਬਹੁਤ ਸਾਰੇ ਲੇਖਕਾਂ, ਸਮਾਜ ਸੇਵੀਆਂ ਤੇ ਨਿਆਇਧੀਸ਼ਾਂ ਨੇ ਮਾਂ ਅਤੇ ਸੱਸ ਦੇ ਅਜ਼ਾਰੇਦਾਰੀ ਕਿਰਦਾਰ ਦਾ ਵਰਣਨ ਕੀਤਾ ਹੈ, ਪਰ ਵਰਣਨ ਕਰਨਾ ਹੋਰ ਗੱਲ ਹੈ ਤੇ ਇਲਾਜ ਕਰਨਾ ਹੋਰ। ਇਸ ਦਾ ਇਲਾਜ ਤਾਂ ਡਾ. ਨਰਿੰਦਰ ਸਿੰਘ ਕਪੂਰ ਨੇ ਆਪਣੀ ਬਹੁ-ਚਰਚਿਤ ਪੁਸਤਕ 'ਮਾਲਾ ਮਣਕੇ' ਵਿਚ ਵੀ ਨਹੀਂ ਦੱਸਿਆ। ਇਸ ਦਾ ਸਮਾਧਾਨ ਸਿਰਫ ਡਾ. ਬੈਚ ਦੀਆਂ ਫੁੱਲ ਦਵਾਈਆਂ ਵਿਚ ਹੈ। ਫੁੱਲ ਦਵਾਈ ਚਿਕੋਰੀ ਦੀਆਂ ਦਿਨ ਵਿਚ ਸਵੇਰੇ-ਸ਼ਾਮ ਦੋ ਖੁਰਾਕਾਂ ਦੇਣ ਨਾਲ ਇਕ ਮਹੀਨੇ ਵਿਚ ਹੀ ਸੱਸ ਆਪਣੀ ਨੂੰਹ ਨੂੰ ਬਣਦਾ ਇਨਸਾਨੀ ਸਤਿਕਾਰ ਦੇਣ ਲੱਗੇਗੀ। ਇਹ ਉਸ ਪ੍ਰਤੀ ਉਸ ਦੀ ਕਬਜ਼ੇ ਤੇ ਹਉਮੈ ਦੀ ਮਤਲਬੀ ਲਾਲਸਾ ਨੂੰ ਪਿਆਰ ਤੇ ਤਿਆਗ ਦੇ ਨਿਸਵਾਰਥ ਜਜ਼ਬੇ ਵਿਚ ਬਦਲ ਦੇਵੇਗੀ। ਇਸ ਨਾਲ ਉਹ ਸਵਾਰਥ, ਬਖੀਲੀ ਤੇ ਝਗੜਾ ਛੱਡ ਕੇ ਉਸ ਸੁਤੰਤਰਤਾ ਦਾ ਆਸ਼ੀਰਵਾਦ ਦੇਣ ਲਵੇਗੀ।

ਸੱਸ ਨੂੰਹ ਦੀ ਗੱਲ ਛੱਡੋ, ਅੱਜ ਕੱਲ੍ਹ ਤਾਂ ਨਿਜ-ਸਵਾਰਥ ਦੀ ਇਹ ਸੋਚ ਪਵਿਤਰ ਕਹੇ ਜਾਣ ਵਾਲੇ ਜਾਤੀ ਰਿਸ਼ਤਿਆਂ ਤੀਕ ਵੀ ਪਹੁੰਚ ਗਈ ਹੈ। ਦੋਸਤੀ ਪਾਉਣ ਤੋਂ ਪਹਿਲਾਂ ਅਕਸਰ ਮੁੰਡੇ-ਕੁੜੀਆਂ ਇਹ ਦੇਖਦੇ ਹਨ ਕਿ ਕਿਤੇ ਦੂਜਾ ਮਤਲਬੀ ਤਾਂ ਨਹੀਂ ਹੈ। ਮੇਰੀ ਇਕ ਤਲਾਕਸ਼ੁਦਾ ਮਰੀਜ਼ ਨੇ ਮੈਨੂੰ ਇਕ ਅਜੀਬ ਸਵਾਲ ਕੀਤਾ। ਕਹਿਣ ਲੱਗੀ, 'ਡਾਕਟਰ ਸਾਹਿਬ, ਮੇਰਾ ਬੱਚਾ ਵੱਡਾ ਹੋ ਗਿਆ ਹੈ। ਹੁਣ ਮੈਂ ਮੁੜ ਵਿਆਹ ਕਰਵਾਉਣ ਦਾ ਮਨ ਬਣਾ ਰਹੀ ਹਾਂ। ਕੋਈ ਸਾਊ ਜਿਹਾ ਲੜਕਾ ਹੋਵੇ ਤਾਂ ਦੱਸਿਓ; ਕਮੀਨਾ ਨਾ ਹੋਵੇ ਕਿਤੇ ਗਰੀਨ ਕਾਰਡ ਲੈ ਕੇ ਚਲਦਾ ਬਣੇ।' ਰਿਸ਼ਤਾ ਕਰਨ ਵੇਲੇ ਇਹ ਲਾਜ਼ਮੀ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਲੜਕਾ ਕਿੰਨਾ ਕਮਾਊ, ਕਿੰਨਾ ਪੜ੍ਹਿਆ ਲਿਖਿਆ ਤੇ ਕਿੰਨੀ ਜਾਇਦਾਦ ਦਾ ਮਾਲਕ ਹੈ। ਉੱਧਰ ਲੜਕੇ ਵਾਲੇ ਲੜਕੀ ਦੇ ਅੰਦਰਲੇ ਇਨਸਾਨ ਨੂੰ ਵਿਸਾਰ ਕੇ ਉਸ ਦੀ ਨੌਕਰੀ ਤੇ ਚੰਗਾ ਦਹੇਜ ਲਿਆ ਸਕਣ ਦੀ ਸਮਰੱਥਾ ਨੂੰ ਦੇਖਦੇ ਹਨ। ਪਿਛਲੇ ਕੁਝ ਸਾਲਾਂ ਵਿਚ ਲੜਕਿਆਂ ਦੇ ਮਾਪੇ ਨਗਦੀ ਦਹੇਜ ਦੀ ਥਾਂ ਆਈਲੈਟਸ ਪਾਸ ਲੜਕੀਆਂ ਦੀ ਮੰਗ ਕਰਦੇ ਹਨ, ਜੋ ਉਨ੍ਹਾਂ ਦੇ ਘੱਟ ਪੜ੍ਹੇ-ਲਿਖੇ ਲੜਕਿਆਂ ਨੂੰ ਕੈਨੇਡਾ ਜਾਂ ਆਸਟ੍ਰੇਲੀਆ ਲੈ ਜਾਣ। ਦਹੇਜ ਮੁਕਤ ਸ਼ਾਦੀ ਤਾਂ ਹੁਣ ਕਦੇ ਕਦਾਈਂ ਅਖਬਾਰਾਂ ਵਿਚ ਹੀ ਪੜ੍ਹਨ ਨੂੰ ਮਿਲਦੀ ਹੈ। ਕੁੜੀਮਾਰਾਂ, ਨੂੰਹਮਾਰਾਂ, ਦਹੇਜ ਦੇ ਲਾਲਚੀਆਂ ਅਤੇ ਲੜਕੀਆਂ ਸਹਾਰੇ ਬਾਹਰ ਜਾਣ ਦੀ ਉਮੀਦ ਰੱਖਣ ਵਾਲੇ ਸਭ ਸਵਾਰਥੀਆਂ ਲਈ ਚਿਕੋਰੀ ਤੋਂ ਵੱਡੀ ਕੋਈ ਦਵਾਈ ਨਹੀਂ ਹੈ। ਇਹ ਉਨ੍ਹਾਂ ਦੇ ਮੂੰਹ ਤੀਕ ਕਿਵੇਂ ਪਹੁੰਚਾਉਣੀ ਹੈ, ਇਹ ਇਸ ਦੇ ਲਾਭਆਰਥੀ ਆਪ ਸੋਚਣ!

ਜਿਵੇਂ ਉੱਤੇ ਦੇਖਿਆ ਹੈ, ਫੁੱਲ ਦਵਾਈ ਚਿਕੋਰੀ ਦਾ ਅਲਾਮਤੀ ਮੁੱਖੜਾ (Syndrome) ਬੜਾ ਗੁੰਝਲਦਾਰ ਹੈ। ਇਸ ਵਿਚ ਵੱਖ ਵੱਖ ਰੰਗਾਂ ਦੇ ਭਾ ਮਾਰਦੇ ਹਨ। ਇਸ ਦਵਾ ਨੂੰ ਵਰਤਣ ਲਈ ਕੋਈ ਵੀ ਇਕ ਅਲਾਮਤ ਜਿਵੇਂ ਸਵਾਰਥ, ਲਾਲਸਾ, ਆਪਾ ਸਿਰਜਣ ਦੀ ਚਾਹ, ਤਾਨਾਸ਼ਾਹੀ, ਜਬਤ, ਬੇਸਬਰੀ ਆਦਿ ਪਛਾਣ ਲੈਣੀ ਜਰੂਰੀ ਹੈ। ਇਸ ਦੀਆਂ ਮੁੱਖ ਨਿਸ਼ਾਨੀਆਂ ਨੂੰ ਇਕ ਵਾਰ ਫਿਰ ਹੇਠਾਂ ਇੱਕਠਾ ਕੀਤਾ ਗਿਆ ਹੈ।

1. ਇਸ ਦੇ ਮਰੀਜ਼ ਬਾਹਰੋਂ ਪਰਮਾਰਥੀ ਤੇ ਅੰਦਰੋਂ ਸਵਾਰਥੀ ਹੁੰਦੇ ਹਨ। 2. ਉਹ ਸਖਤ ਸੁਭਾਅ ਤੇ ਕਰੜੇ ਅਸੂਲਾਂ ਵਾਲੇ ਹੁੰਦੇ ਹਨ। 3. ਉਹ ਦੂਜਿਆਂ ਦੇ ਕੰਮਾਂ ਵਿਚ ਨੁਕਸ ਕੱਢਦੇ ਰਹਿੰਦੇ ਹਨ। 4. ਉਹ ਦੂਜਿਆਂ ਨੂੰ ਬਿਨ ਮੰਗੀਆਂ ਸਲਾਹਾਂ ਦਿੰਦੇ ਹਨ। 5. ਉਹ ਕਿਸੇ ਦੀ ਤਾਰੀਫ ਨਹੀਂ ਕਰਦੇ। 6. ਉਹ ਇੱਕਲੇ ਰਹਿਣਾ ਪਸੰਦ ਨਹੀਂ ਕਰਦੇ ਭਾਵ ਆਪਣੇ ਘਰਾਂ, ਬੰਦਿਆਂ ਤੇ ਚੀਜ਼ਾਂ ਨਾਲ ਜੁੜ ਕੇ ਰਹਿੰਦੇ ਹਨ। 7. ਉਹ ਪਰਿਵਾਰਕ ਜੀਆਂ ਦੇ ਨੇੜੇ ਰਹਿਣਾ ਚਾਹੁੰਦੇ ਹਨ, ਕਿਸੇ ਨੂੰ ਦੂਰ ਹੋਸਟਲ ਜਾਂ ਦੂਜੇ ਦੇਸ ਵਿਚ ਨਹੀਂ ਭੇਜਦੇ। 8. ਉਹ ਆਪਣੇ ਸਭ ਕੰਮ ਦੂਜਿਆਂ ਤੋਂ ਕਰਵਾਉਂਦੇ ਹਨ। 9. ਉਹ ਉਨ੍ਹਾਂ ਤੋਂ ਆਸਾਂ ਰੱਖਦੇ ਹਨ ਤੇ ਮੰਗਾਂ ਪਾਉਂਦੇ ਹਨ। 10. ਉਹ ਆਪਣਾ ਰੋਟੀ ਪਾਣੀ, ਚਾਹ ਤੇ ਦਵਾਈ ਵੀ ਦੂਜਿਆਂ ਹੱਥੋਂ ਲੈ ਕੇ ਖਾਂਦੇ ਹਨ। 11. ਉਹ ਜਿੱਥੇ ਜਾਂਦੇ ਹਨ, ਕਿਸੇ ਨੂੰ ਨਾਲ ਲੈ ਕੇ ਜਾਂਦੇ ਹਨ। 12. ਉਹ ਆਪਣੇ ਪਰਿਵਾਰਕ ਜਨਾਂ 'ਤੇ ਜਾਨ ਵਾਰਦੇ ਹਨ। 13. ਉਨ੍ਹਾਂ ਦਾ ਪਿਆਰ ਮੁਹੱਬਤ ਮਤਲਬੀ ਤੇ ਤੋਲਵਾਂ ਹੁੰਦਾ ਹੈ। 14. ਉਹ ਆਪਣਾ ਕੰਮ ਕੱਢਣ ਲਈ ਦੂਜਿਆਂ ਨੂੰ ਭਾਵਨਾਤਮਿਕ ਬਲੈਕ-ਮੇਲ ਕਰਦੇ ਹਨ। 15. ਉਹ ਹਮਦਰਦੀ ਖੱਟਣ ਲਈ ਆਪਣੀ ਤਕਲੀਫ ਵਧਾ-ਚੜ੍ਹਾ ਕੇ ਦੱਸਦੇ ਹਨ। 16. ਉਹ ਬਹਾਨੇਬਾਜ ਹੁੰਦੇ ਹਨ ਤੇ ਬਹਾਨੇ ਲਾ ਕੇ ਆਪਣਾ ਮਤਲਬ ਕੱਢਦੇ ਹਨ। 17. ਉਹ ਦੂਜਿਆਂ ਤੋਂ ਕੰਮ ਕਰਾਉਣ ਲਈ ਰੋ ਕੇ ਉਨ੍ਹਾਂ ਦਾ ਧਿਆਨ ਖਿਚਦੇ ਹਨ। 18. ਜੇ ਦੂਜੇ ਉਨ੍ਹਾਂ ਮੁਤਾਬਿਕ ਕੰਮ ਨਾ ਕਰਨ ਤਾਂ ਉਹ ਬੁਰਾ-ਭਲਾ ਬੋਲਦੇ ਹਨ। 19. ਉਹ ਟੋਕਾ ਟਾਕੀ ਕਰ ਕੇ ਦੂਜਿਆਂ 'ਤੇ ਰੋਹਬ ਪਾਉਣ ਵਾਲੇ ਹੁੰਦੇ ਹਨ। 20. ਉਹ ਸੂਮ ਹੁੰਦੇ ਹਨ ਤੇ ਆਪਣੀ ਕੋਈ ਚੀਜ਼ ਕਿਸੇ ਨੂੰ ਨਹੀਂ ਦਿੰਦੇ। 21. ਉਹ ਆਪਣੇ ਹੁਕਮ ਦੀ ਪਾਲਣਾ ਲੋਚਦੇ ਹਨ। 22. ਉਹ ਜਖੀਰੇਬਾਜ਼ ਹੁੰਦੇ ਹਨ ਅਤੇ ਬਿਨਾ ਲੋੜ ਤੋਂ ਚੀਜ਼ਾਂ ਇੱਕਠੀਆਂ ਕਰਦੇ ਹਨ। 23. ਉਹ ਪਰਮਾਰਥੀ ਨਹੀਂ ਹੁੰਦੇ, ਸਗੋਂ ਦੂਜਿਆਂ ਦਾ ਸੋਸ਼ਣ ਕਰਨ ਵਾਲੇ ਹੁੰਦੇ ਹਨ। 24. ਉਹ ਆਪਣੀ ਮਾਇਆ ਤੇ ਮਾਨ ਸਨਮਾਨ ਲਈ ਆਪਣੇ ਬੱਚਿਆਂ ਦੇ ਭਵਿੱਖ ਦੀ ਪਰਵਾਹ ਵੀ ਨਹੀਂ ਕਰਦੇ। 25. ਉਹ ਵਿਆਹ ਸ਼ਾਦੀਆਂ ਵਿਚ ਭਾਰੀ ਦਹੇਜ ਤੇ ਬਰਾਤੀਆਂ ਦੀ ਸੇਵਾ ਚਾਹੁੰਦੇ ਹਨ।

ਇਹ ਫੁੱਲ ਦਵਾਈ ਝੂਠੇ ਵਾਅਦੇ ਕਰਨ ਵਾਲੇ ਰਾਜਨੀਤਕ ਲੀਡਰਾਂ, ਰਿਸ਼ਵਤਖੋਰੀ ਮੁਲਾਜ਼ਮਾਂ, ਨਾਜਾਇਜ਼ ਧੰਦੇ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ, ਬਿਨਾ ਵਜ੍ਹਾ ਖਾਤਰਦਾਰੀ ਕਰਨ ਵਾਲੇ ਪਾਖੰਡੀਆਂ ਤੇ ਘੜੀਮੁੜੀ ਚਾਹ ਪਾਣੀ ਪੁੱਛਣ ਵਾਲੇ ਦੂਹਰੇ ਅੰਦਾਜ਼ ਵਾਲੇ ਮੇਜ਼ਮਾਨਾਂ ਸਮੇਤ ਕਿਸੇ ਨੂੰ ਵੀ ਦਿੱਤੀ ਜਾ ਸਕਦੀ ਹੈ। ਕੋਈ ਵੀ ਅਜਿਹਾ ਵਿਅਕਤੀ, ਜਿਸ ਦੀ ਮੁੱਠੀ ਖੁੱਲ੍ਹੀ ਨਹੀਂ ਹੈ, ਭਾਵ ਜੋ ਸੂਮ ਹੈ ਤੇ ਸਭ ਕੁਝ ਆਪਣੇ ਵਲ ਨੂੰ ਖਿੱਚਦਾ ਹੈ ਅਤੇ ਦੂਜਿਆਂ ਨੂੰ ਕੁਝ ਵੀ ਦੇ ਕੇ ਰਾਜੀ ਨਹੀਂ ਹੈ, ਉਸ ਨੂੰ ਇਹ ਭਰੋਸੇ ਨਾਲ ਦਿੱਤੀ ਜਾ ਸਕਦੀ ਹੈ। ਰਿਕਸ਼ੇ ਵਾਲੇ ਤੇ ਰੇਹੜੀ ਵਾਲਿਆਂ ਨਾਲ ਤੋਲ ਭਾਅ ਲਈ ਬਹਿਸਣ ਵਾਲਿਆਂ, ਰਾਹ ਚਲਦੇ ਗਲੀ ਵਿਚ ਕੂੜਾ ਸੁੱਟਣ ਵਾਲਿਆਂ ਨੂੰ ਬੁਰਾ ਭਲਾ ਕਹਿਣ ਵਾਲਿਆਂ, ਕੰਧ ਬਣਾ ਰਹੇ ਰਾਜ ਮਿਸਤਰੀਆਂ ਨਾਲ ਟੋਕਾ ਟੋਕੀ ਕਰਨ ਵਾਲੀਆਂ ਤੇ ਸਫਾਈ ਵਾਲੀਆਂ ਬੀਬੀਆਂ ਨਾਲ ਪੰਗਾ ਲੈਣ ਵਾਲੀਆਂ ਤ੍ਰੀਮਤਾਂ ਲਈ ਇਹ ਬੇਹੱਦ ਜਰੂਰੀ ਹੈ। ਇਸ ਦੇ ਲੈਣ ਨਾਲ ਇਸ

*(ਬਾਕੀ ਅਗਲੇ ਸਫੇ 'ਤੇ)*

# ਤਰਤਾਲੀ ਡਾਲਰੀ ਅੰਬ

ਤਰਤਾਲੀ ਡਾਲਰ ਦੇ ਅੰਬ ਦੀ ਗੱਲ ਮੈਂ ਬਾਅਦ 'ਚ ਕਰੂੰ, ਪਹਿਲਾਂ ਅੰਬਾਂ ਵਾਰੇ ਜਰਾ ਗੱਲ ਕਰਦੇ ਹਾਂ। ਅੰਬਾਂ ਦੀਆਂ ਬੜੀਆਂ ਕਿਸਮਾਂ ਹਨ। ਸੰਧੂਰੀ ਅੰਬ, ਸਹਾਰਨਪੁਰੀ ਅੰਬ, ਹੁਸ਼ਿਆਰਪੁਰੀ ਅੰਬ, ਦੁਸਹਿਰੀ ਅੰਬ, ਟਪਕਾ ਅੰਬ, ਕਲਮੀ ਅੰਬ; ਇਤਿਆਦਿ। ਅੰਬ ਦਾ ਨਾਂ ਸੁਣ ਕੇ ਮੇਰੇ ਮੂੰਹ 'ਚ ਪਾਣੀ ਆ ਜਾਂਦਾ ਹੈ। ਬਚਪਨ 'ਚ ਰੱਜ ਕੇ ਚੂਪੇ ਅੰਬਾਂ ਦਾ ਜਦ ਚੇਤਾ ਆਉਂਦਾ ਤਾਂ ਮੂੰਹ ਉਵੇਂ ਸੁਆਦ ਨਾਲ ਭਰ ਜਾਂਦਾ, ਜਿਵੇਂ ਸੱਚੀਂ-ਮੁੱਚੀਂ ਅੰਬ ਚੂਪ ਰਹੇ ਹੋਈਏ। ਸਾਡੇ ਪਿੰਡ ਅੰਬਾਂ ਦੇ ਬਾਗ ਵੀ ਸਨ, ਪਰ ਨਾਲ ਹੀ ਬਹੁਤੇ ਖੂਹਾਂ 'ਤੇ ਵੀ ਅੰਬਾਂ ਅਤੇ ਜਾਮਣਾਂ ਦੇ ਦਰਖਤ ਆਮ ਸਨ; ਸਾਡੇ ਖੂਹ ਦੇ ਬੰਜਰ 'ਚ ਤਾਂ ਤੂਤਾਂ ਦੇ ਭਾਰੀ ਦਰਖਤਾਂ ਦੀ ਝਿੜੀ ਹੀ ਸੀ, ਪਰ ਅੰਬਾਂ ਦਾ ਕੋਈ ਦਰਖਤ ਨਹੀਂ ਸੀ। ਸਾਡੇ ਲੇਹੀ ਵਾਲੇ



ਕਲਵੰਤ ਸਿੰਘ ਸਹੋਤਾ
ਫੋਨ: 604-589-5919

ਖੇਤਾਂ ਦੇ ਬੰਨੇ ਨਾਲ ਲਗਦਾ ਚਾਰ-ਪੰਜ ਏਕੜ 'ਚ ਅੰਬਾਂ ਦਾ ਇੱਕ ਬਾਗ ਸੀ, ਤੇ ਸਾਡੇ ਉਸ ਦੇ ਨਾਲ ਲਗਦੇ ਖੇਤ ਦਾ ਨਾਉਂ ਵੀ ਬਾਗ ਵਾਲਾ ਖੇਤ ਹੀ ਪੈ ਗਿਆ ਸੀ। ਬਰਸਾਤਾਂ ਦੇ ਮੌਸਮ 'ਚ ਜਦੋਂ ਅੰਬ ਪੱਕਦੇ ਤਾਂ ਰੱਜ ਰੱਜ ਅੰਬ ਚੂਪਣਾ ਆਮ ਬਣ ਜਾਂਦਾ।

ਸਾਡੇ ਪਿੰਡ, ਹੁਸ਼ਿਆਰਪੁਰ ਜਿਲੇ ਦੇ ਪਿੰਡਾਂ ਵਾਂਗੂੰ ਤਾਂ ਅੰਬਾਂ ਦਾ ਗੜ੍ਹ ਨਹੀਂ ਸੀ, ਪਰ ਸਾਡੇ ਪਿੰਡ ਦੇ ਬਾਗਾਂ ਦੇ ਅੰਬ ਪਿੰਡ ਵਾਸੀਆਂ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਦੀ ਲੋੜ ਨਾਲੋਂ ਵੱਧ ਹੁੰਦੇ ਸਨ। ਆਪਣੀ ਮਰਜ਼ੀ ਨਾਲ ਬਾਗ 'ਚੋਂ ਮਨ ਪਸੰਦ ਦੇ ਦਰਖਤ ਦੇ ਅੰਬ ਤੁੜਵਾ ਕੇ ਲਿਆਉਣੇ ਤੇ ਘਰ ਆ, ਪਾਣੀ ਦੀ ਠੰਢੀ ਬਾਲਟੀ 'ਚ ਕੁਝ ਚਿਰ ਰੱਖ ਉਪਰੰਤ ਚੂਪਣ ਦਾ ਜੋ ਮਜਾ ਆਉਂਦਾ ਸੀ, ਉਹ ਸ਼ਹਿਰੋਂ ਲਿਆਂਦੇ ਕੱਟ ਕੇ ਖਾਧੇ ਕਲਮੀ ਅੰਬਾਂ ਦਾ ਨਹੀਂ ਸੀ ਆਉਂਦਾ। ਠੰਢੇ ਪਾਣੀ 'ਚ, ਠੰਢੇ ਹੋਏ ਅੰਬ ਜਦੋਂ ਸੜ੍ਹਾਕੇ ਮਾਰ ਮਾਰ ਚੂਪਣੇ ਤੇ ਮਗਰੋਂ ਛਿੱਲ ਨਾਲ ਚਿਪਕਿਆ, ਰਹਿੰਦਾ ਗੁੱਦਾ ਦੰਦਾਂ ਨਾਲ ਚਰੂੰਡਣ ਉਪਰੰਤ ਅੰਬ ਦੀ ਗਿਟਕ ਨੂੰ ਚੂਪੀ ਹੀ ਤੁਰੇ ਜਾਣਾ, ਜਿੰਨਾ ਚਿਰ ਅੰਬ ਦੀ ਗਿਟਕ ਚੂਪ ਚੂਪ ਰਤੇ ਪਟੱਕ ਥਾਂ ਵਰਗੀ ਨਾ ਹੋ ਜਾਏ, ਜਾਂ ਇੰਜ ਕਹਿ ਲਓ ਕਿ ਗੰਜੇ ਦੇ ਸਿਰ ਵਰਗੀ ਨਾ ਹੋ ਜਾਂਦੀ।

ਘਰ ਦੇ ਵਿਹੜੇ 'ਚ ਠੰਢੀ ਨਿੰਮ ਦੇ ਦਰਖਤ ਦੀ ਛਾਂਵੇਂ ਮੰਜਿਆਂ 'ਤੇ ਬੈਠ, ਵਿਚਕਾਰ ਠੰਢੇ ਪਾਣੀ 'ਚ ਅੰਬਾਂ ਦੀ ਭਰੀ ਬਾਲਟੀ ਰੱਖ, ਅੰਬ ਚੂਪਣ ਵਾਲੇ ਬਾਕੀ ਦੇ ਜੀਆਂ ਦੇ ਬਣੇ ਝੁਰਮਟ 'ਚ ਬੈਠਿਆਂ ਮਨ 'ਚ ਕਾਹਲ ਰਹਿੰਦੀ ਸੀ ਕਿ ਦਬਾ-ਦਬ ਹੱਥ ਫੜਿਆ ਅੰਬ ਚੂਪ, ਅਗਲਾ ਵਧੀਆ ਰਸੇ ਵਾਲਾ ਅੰਬ ਛੇਤੀ ਚੁੱਕੀਏ ਮਤਾਂ ਕੋਈ ਹੋਰ ਨਾ ਪਹਿਲਾਂ ਚੂਪ ਜਾਏ। ਕਈ ਅਣਜਾਣ ਤਾਂ ਅੰਬ ਚੂਪਦਿਆਂ ਆਪਣੀ ਕਮੀਜ਼ ਦੀਆਂ ਬਾਹਾਂ ਅਤੇ ਕਫ ਅੰਬ ਦੇ ਰਸੇ ਨਾਲ ਗੜੁੱਚ ਕਰ ਲਿਆ ਕਰਦੇ ਸਨ। ਅੰਬ ਚੂਪਣ ਦੇ ਮਾਹਰ ਤਾਂ ਕਮੀਜ਼ ਦੀਆਂ ਬਾਹਾਂ ਕੂਹਣੀਆਂ ਤੱਕ ਉਪਰ ਚੜ੍ਹਾ, ਮੰਜੇ ਦੀ ਬਾਹੀ 'ਤੇ ਬੈਠ, ਥੋੜ੍ਹਾ ਮੂਹਰੇ ਨੂੰ ਮੂਧੇ ਹੋ ਚੂਪਦੇ ਤਾਂ ਡਿਗਦਾ ਅੰਬ ਦਾ ਰਸਾ ਧਰਤੀ 'ਤੇ ਹੀ ਡਿਗਦਾ, ਨਾ ਕਿ ਗੋਡਿਆਂ ਜਾਂ ਕਮੀਜ਼ ਦਿਆਂ ਕਫਾਂ 'ਤੇ।

ਇਸ ਤਰ੍ਹਾਂ ਅੰਬ ਚੂਪਣ ਦਾ ਇੱਕ ਵੱਖਰਾ ਹੀ ਅਨੰਦ ਅਤੇ ਲਹਿਜਾ ਸੀ। ਸਮੇਂ ਦੇ ਗੇੜ ਨੇ ਬਹੁਤ ਕੁਝ ਬਦਲ ਦਿੱਤਾ, ਸਾਡੇ ਪਿੰਡ ਦੇ ਸਾਰੇ ਅੰਬਾਂ ਦੇ ਬਾਗ ਹੁਣ ਪੁੱਟੇ ਗਏ ਹਨ ਤੇ ਉੱਥੇ ਕਣਕ ਅਤੇ ਝੋਨਾ ਬੀਜ ਹੁੰਦਾ ਹੈ; ਸਿਰਫ ਇੱਕ ਬੇਰਾਂ ਦਾ ਬਹੁਤ ਵੱਡਾ ਬਾਗ ਜਰੂਰ ਹੈਗਾ, ਜਿਸ ਦੇ ਬੇਰ ਹਾਲੇ ਵੀ ਦੂਰ ਦੂਰ ਤੱਕ ਮਸ਼ਹੂਰ ਹਨ।

ਚਾਰ ਦਹਾਕਿਆਂ ਤੋਂ ਵੱਧ ਸਮਾਂ ਪਿੰਡ ਛੱਡਿਆ ਹੋਣ ਉਪਰੰਤ, ਕੈਨੇਡਾ ਆ ਕੇ ਵੀ ਮੇਰਾ ਅੰਬਾਂ ਪ੍ਰਤੀ ਮੋਹ ਭੰਗ ਨਹੀਂ ਹੋਇਆ। ਵੈਸੇ ਤਾਂ ਅੰਬ ਸਾਰਾ ਸਾਲ ਹੀ ਇੱਥੇ ਮਿਲਦੇ ਹਨ, ਪਰ ਫਰਵਰੀ ਤੋਂ ਜੁਲਾਈ ਤੱਕ ਸੈਂਟਰਲ ਅਮਰੀਕਾ ਦੇ ਮੁਲਕਾਂ ਤੋਂ ਦਰਾਮਦ ਹੋਏ ਵੱਖੋ ਵੱਖਰੇ ਅੰਬਾਂ ਦਾ ਸੁਆਦ ਕਈ ਵਾਰੀ ਪੰਜਾਬ 'ਚ ਚੂਪੇ ਅੰਬਾਂ ਵਾਂਗ ਹੀ ਅਨੰਦ ਦਿੰਦਾ ਹੈ। ਰਾਜਨ ਅੰਬ, ਹੇਡਨ ਅੰਬ, ਸਿਟੀ ਅੰਬ, ਸਵੀਟ ਪੈਸਿਫਿਕ ਆਦਿ ਵੱਖੋ ਵੱਖਰੇ ਕਮਰਸ਼ੀਅਲ ਨਾਂਵਾਂ ਥੱਲੇ ਡੱਬਿਆਂ 'ਚ ਮਿਲਦੇ ਹਨ; ਅੰਬਾਂ ਦਾ ਡੱਬਾ, ਜਿਸ 'ਚ ਅੰਬਾਂ ਦੇ ਆਕਾਰ ਮੁਤਾਬਕ ਸੱਤ ਤੋਂ ਚੌਦਾਂ ਅੰਬ ਹੁੰਦੇ ਹਨ ਤੇ ਕੀਮਤ ਦਸ ਤੋਂ ਪੰਦਰਾਂ ਡਾਲਰ ਹੁੰਦੀ ਹੈ, ਆਮ ਦੇਸੀ ਸਟੋਰਾਂ 'ਤੇ ਮਿਲਦੇ ਰਹਿੰਦੇ ਹਨ ਤੇ ਸਾਰੀਆਂ ਗਰਮੀਆਂ ਅੰਬਾਂ ਦਾ ਸੁਆਦ ਰੱਜ ਰੱਜ ਚੱਖੀਦਾ।

ਮੈਂ ਅੰਬਾਂ ਦੇ ਬਾਗਾਂ ਵਲ ਮੁੜ ਆਉਨਾਂ, ਸਾਡੇ ਇਲਾਕੇ 'ਚ ਤਿੰਨ ਮਸ਼ਹੂਰ ਅੰਬਾਂ ਦੇ ਬਾਗ ਸਨ, ਦੋ ਸਾਡੇ ਪਿੰਡ ਦੀ ਜੂਹ 'ਚ ਫਿਰਨੀ ਦੇ ਕੋਲ ਤੇ ਤੀਸਰਾ ਪਿੰਡ ਦੇ ਚੜ੍ਹਦੇ ਪਾਸੇ ਮੀਲ ਕੁ ਦੇ ਫਾਸਲੇ 'ਤੇ ਸੀ। ਉਹ ਲਾਗਲੇ ਪਿੰਡ ਦੇ ਖੇਤਾਂ 'ਚ ਸੀ, ਪਰ ਸਾਡੇ ਖੇਤ ਨਾਲ ਉਸ ਦਾ ਬੰਨਾ ਲਗਦਾ ਸੀ। ਤਿੰਨਾਂ ਹੀ ਬਾਗਾਂ ਦੇ ਮਾਲਕ ਉਨ੍ਹਾਂ ਸਮਿਆਂ 'ਚ ਬਾਗਬਾਨੀ ਦੇ ਬਹੁਤ ਮਾਹਿਰ ਸਨ। ਸਾਡੇ ਖੇਤ ਨਾਲ ਲਗਦਾ ਅੰਬਾਂ ਦਾ ਬਾਗ ਮਹਾਂ ਸਿੰਘ ਦਾ ਸੀ ਤੇ ਦੂਸਰੇ ਦੋ ਬਾਗਾਂ ਦੇ ਮਾਲਕ ਜਸਵੰਤ ਸਿੰਘ ਤੇ ਪ੍ਰਤਾਪ ਸਿੰਘ ਸਨ; ਉਨ੍ਹਾਂ ਵੱਖੋ ਵੱਖਰੀਆਂ ਪਿਉਂਦਾਂ ਚਾੜ੍ਹ ਕੇ ਕਈ ਵੱਖਰੀਆਂ ਹੀ ਕਿਸਮਾਂ ਅਤੇ ਸੁਆਦਾਂ/ਸੁਭਾਵਾਂ ਦੇ ਦਰਖਤ ਉਗਾਏ ਹੋਏ ਸਨ। ਜਸਵੰਤ ਸਿੰਘ, ਜੋ ਸਾਡੇ ਪਿੰਡ ਦਾ ਕਿੰਨਾ ਹੀ ਚਿਰ ਕਾਮਯਾਬ ਤੇ ਸਤਿਕਾਰਤ ਸਰਪੰਚ ਵੀ ਰਿਹਾ, ਉਸ ਦਾ ਗੱਭਰੂ ਪੁੱਤ ਮਰ ਗਿਆ, ਜਿਸ ਦਾ ਨਾਂ ਬਲਦੇਵ ਸਿੰਘ ਸੀ: ਜਸਵੰਤ ਸਿੰਘ ਨੇ ਉਸ ਦੇ ਨਾਉਂ 'ਤੇ ਉਸ ਦੀ ਯਾਦ ਵਿਚ, ਪਿਉਂਦ ਚਾੜ੍ਹ ਕੇ ਇੱਕ ਐਸਾ ਅੰਬ ਦਾ ਦਰਖਤ ਆਪਣੇ ਬਾਗ ਵਿਚ ਉਗਾਇਆ ਕਿ ਉਸ ਦਰਖਤ ਦੇ ਅੰਬਾਂ ਦਾ ਸੁਆਦ ਵੱਖਰਾ ਤੇ ਜ਼ਾਇਕਾ ਵੀ ਅਲਹਿਦਾ ਹੀ ਸੀ; ਉਸ ਅੰਬ ਦੇ ਦਰਖਤ ਦਾ ਨਾਉਂ ਵੀ ਉਸ ਬਲਦੇਵ ਅੰਬ ਰੱਖਿਆ। ਅਸੀਂ ਜਦੋਂ ਅੰਬਾਂ ਦੀ ਰੁੱਤੇ, ਬਾਗ 'ਚੋਂ ਅੰਬ ਲੈਣ ਜਾਣਾ ਤਾਂ ਕਹਿਣਾ ਕਿ ਅਸੀਂ ਬਲਦੇਵ ਅੰਬ ਲੈਣੇ ਹਨ। ਉਨ੍ਹਾਂ ਅੰਬਾਂ ਦਾ ਭਾਅ ਦੂਸਰੇ ਅੰਬਾਂ ਦੇ ਮੁਕਾਬਲੇ ਕੁਝ ਮਹਿੰਗਾ ਸੀ, ਪਰ ਡਾਢੇ ਸੁਆਦੀ ਹੋਣ ਕਰਕੇ ਮਹਿੰਗਾ ਭਾਅ ਕਦੇ ਚੁੱਭਿਆ ਨਹੀਂ ਸੀ। ਪ੍ਰਤਾਪ ਸਿੰਘ ਤੇ ਜਸਵੰਤ ਸਿੰਘ ਦੇ ਅੰਬਾਂ ਦੇ ਬਾਗ ਨਾਲੋ ਨਾਲ ਸਨ, ਦੋਹਾਂ ਦੇ ਵਿਚਕਾਰ ਇੱਕ ਖੂਹ ਸੀ, ਜਿਸ 'ਤੇ ਹਲਟ ਲੱਗਾ ਸੀ। ਇਸ ਹਲਟ ਤੋਂ ਹੀ ਦੋਹਾਂ ਬਾਗਾਂ ਦਾ ਸੋਜਾ ਹੁੰਦਾ ਸੀ। ਬਰਸਾਤਾਂ ਮੌਕੇ ਜਦੋਂ ਅੰਬ ਪੱਕਦੇ ਸਨ ਤਾਂ ਦੂਰ ਦੂਰ ਤੱਕ ਉਨ੍ਹਾਂ ਦੀ ਵਿੱਕਰੀ ਹੁੰਦੀ ਸੀ। ਛੋਟੇ ਹੁੰਦਿਆਂ ਉਨ੍ਹਾਂ ਅੰਬਾਂ ਦਾ ਪਿਆ ਚਸਕਾ, ਹਾਲੇ ਵੀ ਅੰਬ ਦਾ ਨਾਂ ਸੁਣਦਿਆਂ ਮੇਰੇ ਮੂੰਹ 'ਚ ਪਾਣੀ ਆ ਜਾਂਦਾ ਹੈ।

ਹੁਣ ਮੈਂ ਤਰਤਾਲੀ ਡਾਲਰ ਦੇ ਅੰਬ ਵਲ ਆਉਨਾਂ। ਮੇਰੀ ਪੋਤੀ, ਹੈ ਭਾਵੇਂ ਪੰਜ ਸਾਲ ਦੀ, ਪਰ ਅੰਬਾਂ ਦੀ ਬਹੁਤ ਸ਼ੌਕੀਨ ਹੈ। ਹਾਲੇ ਇੱਕ ਸਾਲ ਦੀ ਹੀ ਸੀ ਕਿ ਐਸਾ ਅੰਬ ਖਾਣ ਦਾ ਮੂੰਹ ਸੁਆਦ ਬਣਿਆ ਕਿ ਅੰਬਾਂ ਦੇ ਮੌਸਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਅੰਬ ਅੰਬ ਕਰਨ ਲੱਗੂ। ਦੇਸੀ ਅਖਬਾਰਾਂ ਦੇ ਮਗਰਲੇ ਸਫੇ 'ਤੇ, ਦੇਸੀ ਸਟੋਰਾਂ ਵਾਲਿਆਂ ਦੀਆਂ ਫਲਾਂ ਅਤੇ ਸਬਜ਼ੀਆਂ ਦੀਆਂ ਫੋਟੋ, ਸਮੇਤ ਭਾਅ ਆਮ ਛਪੀਆਂ ਹੁੰਦੀਆਂ। ਹਾਲੇ ਸਾਲ ਦੀ ਵੀ ਨਹੀਂ ਸੀ ਹੋਈ ਕਿ ਅਖਬਾਰਾਂ 'ਚ ਸਭ ਫੋਟੋਆਂ ਤੇ ਉਂਗਲੀ ਧਰ ਕੇ ਦੱਸ ਦਿੰਦੀ ਸੀ ਕਿ ਇਹ ਅੰਬ ਹੈ, ਸੰਤਰਾ ਹੈ, ਗੋਭੀ ਹੈ, ਸਿਊ ਹੈ; ਇਤਿਆਦਿ: ਪੰਜਾਬੀ ਅਤੇ ਅੰਗਰੇਜ਼ੀ-ਦੋਹਾਂ 'ਚ ਹੀ ਨਾਉਂ ਜਾਣ ਗਈ ਸੀ, ਤੇ ਅੰਬਾਂ ਦੀ ਸ਼ੌਕੀਨ ਵੀ ਉਦੋਂ ਤੋਂ ਹੀ ਹੋ ਗਈ ਸੀ।



ਜਨਮ ਤੋਂ ਬਾਅਦ ਸਾਲ ਤੱਕ ਤਾਂ ਮਾਂ ਨਾਲ ਘਰ ਰਹੀ, ਜਦੋਂ ਮਾਂ ਕੰਮ 'ਤੇ ਜਾਣ ਲੱਗੀ ਤਾਂ ਉਸ ਨੂੰ ਡੇਅ-ਕੇਅਰ ਛੱਡਣਾ ਪਿਆ। ਕੁਝ ਚਿਰ ਹੀ ਹਾਲੇ ਹੋਇਆ ਸੀ ਜਾਂਦੀ ਨੂੰ ਕਿ ਆਪਣੀ ਕੇਅਰ-ਟੇਕਰ ਟੀਚਰ ਨੂੰ ਪੰਜਾਬੀ 'ਚ ਕਹਿਣ ਲੱਗੀ, "ਬਾਬਾ ਜੀ ਡੱਬਾ ਅੰਬ।" ਉਨ੍ਹਾਂ ਨੂੰ ਸਮਝ ਨਾ ਆਏ ਤੇ "ਬਾਬਾ ਜੀ ਡੱਬਾ ਅੰਬ-ਡੱਬਾ ਅੰਬ" ਕਰੀ ਜਾਇਆ ਕਰੇ: ਆਖਿਰ ਟੀਚਰ ਨੇ ਇੱਕ ਦਿਨ, ਜਦੋਂ ਮੇਰਾ ਬੇਟਾ ਕੰਮ ਤੋਂ ਹਟ ਉਸ ਨੂੰ ਲੈਣ ਗਿਆ ਤਾਂ ਪੁੱਛ ਹੀ ਲਿਆ ਕਿ ਇਹ "ਬਾਬਾ ਜੀ ਡੱਬਾ ਅੰਬ..." ਕਹਿੰਦੀ ਰਹਿੰਦੀ ਹੈ, ਸਾਨੂੰ ਸਮਝ ਨਹੀਂ ਆਉਂਦਾ ਕਿ ਕੀ ਕਹਿੰਦੀ ਹੈ? ਸਾਰੇ ਟੀਚਰਾਂ ਦੀਆਂ ਹੱਸ ਹੱਸ ਵੱਖੀਆਂ ਟੁੱਟ ਗਈਆਂ, ਜਦੋਂ ਮੇਰੇ ਬੇਟੇ ਨੇ ਦੱਸਿਆ ਕਿ ਇਹ ਕਹਿੰਦੀ ਹੈ ਕਿ ਮੇਰਾ ਬਾਬਾ ਜੀ ਅੰਬਾਂ ਦਾ ਡੱਬਾ ਲਿਆਇਆ ਹੈ, ਤੇ ਅੱਗੋਂ ਇਹ ਦੱਸ ਨਾ ਸਕੇ ਕਿ ਉਹ ਵੜੇ ਸੁਆਦ ਨਾਲ ਖਾਂਦੀ ਹੈ, ਪਰ ਇੱਥੇ ਡੇਅ-ਕੇਅਰ 'ਚ ਅੰਬ ਦੁਪਹਿਰ ਦੇ ਖਾਣੇ ਨਾਲ ਮਿਲਦੇ ਨਹੀਂ!

ਹੁਣ ਉਹ ਪੰਜ ਸਾਲ ਦੀ ਹੋ ਗਈ ਹੈ, ਅੰਬਾਂ ਦੀ ਸ਼ੌਕੀਨ ਮੇਰੇ ਨਾਲੋਂ ਵੀ ਜ਼ਿਆਦਾ ਹੈ। ਹਾਲੇ ਫਰਵਰੀ 'ਚ ਅੰਬਾਂ ਦਾ ਸੀਜ਼ਨ ਸ਼ੁਰੂ ਵੀ ਨਹੀਂ ਸੀ ਹੋਇਆ ਕਿ ਦੇਸੀ ਅਖਬਾਰ ਦੇ ਮਗਰਲੇ ਸਫੇ 'ਤੇ ਅੰਬਾਂ ਦੇ ਡੱਬੇ ਦੀ ਫੋਟੋ ਦੇਖ ਕੇ ਕਹਿਣ ਲੱਗੀ, "ਬਾਬਾ ਜੀ ਅੰਬ ਲਿਆਓ।" ਮੈਂ ਦੋ-ਚਾਰ ਦਿਨ ਤਾਂ ਟਾਲਦਾ ਰਿਹਾ ਕਿ ਲਿਆਵਾਂਗਾ, ਪਰ ਜਦ ਨਾ ਹੀ ਹਟੀ ਤਾਂ ਉਚੇਚਾ ਉਸੇ ਸਟੋਰ ਨੂੰ ਤੁਰ ਪਿਆ, ਜਿਸ ਸਟੋਰ ਦੀ ਮਸ਼ਹੂਰੀ (ਐਡ) ਦਾ ਉਸ ਅੰਬਾਂ ਦਾ ਡੱਬਾ ਦੇਖਿਆ ਸੀ। ਸਟੋਰ ਪਹੁੰਚ, ਅੰਦਰ ਜਾ ਕੇ ਦੇਖਿਆ ਤਾਂ ਅੰਬ ਕਿਸੇ ਕੰਮ ਦੇ ਨਾ! ਉਨ੍ਹੀਂ ਪੈਰੀਂ ਬਰੰਗ ਮੁੜ ਪਿਆ, ਬਾਹਰ ਆ ਪਾਰਕਿੰਗ ਲਾਟ 'ਚ ਆਪਣੀ ਗੱਡੀ ਰੀਵਰਸ ਕਰਦਿਆਂ, ਪਿਛਲੇ ਪਾਸੇ ਖੜ੍ਹੀ ਵੈਨ 'ਚ ਠਾਹ ਜੜ ਦਿੱਤੀ, ਪਤਾ ਉਦੋਂ ਲੱਗਾ ਜਦੋਂ ਜ਼ੋਰ ਨਾਲ ਖੜਕਾ ਹੋਇਆ। ਸੱਜੇ ਪਾਸੇ ਸ਼ੀਸ਼ੇ 'ਚ ਦੇਖੀ ਗਿਆ ਰੀਅਰ ਵਿਊ ਮਿਰਰ ਵਲ ਧਿਆਨ ਨਾ ਕੀਤਾ! ਗੱਡੀ ਜਿੱਥੋਂ ਕੱਢ ਰਿਹਾ ਸੀ, ਮੁੜ ਉੱਥੇ ਲਾ ਜਦੋਂ ਬਾਹਰ ਨਿਕਲਿਆ ਤਾਂ ਉਸੇ ਵੈਨ ਦਾ ਮਾਲਕ ਵੀ ਦੋ ਝੋਲ਼ ਹੱਥਾਂ 'ਚ ਲਮਕਾਈ ਉਸੇ ਸਟੋਰ 'ਚੋਂ ਸੌਦਾ ਚੁੱਕੀ ਆਉਂਦਾ ਆ ਪੁੱਜਿਆ; ਪੈਂਦੀ ਸੱਟੇ ਹੀ ਕਹਿੰਦਾ, "ਠੋਕ ਦਿੱਤੀ?" ਮੈਂ ਕਿਹਾ "ਹਾਂ ਬਈ, ਮੈਥੋਂ ਤੇਰੀ ਵੈਨ 'ਚ ਗੱਡੀ ਵੱਜ ਗਈ।" ਜੁਆਬ ਸੁਣ ਕੇ ਉਸ ਆਪਣਾ ਲੈਕਚਰ ਝਾੜਨਾ ਸ਼ੁਰੂ ਕਰ ਦਿੱਤਾ, "ਗੱਡੀ ਧਿਆਨ ਨਾਲ ਚਲਾਇਆ ਕਰ, ਬੇਧਿਆਨਾ ਕਿਸੇ ਨੂੰ ਮਾਰ ਦਏਂਗਾ ਜਾਂ ਆਪ ਮਰ ਜਾਏਂਗਾ...।" ਮੈਂ ਕਿਹਾ, "ਠੀਕ ਹੈ, ਮੈਂ ਆਪਣੇ ਪੇਪਰ ਲਿਆਉਨਾਂ, ਤੂੰ ਆਪਣੇ ਕੱਢ, ਆਪਾਂ ਜਾਣਕਾਰੀ ਤਬਦੀਲ ਕਰ ਲਈਏ।"

ਅੱਗੋਂ ਇੱਕ ਦਮ ਬੋਲਿਆ, "ਮੈਨੂੰ ਨਹੀਂ ਕੁਝ ਚਾਹੀਦਾ, ਮੈਂ ਨਹੀਂ ਪੇਪਰ ਲਿਆਉਣੇ।" ਮੈਂ ਸੋਚਿਆ ਮਖੌਲ ਕਰਦਾ ਹੋਊ, ਕਸੂਰਵਾਰ ਜੋ ਮੈਂ ਹਾਂ! ਮੁੜ ਕੇ ਮੈਂ ਆਪਣੀ ਗੱਡੀ 'ਚ ਪੇਪਰ ਕੱਢਣ ਲੱਗਾ ਤਾਂ ਉਹ ਆਪਣੀ ਵੈਨ 'ਚ ਦੋਵੇਂ ਝੋਲੇ ਧਰ, ਵੈਨ ਸਟਾਰਟ ਕਰ ਉੱਥੋਂ ਤੁਰਦਾ ਬਣਿਆ। ਜਦ ਮੈਂ ਬਾਹਰ ਨਿਕਲਿਆ ਤਾਂ ਨਾ ਉੱਥੇ ਵੈਨ ਅਤੇ ਨਾ ਹੀ ਉਹ ਆਪ।

ਮੈਂ ਹੈਰਾਨ ਪ੍ਰੇਸ਼ਾਨ ਅਚੰਭੇ ਨਾਲ ਸੋਚਣ ਲੱਗਾ ਕਿ ਕਸੂਰ ਤਾਂ ਮੇਰਾ! ਉਹ ਕਿਉਂ ਕਾਹਲੀ ਨਾਲ ਚਲਾ ਗਿਆ? ਉਸ ਦੀ ਵੱਡੀ ਵੈਨ ਦਾ ਲੋਹੇ ਦਾ ਬੰਪਰ ਸੀ, ਉੱਪਰ ਕਾਲਾ ਰੰਗ ਕੀਤਾ ਹੋਇਆ ਸੀ; ਮੇਰੀ ਗੱਡੀ 'ਤੇ ਕਾਲੇ ਰੰਗ ਦਾ ਦਾਗ ਵੀ ਝਰੀਟਿਆ ਗਿਆ ਤੇ ਪਿਛਲਾ ਬੰਪਰ ਵੀ ਦੋਫਾੜ ਹੋ ਗਿਆ। ਖਿਆਲ ਆਇਆ ਕਿ ਫਰਾਖ ਦਿਲ ਬੰਦਾ ਸੀ, ਜਿਸ ਨੇ ਮੇਰੇ 'ਤੇ ਰਹਿਮ ਕੀਤਾ; ਨਹੀਂ ਤਾਂ ਕਾਰ ਬੀਮਾ ਕੰਪਨੀ ਨੇ ਮੈਨੂੰ ਡਾਢਾ ਰਗੜਾ ਚਾੜ੍ਹਨਾ ਸੀ, ਪਰ ਥੋੜ੍ਹੇ ਚਿਰ ਬਾਅਦ ਹੀ ਖਿਆਲ ਆਉਣ ਲੱਗਾ ਅਤੇ ਯਾਦ ਆਇਆ ਕਿ ਇੱਕ ਵਾਰੀ, ਇਸੇ ਗੱਡੀ ਦੇ, ਸਾਡੇ ਘਰ ਦੇ ਮੂਹਰੇ ਖੜ੍ਹੀ ਦੇ, ਗੁਆਂਢੀਆਂ ਦੇ ਆਏ ਇੱਕ ਪ੍ਰਾਹੁਣੇ ਨੇ ਆਪਣੀ ਕਾਰ ਬੈਕ ਕਰਦਿਆਂ, ਮੂਹਰਲੇ ਬੰਪਰ 'ਚ ਆਪਣੀ ਕਾਰ ਦੇ ਪਿਛਲੇ ਭਾਰੀ ਲੋਹੇ ਦੇ ਬੰਪਰ ਦਾ ਖੂੰਜਾ ਮਾਰ ਗੋਲ ਮਘੋਰਾ ਕਰ ਦਿੱਤਾ ਸੀ। ਉਸ ਕੋਲ ਡਰਾਈਵਰ ਲਾਇਸੰਸ ਵੀ ਨਹੀਂ ਸੀ ਅਤੇ ਨਾ ਹੀ ਕਾਰ ਦੀ ਰਜਿਸਟਰੇਸ਼ਨ, ਬਿਨਾ ਕਾਗਜ਼ਾਂ ਪੱਤਰਾਂ ਦੇ ਹੀ ਕਾਰ ਚਲਾਈ ਫਿਰਦਾ ਸੀ। ਗੁਆਂਢੀਆਂ ਉਸ ਪ੍ਰਾਹੁਣੇ ਨੂੰ ਬਚਾਉਣ ਲਈ ਕਹਿ ਸੁਣ ਕੇ ਕਿਸੇ ਵਾਕਫ ਬਾਡੀ ਸ਼ਾਪ ਵਾਲੇ ਤੋਂ ਮੇਰੀ ਕਾਰ ਦਾ ਉਹ ਬੰਪਰ ਨਵਾਂ ਪੁਆ ਦਿੱਤਾ, ਜਿਸ ਦਾ ਬਾਡੀ ਸ਼ਾਪ ਵਾਲੇ ਪੰਜ ਸੌ ਡਾਲਰ ਲਿਆ; ਤੇ ਉਹ ਪੰਜ ਸੌ ਦਿੱਤਾ ਵੀ ਗੁਆਂਢੀਆਂ ਨੇ ਹੀ। ਮੈਂ ਸੋਚਾਂ ਹੁਣ ਤਾਂ ਕਸੂਰ ਮੇਰਾ ਹੈ, ਜੇ ਮੈਂ ਵੀ ਉਸੇ ਬਾਡੀ ਸ਼ਾਪ ਵਾਲੇ ਕੋਲ ਜਾ ਕੇ ਹੁਣ ਨਵਾਂ ਬੰਪਰ ਪੁਆਵਾਂ ਤਾਂ ਘੱਟੋ ਘੱਟ ਪੰਜ ਸੌ ਤਾਂ ਉਹ ਲਏਗਾ ਹੀ!

ਬੰਪਰ ਵੀ ਭੰਨਿਆ, ਅੰਬਾਂ ਦਾ ਡੱਬਾ ਵੀ ਨਾ ਮਿਲਿਆ, ਸੋਚਾਂ 'ਚ ਗੜੁੱਚ ਘਰ ਨੂੰ ਮੁੜਦਾ ਰਾਹ 'ਚ ਦੂਸਰੇ ਗਰੋਸਰੀ ਸਟੋਰ 'ਚ ਜਾ ਵੜਿਆ ਤਾਂ ਦੇਖਿਆ ਕਿ ਬਹੁਤ ਵਧੀਆ ਸੰਧੂਰੀ ਅੰਬ, ਤੇਰਾਂ ਡਾਲਰ ਦਾ ਡੱਬਾ, ਤੇ ਵਿਚ ਬਾਰਾਂ ਅੰਬ, ਦੇਖ ਮਨ ਗਦ ਗਦ ਹੋ ਗਿਆ। ਜਦ ਮੈਂ ਪੰਜਾਬ ਮਿਡਲ ਸਕੂਲ ਪੜ੍ਹਦਾ ਸੀ, ਤਾਂ ਉੱਥੇ ਮੈਥੇਮੈਟਿਕਸ (ਹਿਸਾਬ) ਦਾ ਮਾਸਟਰ (ਟੀਚਰ) ਮਹਿੰਗਾ ਰਾਮ ਸੀ; ਉਦੋਂ ਮਾਸਟਰ ਵੀ ਨਹੀਂ ਸੀ ਕਹੀਦਾ ਸਗੋਂ "ਮਾਹਟਰ ਜੀ" ਹੀ ਸੱਦੀਦਾ ਸੀ। ਜਿਹੜਾ ਮਾਸਟਰ ਮਹਿੰਗਾ ਰਾਮ ਦੀ ਮਾਰ ਝੱਲ ਹਿਸਾਬ ਦਾ ਵਿਸ਼ਾ ਪੜ੍ਹ ਜਾਂਦਾ ਸੀ, ਉਸ ਦਾ ਅਗਲੇਰੀ ਪੜ੍ਹਾਈ ਦਾ ਐਸਾ ਨਿੱਗਰ ਆਧਾਰ ਬਣ ਜਾਂਦਾ ਕਿ ਅਗਲੇਰੀਆਂ ਜਮਾਤਾਂ 'ਚ ਉਹ ਕਦੇ ਵੀ ਹਿਸਾਬ ਅਤੇ ਅਲਜਬਰੇ ਵਿਚ ਮਾਰ ਨਹੀਂ ਸੀ ਖਾਂਦਾ। ਸਬੱਬ ਨਾਲ ਮੇਰਾ ਮਾਸਟਰ ਵੀ ਉਹੀ ਸੀ ਤੇ ਮੈਨੂੰ ਉਸ ਹਿਸਾਬ ਦੇ ਵਿਸ਼ੇ 'ਚ ਪਰਪੱਕ ਕੀਤਾ ਹੋਣ ਕਰਕੇ, ਇਸ ਅੰਬਾਂ ਦੀ ਗਿਣਤੀ-ਮਿਣਤੀ ਦੇ ਮਾਮੂਲੀ ਝਮੇਲੇ 'ਚ ਫਸੇ ਨੂੰ ਹਿਸਾਬ-ਕਿਤਾਬ ਕਰਨਾ ਕੋਈ ਔਖਾ ਨਾ ਭਾਸਿਆ। ਮੈਂ ਝੱਟ-ਪੱਟ ਹਿਸਾਬ ਲਾ ਲਿਆ ਕਿ ਪੰਜ ਸੌ ਬੰਪਰ ਦਾ, ਤੇਰਾਂ ਡਾਲਰ ਦਾ ਅੰਬਾਂ ਦਾ ਡੱਬਾ, ਕੁੱਲ ਬਣੇ ਪੰਜ ਸੌ ਤੇਰਾਂ, ਨੂੰ ਤਕਸੀਮ ਕੀਤਾ ਬਾਰਾਂ ਨਾਲ, ਰਾਊਂਡ ਅਪ ਕਰਕੇ ਉੱਤਰ ਆਇਆ ਤਰਤਾਲੀ; ਤੇ ਇੰਜ ਇੱਕ ਅੰਬ ਤਰਤਾਲੀ ਡਾਲਰ ਦਾ ਪਿਆ।

ਹੁਣ ਮੈਂ ਘਰ ਨੂੰ ਆਉਂਦਾ ਸੋਚਾਂ ਕਿ ਉਹ ਭਲਾ ਲੋਕ ਕਿਉਂ ਚਲਾ ਗਿਆ? ਇੱਕ ਪਲ ਮਨ ਕਹੇ ਕਿ ਬਹੁਤ ਫਰਾਖ ਦਿਲ ਬੰਦਾ ਸੀ, ਜੋ ਮੇਰੇ 'ਤੇ ਰਹਿਮ ਕਰ ਗਿਆ! ਨਾਲ ਹੀ ਦੂਜੇ ਪਲ ਮਨ ਕਹੇ ਕਿ ਕਿਤੇ ਉਹ ਵੀ ਬਿਨਾ ਕਾਗਜ਼ਾਂ-ਪੱਤਰਾਂ ਅਤੇ ਬਿਨਾ ਡਰਾਈਵਰ ਲਾਇਸੰਸ ਤੋਂ ਹੀ ਵੈਨ ਤਾਂ ਨਹੀਂ ਚਲਾਉਂਦਾ ਹੋਊ? ਤੇ ਉਸ ਖਿਸਕਣ 'ਚ ਹੀ ਭਲਾ ਸਮਝਿਆ ਅਤੇ ਉਸ ਦੀ ਵੈਨ ਨੂੰ ਤਾਂ ਕੋਈ ਨੁਕਸਾਨ ਵੀ ਨਹੀਂ ਸੀ ਹੋਇਆ ਦਿਸਦਾ!

ਖੈਰ! ਗੱਲ ਭਾਵੇਂ ਕੁਝ ਵੀ ਹੋਵੇ; ਮੈਨੂੰ ਇੱਕ ਅੰਬ ਤਰਤਾਲੀ ਡਾਲਰ ਦਾ ਪੈ ਗਿਆ। ਨਾਲ ਹੀ ਮੈਂ ਇਹ ਵੀ ਸੋਚਾਂ ਕਿ ਅੰਬ ਭਾਵੇਂ ਤਰਤਾਲੀ ਡਾਲਰ ਦਾ ਹੀ ਹੈ, ਪਰ ਅੱਗੋਂ ਮੇਰੀ ਪੰਜ ਸਾਲ ਦੀ ਪੋਤੀ ਨੂੰ ਅੰਬਾਂ ਦਾ ਡੱਬਾ ਵੇਖ ਕੇ ਜਿਹੜੀ ਖੁਸ਼ੀ, ਸੰਤੁਸ਼ਟੀ ਤੇ ਪ੍ਰਸੰਨਤਾ ਹੋਈ ਹੈ, ਉਹ ਘੱਟੋ ਘੱਟ ਮਿਲੀਅਨ ਡਾਲਰ ਦੀ ਹੈ; ਸੋ ਇਹ ਸਭ ਕੁਝ ਹੋਣ ਦੇ ਬਾਵਜੂਦ ਵੀ ਤਰਤਾਲੀ ਡਾਲਰ ਪ੍ਰਤੀ ਅੰਬ ਕੋਈ ਘਾਟੇ ਦਾ ਸੌਦਾ ਨਹੀਂ ਲੱਗਿਆ।

## ਬੈਚ ਫੁੱਲ ਚਿਕੋਰੀ-ਮੈਂ ਹੀ ਮੈਂ

*(ਪਿਛਲੇ ਸਫੇ ਦੀ ਬਾਕੀ)*

ਦੇ ਮਰੀਜ਼ਾਂ ਦੀ ਮਾਨਸਿਕ ਅਵਸਥਾ ਵਿਚ ਤਵਾਜਨ ਆ ਜਾਵੇਗਾ ਤੇ ਉਹ ਫਰਾਖ-ਦਿਲ ਇਨਸਾਨਾਂ ਵਜੋਂ ਜਾਣੇ ਜਾਣ ਲਗ ਪੈਣਗੇ।

ਅਜਿਹੇ ਵਿਅਕਤੀਆਂ ਨੂੰ ਜੇ ਮਾਨਸਿਕ ਪੱਖੋਂ ਠੀਕ ਨਾ ਕੀਤਾ ਜਾਵੇ ਤਾਂ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਸਰੀਰਕ ਤਕਲੀਫਾਂ ਹੋ ਜਾਂਦੀਆਂ ਹਨ। ਇਨ੍ਹਾਂ ਵਿਚੋਂ ਮੁੱਖ ਬਿਮਾਰੀਆਂ, ਕਬਜ਼, ਬਵਾਸੀਰ, ਜਿਗਰ ਦੀ ਖਰਾਬੀ, ਪਿੱਤੇ ਦੇ ਪ੍ਰਕੋਪ, ਗਠੀਆ, ਸਾਹ ਚੜ੍ਹਨਾ, ਦਮਾ, ਭੁੱਖ ਨਾ ਲਗਣਾ, ਮਿਹਦੇ ਦੀ ਖਰਾਬੀ ਤੇ ਆਂਤੜੀਆਂ ਦੇ ਫੋੜੇ ਹਨ। ਇਸ ਦਵਾਈ ਦੇ ਲਗਾਤਾਰ ਸੇਵਨ ਨਾਲ ਇਹ ਮਰੀਜ਼ ਇਨ੍ਹਾਂ ਤਕਲੀਫਾਂ ਤੋਂ ਵੀ ਨਿਜ਼ਾਤ ਪਾ ਸਕਦੇ ਹਨ। ਫਿਰ ਵੀ ਕੋਈ ਇਹ ਨਾ ਸਮਝੇ ਕਿ ਇਹ ਕਿਸੇ ਮਰਜ਼ ਦੀ ਦਵਾਈ ਹੈ। ਇਹ ਤਾਂ ਸਿਰਫ ਪੁੱਠੀ ਤੇ ਘਟੀਆ ਸੋਚ ਨੂੰ ਚੜ੍ਹਦੀ ਕਲਾ ਵਾਲੀ ਕਰਦੀ ਹੈ!

## ਨੌਜਵਾਨੀ ਨਿਘਾਰ ਵੱਲ ਕਿਉਂ?

ਹਰਜੀਤ ਦਿਉਲ, ਬਰੈਂਪਟਨ

1963 ਦਾ ਸਮਾਂ। ਪਿਤਾ ਰੇਲਵੇ 'ਚ ਸਨ ਤਾਂ ਬਦਲੀ ਹੁੰਦੀ ਰਹਿੰਦੀ ਸੀ। ਗਜਰੌਲਾ (ਯੂ. ਪੀ.) ਤੋਂ ਰਾਮਪੁਰ ਦਾ ਤਬਾਦਲਾ ਹੋਇਆ। ਗਜਰੌਲਾ ਕਵਾਟਰਾਂ ਵਿਚ ਬਿਜਲੀ ਨਹੀਂ ਸੀ, ਪਰ ਰਾਮਪੁਰ ਵਿਚ ਸੀ। ਸਾਨੂੰ ਅਪਾਰ ਖੁਸ਼ੀ ਸੀ ਕਿ ਚਲੋ ਲਾਲਟੈਨ/ਲੈਂਪ ਤੋਂ ਖਹਿੜਾ ਛੁੱਟਿਆ। ਬੜਾ ਚਾਅ ਸੀ, ਪਰ ਰਾਮਪੁਰ ਸਟੇਸ਼ਨ 'ਤੇ ਅੱਪੜਦਿਆਂ ਹੀ ਜੋ ਦੇਖ ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ, ਉਹ ਸੀ ਸਟੇਸ਼ਨ 'ਤੇ ਬੁਕ ਸਟਾਲ ਦਾ ਹੋਣਾ। ਉਨ੍ਹਾਂ ਦਿਨਾਂ 'ਚ ਭਾਰਤ ਦੇ ਸਾਰੇ ਰੇਲਵੇ ਸਟੇਸ਼ਨਾਂ 'ਤੇ ਬੁਕ ਸਟਾਲਾਂ ਦਾ ਠੇਕਾ ਏ. ਐਚ. ਵ੍ਹੀਲਰ ਨਾਮੀ ਕੰਪਨੀ ਕੋਲ ਹੁੰਦਾ ਸੀ।

ਅਕਸਰ ਸ਼ਾਮ ਨੂੰ ਸਟੇਸ਼ਨ ਚਲਾ ਜਾਂਦਾ 'ਤੇ ਬੁਕ ਸਟਾਲ ਲਾਗੇ ਮੰਡਰਾਇਆ ਕਰਦਾ। ਸਟਾਲ ਦਾ ਸੰਚਾਲਕ ਸ਼ਬੀਰ ਨਾਂ ਦਾ ਇੱਕ ਮੁਸਲਮਾਨ ਸੀ। ਬਿਨਾ ਖਰੀਦੇ ਰਸਾਲਿਆਂ ਦੀ ਫਰੋਲਾ ਫਰਾਲੀ ਉਸ ਨੂੰ ਚੰਗੀ ਨਾ ਲਗਦੀ ਅਤੇ ਖਰੀਦਣ ਲਈ ਮਹੀਨੇ 'ਚ ਇੱਕ ਤੋਂ ਵੱਧ ਦਾ ਬਜਟ ਨਾ ਹੁੰਦਾ। ਪਿਆਸਾ ਸਮੁੰਦਰ ਕੰਢੇ ਬੇਬਸ ਖੜਾ ਰਹਿੰਦਾ। ਆਖਰ ਇੱਕ ਤਰਕੀਬ ਸੁੱਝੀ। ਜੇਬ ਖਰਚ ਦੇ ਸਾਰੇ ਪੈਸੇ ਇਕੱਠੇ ਕਰ ਭਾਨ ਕੋਈ ਤਿੰਨ ਕੁ ਰੁਪਏ ਬਣੀ, ਜੋ ਮੈਂ ਸ਼ਬੀਰ ਦੇ ਹੱਥ ਜਾ ਧਰੀ। ਉਹ ਸਮਝ ਗਿਆ ਤੇ ਸਿਲਸਿਲਾ ਚਲ ਨਿਕਲਿਆ। ਉਹ ਸਾਹਿਤ ਦਾ ਸਵਰਨਯੁਗ ਸੀ। ਹਿੰਦੀ 'ਚ ਸਾਰਿਕਾ, ਧਰਮਯੁਗ, ਸਪਤਾਹਕ ਹਿੰਦੁਸਤਾਨ, ਮਾਇਆ, ਨਈ ਕਹਾਨੀਆਂ, ਹੰਸ ਵਰਗੀਆਂ ਮਿਆਰੀ ਸਾਹਿਤ ਦੀਆਂ ਪਤ੍ਰਿਕਾਵਾਂ ਦੇ ਨਾਲ ਨਾਲ ਹਿੰਦੀ ਦੇ ਉੱਚ-ਕੋਟੀ ਦੇ ਲੇਖਕਾਂ ਦੀਆਂ ਬਹੁਤ ਸਾਰੀਆਂ ਕਿਤਾਬਾਂ ਤਿੰਨ ਕੁ ਰੁਪਏ ਦੀ ਭਾਨ ਬਦਲੇ 'ਚ ਹਜਮ ਕਰ ਜਾਣੀਆਂ।

ਬਾਅਦ ਵਿਚ ਪੰਜਾਬ ਆਉਂਦੇ ਜਾਂਦੇ ਪੰਜਾਬੀ ਦੀਆਂ ਸਿਰਮੌਰ ਪਤ੍ਰਿਕਾਵਾਂ ਆਰਸੀ, ਨਾਗਮਣੀ 'ਤੇ ਪ੍ਰੀਤਲੜੀ ਨਾਲ ਵਕਫੀਅਤ ਹੋਈ ਤਾਂ ਉੜੇ ਐੜੇ ਤੱਕ ਸੀਮਤ ਮੈਂ ਪੰਜਾਬੀ ਸਿੱਖਣ ਵੱਲ ਉਲਰਿਆ। ਚੰਗਾ ਸਾਹਿਤ ਮੈਨੂੰ ਕਿਸੇ ਹੋਰ ਹੀ ਦੁਨੀਆਂ ਵਿਚ ਲੈ ਜਾਂਦਾ। ਇੱਕ ਦੋਸਤ ਰਾਹੀਂ ਰੂਸੀ ਸਾਹਿਤ ਦੇ ਪੰਜਾਬੀ ਅਨੁਵਾਦ ਪੜ੍ਹਨ ਨੂੰ ਮਿਲੇ ਅਤੇ ਇਸੇ ਦੌਰਾਨ ਰਾਹੁਲ ਸਾਂਕ੍ਰਿਤਆਇਨ ਅਤੇ ਰਸੂਲ ਹਮਜ਼ਾਤੋਵ ਦੀਆਂ ਰਚਨਾਵਾਂ ਪੜ੍ਹੀਆਂ। ਇਸ ਉਪਰੰਤ ਚੰਗੇ ਸਾਹਿਤ ਦਾ ਸੂਰਜ ਢਲਣ ਲੱਗਾ। ਦੇਖਦਿਆਂ ਦੇਖਦਿਆਂ ਉਪਰੋਕਤ ਨਾਮੀ ਪਤ੍ਰਿਕਾਵਾਂ ਬੰਦ ਹੁੰਦੀਆਂ ਗਈਆਂ। ਲੋਕਾਂ ਦੀ ਪੜ੍ਹਨ 'ਚ ਰੁਚੀ ਘਟਣ ਲੱਗੀ। ਇਸ ਦੀ ਥਾਂ ਇਲੈਕਟ੍ਰੌਨਿਕ ਮੀਡੀਆ ਲੈਂਦਾ ਗਿਆ।

ਵਿਵੇਕਸ਼ੀਲ ਅਧਿਆਤਮਵਾਦ ਫੁਕਰੇ ਪਦਾਰਥਵਾਦ ਅਤੇ ਝੂਠੀ ਹਉਮੈ ਵਿਚ ਤਬਦੀਲ ਹੁੰਦਾ ਗਿਆ। ਗੁਰੂਆਂ ਦਾ ਸਭੈ ਸਾਂਝੀਵਾਲਤਾ ਦਾ ਸੰਦੇਸ਼ ਸੁੰਗੜਦਾ ਹੋਇਆ ਸੰਕੀਰਨ ਸੋਚ ਵਿਚ ਢਲਣ ਲੱਗਾ। ਭਾਵੇਂ ਵਿਗਿਆਨਕ ਕਾਢਾਂ ਅਤੇ ਭੌਤਿਕ ਸਹੂਲਤਾਂ ਨੇ ਮਨੁੱਖ ਦੀ ਜ਼ਿੰਦਗੀ ਵਿਚ ਚਮਤਕਾਰਕ ਬਦਲਾਓ ਲਿਆਂਦਾ, ਪਰ ਮੈਨੂੰ ਜਾਪਿਆ ਜਿਵੇਂ ਦੁਨੀਆਂ ਚੰਨ ਦੀ ਸੀਤਲ ਚਾਨਣੀ ਵਿਚੋਂ ਸੂਰਜ ਦੀ ਤਪਸ਼ ਵੱਲ ਵਧ ਰਹੀ ਹੋਵੇ। ਇਨਸਾਨੀਅਤ ਧਾਰਮਿਕ ਕੱਟੜਤਾ ਹੱਥੋਂ ਹਾਰਦੀ ਨਜ਼ਰ ਆਈ। ਕਿਰਦਾਰਾਂ ਦਾ ਨਿਘਾਰ ਗੰਧਲੀ ਸਿਆਸਤ ਦਾ ਕਾਰਨ ਬਣਦਾ ਰਿਹਾ। ਅੱਜ ਦੀ ਨੌਜਵਾਨੀ ਵਿਚ ਵਿਵੇਕਸ਼ੀਲਤਾ ਅਤੇ ਸੰਤੁਲਿਤ ਸੋਚ ਦੀ ਘਾਟ ਅਤੇ ਫੁਕਰਾ ਉਲਾਰਪਨ ਜ਼ਿਆਦਾ ਨਜ਼ਰੀਂ ਪੈਂਦਾ ਹੈ।

ਕਿਸਾਨ ਅੰਦੋਲਨ ਹੋਵੇ ਭਾਵੇਂ ਕੋਈ ਹੋਰ ਸਮੱਸਿਆ, ਨੌਜਵਾਨਾਂ ਦਾ ਵਤੀਰਾ ਸਭਿਅਕ ਹੱਦਾਂ ਪਾਰ ਕਰ ਮਾਰ ਖੋਰਾ ਬਣਦਾ ਜਾ ਰਿਹਾ ਪ੍ਰਤੀਤ ਹੁੰਦਾ ਹੈ। ਇਸ ਬਿਰਤੀ ਨੂੰ ਸਿਆਸਤਦਾਨ ਆਪਣੇ ਸੌੜੇ ਹਿਤਾਂ ਲਈ ਵਰਤਣ ਤੋਂ ਗੁਰੇਜ਼ ਨਹੀਂ ਕਰਦੇ। ਨਤੀਜਾ ਚਿੰਤਾਜਨਕ ਜਾਪ ਰਿਹੈ। ਕਾਸ਼ ਧਰਮ ਸਥਾਨਾਂ ਨੂੰ ਪੁਸਤਕਾਲਿਆਂ ਵਿਚ ਬਦਲ ਨੌਜਵਾਨੀ ਨੂੰ 'ਮਾਨਸ ਕੀ ਜਾਤ ਏਕ' ਹੋਣ ਵੱਲ ਪ੍ਰੇਰਿਆ ਜਾ ਸਕੇ, ਪਰ ਨਿਕਟ ਭਵਿਖ ਵਿਚ ਇਹੋ ਜਿਹੀ ਤਬਦੀਲੀ ਦੀ ਆਸ ਨਿਰਰਥਕ ਹੀ ਜਾਪ ਰਹੀ ਹੈ।

# ਆਹ ਜਾਂਦੀ ਐ ਪੈੜ...

ਜੈਲਾ ਸਾਰਾ ਦਿਨ ਤੁਰਿਆ ਰਹਿੰਦਾ। ਪਤਾ ਨਹੀਂ ਕਿਹੜੇ ਵੇਲੇ ਖਾਂਦਾ-ਪੀਂਦਾ, ਕੁਝ ਖਾਂਦਾ-ਪੀਂਦਾ ਵੀ ਜਾਂ ਨਹੀਂ। ਬਹੁਤੇ ਲੋਕ ਤਾਂ ਉਸ ਨੂੰ ਦੇਖ ਕੇ ਰਾਹ ਬਦਲ ਕੇ ਲੰਘ ਜਾਂਦੇ। ਉਸ ਦੀਆਂ ਗੱਲਾਂ ਦੀ ਕਿਸੇ ਨੂੰ ਸਮਝ ਨਹੀਂ ਸੀ ਲੱਗਦੀ। ਉਹ ਆਪਣੇ ਕੋਲ ਇੱਕ ਝੋਲਾ ਰੱਖਦਾ। ਪਤਾ ਨਹੀਂ ਕਿੰਨੇ ਕੁ ਪੁਰਾਣੇ ਅਖਬਾਰ ਸਾਂਭ ਰੱਖੇ ਸਨ। ਜੇ ਕੋਈ ਉਸ ਨੂੰ ਬੁਲਾ ਲੈਂਦਾ ਤਾਂ ਉਹ ਆਪਣੇ ਝੋਲੇ ਵਿਚੋਂ ਅਖਬਾਰ ਕੱਢਦਾ। ਉਸ ਉੱਤੇ ਪਹਿਲੀਆਂ ਦੋ ਉਂਗਲਾਂ ਰੱਖਦਾ ਤੇ ਫਿਰ ਇੱਕ ਉਂਗਲੀ ਨੂੰ ਚੁੱਕਦਾ, ਦੂਜੀ ਨੂੰ ਰੱਖਦਾ; ਦੂਜੀ ਨੂੰ ਚੁੱਕਦਾ, ਪਹਿਲੀ ਨੂੰ ਰੱਖਦਾ ਜਿਵੇਂ ਤੁਰਨ ਵੇਲੇ ਕਦਮ ਪੁੱਟੀਦੇ ਨੇ ਵਾਰ-ਵਾਰ ਇਹੀ ਬੋਲਦਾ, "ਆਹ ਜਾਂਦੀ ਐ ਪੈੜ, ਆਹ ਜਾਂਦੀ ਐ ਪੈੜ...।" ਫਿਰ ਇੱਕ ਥਾਂ 'ਤੇ ਰੁਕ ਜਾਂਦਾ, ਅੱਗੇ ਕੁਝ ਵੀ ਨਾ ਬੋਲਦਾ, ਬੱਸ ਦੂਜੇ ਵਿਅਕਤੀ ਦੇ ਮੂੰਹ ਵੱਲ

**ਅੰਮ੍ਰਿਤ ਕੌਰ ਸ਼ੇਰਗਿੱਲ**
ਬਡਰੁੱਖਾਂ, ਸੰਗਰੂਰ
ਫੋਨ: 91-98767-14004

ਦੇਖਦਾ। ਗੱਲ ਦੀ ਕਿਸੇ ਨੂੰ ਸਮਝ ਨਾ ਲੱਗਦੀ ਤਾਂ ਉਸ ਦਾ ਜੀਅ ਕਾਹਲਾ ਪੈਂਦਾ ਅਤੇ ਉਹ ਇੱਕ ਹੱਥ ਨਾਲ ਝੋਲਾ ਸੰਭਾਲਦਾ ਅਤੇ ਦੂਜੇ ਨਾਲ ਆਪਣੇ ਵਾਲਾਂ ਦਾ ਰੁੱਗ ਭਰ ਲੈਂਦਾ ਬੁੜਬੁੜ ਕਰਦਾ ਅੱਗੇ ਲੰਘ ਜਾਂਦਾ।

ਕਈ ਲੋਕ ਆਖਦੇ ਕਿ ਬਹੁਤੀ ਪੜ੍ਹਾਈ ਨੇ ਦਿਮਾਗ ਖਰਾਬ ਕਰ ਦਿੱਤਾ। ਕੋਈ ਆਖਦਾ ਨੌਕਰੀ ਨਹੀਂ ਮਿਲੀ, ਪਾਗਲ ਹੋ ਗਿਆ। ਵਿਚੋਂ ਹੀ ਕੋਈ ਸਿਆਣਾ ਬਜੁਰਗ ਦੱਸਦਾ, "ਨੌਕਰੀ ਤਾਂ ਮਿਲ ਗਈ ਸੀ, ਛੱਡ ਕੇ ਆ ਗਿਆ...ਏਹ ਤਾਂ ਭਾਈ ਬਹੁਤ ਲੈਕ ਮੁੰਡਾ ਸੀ, ਪਤਾ ਨਹੀਂ ਕੀਹਦੀ ਬੁਰੀ ਨਜ਼ਰ ਲੱਗ'ਗੀ, ਸਾਰੇ ਟੱਬਰ ਵਿਚੋਂ ਇਹੀ ਬਚਿਆ ਬੇਚਾਰਾ...ਠੋਕਰਾਂ ਖਾਂਦਾ ਫਿਰਦੈ ਮਾੜੇ ਕਰਮਾਂ ਆਲਾ।"

ਜੈਲੇ ਦੇ ਪਰਿਵਾਰ ਵਿਚ ਕੋਈ ਨਹੀਂ ਸੀ। ਉਹ ਇਕੱਲਾ ਹੀ ਇੱਕ ਬੈਠਕ ਵਿਚ ਰਹਿੰਦਾ ਸੀ। ਕੋਈ ਆਂਢੀ-ਗੁਆਂਢੀ ਵੇਲੇ-ਕੁਵੇਲੇ ਚਾਹ ਰੋਟੀ ਦੇ ਜਾਂਦਾ, ਆਮ ਕਰਕੇ ਗੁਰਦੁਆਰਾ ਸਾਹਿਬ ਵਾਲੇ ਭਾਈ ਜੀ ਉਸ ਨੂੰ ਰੋਟੀ-ਪਾਣੀ ਛਕਾ ਦਿੰਦੇ। ਚਾਚੇ-ਤਾਏ ਦੇ ਪਰਿਵਾਰ ਹੈ ਸਨ, ਉਹ ਨੇੜੇ ਨਹੀਂ ਸਨ ਲਾਉਂਦੇ। ਪਿਉ ਨਿੱਕੇ ਹੁੰਦੇ ਦਾ ਹੀ ਮੁੱਕ ਗਿਆ ਸੀ। ਇੱਕ ਛੋਟਾ ਭਰਾ ਸੀ, ਅੰਤਾਂ ਦਾ ਸਾਊ ਅਤੇ ਪਿਆਰਾ...ਕਾਲਜ ਪੜ੍ਹਦਾ ਸੀ। ਅਤਿਵਾਦ ਦੇ ਕਾਲੇ ਦੌਰ ਵਿਚ ਇੱਕ ਦਿਨ ਘਰੋਂ ਕਾਲਜ ਗਿਆ, ਮੁੜ ਘਰ ਨਹੀਂ ਪਰਤਿਆ। ਉਸ ਦੇ ਗਮ ਵਿਚ ਮਾਂ ਨੇ ਅਜਿਹਾ ਮੰਜਾ ਫੜਿਆ, ਮਰ ਕੇ ਹੀ ਮੰਜਾ ਛੁੱਟਿਆ। ਜੈਲਾ ਉਦੋਂ ਆਪ ਪੜ੍ਹਦਾ ਸੀ, ਭਰਾ ਨੂੰ ਲੱਭਣ ਲਈ ਉਸ ਨੇ ਦਿਨ-ਰਾਤ ਇੱਕ ਕਰ ਦਿੱਤਾ ਸੀ। ਦਰ ਦਰ ਦੀਆਂ ਠੋਕਰਾਂ ਖਾਧੀਆਂ। ਉਹ ਕਦੇ ਕਿਸੇ ਅਫਸਰ ਨੂੰ ਮਿਲਦਾ, ਕਦੇ ਕਿਸੇ ਨੂੰ।

ਇੱਕ ਦਿਨ ਸੁੰਨ-ਮਸੁੰਨ ਹੋ ਕੇ ਘਰ ਨੂੰ ਮੁੜ ਆਇਆ। ਨਾ ਮੁੜ ਕੇ ਕਦੇ ਭਰਾ ਨੂੰ ਲੱਭਣ ਗਿਆ, ਨਾ ਹੀ ਕਦੇ ਬਹੁਤਾ ਬੋਲਿਆ। ਹਾਲਤ ਕਮਲਿਆਂ ਵਰਗੀ ਹੋ ਗਈ। ਨਾਨਕੇ ਆਪਣੇ ਕੋਲ ਲੈ ਗਏ ਸਨ। ਕਈ ਸਾਲ ਉੱਥੇ ਰਿਹਾ, ਜਦੋਂ ਨਾਨਾ-ਨਾਨੀ ਮੁੱਕ ਗਏ ਤਾਂ ਪਰਿਵਾਰ ਨੇ ਮੁਸੀਬਤ ਸਮਝਿਆ ਉਸ ਨੂੰ। ਇਸ ਲਈ ਪਿੰਡ ਛੱਡ ਗਏ। ਜਦੋਂ ਪਿੰਡ ਆਇਆ ਤਾਂ ਪਛਾਣਿਆ ਨਹੀਂ ਸੀ ਜਾਂਦਾ। ਸਿਰ ਅਤੇ ਦਾੜ੍ਹੀ ਦੇ ਵਾਲ ਅੱਧੇ ਤੋਂ ਵੱਧ ਚਿੱਟੇ ਹੋ ਗਏ ਸਨ। ਹੁਣ ਵੀ ਸ਼ਹਿਰ ਵੱਲ ਜਾਂਦੇ ਰਾਹ 'ਤੇ ਕਿੰਨੀ ਕਿੰਨੀ ਦੇਰ ਬੈਠਾ ਸੁੰਨੀਆਂ ਜਿਹੀਆਂ ਅੱਖਾਂ ਨਾਲ ਤੱਕਦਾ ਰਹਿੰਦਾ। ਫਿਰ ਜੀਅ ਕਾਹਲਾ ਪੈਂਦਾ, ਉੱਠ ਕੇ ਮੜ੍ਹੀਆਂ ਵੱਲ ਨੂੰ ਤੁਰ ਪੈਂਦਾ। ਆਖਦਾ ਸੀ, "ਮਾਂ ਉਦਰ ਜਾਂਦੀ ਐ, ਜੇ ਨਾ ਜਾਵਾਂ ਤਾਂ।"

ਛੋਟੇ ਬੱਚੇ ਉਸ ਕੋਲੋਂ ਡਰਦੇ ਸਨ। ਕਦੇ ਕੋਈ ਬੱਚਾ ਉਸ ਨੂੰ ਛੇੜ ਕੇ ਭੱਜਣ ਦੀ ਕੋਸ਼ਿਸ਼ ਕਰਦਾ ਤਾਂ ਉਹ ਉਸ ਦੀ ਬਾਂਹ ਫੜ ਲੈਂਦਾ ਅਤੇ ਉਸ ਨੂੰ ਕੋਈ ਮੈਲਾ ਜਿਹਾ ਅਖਬਾਰ ਫੜਾ ਦਿੰਦਾ ਜਾਂ ਕੋਈ ਫਟੀ ਮੈਲੀ ਕਿਤਾਬ ਖੋਲ੍ਹ ਕੇ ਦਿੰਦਾ ਤੇ ਪੜ੍ਹਨ ਲਈ ਆਖਦਾ। ਜਿੰਨਾ ਚਿਰ ਬੱਚਾ ਉਸ ਦੇ ਕਹੇ 'ਤੇ ਇੱਕ ਅੱਧ ਪੰਨਾ ਪੜ੍ਹ ਕੇ ਨਾ ਸੁਣਾਉਂਦਾ, ਓਨਾ ਚਿਰ ਬੱਚੇ ਦੀ ਬਾਂਹ ਨਾ ਛੱਡਦਾ। ਬੱਚੇ ਉਸ ਦੀ ਇਸ ਸਜ਼ਾ ਤੋਂ ਡਰਦੇ ਉਸ ਨੂੰ ਤੰਗ ਪ੍ਰੇਸ਼ਾਨ ਨਹੀਂ ਸਨ ਕਰਦੇ। ਕਈ ਲੋਕਾਂ ਨੇ ਦੇਖਿਆ ਸੀ, ਉਹ ਇੱਕ ਤਸਵੀਰ ਨੂੰ ਦੋਹਾਂ ਹੱਥਾਂ ਵਿਚ ਫੜ ਕੇ ਕਿੰਨੀ ਕਿੰਨੀ ਦੇਰ ਵੇਖਦਾ ਰਹਿੰਦਾ। ਉਹ ਤਸਵੀਰ ਹੈ ਕਿਸ ਦੀ ਸੀ, ਇਹ ਕਿਸੇ ਨੂੰ ਨਹੀਂ ਸੀ ਪਤਾ। ਜਦੋਂ ਕੋਈ ਨੇੜੇ ਜਾਂਦਾ, ਉਹ ਲੁਕੋ ਲੈਂਦਾ।

ਆਮ ਕਰਕੇ ਬੋਹੜ ਹੇਠਾਂ ਬੈਠੇ ਬਜੁਰਗ ਉਸ ਨੂੰ ਆਪਣੇ ਕੋਲ ਬੁਲਾ ਲੈਂਦੇ ਸਨ। ਕਈ ਉਸ ਦਾ ਮਖੌਲ ਉਡਾਉਂਦੇ, ਕਈ ਹਮਦਰਦੀ ਜਤਾਉਂਦੇ। ਉਸ ਨੂੰ ਇੱਕੋ ਧੁਨ ਸੀ, ਅਖਬਾਰ ਇਕੱਠੇ ਕਰਨ ਦੀ। ਭਾਵੇਂ ਕੂੜੇ ਵਿਚ ਡਿੱਗਿਆ ਮਿਲ ਜਾਂਦਾ, ਉਹ ਚੁੱਕ ਲੈਂਦਾ ਸੀ। ਉਸ ਨੂੰ ਅੱਖਾਂ ਦੇ ਨੇੜੇ ਕਰ ਕੇ ਦੇਖਦਾ। ਕਦੇ ਉੱਥੇ ਹੀ ਸੁੱਟ ਦਿੰਦਾ, ਕਦੇ ਕਦੇ ਝੋਲੇ ਵਿਚ ਪਾ ਲੈਂਦਾ।

ਇੱਕ ਦਿਨ ਬੋਹੜ ਹੇਠ ਬੈਠੇ ਪਿਆਰਾ ਸਿਉਂ ਪੰਚ ਨੇ ਬੜੇ ਪਿਆਰ ਨਾਲ ਆਪਣੇ ਕੋਲ ਬਿਠਾ ਕੇ ਕਿਹਾ, "ਜੈਲਿਆ ਤੂੰ ਇੱਕੋ ਗੱਲ ਆਖਦਾ ਰਹਿਨਾ ਏਂ, ਆਹ ਜਾਂਦੀ ਐ ਪੈੜ, ਆਹ ਜਾਂਦੀ ਐ ਪੈੜ...ਅਗਾਂਹ ਵੀ ਕੁਝ ਦੱਸਿਆ ਕਰ।"

"ਆ ਕੇ ਦੱਸਦਾਂ।" ਕਹਿ ਉਹ ਕਾਹਲੇ ਕਦਮੀਂ ਸਿਰ ਖੁਰਕਦਾ ਆਪਣੇ ਘਰ ਵੱਲ ਚਲਾ ਗਿਆ।

"ਓ ਰਹਿਣ ਦੇ ਜੈਲਿਆ ਫੇਰ ਕਦੇ ਦੱਸ ਦੇਈਂ, ਸਾਡੀ ਟਰਾਲੀ ਆਉਣ ਆਲੀ ਐ, ਅਸੀਂ ਧਰਨੇ 'ਤੇ ਜਾਣੈ।" ਪਿਆਰਾ ਸਿਉਂ ਨੇ ਬਥੇਰੀਆਂ ਆਵਾਜ਼ਾਂ ਮਾਰੀਆਂ, ਪਰ ਉਸ ਨੇ ਇੱਕ ਨਾ ਸੁਣੀ। ਉਸ ਦੀ ਬੈਠਕ ਵਿਚ ਕੁਝ ਕੁ ਪੁਰਾਣੀਆਂ ਕਿਤਾਬਾਂ ਅਤੇ ਅਖਬਾਰਾਂ ਤੋਂ ਬਿਨਾ ਕੋਈ ਬਹੁਤਾ ਸਮਾਨ ਨਹੀਂ ਸੀ। ਉਸ ਨੇ ਥੋੜ੍ਹੇ ਕੁ ਅਖਬਾਰ ਝੋਲੇ ਵਿਚ ਪਾਏ ਤੇ ਕਾਹਲੇ ਕਦਮੀਂ ਬੋਹੜ ਹੇਠਾਂ ਬੈਠੇ ਬਜੁਰਗਾਂ ਕੋਲ ਆ ਗਿਆ। ਉਧਰੋਂ ਸਕੂਲ ਨੂੰ ਛੁੱਟੀ ਹੋ ਚੁਕੀ ਸੀ ਅਤੇ ਮਾਸਟਰ ਜੀ ਵੀ ਬਜੁਰਗਾਂ ਕੋਲ ਆ ਕੇ ਬੈਠ ਗਏ। ਉਨ੍ਹਾਂ ਦਾ ਪਿੰਡ ਦੂਰ ਹੋਣ ਕਰਕੇ ਉਹ ਆਪਣੇ ਪਿੰਡ ਹਫਤੇ ਬਾਅਦ ਹੀ ਜਾਂਦੇ ਸਨ।

"ਲਓ ਬਈ ਆਪਣਾ ਜੈਲਾ ਅੱਜ ਦੱਸੂ ਪੈੜਾਂ ਕਿੱਧਰ ਨੂੰ ਜਾਂਦੀਆਂ ਨੇ।" ਆਖ ਕੇ ਵੱਡੇ ਲਾਣੇ ਦਾ ਘੁੱਕਰਾ ਉੱਚੀ ਦੇਣੇ ਹੱਸਿਆ। ਉਸ ਦੇ ਨਾਲ ਤਿੰਨ-ਚਾਰ ਜਣੇ ਹੋਰ ਵੀ ਹੱਸ ਪਏ।

ਜੈਲੇ ਨੇ ਇੱਕ ਇੱਕ ਕਰਕੇ ਅਖਬਾਰ ਕੱਢਣੇ ਸ਼ੁਰੂ ਕਰ ਦਿੱਤੇ। ਅਖਬਾਰ 'ਤੇ ਦੋ ਉਂਗਲੀਆਂ ਰੱਖਦਾ ਤੇ ਆਖਦਾ "ਆਹ ਜਾਂਦੀ ਐ ਪੈੜ, ਆਹ ਜਾਂਦੀ ਐ ਪੈੜ।" ਇੱਕ ਤੋਂ ਬਾਅਦ ਦੂਜਾ, ਫਿਰ ਤੀਜਾ, ਚੌਥਾ-ਇਸੇ ਤਰ੍ਹਾਂ ਅਖਬਾਰ ਕੱਢਦਾ ਉਂਗਲਾਂ ਰੱਖ ਕੇ 'ਆਹ ਜਾਂਦੀ ਐ ਪੈੜ' ਆਖਦਿਆਂ ਉਂਗਲਾਂ ਨੂੰ ਅੱਗੇ ਅੱਗੇ ਤੋਰਦਾ ਤੇ ਕਿਸੇ ਇੱਕ ਥਾਂ 'ਤੇ ਰੁਕ ਜਾਂਦਾ।

"ਓ ਬੱਸ ਕਰ ਪਤੰਦਰਾ ਸਾਡਾ ਵੀ ਦਿਮਾਗ ਖਰਾਬ ਕਰੇਂਗਾ।" ਘੁੱਕਰੇ ਨੇ ਆਖਿਆ, ਪਰ ਮਾਸਟਰ ਜੀ ਗੰਭੀਰ ਸਨ। ਉਨ੍ਹਾਂ ਨੇ ਜੈਲੇ ਨੂੰ ਆਖਿਆ, "ਹਾਂ ਹਾਂ ਜਰਨੈਲ ਸਿੰਘ ਅੱਗੇ ਦੱਸੋ।"

"ਮਾਸਟਰ ਜੀ ਤੁਸੀਂ ਵੀ ਕੀਹਦੇ ਨਾਲ ਮੱਥਾ ਮਾਰਨ ਲੱਗੇ ਓ।" ਘੁੱਕਰੇ ਨੇ ਫੇਰ ਕਿਹਾ। ਜੈਲੇ ਨੇ ਉਦਾਸ ਜਿਹੀਆਂ ਅੱਖਾਂ ਨਾਲ ਉਸ ਵੱਲ ਦੇਖਿਆ ਅਤੇ ਅਖਬਾਰਾਂ ਨੂੰ ਇਕੱਠੇ ਕਰ ਕੇ ਝੋਲੇ ਵਿਚ ਪਾਉਣ ਲੱਗਿਆ।

"ਨਹੀਂ ਨਹੀਂ ਜਰਨੈਲ ਸਿਆਂ! ਤੂੰ ਦੱਸ, ਅਸੀਂ ਸਮਝ ਰਹੇ ਹਾਂ ਤੇਰੀ ਗੱਲ ਨੂੰ।" ਮਾਸਟਰ ਜੀ ਨੇ ਉਸ ਦੇ ਮੋਢੇ 'ਤੇ ਹੱਥ ਰੱਖਦਿਆਂ ਆਖਿਆ। ਜੈਲਾ ਮਾਸਟਰ ਜੀ ਦੇ ਮੂੰਹ ਵੱਲ ਤੱਕਣ ਲੱਗਿਆ, ਉਨ੍ਹਾਂ ਹਾਂ ਵਿਚ ਸਿਰ ਹਿਲਾਇਆ ਤੇ ਆਖਿਆ, "ਸੱਚੀਂ ਸਮਝ ਰਹੇ ਆਂ, ਤੂੰ ਅੱਗੇ ਦੱਸ।" ਮਾਸਟਰ ਜੀ ਨੂੰ ਯਕੀਨ ਸੀ ਕਿ ਉਸ ਦੀਆਂ ਗੱਲਾਂ ਬੇਮਾਅਨੀਆਂ ਨਹੀਂ। ਉਹ ਫਿਰ ਝੋਲੇ ਵਿਚੋਂ ਅਖਬਾਰ ਕੱਢਣ ਲੱਗਾ। ਉਸ ਦੀਆਂ ਅੱਖਾਂ ਵਿਚ ਥੋੜ੍ਹੀ ਚਮਕ ਆ ਗਈ ਸੀ। ਉਸ ਨੇ ਫਿਰ ਅਖਬਾਰ ਦੇ ਇੱਕ ਥਾਂ ਉਂਗਲ ਰੱਖੀ, ਫਿਰ ਸ਼ੁਰੂ ਹੋ ਗਿਆ 'ਆਹ ਜਾਂਦੀ ਐ ਪੈੜ, ਆਹ ਜਾਂਦੀ ਐ ਪੈੜ।' ਉਸ ਨੇ ਇਸੇ ਤਰ੍ਹਾਂ ਕਈ ਅਖਬਾਰ ਕੱਢੇ ਬਸ ਉਹੀ ਗੱਲ ਦੁਹਰਾਉਂਦਾ ਰਿਹਾ। ਕਈਆਂ ਨੇ ਉੱਥੋਂ ਚੁੱਪ-ਚਾਪ ਖਿਸਕਣਾ ਚਾਹਿਆ, ਪਰ ਮਾਸਟਰ ਜੀ ਨੇ ਉਨ੍ਹਾਂ ਨੂੰ ਥੋੜ੍ਹੀ ਦੇਰ ਰੁਕਣ ਲਈ ਕਿਹਾ।

"ਲੱਗਦੈ ਮਾਸਟਰ ਵੀ ਕਮਲਾ ਹੋ ਗਿਆ ਅੱਜ।" ਘੁੱਕਰਾ ਬੁੜਬੁੜਾਇਆ। ਮਾਸਟਰ ਜੀ ਨੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਜੈਲੇ ਨੇ ਝੋਲੇ ਵਿਚੋਂ ਇੱਕ ਕੱਪੜੇ ਦੀ ਪੋਟਲੀ ਕੱਢੀ, ਉਸ ਨੂੰ ਖੋਲ੍ਹਣ ਲੱਗਿਆ। ਕੱਪੜੇ ਅਤੇ ਕਾਗਜ਼ਾਂ ਵਿਚ ਲਪੇਟੀ ਇੱਕ ਫੋਟੋ ਕੱਢ ਕੇ ਛਾਤੀ ਨਾਲ ਲਾਈ। ਮਾਸਟਰ ਜੀ ਨੇ ਫੋਟੋ ਫੜੀ। ਪਿਆਰਾ ਸਿੰਘ ਨੂੰ ਪੁੱਛਿਆ, "ਇਹ ਫੋਟੋ ਕਿਸ ਦੀ ਹੈ ਜੀ?"

"ਲਾਲੀ ਐ ਇਹ ਤਾਂ...ਜੈਲੇ ਦਾ ਛੋਟਾ ਭਾਈ। ਬਹੁਤ ਸਿਆਣਾ ਤੇ ਸਾਊ ਮੁੰਡਾ ਸੀ। ਪੜ੍ਹਨ ਨੂੰ ਵੀ ਬਹੁਤ ਹੁਸ਼ਿਆਰ...ਸਕੂਲ ਦੇ ਮਾਸਟਰ ਆਖਦੇ ਹੁੰਦੇ ਸਨ, ਇਹ ਮੁੰਡਾ ਪਿੰਡ ਦਾ ਨਾਂ ਰੌਸ਼ਨ ਕਰੂ। ਪਰ ਰੱਬ ਨੂੰ ਮਨਜ਼ੂਰ ਨਹੀਂ ਸੀ।" ਪਿਆਰਾ ਸਿੰਘ ਨੇ ਵੱਡਾ ਸਾਰਾ ਹਉਕਾ ਭਰਿਆ।

ਜੈਲੇ ਨੇ ਫੋਟੋ ਫੜੀ ਖੱਬੇ ਹੱਥ ਦੀ ਹਥੇਲੀ 'ਤੇ ਰੱਖ ਕੇ ਕੁੜਤੇ ਨਾਲ ਸਾਫ ਕੀਤੀ। ਇੱਕ ਬਹੁਤ ਹੀ ਪੁਰਾਣਾ ਅਖਬਾਰ ਕੱਢਿਆ। ਲਾਲੀ ਦੀ ਫੋਟੋ ਅਖਬਾਰ 'ਤੇ ਰੱਖ ਕੇ ਧੀਮੀ ਜਿਹੀ ਆਵਾਜ਼ ਵਿਚ ਬੋਲਿਆ, "ਆਹ ਜਾਂਦੀ ਐ ਪੈੜ, ਆਹ ਜਾਂਦੀ ਐ ਪੈੜ।" ਇੱਕ ਥਾਂ ਜਾ ਕੇ ਰੁਕ ਗਿਆ। ਜਿੱਥੇ ਜੈਲੇ ਦਾ ਹੱਥ ਰੁਕਿਆ, ਮਾਸਟਰ ਜੀ ਨੇ ਅਖਬਾਰ ਧਿਆਨ ਨਾਲ ਦੇਖਿਆ, ਉੱਥੇ ਉਸ ਪੁਲਿਸ ਅਫਸਰ ਦੀ ਫੋਟੋ ਸੀ, ਜਿਸ 'ਤੇ ਇਲਜ਼ਾਮ ਆਉਂਦਾ ਰਿਹਾ ਹੈ ਕਿ ਉਸ ਨੇ ਆਪਣੇ ਮੋਢਿਆਂ 'ਤੇ ਸਟਾਰ ਵਧਾਉਣ ਲਈ ਬੇਦੋਸ਼ੇ ਨੌਜਵਾਨ ਚੁੱਕ ਚੁੱਕ ਕੇ ਮੁਕਾਬਲਾ ਦਿਖਾ ਕੇ ਮਾਰ ਸੁੱਟੇ ਸਨ।

ਇਸ ਤੋਂ ਬਾਅਦ ਮਾਸਟਰ ਜੀ ਸਾਰੇ ਅਖਬਾਰ ਧਿਆਨ ਨਾਲ ਦੇਖਣ ਲੱਗੇ। ਜੈਲੇ ਨੇ ਬੋਲਣਾ ਬੰਦ ਕਰ ਦਿੱਤਾ। ਉਂਗਲੀ ਰੱਖ ਕੇ ਮਾਸਟਰ ਜੀ ਦੇ ਮੂੰਹ ਵੱਲ ਗਹੁ ਨਾਲ ਤੱਕਦਾ। ਮਾਸਟਰ ਜੀ ਨੇ ਦੇਖਿਆ ਜੈਲੇ ਨੇ ਇੱਕ ਅਖਬਾਰ ਤੇ ਉਂਗਲ ਰੱਖੀ, ਜਿੱਥੇ ਦੋ ਨੌਜਵਾਨਾਂ ਦੀ ਫੋਟੋ ਸੀ, ਜਿਹੜੇ ਵੱਧ ਨਸ਼ਾ ਖਾਣ ਨਾਲ ਮਰ ਚੁਕੇ ਸਨ। ਜੈਲੇ ਦੀ ਉਂਗਲ ਉੱਥੇ ਜਾ ਕੇ ਰੁਕੀ, ਜਿੱਥੇ ਉਸ ਰਾਜਸੀ ਨੇਤਾ ਦੀ ਫੋਟੋ ਸੀ, ਜਿਸ ਦਾ ਨਸ਼ੇ ਵੇਚਣ ਵਾਲਿਆਂ ਦੀ ਪਿੱਠ 'ਤੇ ਹੱਥ ਦੱਸਿਆ ਜਾਂਦਾ ਰਿਹਾ ਸੀ। ਇੱਕ ਹੋਰ ਅਖਬਾਰ 'ਤੇ ਫਸਲ ਨੂੰ ਲੱਗੀ ਬਿਮਾਰੀ 'ਤੇ ਨਕਲੀ ਦਵਾਈਆਂ ਦੇਣ ਵਾਲੀ ਖਬਰ ਤੇ ਕਿਸਾਨ ਦੀ ਖੁਦਕੁਸ਼ੀ। ਸਾਰੇ ਅਖਬਾਰਾਂ ਵਿਚ ਕੋਈ ਨਾ ਕੋਈ ਇਸ ਤਰ੍ਹਾਂ ਦੀ ਖਬਰ ਸੀ, ਜੋ ਗੰਧਲੇ ਸਰਕਾਰੀ ਸਿਸਟਮ ਦੀ ਤਸਵੀਰ ਪੇਸ਼ ਕਰਦੀ ਸੀ। ਕਿਤੇ ਬੱਚੀਆਂ ਨਾਲ ਹੁੰਦੇ ਜਬਰ ਦੀਆਂ ਖਬਰਾਂ ਇਨਸਾਫ ਲਈ ਠੋਕਰਾਂ ਖਾਂਦੇ ਮਾਪਿਆਂ ਦੀਆਂ ਤਸਵੀਰਾਂ। ਕਰੋਨਾ ਸਮੇਂ ਘਰਾਂ ਨੂੰ ਤੁਰੇ ਜਾਂਦੇ ਮਜ਼ਦੂਰਾਂ ਦੇ ਲਹੂ-ਲੁਹਾਣ ਹੋਏ ਪੈਰ, ਕਿਤੇ ਰਾਹ ਵਿਚ ਹੀ ਦਮ ਤੋੜ ਚੁਕੇ ਮਜ਼ਦੂਰ...ਹਰ ਉਹ ਤਸਵੀਰ, ਜਿਸ ਨੂੰ ਦੇਖ ਕੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਮਾਸਟਰ ਜੀ ਜੈਲੇ ਦੇ ਮੂੰਹ ਵੱਲ ਦੇਖ ਰਹੇ ਸਨ ਕਿ ਉਹ ਕਿਸ ਤਰ੍ਹਾਂ ਦੁਨੀਆਂ ਭਰ ਦੇ ਦਰਦ ਆਪਣੇ ਨਾਲ ਚੁੱਕੀ ਫਿਰਦਾ ਸੀ।

ਅਖੀਰ 'ਤੇ ਜੈਲੇ ਨੇ ਕਿਸਾਨੀ ਸੰਘਰਸ਼ ਦੀਆਂ ਤਸਵੀਰਾਂ ਤੇ ਉਸ ਵਿਚ ਜਾਨ ਗਵਾ ਚੁਕੇ ਕਿਸਾਨਾਂ ਦੀਆਂ ਤਸਵੀਰਾਂ ਦਿਖਾਈਆਂ। ਉਸ ਲਈ ਦੋਸ਼ੀ ਸਰਕਾਰੀ ਨੇਤਾਵਾਂ ਦੀਆਂ ਤਸਵੀਰਾਂ। ਉਜੜੇ ਖੇਤਾਂ ਦੀਆਂ ਤਸਵੀਰਾਂ...ਇੱਕ ਵੱਡੇ ਸਾਰੇ ਕਾਗਜ਼ ਉੱਤੇ ਨਿੱਕੇ ਨਿੱਕੇ ਖੇਤ ਬਣਾ ਉਨ੍ਹਾਂ ਵੱਲ ਜਾਂਦੀਆਂ ਪੈੜਾਂ।

ਇੱਕ ਕਾਗਜ਼ ਉੱਤੇ ਰੰਗਦਾਰ ਪੈਨਸਿਲਾਂ ਨਾਲ ਬਣਾਏ ਖੇਤ...ਖੇਤ ਦੇ ਚਾਰੇ ਪਾਸੇ ਕੀਤੀ ਵਾੜ ਅਤੇ ਵਾੜ ਵਿਚੋਂ ਨਿਕਲਦੇ ਰਾਖਸ਼ਾਂ ਵਰਗੇ ਵੱਡੇ ਵੱਡੇ ਦੰਦਾਂ ਵਾਲੇ ਮੂੰਹ, ਜੋ ਖੇਤ ਨੂੰ ਖਾਂਦੇ ਪ੍ਰਤੀਤ ਹੋ ਰਹੇ ਸਨ। ਇੱਕ ਪਾਸੇ ਕਿਸਾਨ ਤੇ ਮਜ਼ਦੂਰ, ਜੋ ਫਸਲ ਨੂੰ ਬਚਾਉਣ ਲਈ ਉਸ ਖਤਰਨਾਕ ਵਾੜ ਨੂੰ ਪੁੱਟ ਰਹੇ ਸਨ। ਮਾਸਟਰ ਜੀ ਵੀ ਅੱਜ ਤੱਕ ਜੈਲੇ ਨੂੰ ਸ਼ੁਦਾਈ ਹੀ ਸਮਝਦੇ ਰਹੇ। ਜਿਵੇਂ ਬੱਚਿਆਂ ਨੇ ਅਤੇ ਪਿੰਡ ਵਾਲਿਆਂ ਨੇ ਦੱਸਿਆ ਸੀ, ਉਸੇ ਨੂੰ ਹੀ ਸੱਚ ਸਮਝ ਰਹੇ ਸਨ। ਪਰ ਅੱਜ ਜਿਹੜੇ ਜਰਨੈਲ ਸਿੰਘ ਨੂੰ ਉਹ ਦੇਖ ਰਹੇ ਸਨ, ਉਹ ਉਨ੍ਹਾਂ ਨੂੰ ਸਮਝ ਤੋਂ ਪਰੇ ਦੀ ਸਿਆਣਪ ਵਾਲਾ ਮਹਿਸੂਸ ਹੋਇਆ।

"ਛੱਡੋ ਮਾਸਟਰ ਜੀ, ਇਸ ਨੂੰ ਸੋਝੀ ਨਹੀਂ ਬੇਚਾਰੇ ਨੂੰ, ਐਵੇਂ ਕੂੜਾ ਕਬਾੜ 'ਕੱਠਾ ਕਰੀ ਫਿਰਦੈ।" ਖੜ੍ਹੇ ਲੋਕਾਂ ਵਿਚੋਂ ਕਿਸੇ ਨੇ ਆਖਿਆ।

"ਕੌਣ ਕਹਿੰਦੈ ਇਹਨੂੰ ਸੋਝੀ ਨਹੀਂ ਐ? ਇਹ ਬਹੁਤ ਸੂਝਵਾਨ ਹੈ, ਸਾਡੀ ਸਮਝ ਬਹੁਤ ਛੋਟੀ ਜਾਪਦੀ ਐ ਇਹਦੇ ਅੱਗੇ। ਕਿਸੇ ਨੇ ਕਦੇ ਇਸ ਦੀ ਗੱਲ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ।"

"ਮਾਸਟਰ ਵੀ ਹਿੱਲ ਗਿਆ ਲੱਗਦੈ।" ਘੁੱਕਰੇ ਨੇ ਨਾਲ ਖੜ੍ਹੇ ਮੁੰਡੇ ਦੇ ਕੂਹਣੀ ਮਾਰ ਕੇ ਆਖਿਆ।

"ਸਾਡਾ ਇਹੀ ਦੁਖਾਂਤ ਐ, ਅਸੀਂ ਕਿਸੇ ਵੀ ਗੱਲ ਨੂੰ ਬਿਨਾ ਸਮਝੇ ਹੀ ਠਾਹ ਠਾਹ ਆਪਣੇ ਵਿਚਾਰ ਦਾਗਣੇ ਸ਼ੁਰੂ ਕਰ ਦਿੰਦੇ ਹਾਂ।" ਮਾਸਟਰ ਜੀ ਰੋਸ ਜਿਹੇ ਨਾਲ ਬੋਲੇ।

ਮਾਸਟਰ ਜੀ ਨੇ ਉੱਥੇ ਇਕੱਠੇ ਹੋਏ ਸਾਰੇ ਲੋਕਾਂ ਨੂੰ 'ਕੱਲੀ 'ਕੱਲੀ ਗੱਲ ਸਮਝਾਈ। ਸਾਰੇ ਜਣੇ ਚੁੱਪ ਹੋ ਗਏ। ਜੈਲੇ ਨੂੰ ਮਖੌਲ ਕਰਨ ਵਾਲਿਆਂ ਦੀਆਂ ਧੌਣਾਂ ਝੁਕੀਆਂ ਹੋਈਆਂ ਸਨ। ਮਾਸਟਰ ਜੀ ਨੇ ਜੈਲੇ ਦਾ ਸਮਾਨ ਇਕੱਠਾ ਕਰਵਾਇਆ। ਉਸ ਦੇ ਮੋਢੇ ਉੱਤੋਂ ਬਾਂਹ ਵਲਾਈ ਅਤੇ ਉਸ ਨੂੰ ਨਾਲ ਲੈ ਤੁਰੇ। ਉੱਥੇ ਖੜ੍ਹੇ ਲੋਕ ਉਨ੍ਹਾਂ ਨੂੰ ਜਾਂਦਿਆਂ ਨੂੰ ਵੇਖ ਰਹੇ ਸਨ। ਉਨ੍ਹਾਂ ਨੂੰ ਮਾਸਟਰ ਜੀ ਅਤੇ ਜੈਲੇ ਵਿਚਕਾਰ ਕੋਈ ਫਰਕ ਨਹੀਂ ਸੀ ਜਾਪਦਾ।

# ਮਨੋਰੰਜਕ ਸਿਨੇਮਾ ਦਾ ਸਫਲ ਫਿਲਮਸਾਜ਼-ਅਤੁੱਲ ਭੱਲਾ

## ਪਾਲੀਵੁੱਡ


ਪੰਜਾਬੀ ਸਿਨੇਮਾ ਦਾ ਇੱਕ ਦੌਰ ਉਹ ਵੀ ਸੀ, ਜਦ ਵਰਿੰਦਰ ਜਿਹਾ ਸਫਲ ਲੇਖਕ ਨਿਰਦੇਸ਼ਕ ਤੇ ਅਦਾਕਾਰ ਪੰਜਾਬੀ ਸਿਨੇਮਾ ਦੀ ਚੜ੍ਹਦੀਕਲਾ ਲਈ ਹਮੇਸ਼ਾ ਸਰਗਰਮ ਰਹਿੰਦਾ ਸੀ। ਦਰਸ਼ਕ ਉਸ ਦੀਆਂ ਫਿਲਮਾਂ ਦੀ ਉਡੀਕ ਕਰਦੇ ਸਨ, ਕਿਉਂਕਿ ਉਸ ਦੀਆਂ ਫਿਲਮਾਂ ਵਿਚ ਮਨੋਰੰਜਨ ਦਾ ਹਰੇਕ ਰੰਗ ਹੁੰਦਾ ਸੀ। ਅੱਜ ਦੇ ਦੌਰ ਦੀ ਗੱਲ ਕਰੀਏ ਤਾਂ ਅਤੁੱਲ ਭੱਲਾ ਇੱਕ ਅਜਿਹਾ ਫਿਲਮਸਾਜ਼ ਹੈ, ਜਿਸ ਨੇ ਆਪਣੇ

**ਸੁਰਜੀਤ ਜੱਸਲ**
ਫੋਨ: 91-98146-07737

ਬੈਨਰ 'ਏ ਐਂਡ ਏ ਪਿਕਚਰਜ਼' ਰਾਹੀਂ ਪੰਜਾਬੀ ਸਿਨੇਮਾ ਨੂੰ ਯਾਦਗਰ ਅਤੇ ਦਰਸ਼ਕਾਂ ਦੀ ਪਸੰਦ 'ਤੇ ਖਰੀਆਂ ਫਿਲਮਾਂ ਦਿੱਤੀਆਂ ਹਨ। 'ਕੈਰੀ ਆਨ ਜੱਟਾ-2', 'ਵਧਾਈਆਂ ਜੀ ਵਧਾਈਆਂ' ਅਤੇ 'ਛੜਾ' ਵਰਗੀਆਂ ਸੁਪਰ ਡੁਪਰ ਹਿੱਟ ਮਨੋਰੰਜਕ ਫਿਲਮਾਂ ਦਾ ਸਿਹਰਾ ਇਸੇ ਕੰਪਨੀ ਦੇ ਸਿਰ ਬੱਝਦਾ ਹੈ। ਅੱਜ ਪੰਜਾਬੀ ਫਿਲਮ ਇੰਡਸਟਰੀ ਵਿਚ ਅਤੁੱਲ ਭੱਲਾ ਦਾ ਇੱਕ ਵੱਖਰਾ ਮੁਕਾਮ ਹੈ।

ਸਾਲ ਭਰ ਦੇ ਲੌਕ-ਡਾਊਨ ਮਗਰੋਂ ਅਤੁੱਲ ਭੱਲਾ ਆਪਣੀ ਟੀਮ ਨਾਲ ਪੰਜਾਬੀ ਫਿਲਮ 'ਪੁਆੜਾ' ਨਾਲ ਮੁੜ ਹਾਜ਼ਰ ਹੋਇਆ ਹੈ। ਐਮੀ ਵਿਰਕ ਤੇ ਸੋਨਮ ਬਾਜਵਾ ਦੀ ਜੋੜੀ ਵਾਲੀ ਚਿਰਾਂ ਤੋਂ ਉਡੀਕੀ ਜਾ ਰਹੀ ਇਹ ਫਿਲਮ 2 ਅਪਰੈਲ 2021 ਨੂੰ ਦੁਨੀਆਂ ਭਰ ਦੇ ਪੰਜਾਬੀ ਦਰਸ਼ਕਾਂ ਦਾ ਮਨੋਰੰਜਨ ਕਰਨ ਆ ਰਹੀ ਹੈ। ਬੀਤੇ ਦਿਨੀਂ ਇਸ ਫਿਲਮ ਦਾ ਟਰੇਲਰ ਰਿਲੀਜ਼ ਹੋਇਆ ਹੈ, ਜਿਸ ਨੂੰ ਦਰਸ਼ਕਾਂ ਦਾ ਵੱਡਾ ਪਿਆਰ ਮਿਲ ਰਿਹਾ ਹੈ।



'ਏ ਐਂਡ ਏ ਪਿਕਚਰਜ਼' ਅਤੇ ਜ਼ੀ ਸਟੂਡੀਓਜ਼ ਦੀ ਪੇਸ਼ਕਸ਼ ਨਿਰਮਾਤਾ ਅਤੁੱਲ ਭੱਲਾ ਤੇ ਨਿਰਦੇਸ਼ਕ ਰੁਪਿੰਦਰ ਚਾਹਲ ਦੀ ਫਿਲਮ 'ਪੁਆੜਾ' ਇੱਕ ਕਾਮੇਡੀ ਭਰਪੂਰ ਨਿਰੋਲ ਪਰਿਵਾਰਕ ਕਹਾਣੀ ਹੈ, ਜਿਸ ਵਿਚ ਪਿਆਰ ਵਿਆਹ 'ਚ ਪਏ ਪੁਆੜੇ ਨੂੰ ਦਿਲਚਸਪ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਐਮੀ ਵਿਰਕ ਨੇ ਇਸ ਫਿਲਮ ਵਿਚ ਆਪਣੇ ਪਹਿਲੇ ਕਿਰਦਾਰਾਂ ਤੋਂ ਹਟ ਕੇ ਇੱਕ ਦੋਧੀ ਮੁੰਡੇ ਦਾ ਕਿਰਦਾਰ ਨਿਭਾਇਆ ਹੈ, ਜੋ ਇੱਕ ਏਅਰਫੋਰਸ ਅਫਸਰ ਦੀ ਕੁੜੀ ਨੂੰ ਪਿਆਰ ਕਰਦਾ ਹੈ। 'ਨਿੱਕਾ ਜ਼ੈਲਦਾਰ' ਫਿਲਮਾਂ ਨਾਲ ਪਛਾਣ ਗੂੜ੍ਹੀ ਕਰਨ ਵਾਲੀ ਇਹ ਰੁਮਾਂਟਿਕ ਜੋੜੀ ਇਸ ਫਿਲਮ ਰਾਹੀਂ ਦਰਸ਼ਕਾਂ ਨੂੰ ਨਵਾਂ ਟੇਸਟ ਦੇਣ ਦੇ ਸਮਰੱਥ ਹੈ।

ਫਿਲਮ ਦਾ ਵਿਸ਼ਾ ਬਹੁਤ ਹੀ ਦਿਲਚਸਪ ਹੈ, ਜੋ ਕਾਮੇਡੀ ਭਰਪੂਰ ਪਰਿਵਾਰਕ ਨੋਕ-ਝੋਕ ਦੀ ਦਿਲਚਸਪ ਕਹਾਣੀ ਹੈ। ਫਿਲਮ ਦਾ ਨਿਰਦੇਸ਼ਨ ਰੁਪਿੰਦਰ ਚਾਹਲ ਨੇ ਕੀਤਾ ਹੈ ਅਤੇ ਕਹਾਣੀ ਤੇ ਸਕਰੀਨ ਪਲੇਅ ਬਲਵਿੰਦਰ ਸਿੰਘ ਜੰਜੂਆਂ, ਰੁਪਿੰਦਰ ਚਾਹਲ ਤੇ ਅਨਿਲ ਰੋਧਨ ਨੇ ਮਿਲ ਕੇ ਲਿਖਿਆ ਹੈ, ਜਦੋਂ ਕਿ ਫਿਲਮ ਦੇ ਡਾਇਲਾਗ ਰਾਕੇਸ਼ ਧਵਨ ਨੇ ਲਿਖੇ ਹਨ। ਐਮੀ ਵਿਰਕ, ਸੋਨਮ ਬਾਜਵਾ, ਸੀਮਾ ਕੌਸ਼ਲ, ਹਰਦੀਪ ਗਿੱਲ, ਅਨੀਤਾ ਦੇਵਗਣ, ਸੁਖਵਿੰਦਰ ਚਹਿਲ, ਗੁਰਪ੍ਰੀਤ ਭੰਗੂ, ਨਿਸ਼ਾ ਬਾਨੋ, ਕਾਕਾ ਕੌਤਕੀ, ਸੁਖਵਿੰਦਰ ਰਾਜ, ਮਿੰਟੂ ਕਾਪਾ, ਹਨੀ ਮੱਟੂ, ਬਲਵਿੰਦਰ ਬੁਲਟ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।

ਅਤੁੱਲ ਭੱਲਾ ਬਾਰੇ ਕਹਿ ਸਕਦੇ ਹਾਂ ਕਿ ਇਹ ਹਮੇਸ਼ਾ ਹੀ ਸਮਾਜ ਨਾਲ ਜੁੜੀਆਂ ਮਿਆਰੀ ਤੇ ਮਨੋਰੰਜਨ ਭਰਪੂਰ ਫਿਲਮਾਂ ਬਣਾਉਣ 'ਚ ਵਿਸ਼ਵਾਸ ਰੱਖਦੇ ਹਨ, ਜੋ ਹਰ ਪੱਖੋਂ ਦਰਸ਼ਕਾਂ ਦੀ ਪਸੰਦ 'ਤੇ ਖਰੀਆਂ ਹੋਣ। ਇਸੇ ਕਰਕੇ ਉਨ੍ਹਾਂ ਦੀ ਸਮੁੱਚੀ ਟੀਮ ਇੱਕ ਸਵੱਲੀ ਸੋਚ ਨਾਲ ਚੰਗੇ ਸਿਨੇਮੇ ਦੀ ਉਸਾਰੀ 'ਚ ਲੱਗੀ ਹੋਈ ਹੈ। ਹਲਕੇ, ਦੋਹਰੇ ਅਰਥੀ ਚੁਟਕਲਿਆਂ ਵਾਲੀ ਕਾਮੇਡੀ ਤੋਂ ਉਨ੍ਹਾਂ ਹਮੇਸ਼ਾ ਹੀ ਦੂਰੀ ਬਣਾ ਕੇ ਰੱਖੀ ਹੈ। ਆਉਣ ਵਾਲੇ ਦਿਨਾਂ ਵਿਚ ਹੋਰ ਵੀ ਮਨੋਰੰਜਨ ਭਰੀਆਂ ਫਿਲਮਾਂ ਪੰਜਾਬੀ ਦਰਸ਼ਕਾਂ ਦੀ ਨਜ਼ਰ ਕਰਦੇ ਰਹਿਣਗੇ।

# ਪੂੰਜੀਵਾਦੀ ਪ੍ਰਬੰਧ ਦੀ ਨਾਰੀਵਾਦੀ ਆਲੋਚਨਾ 'ਲਾ ਨੌਟੇ'

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ ਦੀ ਫਿਲਮ 'ਲਾ ਨੌਟੇ' ਬਾਬਤ ਚਰਚਾ ਕੀਤੀ ਗਈ ਹੈ। -ਸੰਪਾਦਕ***



*ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ ਦੀ ਫਿਲਮ 'ਲਾ ਨੌਟੇ' ਦਾ ਇਕ ਦ੍ਰਿਸ਼।*

ਆਪਣੀ ਇੱਕ ਇੰਟਰਵਿਊ ਵਿਚ ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ ਕਹਿੰਦਾ ਹੈ, "ਮੇਰੇ ਕੋਲੋਂ ਅਕਸਰ ਇਹ ਪੁੱਛਿਆ ਜਾਂਦਾ ਹੈ ਕਿ ਮੇਰੀਆਂ ਫਿਲਮਾਂ ਵਿਚ ਮਰਦਾਂ ਦੀ ਬਿਜਾਏ ਔਰਤਾਂ ਜ਼ਿਆਦਾ ਸਪਸ਼ਟ ਅਤੇ ਸਹੀ ਨਜ਼ਰੀਏ ਵਾਲੀਆਂ ਕਿਉਂ ਹੁੰਦੀਆਂ ਹਨ? ਮੇਰੀ ਪਰਵਰਿਸ਼ ਔਰਤਾਂ ਵਿਚ ਹੋਈ ਹੈ; ਮੇਰੀ ਮਾਂ, ਮਾਸੀ ਤੇ ਬਾਕੀ ਸਭ ਔਰਤਾਂ। ਫਿਰ ਮੇਰਾ ਵਿਆਹ ਹੋਇਆ ਤਾਂ ਮੇਰੀ ਪਤਨੀ ਦੀਆਂ ਪੰਜ ਭੈਣਾਂ ਸਨ। ਮੈਂ ਸਾਰੀ ਉਮਰ ਔਰਤਾਂ ਵਿਚ ਹੀ ਰਿਹਾ ਤੇ ਉਨ੍ਹਾਂ ਨੂੰ ਮੇਰੇ ਲਈ ਲੜਦਿਆਂ ਤੱਕਿਆ ਹੈ। ਇਸ ਤੋਂ ਬਿਨਾਂ ਮੈਂ ਫਿਲਮਸਾਜ਼ ਦੇ ਤੌਰ 'ਤੇ ਜੋ ਕਹਿਣਾ ਚਾਹੁੰਦਾ ਹਾਂ, ਉਹ ਸਿਰਫ ਔਰਤਪੁਣੇ ਦੀ ਭਾਸ਼ਾ ਵਿਚ, ਔਰਤਾਂ ਦੇ ਮੂੰਹੋਂ ਕਿਹਾ ਜਾ ਸਕਦਾ ਹੈ। ਭਾਵਨਾਵਾਂ ਦੇ ਮਾਮਲੇ ਵਿਚ ਮਰਦ ਯਥਾਰਥ ਤੋਂ ਭੱਜਦਾ ਹੈ ਅਤੇ ਔਰਤਾਂ ਨਾਲ ਸਬੰਧਿਤ ਸੱਚਾਈਆਂ ਨੂੰ ਦਰਕਿਨਾਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤੇ ਉਸ ਨੂੰ ਆਪਣੇ ਸੋਚੇ ਫਰੇਮ ਵਿਚੋਂ ਹੀ ਦੇਖਦਾ ਹੈ। ਹੋ ਸਕਦਾ, ਇਹ ਪੂਰਾ ਸੱਚ ਨਾ ਹੋਵੇ ਪਰ ਬਹੁਤੀ ਵਾਰ ਇਹੀ ਸੱਚ ਹੋ ਨਿਬੜਦਾ ਹੈ। ਔਰਤਾਂ ਨੇ ਸਭ ਤੋਂ ਵੱਧ ਮਾਰ ਪੂੰਜੀਵਾਦੀ ਵਿਵਸਥਾ ਦੁਆਰਾ ਉਨ੍ਹਾਂ ਬਾਰੇ ਘੜੀਆਂ ਧਾਰਨਾਵਾਂ ਹੱਥੋਂ ਖਾਧੀ ਹੈ।"

ਮਾਈਕਲਏਂਜਲੋ ਅੰਤੋਨੀਓਨੀ ਦੀ ਇਸ ਟਿੱਪਣੀ ਨੂੰ ਉਸ ਦੀ ਫਿਲਮ 'ਲਾ ਨੌਟੇ' (ਰਾਤ) ਵਿਚ ਸਾਫ-ਸਾਫ ਪੜ੍ਹਿਆ ਜਾ ਸਕਦਾ ਹੈ। ਇਹ ਫਿਲਮ ਪੂੰਜੀਵਾਦੀ ਸਮਾਜ ਦੀ ਨਾਰੀਵਾਦੀ ਆਲੋਚਨਾ ਹੋ ਨਿਬੜਦੀ ਹੈ। ਇਹ ਆਲੋਚਨਾ ਖਪਤਵਾਦੀ ਸਭਿਆਚਾਰ ਦੀ ਆਲੋਚਨਾ ਤੋਂ ਲੈ ਕੇ ਪੂੰਜੀਵਾਦ ਦੁਆਰਾ ਵਾਤਾਵਰਨ ਦੀ ਬਰਬਾਦੀ ਖਿਲਾਫ ਦਲੀਲਾਂ ਤੇ ਲੋਕ ਪੱਖੀ ਸਿਆਸਤ ਦਾ ਖਾਕਾ ਤੈਅ ਕਰਦੀ ਹੈ। ਫਿਲਮ ਦੀ ਕਹਾਣੀ ਮੁਤਾਬਿਕ ਗਿਉਵਾਨੀ (ਮਾਰਸੈਲੋ ਮਾਸਤਰੋਆਇਨੀ) ਅਤੇ ਲੀਡੀਆ (ਜੀਨ ਮੌਰਿਉ) ਵਿਆਹ ਤੋਂ ਬਾਅਦ ਪਿਛਲੇ ਦਸ ਸਾਲਾਂ ਤੋਂ ਰੋਮ ਦੀ ਰਾਜਧਾਨੀ ਮਿਲਾਨ ਵਿਚ ਰਹਿ ਰਹੇ ਹਨ। ਗਿਉਵਾਨੀ ਸਫਲ ਨਾਵਲਕਾਰ ਹੈ ਅਤੇ ਉਸ ਦਾ ਨਵਾਂ ਨਾਵਲ ਛਪ ਕੇ ਤਾਜ਼ਾ-ਤਾਜ਼ਾ ਬਾਜ਼ਾਰਾਂ ਵਿਚ ਆਇਆ ਹੈ ਪਰ ਉਹ ਇਸ ਦੀ ਸਫਲਤਾ ਦੇ ਬਾਵਜੂਦ ਮਾਨਸਿਕ ਤੌਰ 'ਤੇ ਇਸ ਨਾਵਲ ਨਾਲ ਖੁਦ ਨੂੰ ਇਮਾਨਦਾਰ ਮਹਿਸੂਸ ਨਹੀਂ ਕਰ ਰਿਹਾ। ਉਹ ਖੁਦ ਬਾਰੇ ਅਤੇ ਆਪਣੀਆਂ ਰਚਨਾਵਾਂ ਦੀ ਸਾਰਥਿਕਤਾ ਬਾਰੇ ਗਹਿਰੇ ਸੰਸਿਆਂ ਤੇ ਖਦਸ਼ਿਆਂ ਨਾਲ ਘਿਰਿਆ ਹੋਇਆ ਹੈ ਤੇ ਉਸ ਨੂੰ ਲੱਗਦਾ ਹੈ ਕਿ ਸ਼ਾਇਦ ਹੁਣ ਮੈਨੂੰ ਲਿਖਣਾ ਬੰਦ ਕਰ ਦੇਣਾ ਚਾਹੀਦਾ ਹੈ। ਦੂਜੇ ਪਾਸੇ, ਲੀਡੀਆ ਇਸ ਸਭ ਨੂੰ ਸਮਝਣ ਅਤੇ ਮਹਿਸੂਸ ਕਰਨ ਦੇ ਬਾਵਜੂਦ ਗਿਉਵਾਨੀ ਨੂੰ ਕਿਸੇ ਤਰ੍ਹਾਂ ਦੀ ਭਾਵਾਨਾਤਮਿਕ ਤੇ ਮਨੋਵਿਗਿਆਨਕ ਮਦਦ ਕਰਨ ਵਿਚ ਅਸਮਰੱਥ ਹੈ, ਕਿਉਂਕਿ ਉਸ ਨੂੰ ਜਾਪਦਾ ਹੈ ਕਿ ਉਸ ਕੋਲ ਉਹ ਸ਼ਬਦ ਜਾਂ ਸਮਰੱਥਾ ਹੀ ਨਹੀਂ ਜਿਸ ਨਾਲ ਉਹ ਗਿਉਵਾਨੀ ਦੀ ਮਾਨਸਿਕ ਦੁਵਿਧਾ ਅਤੇ ਉਸ ਦੇ ਸ਼ਬਦਾਂ ਨਾਲ ਪੈਦਾ ਹੋਏ ਟਕਰਾਉ ਨੂੰ ਸੰਬੋਧਿਤ ਹੋ ਸਕੇ। ਉਹ ਨੂੰ ਗਿਉਵਾਨੀ ਨਾਲ ਹਮਦਰਦੀ ਜ਼ਰੂਰ ਹੈ ਪਰ ਉਹ ਖੁਦ ਆਪਣੀ ਜ਼ਿੰਦਗੀ ਦੀ ਨਰਾਰਥਿਕਤਾ ਤੇ ਇਸ ਦੇ ਬੇਅਰਥ ਹੁੰਦੇ ਜਾਣ ਦੇ ਡਰ ਤੇ ਅਸੁਰੱਖਿਆ ਵਿਚ ਘਿਰੀ ਹੋਈ ਹੈ।

ਇਸ ਸਾਰੇ ਹਾਲਾਤ ਵਿਚ ਫਿਲਮਸਾਜ਼ ਦੇ ਤੌਰ 'ਤੇ ਮਾਈਕਲਏਂਜਲੋ ਅੰਤੋਨੀਓਨੀ ਨੇ ਜੋ ਚਮਤਕਾਰ ਕੀਤਾ ਹੈ, ਉਹ ਇਹ ਹੈ ਕਿ ਇਹ ਕਿਰਦਾਰ ਇੱਕ-ਦੂਜੇ ਤੋਂ ਅਲੱਗ ਹੋ ਜਾਣ ਦੀ ਦਹਿਲੀਜ਼ ਤੇ ਖੜ੍ਹੇ ਵੀ ਤੇ ਬੇਵਸੀ ਦੀ ਹਾਲਤ ਵਿਚ ਵੀ ਇੱਕ-ਦੂਜੇ ਵਿਚੋਂ ਖੁਦ ਨੂੰ ਪੜ੍ਹ ਸਕਦੇ ਹਨ। ਫਿਲਮ ਦੇ ਮੁੱਢਲੇ ਦ੍ਰਿਸ਼ਾਂ ਵਿਚ ਹੀ ਉਹ ਜਦੋਂ ਆਪਣੇ ਇੱਕ ਲੇਖਕ ਦੋਸਤ ਦੀ ਮਿਜ਼ਾਜ-ਪੁਰਸ਼ੀ ਲਈ ਹਸਪਤਾਲ ਜਾਂਦੇ ਹਨ ਤਾਂ ਉਹ ਦੋਸਤ ਉਨ੍ਹਾਂ ਨੂੰ ਦੱਸਦਾ ਹੈ ਕਿ ਮੌਤ ਦੇ ਇੰਨਾ ਨਜ਼ਦੀਕ ਆਉਣ 'ਤੇ ਮੈਨੂੰ ਇਸ ਗੱਲ ਦਾ ਭੈਅ ਆ ਰਿਹਾ ਕਿ ਹੁਣ ਤੱਕ ਜੋ ਵੀ ਮੈਂ ਰਚਿਆ ਹੈ, ਕੀ ਉਸ ਵਿਚੋਂ ਕੁਝ ਵੀ ਅਜਿਹਾ ਹੈ ਜਿਸ ਵਿਚ ਉਹ ਅਸਲੀਅਤ ਤੇ ਸੱਚਾਈ ਦੀਆਂ ਬਾਰੀਕੀਆਂ ਵਿਚ ਜਾਣ ਦੀ ਹਿੰਮਤ ਜੁਟਾ ਪਾਇਆ ਹੈ। ਉਸ ਦੋਸਤ ਨੂੰ ਇਹ ਡਰ ਹੈ ਕਿ ਉਸ ਨੇ ਸਾਰੀ ਉਮਰ ਸਤਹੀ ਕਿਸਮ ਦਾ ਲਿਖਿਆ ਹੈ ਜਿਸ ਕਰ ਕੇ ਉਹ ਹੁਣ ਆਪਣੀਆਂ ਹੀ ਰਚਨਾਵਾਂ ਤੋਂ ਮੂੰਹ ਛੁਪਾਉਣ ਦੀ ਕੋਸ਼ਿਸ ਕਰ ਰਿਹਾ ਹੈ, ਕਿਉਂਕਿ ਉਸ ਨੇ ਉਹ ਨਹੀਂ ਲਿਖਿਆ ਜੋ ਉਸ ਨੂੰ ਲੇਖਕ ਹੋਣ ਨਾਤੇ ਲਿਖਣਾ ਚਾਹੀਦਾ ਸੀ। ਮਾਈਕਲਏਂਜਲੋ ਅੰਤੋਨੀਓਨੀ ਦੀ ਖੂਬਸੂਰਤੀ ਇਹ ਹੈ ਕਿ ਆਪਣੇ ਲਿਖੇ ਬੇਅਰਥ ਸ਼ਬਦਾਂ ਬਾਰੇ ਝੂਰਦੇ ਹੋਏ ਉਹ ਮਨੁੱਖ ਲਈ ਵੀ ਤੇ ਬਾਕੀ ਫਿਲਮ ਵਿਚ ਕਿਰਦਾਰਾਂ ਦੀ ਕਸ਼ਮਕਸ਼ ਦਿਖਾਉਣ ਲਈ ਵੀ ਸ਼ਬਦ ਨਹੀਂ ਵਰਤਦਾ ਬਲਕਿ 'ਚੁੱਪ' ਦੀ ਭਾਸ਼ਾ ਦੀ ਵਰਤੋਂ ਕਰਦਾ ਹੈ। ਕਿਰਦਾਰਾਂ ਦੇ ਚਿਹਰੇ ਹੀ ਉਨ੍ਹਾਂ ਦੀ ਜ਼ੁਬਾਨ ਹਨ।


ਹਸਪਤਾਲ ਤੋਂ ਉਹ ਗਿਉਵਾਨੀ ਦੇ ਨਾਵਲ ਦੀ ਸਫਲਤਾ ਦੇ ਸਬੰਧ ਵਿਚ ਪਬਲੀਕੇਸ਼ਨ ਹਾਊਸ ਵੱਲੋਂ ਰੱਖੀ ਇੱਕ ਪਾਰਟੀ ਵਿਚ ਸ਼ਾਮਿਲ ਹੁੰਦੇ ਹਨ ਜਿੱਥੇ ਲੀਡੀਆ ਨੂੰ ਜਾਪਦਾ ਹੈ ਕਿ ਓਹ 'ਗਲਤ ਜਗਾਹ' 'ਤੇ ਆ ਗਈ ਹੈ। ਉਹ ਚੁੱਪ-ਚਾਪ ਸ਼ਹਿਰ ਵਿਚ ਪੈਦਲ ਹੀ ਲੰਮੀ ਸੜਕ 'ਤੇ ਤੁਰ ਪੈਂਦੀ ਹੈ। ਇਸ ਸੜਕ 'ਤੇ ਜ਼ਿੰਦਗੀ ਲਗਾਤਾਰ ਆਪਣੀ ਤੋਰ ਤੁਰ ਰਹੀ ਹੈ। ਇਸ ਸਾਧਾਰਨ ਸੜਕ 'ਤੇ ਇਹ ਸਾਧਾਰਨ ਸਫਰ ਸਦੀਆਂ ਤੋਂ ਇੱਦਾਂ ਹੀ ਜਾਰੀ ਹੈ। ਲੋਕਾਂ ਦੇ ਚਿਹਰੇ ਬਦਲਦੇ ਹਨ, ਉਨ੍ਹਾਂ ਦੇ ਵਿਚਾਰਾਂ ਵਿਚ ਤਬਦੀਲੀ ਆਉਂਦੀ ਹੈ, ਉਹ ਖੁਸ਼ ਹੁੰਦੇ ਹਨ, ਉਦਾਸ ਹੁੰਦੇ ਹਨ, ਬੋਲਦੇ ਹਨ, ਸੋਚਦੇ ਹਨ, ਸੁਣਦੇ ਹਨ ਤੇ ਕਦੇ-ਕਦੇ ਇੱਕ-ਦੂਜੇ ਤੇ ਚੀਕਦੇ ਹਨ, ਇੱਕ-ਦੂਜੇ ਨੂੰ ਕੋਸਦੇ ਹਨ, ਇੱਕ-ਦੂਜੇ ਨਾਲ ਰੁੱਸਦੇ ਹਨ ਤੇ ਇੱਕ ਦਿਨ ਇਸ ਸੜਕ ਤੋਂ, ਇਸ ਜ਼ਿੰਦਗੀ ਦੇ ਦ੍ਰਿਸ਼ ਵਿਚੋਂ ਗਾਇਬ ਹੋ ਜਾਂਦੇ ਹਨ। ਇਸ ਦੇ ਬਾਵਜੂਦ ਇਸ ਸੜਕ ਦੀ ਆਵਾਜਾਈ ਜਾਂ ਗਤੀਵਿਧੀਆਂ 'ਤੇ ਕੋਈ ਫਰਕ ਨਹੀਂ ਪੈਂਦਾ। ਇੱਕ ਮੁਸਾਫਿਰ ਦੀ ਜਗਾਹ ਦੂਜਾ ਲੈ ਲੈਂਦਾ ਹੈ। ਮਾਈਕਲਏਂਜਲੋ ਅੰਤੋਨੀਓਨੀ ਅਨੁਸਾਰ ਕੀ ਕੋਈ ਮੁਸਾਫਿਰ ਇਹ ਦਾਅਵਾ ਕਰਨ ਦੀ ਹਾਲਤ ਵਿਚ ਹੈ ਕਿ ਮੈਂ ਸਦਾ ਹੀ ਇਸੇ ਸੜਕ 'ਤੇ ਤੁਰਨਾ ਹੈ? ਕੀ ਲੀਡੀਆ ਵਾਂਗ ਉਸ ਦੇ ਹੋਣ ਜਾਂ ਨਾ ਹੋਣ ਦਾ ਇਸ ਸਫਰ ਦੇ ਹਾਲਾਤ ਜਾਂ ਸ਼ਰਤਾਂ 'ਤੇ ਕੋਈ ਅਸਰ ਪੈਂਦਾ ਹੈ? ਲੀਡੀਆ ਇਸ ਸੜਕ 'ਤੇ ਤੁਰਦਿਆ ਇਹ ਜਾਣ ਜਾਂਦੀ ਹੈ ਕਿ ਇਹ ਸਭ ਮੇਰੇ ਬਿਨਾਂ ਵੀ ਇੱਦਾਂ ਹੀ ਚੱਲਦਾ ਰਹੇਗਾ।

ਉਸੇ ਸ਼ਾਮ ਇੱਕ ਹੋਰ ਪਾਰਟੀ ਵਿਚ ਗਿਉਵਾਨੀ ਦੀ ਮੁਲਾਕਾਤ ਵੈਲੇਨਟੀਨਾ ਨਾਲ ਹੁੰਦੀ ਹੈ। ਅਜਨਬੀ ਹੋਣ ਦੇ ਬਾਵਜੂਦ ਉਹ ਉਸ ਨੂੰ ਝੱਟ ਦੱਸ ਦਿੰਦਾ ਹੈ ਕਿ "ਅੱਜ ਕੱਲ੍ਹ ਮੈਥੋਂ ਕੁਝ ਲਿਖ ਨਹੀਂ ਹੋ ਰਿਹਾ। ਮੈਨੂੰ ਇਹ ਪਤਾ ਹੈ ਕਿ ਮੈਂ ਲਿਖਣਾ ਕੀ ਹੈ ਪਰ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਲਿਖਣਾ ਕਿਵੇਂ ਹੈ?" ਮਾਈਕਲਏਂਜਲੋ ਅੰਤੋਨੀਓਨੀ ਦੀਆਂ ਫਿਲਮਾਂ ਦੇ ਬਹੁਤ ਸਾਰੇ ਕਿਰਦਾਰਾਂ ਵਾਂਗ ਪੂੰਜੀਵਾਦੀ ਨਿਜ਼ਾਮ ਦੇ ਨੇਮਾਂ ਮੁਤਾਬਿਕ ਗਿਉਵਾਨੀ ਸਿਰਫ 'ਉਹ ਹੈ ਜੋ ਉਹ ਕਰਦਾ ਹੈ', ਅਰਥਾਤ ਇਸ ਪ੍ਰਬੰਧ ਵਿਚ 'ਤੁਸੀਂ ਕੰਮ ਹੋ'। ਉਤਪਾਦਕੀ ਰਿਸ਼ਤਿਆਂ ਦੀ ਇਸ ਵਿਆਕਰਨ ਵਿਚ ਹਰ ਬੰਦੇ ਨੂੰ ਇਨਸਾਨ ਹੋਣ ਦੀ ਪਰਿਭਾਸ਼ਾ ਦੀ ਥਾਂ 'ਕੁਝ ਨਾ ਕੁਝ ਹੋਣ' ਦੀ ਸਮਾਜਕ ਮਜਬੂਰੀ ਦਾ ਵਜ਼ਨ ਝੱਲਣਾ ਹੀ ਪੈਂਦਾ ਹੈ, ਨਹੀਂ ਤਾਂ ਉਸ ਦੀ ਹੋਂਦ ਦੀ ਜ਼ਰੂਰਤ 'ਤੇ ਹੀ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ। ਗਿਉਵਾਨੀ ਖੁਦ ਨੂੰ ਇਹੀ ਸਵਾਲ ਵਾਰ-ਵਾਰ ਪੁੱਛ ਰਿਹਾ ਹੈ ਕਿ ਜੇ ਮੈਂ ਲੇਖਕ ਹਾਂ ਅਤੇ ਹੁਣ ਲਿਖਣ ਤੋਂ ਅਸਮਰੱਥ ਹਾਂ ਤਾਂ ਕੀ ਮੈਂ ਜ਼ਿੰਦਾ ਹਾਂ?



*ਫਿਲਮ 'ਲਾ ਨੌਟੇ' ਦਾ ਇਕ ਹੋਰ ਦ੍ਰਿਸ਼।*



*ਫਿਲਮ 'ਲਾ ਨੌਟੇ' ਦਾ ਪੋਸਟਰ ਅਤੇ (ਸੱਜੇ) ਸੰਸਾਰ ਦਾ ਉਘਾ ਫਿਲਮਸਾਜ਼ ਮਾਈਕਲਏਂਜਲੋ ਅੰਤੋਨੀਓਨੀ।*

ਇਸੇ ਪਾਰਟੀ ਵਿਚ ਲੀਡੀਆ ਹਸਪਤਾਲ ਫੋਨ ਕਰਦੀ ਹੈ ਤੇ ਉਸ ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਦੋਸਤ ਦੀ ਮੌਤ ਹੋ ਗਈ ਹੈ। ਉਹ ਆਪਣੀ ਮੌਤ ਬਾਰੇ ਗਹਿਰੀ ਸੋਚ ਵਿਚ ਡੁੱਬ ਜਾਂਦੀ ਹੈ। ਉਹ ਜਦੋਂ ਇਹ ਖਬਰ ਗਿਉਵਾਨੀ ਨੂੰ ਦੇਣ ਜਾਂਦੀ ਹੈ ਤਾਂ ਉਸ ਨੂੰ ਵੈਲੇਨਟੀਨਾ ਨਾਲ ਦੇਖ ਕੇ ਚੁੱਪ ਹੋ ਜਾਂਦੀ ਹੈ। ਬਾਅਦ ਵਿਚ ਰਸਤੇ ਵਿਚ ਉਹ ਗਿਉਵਾਨੀ ਨੂੰ ਦੱਸਦੀ ਹੈ ਕਿ ਉਹ ਮਹਿਸੂਸ ਕਰਦੀ ਹੈ ਕਿ ਜੇ ਉਹ ਉਸ ਲਈ ਪਿਆਰ ਮਹਿਸੂਸ ਕਰਨ ਦੀ ਹਾਲਤ ਵਿਚ ਨਹੀਂ ਰਹੀ ਤਾਂ ਉਸ ਨੂੰ ਮਰ ਜਾਣਾ ਚਾਹੀਦਾ ਹੈ। ਗਿਉਵਾਨੀ ਉਸ ਦੀ ਹਾਲਤ ਨੂੰ ਮਹਿਸੂਸ ਕਰਦਿਆਂ ਦੱਸਦਾ ਹੈ ਕਿ ਅਸਲ ਵਿਚ ਉਸ ਨੇ ਹੀ ਲੀਡੀਆ ਨੂੰ ਇਸ ਖਾਲੀਪਣ ਨਾਲ ਭਰਿਆ ਹੈ, ਕਿਉਂਕਿ ਉਹ ਆਪ ਹੀ ਅੰਦਰੋਂ ਖਾਲੀ ਮਹਿਸੂਸ ਕਰਦਾ ਰਿਹਾ ਹੈ। ਹੁਣ ਉਸ ਨੂੰ ਉਹੀ ਵਾਪਸ ਮਿਲ ਰਿਹਾ ਹੈ ਜੋ ਉਸ ਨੇ ਦੂਜਿਆਂ ਨੂੰ ਦਿੱਤਾ ਹੈ।

ਇਸ ਫਿਲਮ ਨੂੰ ਇਟਲੀ ਅਤੇ ਇਟਲੀ ਤੋਂ ਬਾਹਰ ਜ਼ਿਆਦਾ ਪਸੰਦ ਨਹੀਂ ਕੀਤਾ ਗਿਆ। ਦਰਸ਼ਕਾਂ ਨੂੰ ਲੱਗਦਾ ਰਿਹਾ ਕਿ ਫਿਲਮ ਵਿਚ ਕੋਈ ਕਹਾਣੀ ਤੇ ਪਲਾਟ ਤਾਂ ਹੈ ਹੀ ਨਹੀਂ ਪਰ ਫਿਲਮਸਾਜ਼ ਪੁੱਛਦਾ ਹੈ: ਕੀ ਜ਼ਿੰਦਗੀ ਵਿਚ ਵੀ ਕੋਈ ਕਹਾਣੀ ਜਾਂ ਪਲਾਟ ਹੈ?

ਇਸ ਫਿਲਮ ਦੇ ਅੰਤ ਦੀ ਵੀ ਇਸ ਪੱਖੋਂ ਆਲੋਚਨਾ ਕੀਤੀ ਗਈ ਕਿ ਇਹ ਅੰਤ ਬੇਹੱਦ ਅਸੁਭਾਵਿਕ ਹੈ। ਫਿਲਮ ਦੇ ਅੰਤ ਵਿਚ ਦੋਵੇਂ ਪਤੀ-ਪਤਨੀ ਗੋਲਫ ਕੋਰਸ ਦੀ ਪਾਰਕ ਵਿਚ ਬੈਠੇ ਹਨ। ਲੀਡੀਆ ਗਿਉਵਾਨੀ ਨੂੰ ਪ੍ਰੇਮ ਪੱਤਰ ਪੜ੍ਹ ਕੇ ਸੁਣਾ ਰਹੀ ਹੈ। ਇਹ ਇੰਨਾ ਕਾਵਿਕ ਤੇ ਖੂਬਸੂਰਤ ਹੈ ਕਿ ਗਿਉਵਾਨੀ ਦੀਆਂ ਅੱਖਾਂ ਭਰ ਆਉਂਦੀਆਂ, ਤੇ ਉਹ ਅਚਾਨਕ ਹੀ ਪੁੱਛਦਾ ਹੈ, "ਕਿਸ ਨੇ ਲਿਖਿਆ ਹੈ ਇਹ?" ਲੀਡੀਆ ਇਹ ਸੁਣ ਕੇ ਸੁੰਨ ਰਹਿ ਜਾਂਦੀ ਹੈ। ਕਾਫੀ ਦੇਰ ਚੁੱਪ ਰਹਿਣ ਤੋਂ ਬਾਅਦ ਉਹ ਦੱਸਦੀ ਹੈ ਕਿ ਇਹ ਤੂੰ ਹੀ ਮੈਨੂੰ ਲਿਖ ਕੇ ਭੇਜਿਆ ਸੀ। ਇਸ ਘਟਨਾ ਦਾ ਗਿਉਵਾਨੀ 'ਤੇ ਅਜੀਬ ਅਸਰ ਹੁੰਦਾ ਹੈ। ਉਹ ਝੱਟ ਸੋਚਦਾ ਹੈ: ਕੀ ਮੈਂ ਇਸ ਕੁੜੀ ਦੇ ਪਿਆਰ ਦੀ ਕਮੀ ਹੁਣ ਨਹੀਂ ਪੂਰੀ ਕਰ ਸਕਦਾ? ਇਸ ਤੋਂ ਬਾਅਦ ਦਾ ਦ੍ਰਿਸ਼ ਸ਼ਾਇਦ ਸਿਨੇਮਾ ਦਾ ਸਭ ਤੋਂ ਵਿਵਾਦ ਵਾਲਾ ਦ੍ਰਿਸ਼ ਹੋ ਸਕਦਾ ਹੈ ਜਿਸ ਵਿਚ ਉਹ ਆਪਣੇ ਚੁੰਮਣਾਂ ਨਾਲ ਵਾਪਸ ਪਿਆਰ ਨਾ ਕਰ ਸਕਣ ਦੀ ਗਿਲਾਨੀ ਧੋ ਦੇਣ ਦੀ ਕੋਸ਼ਿਸ ਕਰਦਾ ਹੈ। ਇਸ ਦ੍ਰਿਸ਼ ਬਾਰੇ ਇੱਕ ਇੰਟਰਵਿਊ ਵਿਚ ਫਿਲਮਸਾਜ਼ ਦੱਸਦਾ ਹੈ, ਤੇ ਇਸੇ ਟਿੱਪਣੀ 'ਤੇ ਆਪਣੀ ਫਿਲਮ ਖਤਮ ਕਰਦਾ ਹੈ: "ਇਹ ਇੱਕ ਤਰ੍ਹਾਂ ਦਾ ਜਾਨਵਰਾਂ ਵਾਲਾ ਜਨੂਨ ਹੈ ਜਿਹੜਾ ਮਹਿਜ਼ ਇੱਕ ਯਾਦ ਵਿਚੋਂ ਨਿਕਲਿਆ ਹੈ ਪਰ ਜਿਸ ਨੇ ਫਿਰ ਤੋਂ ਉਦਾਂ ਹਰਗਿਜ਼ ਨਹੀਂ ਵਾਪਰਨਾ, ਇਸ ਨੇ ਇਨ੍ਹਾਂ ਦੇ ਦਿਲਾਂ ਨੂੰ ਸ਼ਿਕੰਜੇ ਵਿਚ ਜਕੜਿਆ ਹੋਇਆ ਹੈ।" ਇੱਥੇ ਫਿਲਮ ਬਹੁਤ ਸਾਰੇ ਨਵੇਂ ਸਵਾਲ ਖੜ੍ਹੇ ਕਰਦੀ ਹੈ। ਉਨ੍ਹਾਂ ਦਾ ਪਿਆਰ ਵਿਆਹ ਬਚ ਨਹੀ ਸਕਦਾ ... ਫਿਰ ਉਹ ਇਸ ਦੀ ਪਰਛਾਈਂ ਬਣਾਉਣ ਦੀ ਕੋਸ਼ਿਸ ਕਿਉਂ ਕਰ ਰਹੇ ਹਨ?

ਫਿਲਮ ਵਿਚ ਵਿਚਾਰਧਾਰਕ ਤੌਰ 'ਤੇ ਦੂਜਾ ਨੁਕਤਾ ਪੂੰਜੀਵਾਦ ਦੁਆਰਾ ਵਿਅਕਤੀਆਂ ਨੂੰ ਕੁਦਰਤ ਨਾਲੋਂ ਨਿਖੇੜ ਕੇ ਗੈਰ-ਕੁਦਰਤੀ ਜੀਵਨ ਢੰਗਾਂ ਵੱਲ ਧੱਕਣ ਦਾ ਹੈ। ਇਸ ਨੂੰ ਇਸ ਫਿਲਮ ਦੇ ਮੀਂਹ ਵਾਲੇ ਦ੍ਰਿਸ਼ ਰਾਹੀਂ ਸਮਝਿਆ ਜਾ ਸਕਦਾ ਹੈ। ਇੱਕ ਉਚ ਵਰਗੀ ਘਰ ਵਿਚ ਪਾਰਟੀ ਹੋ ਰਹੀ ਹੈ। ਘਰ ਦੇ ਐਨ ਵਿਚਕਾਰ ਨਹਾਉਣ ਲਈ ਤਲਾਅ ਦਾ ਪ੍ਰਬੰਧ ਹੈ ਪਰ ਇਹ ਸਾਫ-ਸਫਾਫ ਪਾਣੀ ਮਹਿਮਾਨਾਂ ਦੇ ਸਿਰਫ ਦੇਖਣ ਲਈ ਹੈ। ਅਚਾਨਕ ਮੀਂਹ ਪੈਣਾ ਸ਼ੁਰੂ ਹੋ ਜਾਂਦਾ ਹੈ। ਪਾਰਟੀ ਦੀ ਮਨਸੂਈ ਸਜਾਵਟ ਵਿਗੜਨ ਲੱਗਦੀ ਹੈ। ਮੇਕਅੱਪ ਦੇ ਉਹਲਿਓਂ ਅਸਲੀ ਮੁਸਕਾਨਾਂ ਬਾਹਰ ਆਉਣ ਲੱਗਦੀਆਂ ਹਨ। ਹੁਣ ਉਨ੍ਹਾਂ ਨੂੰ ਖੁਸ਼ ਹੋਣ ਲਈ ਸ਼ਰਾਬ, ਸਿਗਰਟ ਜਾਂ ਫੈਸ਼ਨ ਦੀ ਜ਼ਰੂਰਤ ਨਹੀਂ। ਮੀਂਹ ਨੇ ਜਿਵੇਂ ਉਨ੍ਹਾਂ ਦੀ ਤਰਤੀਬਦਾਰ ਉਦਾਸੀ ਅਤੇ ਆਤਮ-ਮੁਗਧ ਹੋਣ ਦੀ ਹਾਲਤ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਉਹ ਸਾਰੇ ਮੇਲੇ ਵਿਚ ਗੁਆਚੇ ਬੱਚਿਆਂ ਵਾਂਗ ਮੀਂਹ ਤੋਂ ਬਚਣ ਲਈ ਭੱਜ ਰਹੇ ਹਨ, ਹੜਦੂੰਗ ਕਰ ਰਹੇ ਹਨ ਪਰ ਅੰਦਰੋਂ ਇਸੇ ਵਿਚ ਗੜੁੱਚ ਹੋਣਾ ਚਾਹੁੰਦੇ ਹਨ। ਮੀਂਹ ਨੇ ਕੁਝ ਦੇਰ ਲਈ ਉਨ੍ਹਾਂ ਦੇ ਜਮਾਤੀ ਲਕਬ ਅਤੇ ਨਕਾਬ ਨੋਚ ਸੁੱਟੇ ਹਨ। ਉਨ੍ਹਾਂ ਵਿਚੋਂ ਕੁਝ ਫਰਸ਼ਾਂ 'ਤੇ ਹੀ ਲਿਟਣ ਲੱਗਦੇ ਹਨ ਤੇ ਕੁਝ ਇੱਕ-ਦੂਜੇ ਨੂੰ ਤਲਾਬ ਵਿਚ ਸੁੱਟਣ ਤੱਕ ਜਾਂਦੇ ਹਨ। ਇਹ ਅਰਾਜਕ ਹਾਲਤ ਹੈ ਪਰ ਸ਼ਾਇਦ ਇਹੀ ਆਦਰਸ਼ਕ ਹਾਲਤ ਵੀ ਹੈ।

# XPressCargo

**Tel.: 317-426-5410**
**Ext. 2001 & 2403**

100% ਓਨਰ ਆਪਰੇਟਰ ਕੰਪਨੀ

## Pay Every Week

**100% OWNER OPERATOR COMPANY**

Pay Single 48 Cent + Team 58 Cent

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

## ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

## ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com